ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

10-16 ਸਤੰਬਰ 2025

ਸਾਲ 16ਵਾਂ - ਅੰਕ 37
email : info@sadelok.com

Ph. : 510-706-1300
Fax : 925-373-1300

## ਸਾਂਬਾ 'ਚ ਸਿੱਖ ਨੌਜਵਾਨਾਂ ਨੇ ਹੜ੍ਹ ਪੀੜਤਾਂ ਦੀ ਕੀਤੀ ਮਦਦ, ਵੰਡੀ ਰਾਸ਼ਨ ਸਮੱਗਰੀ



(ਦੇਖੋ ਸਫ਼ਾ 30 'ਤੇ)

## ਕੈਨੇਡਾ 'ਚ ਹਰ ਸਾਲ 6 ਸਤੰਬਰ ਨੂੰ ਮਨਾਇਆ ਜਾਵੇਗਾ 'ਜਸਵੰਤ ਸਿੰਘ ਖਾਲੜਾ ਦਿਵਸ'



ਉਟਾਵਾ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਯਾਦ ਤੇ ਵਿਰਾਸਤ ਦਾ ਸਨਮਾਨ ਕਰਨ ਲਈ 6 ਸਤੰਬਰ ਨੂੰ ਅਧਿਕਾਰਤ ਤੌਰ 'ਤੇ 'ਜਸਵੰਤ ਸਿੰਘ ਖਾਲੜਾ ਦਿਵਸ' ਵਜੋਂ ਐਲਾਨ ਕੀਤਾ ਹੈ। ਇਹ ਤਾਰੀਖ ਪੰਜਾਬ ਪੁਲਿਸ ਵਲੋਂ ਖਾਲੜਾ ਦੇ ਕਥਿਤ ਅਗਵਾ ਤੇ ਉਸ ਤੋਂ

(ਦੇਖੋ ਸਫ਼ਾ 14 'ਤੇ)

## ਅਮਰੀਕਨ ਸਿੱਖ ਆਗੂ ਭਾਈ ਗੁਰਪਾਲ ਸਿੰਘ ਹੰਸਰਾ ਨੇ ਕੀਤੀ ਨਾਨਕਸਰ ਦੇ ਸਮੂਹ ਸੰਤਾਂ ਨੂੰ ਪੁਰਾਤਨ ਮਰਿਯਾਦਾ 'ਤੇ ਪਹਿਰਾ ਦੇਣ ਲਈ ਬੇਨਤੀ



ਨਾਨਕਸਰ ਕਲੇਰਾਂ : ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 82ਵੀਂ ਬਰਸੀ 'ਤੇ ਉਨ੍ਹਾਂ ਦੇ ਪਾਵਨ ਤਪ-ਅਸਥਾਨ ਨਾਨਕਸਰ ਕਲੇਰਾਂ ਵਿਖੇ ਬਾਬਾ ਸੁਜਾਨ ਸਿੰਘ ਦੇ ਇਕ ਪ੍ਰਚਾਰਕ ਪਰਿਵਾਰਕ ਮੈਂਬਰ (ਦੇਖੋ ਸਫ਼ਾ 30 'ਤੇ)

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ



(ਦੇਖੋ ਸਫ਼ਾ 34 'ਤੇ)

### ਨਰਿੰਦਰ ਮੋਦੀ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

## ਪੰਜਾਬ ਲਈ 1600 ਕਰੋੜ ਦੀ ਵਿੱਤੀ ਸਹਾਇਤਾ ਦਾ ਐਲਾਨ



ਗੁਰਦਾਸਪੁਰ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕਰਦੇ ਹੋਏ ਨਰਿੰਦਰ ਮੋਦੀ

ਗੁਰਦਾਸਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਨਿਰੀਖਣ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਅਧਿਕਾਰੀਆਂ ਅਤੇ ਚੁਣੇ ਹੋਏ ਪ੍ਰਤੀਨਿਧੀਆਂ ਨਾਲ ਗੁਰਦਾਸਪੁਰ 'ਚ ਇਕ ਅਧਿਕਾਰਤ ਸਮੀਖਿਆ ਮੀਟਿੰਗ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਰਾਹਤ ਅਤੇ ਪੁਨਰਵਾਸ ਉਪਾਵਾਂ ਦੀ ਸਮੀਖਿਆ ਕੀਤੀ ਤੇ ਨਾਲ ਹੀ ਪੰਜਾਬ 'ਚ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ। ਉਨ੍ਹਾਂ ਨੇ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ, ਜੋ ਕਿ ਸੂਬੇ ਦੇ ਖ਼ਜ਼ਾਨੇ 'ਚ ਪਹਿਲਾਂ ਹੀ ਮੌਜੂਦ 12,000 ਕਰੋੜ ਰੁਪਏ ਤੋਂ ਇਲਾਵਾ ਹਨ। ਉਨ੍ਹਾਂ ਨੇ ਸਮੁੱਚੇ ਖੇਤਰ ਤੇ ਇਸ ਦੇ ਲੋਕਾਂ ਨੂੰ ਸੰਕਟ 'ਚੋਂ ਉੱਭਰਨ 'ਚ ਮਦਦ ਕਰਨ ਲਈ ਇਕ ਬਹੁ-ਪੱਖੀ ਪਹੁੰਚ (ਦੇਖੋ ਸਫ਼ਾ 19 'ਤੇ)



11 ਸਤੰਬਰ 2001 : ਕੁਝ ਕਾਇਰ ਕਿਸਮ ਦੇ ਦਹਿਸ਼ਤਗਰਦਾਂ ਨੇ ਇਸ ਦਿਨ ਇੱਕ ਐਸਾ ਵਹਿਸ਼ੀਆਨਾ ਕਾਰਨਾਮਾ ਕੀਤਾ ਜਿਹੜਾ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਜਿਸਨੇ ਸਿਰਫ ਅਮਰੀਕਾ ਹੀ ਨਹੀਂ ਪੂਰੀ ਦੁਨੀਆ ਦੀ ਸੋਚ ਬਦਲ ਦਿੱਤੀ।

(ਦੇਖੋ ਸਫ਼ਾ 31 'ਤੇ)

## ਨੇਪਾਲ ਸੰਕਟ: ਪ੍ਰਧਾਨ ਮੰਤਰੀ ਓਲੀ ਵੱਲੋਂ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਮਗਰੋਂ ਅਸਤੀਫ਼ਾ



ਕਾਠਮੰਡੂ : ਨੇਪਾਲ ਨੂੰ ਗੰਭੀਰ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ,

(ਦੇਖੋ ਸਫ਼ਾ 28-29 'ਤੇ)

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**CJ Singh**
BH HS
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਭਾਰਤ ਤੇ ਅਮਰੀਕਾ 'ਕੁਦਰਤੀ ਭਾਈਵਾਲ', ਟਰੰਪ ਨਾਲ ਗੱਲਬਾਤ ਦੀ ਬੇਸਬਰੀ ਨਾਲ ਉਡੀਕ: ਮੋਦੀ

ਨਵੀਂ ਦਿੱਲੀ/ਨਿਊਯਾਰਕ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਸ ਐਲਾਨ ਦਾ ਸਵਾਗਤ ਕੀਤਾ ਹੈ ਕਿ ਦੋਵੇਂ ਦੇਸ਼ ਵਪਾਰਕ ਅੜਿੱਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਜ਼ਰੀਏ ਅੱਗੇ ਵੱਧ ਰਹੇ ਹਨ। ਸ੍ਰੀ ਮੋਦੀ ਨੇ ਭਾਰਤ ਤੇ ਅਮਰੀਕਾ ਨੂੰ 'ਨਜ਼ਦੀਕੀ ਦੋਸਤ ਅਤੇ ਕੁਦਰਤੀ ਭਾਈਵਾਲ' ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਮੁਲਕ ਵਪਾਰ ਵਾਰਤਾ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, "ਮੈਨੂੰ ਰਾਸ਼ਟਰਪਤੀ ਟਰੰਪ ਨਾਲ ਗੱਲਬਾਤ ਦੀ ਬੇਸਬਰੀ ਨਾਲ ਉਡੀਕ ਹੈ। ਅਸੀਂ ਦੋਵਾਂ ਮੁਲਕਾਂ ਦੇ ਲੋਕਾਂ ਲਈ ਉੱਜਲ ਤੇ ਖ਼ੁਸ਼ਹਾਲ ਭਵਿੱਖ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਾਂਗੇ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਗੱਲਬਾਤ 'ਭਾਰਤ-ਅਮਰੀਕਾ ਭਾਈਵਾਲੀ ਦੀਆਂ ਅਸੀਮ ਸੰਭਾਵਨਾਵਾਂ ਨੂੰ ਖੋਲ੍ਹਣ ਦਾ ਰਾਹ ਪੱਧਰਾ ਕਰੇਗੀ।'



ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਦੇ 'ਸਫਲ ਸਿੱਟਿਆਂ' ਉੱਤੇ ਪਹੁੰਚਣ ਵਿੱਚ 'ਕੋਈ ਮੁਸ਼ਕਲ' ਨਹੀਂ ਆਏਗੀ ਅਤੇ ਉਹ ਜਲਦੀ ਹੀ 'ਆਪਣੇ ਚੰਗੇ ਦੋਸਤ' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ।

ਅਮਰੀਕੀ ਰਾਸ਼ਟਰਪਤੀ ਨੇ 'ਟਰੂਥ ਸੋਸ਼ਲ' ਉੱਤੇ ਇੱਕ ਪੋਸਟ ਵਿੱਚ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਵਿੱਚ ਅੜਿੱਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਜਾਰੀ ਹੈ। ਉਨ੍ਹਾਂ ਕਿਹਾ, "ਮੈਂ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਸਭ ਤੋਂ ਚੰਗੇ ਦੋਸਤ, ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਾਂ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਦੋਵਾਂ ਮੁਲਕਾਂ ਵਿਚਕਾਰ ਗੱਲਬਾਤ ਸਹੀ ਢੰਗ ਨਾਲ ਪੂਰੀ ਹੋਵੇਗੀ ਤੇ ਕੋਈ ਮੁਸ਼ਕਲ ਨਹੀਂ ਆਏਗੀ।"

ਟਰੰਪ ਦੀਆਂ ਇਹ ਟਿੱਪਣੀਆਂ ਦੁਵੱਲੇ ਸਬੰਧਾਂ ਵਿੱਚ ਮਹੱਤਵਪੂਰਨ ਸੁਧਾਰ ਦੀ ਨਿਸ਼ਾਨਦੇਹੀ ਕਰਦੀਆਂ ਹਨ। ਅਮਰੀਕੀ ਟੈਰਿਫ ਅਤੇ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਕਾਰਨ ਦੋਵਾਂ ਦੇਸ਼ਾਂ ਦੇ ਸਬੰਧ ਸ਼ਾਇਦ ਦੋ ਦਹਾਕਿਆਂ ਵਿੱਚ ਸਭ ਤੋਂ ਮਾੜੇ ਦੌਰ ਵਿੱਚੋਂ ਲੰਘ ਰਹੇ ਹਨ। ਟਰੰਪ ਨੇ ਭਾਰਤ 'ਤੇ 25 ਫੀਸਦ ਪਰਸਪਰ ਟੈਕਸ ਅਤੇ ਰੂਸੀ ਤੇਲ ਖਰੀਦਣ ਦੇ ਜੁਰਮਾਨੇ ਵਜੋਂ 25 ਫੀਸਦ ਵਾਧੂ ਟੈਕਸ ਲਗਾਇਆ ਹੈ। ਇਸ ਨਾਲ ਭਾਰਤ ਨੂੰ ਹੁਣ 50 ਫੀਸਦ ਟੈਕਸ ਲੱਗ ਰਿਹਾ ਹੈ, ਜੋ ਕਿ ਵਿਸ਼ਵ ਵਿੱਚ ਸਭ ਤੋਂ ਵੱਧ ਹੈ।

ਭਾਰਤ ਨੇ ਹਾਲਾਂਕਿ ਇਨ੍ਹਾਂ ਟੈਕਸਾਂ ਨੂੰ 'ਅਣਉਚਿਤ ਅਤੇ ਗੈਰ-ਵਾਜਬ' ਦੱਸਿਆ ਹੈ। ਰੂਸ ਤੋਂ ਕੱਚੇ ਤੇਲ ਦੀ ਆਪਣੀ ਖਰੀਦ ਦਾ ਬਚਾਅ ਕਰਦੇ ਹੋਏ ਭਾਰਤ ਨੇ ਕਿਹਾ ਕਿ ਇਹ ਫੈਸਲਾ ਕੌਮੀ ਹਿੱਤ ਅਤੇ ਬਾਜ਼ਾਰ ਦੀਆਂ ਲੋੜਾਂ ਮੁਤਾਬਕ ਲਿਆ ਗਿਆ ਹੈ। ਭਾਰਤ ਦੀ ਕਈ ਮਹੀਨਿਆਂ ਦੀ ਆਲੋਚਨਾ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਦੋਵਾਂ ਦੇਸ਼ਾਂ ਦਾ 'ਖਾਸ ਰਿਸ਼ਤਾ' ਹੈ ਅਤੇ ਫ਼ਿਕਰ ਵਾਲੀ ਕੋਈ ਗੱਲ ਨਹੀਂ ਹੈ।

ਟਰੰਪ ਨੇ ਵ੍ਹਾਈਟ ਹਾਊਸ ਸਥਿਤ ਆਪਣੇ ਓਵਲ ਦਫ਼ਤਰ ਵਿੱਚ ਕਿਹਾ, "ਮੈਂ ਹਮੇਸ਼ਾ (ਨਰਿੰਦਰ) ਮੋਦੀ ਦਾ ਦੋਸਤ ਰਹਾਂਗਾ... ਉਹ ਇੱਕ ਸ਼ਾਨਦਾਰ ਪ੍ਰਧਾਨ ਮੰਤਰੀ ਹਨ ਪਰ ਮੈਨੂੰ ਉਹ ਕੰਮ ਪਸੰਦ ਨਹੀਂ ਹੈ ਜੋ ਉਹ ਇਸ ਸਮੇਂ ਕਰ ਰਹੇ ਹਨ। ਭਾਰਤ ਅਤੇ ਅਮਰੀਕਾ ਦਾ ਇੱਕ ਖਾਸ ਰਿਸ਼ਤਾ ਹੈ, ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ। ਕਈ ਵਾਰ ਅਜਿਹੇ ਪਲ ਆਉਂਦੇ ਹਨ।"


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਵਰਜੀਨੀਆ (VA) ਦੇ ਸਿੱਖਾਂ ਵਲੋਂ ਪੰਜਾਬ ਦੇ ਹੜ ਪੀੜਤਾਂ ਨੂੰ 50 ਲੱਖ ਰੁਪਈਏ ਸਹਾਇਤਾ ਦੇਣ ਦਾ ਐਲਾਨ








ਮਕਾਸਸ/ ਵਰਜੀਨੀਆ, (ਸੀਨੀਅਰ ਪਤਰਕਾਰ ਸ ਬਲਜੀਤ ਸਿੰਘ ਘੁੰਮਣ ਵਰਜੀਨੀਆ) : 31 ਅਗਸਤ ਐਤਵਾਰ ਨੂੰ ਸਿੱਖ ਸੈਂਟਰ ਆਫ਼ ਵਰਜੀਨੀਆ ਮਕਾਸਸ ਵਿਚ ਮੈਨੇਜਮੈਂਟ ਅਤੇ ਸਾਧ ਸੰਗਤ ਨਾਲ ਐਮਰਜੈਂਸੀ ਮੀਟਿੰਗ ਕਰਕੇ ਪੰਜਾਬ ਵਿਚ ਆਏ ਹੜ੍ਹਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ ਅਤੇ ਮੌਕੇ 'ਤੇ ਕੀਤਾ ਗਿਆ ਜੋ ਕਿ ਜਲਦੀ ਹੀ ਨਿਸ਼ਾਨਦੇਹੀ ਕਰਕੇ ਸਹੀ ਥਾਂ 'ਤੇ ਪੈਸੇ ਭੇਜੇ ਜਾਣਗੇ। ਮੀਟਿੰਗ ਵਿਚ ਗੁਰਦੁਆਰੇ ਦੇ ਪ੍ਰਧਾਨ ਸ੍ਰ. ਪ੍ਰਤਾਪ ਸਿੰਘ ਗਿੱਲ, ਸੈਕਟਰੀ ਸ੍ਰ. ਦਵਿੰਦਰ ਸਿੰਘ ਬਦੇਸ਼ਾ ਤੇ ਕੈਸ਼ੀਅਰ ਸ੍ਰ. ਕਮਲਜੀਤ ਸਿੰਘ ਤੇ ਬਾਜਵਾ, ਸ੍ਰ. ਬਲਵਿੰਦਰ ਸਿੰਘ ਢਿੱਲੋਂ, ਡਾ. ਜਤਿੰਦਰ ਸਿੰਘ ਮਾਨ, ਸ੍ਰ. ਲਖਵੀਰ ਸਿੰਘ ਤਖਰ ਪੀਆਰਓ ਸ੍ਰ. ਸਾਹਿਬ ਸਿੰਘ ਖਹਿਰਾ, ਸ੍ਰ. ਸੁਖਵਿੰਦਰ ਸਿੰਘ ਸੰਧੂ, ਹਰਭਜਨ ਸਿੰਘ ਚਾਹਲ, ਗੋਬਿੰਦਰ ਸਿੰਘ ਮੁੰਡੀ, ਹਰਜਿੰਦਰ ਬੋਪਾਰਾਏ ਤੇ ਬੀਬੀ ਅਮਨ ਕੌਰ, ਬੀਬੀ ਪਰਮਿੰਦਰ ਕੌਰ ਚਾਹਲ, ਬੀਬੀ ਅਮਰਜੀਤ ਕੌਰ, ਬੀਬੀ ਗਗਨ ਕੌਰ ਪੰਨੂ, ਬੀਬੀ ਪਰਮਿੰਦਰ ਕੌਰ ਨਕਈ ਤੋਂ ਇਲਾਵਾ ਹੋਰ ਸੰਗਤਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ। ਜ਼ਿਕਰਯੋਗ ਹੈ ਕਿ ਗੁਰਦਆਰਾ ਸਿੱਖ ਸੈਂਟਰ ਆਫ਼ ਵਰਜੀਨੀਆ ਯੂਐਸਏ, ਸ੍ਰ. ਦਵਿੰਦਰ ਸਿੰਘ, ਪ੍ਰਧਾਨ ਪ੍ਰਤਾਪ ਸਿੰਘ, ਸੈਕਟਰੀ ਅਮਨਦੀਪ ਕੌਰ ਅਤੇ ਸਮੂਹ ਪ੍ਰਬੰਧਕ ਕਮੇਟੀ ਅਤੇ ਮੈਂਬਰ ਗੁਰਦਆਰਾ ਸਾਹਿਬ ਵਿਖੇ ਬੁੱਧਵਾਰ ਦੇ ਦੀਵਾਨ, ਐਤਵਾਰ ਦੇ ਦੀਵਾਨ, ਕੀਰਤਨ ਕਲਾਸ, ਖਾਲਸਾ ਸਕੂਲ ਬੱਚਿਆਂ ਦੀ ਪੰਜਾਬੀ ਕਲਾਸ ਅਤੇ ਦਸਤਵਾਰ ਸਜਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ।



ਗੁਰਦੁਆਰਾ ਸਿੱਖ ਸੈਂਟਰ ਵਰਜੀਨੀਆ ਵਿਖੇ ਮੁਫ਼ਤ ਦਸਤਾਰ ਸਿਖਲਾਈ ਸੇਵਾ ਹਰ ਐਤਵਾਰ ਸਵੇਰੇ 10.00 ਤੋਂ ਦੁਪਹਿਰ 2.00 ਵਜੇ ਤੱਕ ਦਿੱਤੀ ਜਾਂਦੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ :
240-702-4375,
571-359-9265,
703-713-5560

## ਜੱਜ ਨੇ ਡੋਨਾਲਡ ਟਰੰਪ ਨੂੰ ਫੈਡਰਲ ਗਵਰਨਰ ਲੀਜ਼ਾ ਕੁੱਕ ਨੂੰ ਬਰਖ਼ਾਸਤ ਕਰਨ ਤੋਂ ਰੋਕਿਆ

ਵਾਸ਼ਿੰਗਟਨ : ਇੱਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫੈਡਰਲ ਰਿਜ਼ਰਵ ਗਵਰਨਰ ਲੀਜ਼ਾ ਕੁੱਕ ਨੂੰ ਬਰਖਾਸਤ ਕਰਨ ਤੋਂ ਰੋਕ ਦਿੱਤਾ, ਕਿਉਂਕਿ ਉਸਦੀ ਬਰਖਾਸਤਗੀ ਨੂੰ ਚੁਣੌਤੀ ਦੇਣ ਵਾਲਾ ਮੁਕੱਦਮਾ ਅਦਾਲਤ ਵਿੱਚ ਚੱਲ ਰਿਹਾ ਹੈ। ਜੱਜ ਜੀਆ ਕੋਬ ਵੱਲੋਂ ਇਸ ਮਾਮਲੇ ਵਿੱਚ ਮੁੱਢਲਾ ਹੁਕਮ ਜਾਰੀ ਕਰਨ ਤੋਂ ਲਗਭਗ ਦੋ ਹਫ਼ਤੇ ਬਾਅਦ ਆਇਆ, ਜਦੋਂ ਕੁੱਕ ਨੇ ਟਰੰਪ 'ਤੇ ਮੁਕੱਦਮਾ ਕੀਤਾ ਤਾਂ ਜੋ ਉਸ ਨੂੰ ਇਤਿਹਾਸ ਵਿੱਚ ਪਹਿਲੇ ਰਾਸ਼ਟਰਪਤੀ ਬਣਨ ਤੋਂ ਰੋਕਿਆ ਜਾ ਸਕੇ ਜਿਸਨੇ ਕਥਿਤ ਕਾਰਨ ਲਈ ਫੈੱਡ ਗਵਰਨਰ ਨੂੰ ਹਟਾਇਆ ਸੀ। ਟਰੰਪ ਨੇ 25 ਅਗਸਤ ਨੂੰ ਕਿਹਾ ਕਿ ਉਹ ਕੁੱਕ ਨੂੰ ਫੈਡਰਲ ਹਾਊਸਿੰਗ ਫਾਈਨੈਂਸ ਏਜੰਸੀ ਦੇ ਡਾਇਰੈਕਟਰ ਬਿਲ ਪੁਲਟ ਦੇ ਸੁਝਾਵਾਂ ਕਾਰਨ ਬਰਖਾਸਤ ਕਰ ਰਹੇ ਹਨ ਕਿ ਉਸਨੇ ਜਾਰਜੀਆ ਅਤੇ ਮਿਸ਼ੀਗਨ ਵਿੱਚ ਆਪਣੀ ਮਾਲਕੀ ਵਾਲੀਆਂ ਦੋ ਰਿਹਾਇਸ਼ੀ ਜਾਇਦਾਦਾਂ ਲਈ ਦਸਤਖਤ ਕੀਤੇ ਦਸਤਾਵੇਜ਼ਾਂ ਦੇ ਸਬੰਧ ਵਿੱਚ ਮੌਰਗੇਜ ਧੋਖਾਧੜੀ ਕੀਤੀ ਸੀ। ਉਨ੍ਹਾਂ ਦਸਤਾਵੇਜ਼ਾਂ 'ਤੇ ਉਹ ਫੈੱਡ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦਸਤਖਤ ਕੀਤੇ ਗਏ ਸਨ। ਕੁੱਕ, ਜੋ ਕਿ ਫੈੱਡ ਬੋਰਡ ਵਿੱਚ ਸੇਵਾ ਕਰਨ ਵਾਲੀ ਪਹਿਲੀ ਕਾਲੀ ਔਰਤ ਹੈ, ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕਰਦੀ ਹੈ। ਕੋਬ ਨੇ ਮੰਗਲਵਾਰ ਨੂੰ ਵਾਸ਼ਿੰਗਟਨ, ਡੀ.ਸੀ. ਵਿੱਚ ਯੂ.ਐੱਸ. ਜ਼ਿਲ੍ਹਾ ਅਦਾਲਤ ਵਿੱਚ ਆਪਣੇ ਫੈਸਲੇ 'ਤੇ ਇੱਕ ਰਾਏ ਵਿੱਚ ਲਿਖਿਆ, 'ਫੈਡਰਲ ਰਿਜ਼ਰਵ ਦੀ ਆਜ਼ਾਦੀ ਵਿੱਚ ਜਨਤਕ ਹਿੱਤ ਕੁੱਕ ਦੀ ਬਹਾਲੀ ਦੇ ਹੱਕ ਵਿੱਚ ਹੈ।'




'ਇਸ ਸ਼ੁਰੂਆਤੀ ਪੜਾਅ 'ਤੇ ਅਦਾਲਤ ਨੇ ਪਾਇਆ ਕਿ ਕੁੱਕ ਨੇ ਇੱਕ ਮਜ਼ਬੂਤੀ ਨਾਲ ਦਿਖਾਇਆ ਹੈ ਕਿ ਉਸਦੀ ਕਥਿਤ ਹਟਾਉਣਾ ਫੈਡਰਲ ਰਿਜ਼ਰਵ ਐਕਟ ਦੇ 'ਕਾਰਨ ਲਈ' ਉਪਬੰਧ ਦੀ ਉਲੰਘਣਾ ਵਿੱਚ ਕੀਤਾ ਗਿਆ ਸੀ।'

ਕੋਬ ਨੇ ਕਿਹਾ ਕਿ ਉਸ ਉਪਬੰਧ ਦੀ 'ਸਭ ਤੋਂ ਵਧੀਆ ਪੜ੍ਹਾਈ' ਇਹ ਹੈ ਕਿ ਇੱਕ ਫੈੱਡ ਗਵਰਨਰ ਨੂੰ ਹਟਾਉਣ ਦੇ ਅਧਾਰ ਉਸ ਗਵਰਨਰ ਦੇ 'ਕਾਰਨ ਵਿੱਚ ਵਿਵਹਾਰ' ਨਾਲ ਸਬੰਧਤ ਕਾਰਵਾਈਆਂ ਤੱਕ ਸੀਮਿਤ ਹਨ। ਜੱਜ ਨੇ ਲਿਖਿਆ, "ਇਸ ਤਰ੍ਹਾਂ ਕਿਸੇ ਵਿਅਕਤੀ ਨੂੰ ਸਿਰਫ਼ ਉਸ ਆਚਰਣ ਲਈ ਹਟਾਉਣ ਬਾਰੇ ਵਿਚਾਰ ਨਹੀਂ ਕਰਦਾ ਜੋ ਉਨ੍ਹਾਂ ਦੇ ਅਹੁਦੇ 'ਤੇ ਆਉਣ ਤੋਂ ਪਹਿਲਾਂ ਹੋਇਆ ਸੀ।"

## ਅਮਰੀਕਾ ਵਿੱਚ ਫੜੇ 300 ਤੋਂ ਵਧ ਦੱਖਣੀ ਕੋਰੀਆਈ ਵਰਕਰਾਂ ਨੂੰ ਛੇਤੀ ਵਾਪਿਸ ਲਿਆਂਦਾ ਜਾਵੇਗਾ : ਰਾਸ਼ਟਰਪਤੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਜਾਰਜੀਆ ਵਿੱਚ ਇਕ ਹੁੰਡਾਈ-ਐਲ ਜੀ ਬੈਟਰੀ ਪਲਾਂਟ 'ਤੇ ਮਾਰੇ ਛਾਪੇ ਦੌਰਾਨ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੁਆਰਾ ਗ੍ਰਿਫਤਾਰ 300 ਤੋਂ ਵਧ ਦੱਖਣੀ ਕੋਰੀਆਈ ਵਰਕਰਾਂ ਨੂੰ ਛੇਤੀ ਵਾਪਿਸ ਲਿਆਂਦਾ ਜਾ ਰਿਹਾ ਹੈ। ਇਹ ਜਾਣਕਾਰੀ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਿਊਂਗ ਦੇ ਦਫਤਰ ਦੇ ਅਧਿਕਾਰੀਆਂ ਨੇ ਦਿੱਤੀ ਹੈ। 4 ਸਤੰਬਰ ਨੂੰ ਸਾਵਾਨਾਹ ਦੇ ਉੱਤਰ ਪੱਛਮ ਵਿੱਚ 30 ਮੀਲ ਦੂਰ ਉਸਾਰੀ ਅਧੀਨ ਬੈਟਰੀ ਪ੍ਰਾਜੈਕਟ ਵਿਖੇ ਯੂ ਐਸ ਇਮੀਗ੍ਰੇਸ਼ਨ ਏਜੰਟਾਂ ਦੁਆਰਾ ਮਾਰੇ ਛਾਪੇ ਦੌਰਾਨ ਤਕਰੀਬਨ 475 ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੰਘੀ ਅਧਿਕਾਰੀਆਂ ਅਨੁਸਾਰ ਇਨਾਂ ਵਰਕਰਾਂ ਨੇ ਅਮਰੀਕਾ ਦੀ ਸਰਹੱਦ ਗੈਰ ਕਾਨੂੰਨੀ ਢੰਗ ਨਾਲ ਪਾਰ ਕਰਨ ਤੇ ਟੂਰਿਸਟ ਵੀਜੇ ਉਪਰ ਕੰਮ ਕਰਨ ਸਮੇਤ ਅਨੇਕਾਂ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਦੱਖਣੀ ਕੋਰੀਆ ਦੇ ਰਾਸ਼ਟਰਪਤੀ ਦੇ ਚੀਫ ਆਫ ਸਟਾਫ ਕਾਂਗ ਹੂਨ-ਸਿਕ ਨੇ ਇਕ ਟੈਲੀਵੀਜ਼ਨ ਗੱਲਬਾਤ ਦੌਰਾਨ ਕਿਹਾ ਹੈ ਕਿ ਅਮਰੀਕਾ ਨਾਲ ਗੱਲਬਾਤ ਮੁਕੰਮਲ ਹੋ ਗਈ ਹੈ ਤੇ ਵਰਕਰ ਕੁਝ ਪ੍ਰਸ਼ਾਸਨਿਕ ਪ੍ਰਕ੍ਰਿਆ ਮੁਕੰਮਲ ਕਰਨ



ਗੈਰ ਕਾਨੂੰਨੀ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਲਿਜਾਂਦੇ ਹੋਏ ਅਧਿਕਾਰੀ

ਉਪਰੰਤ ਦੇਸ਼ ਵਾਪਿਸ ਆ ਜਾਣਗੇ। ਉਨਾਂ ਕਿਹਾ ਕਿ ਵਰਕਰਾਂ ਨੂੰ ਚਾਰਟਿਡ ਜਹਾਜ਼ 'ਤੇ ਵਾਪਿਸ ਲਿਆਂਦਾ ਜਾਵੇਗਾ। ਗ੍ਰਿਫਤਾਰੀਆਂ ਉਪਰੰਤ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਿਊਂਗ ਨੇ ਤੁਰੰਤ ਦੱਖਲ ਦਿੰਦਿਆਂ ਚਿਤਾਵਨੀ ਦਿੱਤੀ ਸੀ ਕਿ ਉਸ ਦੇ ਸ਼ਹਿਰੀਆਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਨਾ ਕੀਤੀ ਜਾਵੇ ਤੇ ਉਹ ਸਨਮਾਨ ਸਹਿਤ ਆਪਣੇ ਨਾਗਰਿਕਾਂ ਨੂੰ ਵਾਪਿਸ ਲੈ ਕੇ ਆਉਣਗੇ। ਇਸ ਸਬੰਧੀ ਵਾਈਟ ਹਾਊਸ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਤੇ ਇਹ ਵੀ ਨਹੀਂ ਦੱਸਿਆ ਹੈ ਕਿ ਗ੍ਰਿਫਤਾਰ ਬਾਕੀ 200 ਦੇ ਕਰੀਬ ਪ੍ਰਵਾਸੀਆਂ ਵਿੱਚ ਕਿਹੜੇ-ਕਿਹੜੇ ਦੇਸ਼ ਦੇ ਨਾਗਰਿਕ ਸ਼ਾਮਿਲ ਹਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com


**All Services Under One Roof**





HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111





# ਪੈਂਟਾਗਨ ਦਾ ਨਾਂਅ 'ਜੰਗ ਦਾ ਵਿਭਾਗ' ਰੱਖਿਆ ਜਾਵੇਗਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਂਟਾਗਨ ਦਾ ਨਾਂਅ 'ਡਿਪਾਰਟਮੈਂਟ ਆਫ ਵਾਰ' ਰੱਖਣ ਦਾ ਫ਼ੈਸਲਾ ਕੀਤਾ ਹੈ ਤੇ ਇਸ ਸਬੰਧੀ ਉਹ ਛੇਤੀ ਹੀ ਆਦੇਸ਼ ਜਾਰੀ ਕਰਨਗੇ। ਪੈਂਟਾਗਨ ਦਾ ਨਾਂਅ ਡਿਪਾਰਟਮੈਂਟ ਆਫ ਵਾਰ 1947 'ਚ ਰੱਖਣ ਦਾ ਫ਼ੈਸਲਾ ਹੋਇਆ ਸੀ ਪਰੰਤੂ ਕੈਬਨਿਟ ਦੇ ਪੁਨਰਗਠਨ ਕਾਰਨ ਇਸ ਨੂੰ ਰੋਕ ਲਿਆ ਗਿਆ ਸੀ। ਨਾਂਅ ਬਦਲਣ ਦੀ ਪੁਸ਼ਟੀ ਕਰਦਿਆਂ ਵਾਇਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਅਗਲੇ ਕੁੱਝ ਘੰਟਿਆਂ ਦੌਰਾਨ ਰਾਸ਼ਟਰਪਤੀ ਇਸ ਸੰਬੰਧੀ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰ ਸਕਦੇ ਹਨ। ਟਰੰਪ ਨੇ ਪਿਛਲੇ ਮਹੀਨੇ ਦੇ ਆਖਿਰ 'ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੱਖਿਆ ਵਿਭਾਗ ਦਾ ਨਾਂਅ ਬਦਲਣ ਦੀ ਗੱਲ ਕਰਦਿਆਂ ਕਿਹਾ ਸੀ ਕਿ ਇਸ ਨਾਲ ਇਕ ਨਵਾਂ ਜੋਸ਼ ਪੈਦਾ ਹੋਵੇਗਾ ਜਿਵੇਂ ਕਿ ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਯੁੱਧ ਪਹਿਲਾ ਤੇ ਦੂਜਾ ਜਿੱਤਿਆ ਹੈ। ਇਸ ਲਈ 'ਡਿਪਾਰਟਮੈਂਟ ਆਫ ਵਾਰ' ਨਾਂਅ ਬਹੁਤ ਹੀ ਪ੍ਰਸੰਗਿਕ ਹੋਵਗਾ। ਮੀਡੀਆ ਨੂੰ ਵਾਇਟ ਹਾਊਸ ਤੋਂ ਆਦੇਸ਼ਾਂ ਦਾ ਵੇਰਵਾ ਜੋ ਪ੍ਰਾਪਤ ਹੋਇਆ ਹੈ, ਉਸ ਅਨੁਸਾਰ ਰੱਖਿਆ ਵਿਭਾਗ ਦਾ ਦੂਸਰਾ ਨਾਂਅ 'ਜੰਗ ਦਾ ਵਿਭਾਗ' ਹੋਵੇਗਾ।

# ਤੇਲ ਖਰੀਦਣ ਲਈ ਭਾਰਤ ਸਣੇ ਹੋਰ ਦੇਸ਼ਾਂ 'ਤੇ 'ਵਾਧੂ ਪਾਬੰਦੀਆਂ' ਲਾਉਣ ਦੀ ਤਿਆਰੀ 'ਚ ਅਮਰੀਕਾ : ਵਿੱਤ ਮੰਤਰੀ ਸਕਾਟ ਬੇਸੈਂਟ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਰੂਸ 'ਤੇ ਨਵੀਆਂ ਪਾਬੰਦੀਆਂ ਲਾਉਣ ਦੀ ਧਮਕੀ ਦਿੱਤੀ ਹੈ।



ਟਰੰਪ ਨੇ ਕਿਹਾ ਕਿ ਉਹ ਰੂਸ 'ਤੇ ਪਾਬੰਦੀਆਂ ਦੇ ਦੂਜੇ ਪੜਾਅ ਨੂੰ ਲਾਗੂ ਕਰਨ ਲਈ ਤਿਆਰ ਹਨ। ਟਰੰਪ ਦੇ ਇਸ ਬਿਆਨ ਤੋਂ ਬਾਅਦ ਕਿਆਸ ਲਾਏ ਜਾ ਰਹੇ ਹਨ ਕਿ ਉਹ ਹੁਣ ਯੂਕ੍ਰੇਨ ਜੰਗ ਬਾਰੇ ਸਖ਼ਤ ਸਟੈਂਡ ਲੈ ਸਕਦੇ ਹਨ।

ਇਸ ਦੌਰਾਨ ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਦਾ ਕਹਿਣਾ ਹੈ ਕਿ ਜੇਕਰ ਵਾਸ਼ਿੰਗਟਨ ਅਤੇ ਯੂਰਪੀ ਯੂਨੀਅਨ ਰੂਸ ਤੋਂ ਕੱਚਾ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ ਹੋਰ 'ਸੈਕੰਡਰੀ ਪਾਬੰਦੀਆਂ' ਲਾਉਂਦੇ ਹਨ ਤਾਂ ਇਸ ਨਾਲ ਰੂਸੀ ਅਰਥਵਿਵਸਥਾ ਨੂੰ 'ਪੂਰੀ ਤਰ੍ਹਾਂ ਢਹਿ-ਢੇਰੀ' ਹੋ ਸਕਦੀ ਹੈ। ਬੇਸੈਂਟ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ-ਰਾਸ਼ਟਰਪਤੀ ਜੇ. ਡੀ. ਵੇਂਸ ਨੇ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨਾਲ 'ਸਾਰਥਕ' ਗੱਲਬਾਤ ਕੀਤੀ ਸੀ। ਇਸ ਦੌਰਾਨ ਅਮਰੀਕਾ ਅਤੇ ਯੂਰਪੀ ਯੂਨੀਅਨ ਵੱਲੋਂ ਰੂਸ 'ਤੇ ਹੋਰ ਦਬਾਅ ਪਾਉਣ ਦੇ ਸੰਭਾਵਿਤ ਉਪਾਵਾਂ 'ਤੇ ਚਰਚਾ ਹੋਈ।

ਟਰੰਪ ਪ੍ਰਸ਼ਾਸਨ ਨੇ ਰੂਸ ਤੋਂ ਤੇਲ ਖਰੀਦਣ ਲਈ ਪਹਿਲਾਂ ਤੋਂ ਲਾਏ ਗਈ 25 ਫੀਸਦੀ ਟੈਰਿਫ ਤੋਂ ਇਲਾਵਾ ਭਾਰਤ 'ਤੇ 25 ਫੀਸਦੀ ਵਾਧੂ ਟੈਰਿਫ ਲਾ ਦਿੱਤਾ ਹੈ। ਇਸ ਤਰ੍ਹਾਂ ਨਵੀਂ ਦਿੱਲੀ 'ਤੇ ਕੁੱਲ ਟੈਰਿਫ 50 ਫੀਸਦੀ ਹੋ ਗਿਆ ਹੈ, ਜੋ ਕਿ 27 ਅਗਸਤ ਤੋਂ ਲਾਗੂ ਹੋ ਚੁੱਕਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਅਮਰੀਕਾ ਰੂਸ 'ਤੇ ਦਬਾਅ ਵਧਾਉਣ ਲਈ ਤਿਆਰ ਹੈ ਪਰ ਇਸ ਲਈ ਸਾਨੂੰ ਆਪਣੇ ਯੂਰਪੀ ਭਾਈਵਾਲਾਂ ਦੇ ਸਮਰਥਨ ਦੀ ਲੋੜ ਹੈ। ਟਰੰਪ ਪ੍ਰਸ਼ਾਸਨ ਦੇ ਕਈ ਅਧਿਕਾਰੀਆਂ ਨੇ ਕਿਹਾ ਹੈ ਕਿ ਭਾਰਤ ਦਾ ਰੂਸ ਤੋਂ ਤੇਲ ਖਰੀਦਣਾ ਯੂਕ੍ਰੇਨ ਵਿਚ ਚੱਲ ਰਹੀ ਜੰਗ ਵਿਚ ਰੂਸ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਇਨ੍ਹਾਂ ਅਧਿਕਾਰੀਆਂ ਵਿਚ ਬੇਸੈਂਟ ਅਤੇ ਵਣਜ ਸਲਾਹਕਾਰ ਪੀਟਰ ਨਵਾਰੋ ਸ਼ਾਮਲ ਹਨ। ਇਸ ਦੇ ਨਾਲ ਹੀ ਭਾਰਤ ਨੇ ਅਮਰੀਕਾ ਵੱਲੋਂ ਲਾਏ ਗਏ ਟੈਰਿਫ ਨੂੰ 'ਅਣਉਚਿਤ ਅਤੇ ਗ਼ੈਰ-ਵਾਜਿਬ' ਦੱਸਿਆ ਹੈ। ਭਾਰਤ ਦਾ ਕਹਿਣਾ ਹੈ ਕਿ ਉਸ ਦੀਆਂ ਊਰਜਾ ਜ਼ਰੂਰਤਾਂ ਰਾਸ਼ਟਰੀ ਹਿੱਤ ਅਤੇ ਬਾਜ਼ਾਰ ਦੀਆਂ ਸਥਿਤੀਆਂ 'ਤੇ ਆਧਾਰਤ ਹਨ।

# ਜੰਗ ਦੌਰਾਨ ਜਾਨ ਬਚਾਉਣ ਲਈ ਦੇਸ਼ ਛੱਡ ਭੱਜ ਗਈ ਕੁੜੀ, ਟਰੇਨ 'ਚ ਬੈਠੀ ਨੂੰ ਦਿੱਤੀ ਰੂਹ ਕੰਬਾਊ ਮੌਤ

ਨਿਊਯਾਰਕ (ਰਾਜ ਗੋਗਨਾ) : ਅਮਰੀਕਾ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਦੇ ਸਾਊਥ ਕੈਰੋਲੀਨਾ ਸੂਬੇ 'ਚ ਰੇਲਗੱਡੀ ਵਿੱਚ ਯਾਤਰਾ ਕਰ ਰਹੀ ਇੱਕ ਯੂਕ੍ਰੇਨੀ ਸ਼ਰਨਾਰਥੀ ਕੁੜੀ ਦਾ ਬੇਰਹਿਮੀ ਨਾਲ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਘਟਨਾ ਦੀ ਫੁਟੇਜ ਹਾਲ ਹੀ ਵਿੱਚ ਸਾਹਮਣੇ ਆਈ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।।



23 ਸਾਲਾ ਯੂਕ੍ਰੇਨੀ ਕੁੜੀ ਜਿਸ ਦਾ ਨਾਂ ਇਰੀਨਾ ਜ਼ਾਰੂਤਸਕਾ ਸੀ, ਜੋ ਕਿ ਜੰਗ ਦੇ ਡਰ ਦੇ ਕਾਰਨ ਅਮਰੀਕਾ 'ਚ ਰਹਿਣਾ ਚਾਹੁੰਦੀ ਸੀ, ਪਰ ਬਦਕਿਸਮਤੀ ਨਾਲ, ਉਹ ਇੱਕ ਹਮਲਾਵਰ ਦੇ ਹੱਥੋਂ ਆਪਣੀ ਜਾਨ ਗੁਆ ਬੈਠੀ।

ਬੀਤੀ ਰਾਤ ਕਰੀਬ 9:46 ਵਜੇ, ਉਹ ਲਾਈਟ ਰੇਲ 'ਤੇ ਚੜ੍ਹ ਗਈ ਅਤੇ ਇਸ ਦੌਰਾਨ ਉਹ ਫ਼ੋਨ 'ਤੇ ਰੁੱਝੀ ਹੋਈ ਸੀ। 34 ਸਾਲਾ ਡੀਕਾਰਲੋਸ ਬ੍ਰਾਊਨ, ਜੋ ਉਸ ਦੇ ਪਿੱਛੇ ਬੈਠਾ ਹੋਇਆ ਸੀ, ਨੇ ਇੱਕ ਚਾਕੂ ਕੱਢਿਆ ਤੇ ਉਸ ਦੀ ਗਰਦਨ 'ਚ ਤਿੰਨ ਵਾਰ ਕੀਤੇ। ਬਹੁਤ ਜ਼ਿਆਦਾ ਖ਼ੂਨ ਵਗ ਜਾਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਹਮਲਾਵਰ ਵਾਰਦਾਤ ਨੂੰ ਅੰਜਾਮ ਦੇ ਕੇ ਖ਼ੂਨ ਭਰਿਆ ਚਾਕੂ ਲੈ ਕੇ ਟਰੇਨ 'ਚੋਂ ਉਤਰ ਗਿਆ। ਟਰੇਨ 'ਚ ਸਵਾਰ ਹੋਰ ਕਈ ਯਾਤਰੀਆਂ ਨੇ ਵੀ ਇਹ ਖ਼ੂਨੀ ਮੰਜ਼ਰ ਦੇਖਿਆ, ਪਰ ਕਿਸੇ ਨੇ ਵੀ ਹਮਲਾਵਰ ਨੂੰ ਰੋਕਣ ਦੀ ਹਿੰਮਤ ਨਹੀਂ ਦਿਖਾਈ। ਮੀਡੀਆ ਰਿਪੋਰਟਾਂ ਅਨੁਸਾਰ ਮੁਲਜ਼ਮ, ਡੀਕਾਰਲੋਸ ਬ੍ਰਾਊਨ ਦਾ 2011 ਤੋਂ ਹੀ ਹਿਸਟਰੀਸ਼ੀਟਰ ਹੈ। ਉਸ 'ਤੇ ਚੋਰੀ, ਖਤਰਨਾਕ ਹਥਿਆਰਾਂ ਨਾਲ ਡਕੈਤੀ ਅਤੇ ਡਰਾਉਣ-ਧਮਕਾਉਣ ਦੇ ਦੋਸ਼ ਹਨ। ਉਸ ਨੇ ਇੱਕ ਮਾਮਲੇ 'ਚ ਪੰਜ ਸਾਲ ਜੇਲ੍ਹ ਵਿੱਚ ਵੀ ਕੱਟੇ ਹਨ।

ਰੇਲਗੱਡੀ ਵਿੱਚ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ, ਬ੍ਰਾਊਨ ਨੂੰ ਅਗਲੇ ਸਟੇਸ਼ਨ 'ਤੇ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਕੂ ਜ਼ਬਤ ਕਰ ਲਿਆ ਗਿਆ। ਪੁਲਸ ਨੇ ਕਿਹਾ ਕਿ ਬ੍ਰਾਊਨ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਉਸ ਨੇ ਇਹ ਕਤਲ ਕਿਉਂ ਕੀਤਾ, ਇਸ ਦੀ ਜਾਂਚ ਹਾਲੇ ਕੀਤੀ ਜਾ ਹੀ ਹੈ।

# ਅਮਰੀਕਾ 'ਚ 3 ਭਾਰਤੀ ਪਰਵਾਰਾਂ 'ਤੇ ਟੁੱਟਿਆ ਕਹਿਰ

ਕੈਲੇਫੋਰਨੀਆ : ਅਮਰੀਕਾ ਵਿਚ ਤਿੰਨ ਭਾਰਤੀ ਪਰਵਾਰਾਂ ਉਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਜਿਨ੍ਹਾਂ ਦੇ ਕਮਾਉਣ ਵਾਲੇ ਜੀਅ ਅਚਨਚੇਤ ਸਦੀਵੀ ਵਿਛੋੜਾ ਦੇ ਗਏ। ਕੈਲੇਫੋਰਨੀਆ ਦੇ ਮੈਨਟੀਕਾ ਵਿਖੇ 36 ਸਾਲ ਦਾ ਸਿਮਰਨਜੀਤ ਸਿੰਘ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਿਆ ਜੋ ਅਸਾਇਲਮ ਕੇਸ ਰੱਦ ਹੋਣ ਕਾਰਨ ਡੂੰਘੇ ਤਣਾਅ ਵਿਚ ਰਹਿੰਦਾ ਸੀ। ਸੰਭਾਵਤ ਤੌਰ 'ਤੇ ਸਿਮਰਨਜੀਤ ਸਿੰਘ ਨੂੰ ਡਿਪੋਰਟ ਹੋਣ ਦਾ ਡਰ ਵੱਢ ਵੱਢ ਖਾ ਰਿਹਾ ਸੀ। ਸਿਮਰਨਜੀਤ ਦੇ ਕਜ਼ਨ ਮਨਵੀਰ ਸਿੰਘ ਮੁਤਾਬਕ ਉਹ ਆਪਣੇ ਪਿੱਛੇ ਬਜ਼ੁਰਗ ਮਾਤਾ, ਪਤਨੀ ਅਤੇ 7 ਸਾਲ ਦੀ ਬੇਟੀ ਛੱਡ ਗਿਆ ਹੈ। ਸਿਮਰਨਜੀਤ ਸਿੰਘ ਦੇ ਅੰਤਮ ਸਸਕਾਰ ਅਤੇ ਪਰਵਾਰ ਦੀ ਆਰਥਿਕ ਮਦਦ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ।



**ਸਿਮਰਨਜੀਤ ਸਿੰਘ ਨੂੰ ਸਤਾ ਰਿਹਾ ਸੀ ਡਿਪੋਰਟ ਹੋਣ ਦਾ ਡਰ :** ਦੂਜੇ ਪਾਸੇ ਮਾਈਕ੍ਰੋਸਾਫ਼ਟ ਵਿਚ ਕੰਮ ਕਰਦਾ ਪ੍ਰਤੀਕ ਪਾਂਡੇ ਸੰਭਾਵਤ ਤੌਰ 'ਤੇ ਕੰਮ ਦਾ ਬੋਝ ਬਰਦਾਸ਼ਤ ਨਾ ਕਰ ਸਕਿਆ ਅਤੇ ਆਪਣੇ ਮਾਪਿਆਂ ਨੂੰ ਵਿਲਕਦਾ ਛੱਡ ਗਿਆ। ਪ੍ਰਤੀਕ ਦੀ ਲਾਸ਼ ਕੈਲੇਫੋਰਨੀਆ ਦੇ ਮਾਊਂਟੇਨ ਵਿਊ ਇਲਾਕੇ ਵਿਚ ਬਣੇ ਮਾਈਕ੍ਰੋਸਾਫ਼ਟ ਦੇ ਵੱਡੇ ਦਫ਼ਤਰ ਵਿਚੋਂ ਮਿਲੀ ਅਤੇ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗਣ ਵਿਚ ਘੱਟੋ ਘੱਟ 90 ਦਿਨ ਦਾ ਸਮਾਂ ਲੱਗ ਸਕਦਾ ਹੈ। ਪ੍ਰਤੀਕ ਦੀ ਮਾਤਾ ਮੀਨਾ ਪਾਂਡੇ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਬੇਹੱਦ ਮਿਹਨਤੀ ਸੀ ਪਰ ਕੰਪਨੀ ਨੇ ਕੰਮ ਦਾ ਬੋਝ ਹੀ ਐਨਾ ਵਧਾ ਦਿਤਾ ਕਿ ਉਹ ਬਰਦਾਸ਼ਤ ਨਾ ਕਰ ਸਕਿਆ। ਮੀਨਾ ਪਾਂਡੇ ਨੇ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੁਲਾਜ਼ਮਾਂ ਨੂੰ ਮਸ਼ੀਨ ਨਾ ਸਮਝਣ ਅਤੇ ਮਾਵਾਂ ਨੂੰ ਆਪਣੇ ਪੁੱਤ ਨਾ ਗਵਾਉਣੇ ਪੈਣ।

**ਪ੍ਰਤੀਕ ਪਾਂਡੇ ਨੂੰ ਕੰਮ ਦਾ ਬੋਝ ਲੈ ਬੈਠਾ :** ਮੀਨਾ ਪਾਂਡੇ ਵੱਲੋਂ ਨੌਜਵਾਨਾਂ ਨੂੰ ਸੁਨੇਹਾ ਦਿਤਾ ਗਿਆ ਹੈ ਕਿ ਕੋਈ ਤਨਖਾਹ ਤੁਹਾਡੀ ਜ਼ਿੰਦਗੀ ਤੋਂ ਵੱਡੀ ਨਹੀਂ, ਜਦੋਂ ਦਿਮਾਗੀ ਤਣਾਅ ਮਹਿਸੂਸ ਹੋਵੇ, ਨੌਕਰੀ ਛੱਡ ਕੇ ਪਾਸੇ ਹੋ ਜਾਉ। ਦੱਸ ਦੇਈਏ ਕਿ ਪ੍ਰਤੀਕ ਪਾਂਡੇ ਤਕਰੀਬਨ 10 ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਅਮਰੀਕਾ ਪੁੱਜਾ। ਡਿਗਰੀ ਮੁਕੰਮਲ ਕਰਨ ਮਗਰੋਂ ਉਸ ਨੇ ਐਪਲ ਅਤੇ ਵਾਲਮਾਰਟ ਵਰਗੀਆਂ ਕੰਪਨੀਆਂ ਵਾਸਤੇ ਕੰਮ ਕੀਤਾ ਅਤੇ ਫਿਰ ਮਾਈਕ੍ਰੋਸਾਫ਼ਟ ਦਾ ਹਿੱਸਾ ਬਣ ਗਿਆ। ਮੁਲਾਜ਼ਮਾਂ ਦੀ ਕਾਰਗੁਜ਼ਾਰੀ ਬਾਰੇ ਮੁਲਾਂਕਣ ਤੋਂ ਪਹਿਲਾਂ ਉਸ ਨੇ ਦੇਰ ਰਾਤ ਤੱਕ ਕੰਮ ਕਰਨਾ ਸ਼ੁਰੂ ਕਰ ਦਿਤਾ ਅਤੇ ਖਾਣਾ-ਪੀਣਾ ਵੀ ਭੁੱਲ ਗਿਆ। ਪ੍ਰਤੀਕ ਦੀ ਛੋਟੀ ਭੈਣ ਪ੍ਰਕਿਰਤੀ ਪਾਂਡੇ ਨੇ ਦੱਸਿਆ ਕਿ ਮਾਂ ਅਕਸਰ ਹੀ ਵੀਰੇ ਨੂੰ ਜ਼ਿਆਦਾ ਕੰਮ ਕਰਨ ਤੋਂ ਰੋਕਦੀ ਸੀ ਪਰ ਉਸ ਅੰਦਰ ਹੋਰ ਵੱਡਾ ਕਰਨ ਦੀ ਤਾਂਘ ਬਰਕਰਾਰ ਸੀ ਅਤੇ ਹਮੇਸ਼ਾ ਆਪਣੀ ਕਾਰਗੁਜ਼ਾਰੀ ਬਿਹਤਰ ਬਣਾਉਣ ਵਿਚ ਜੁਟਿਆ ਰਹਿੰਦਾ। ਕੰਪਨੀ ਦੇ ਸੁਰੱਖਿਆ ਮੁਲਾਜ਼ਮਾਂ ਨੂੰ ਉਹ ਬੇਹੋਸ਼ੀ ਦੀ ਹਾਲਤ ਵਿਚ ਮਿਲਿਆ ਅਤੇ ਜਲਦ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਚੁੱਕੀ ਸੀ। ਮਾਈਕ੍ਰੋਸਾਫ਼ਟ ਨੇ 42 ਘੰਟੇ ਬਾਅਦ ਇਹ ਦੁੱਖ ਭਰੀ ਖਬਰ ਪ੍ਰਤੀਕ ਦੇ ਮਾਪਿਆਂ ਨੂੰ ਦੱਸੀ। ਹਿਊਮਨ ਰਿਸੋਰਸਿਜ਼ ਵਿਭਾਗ ਦੇ ਅਫ਼ਸਰ ਨੇ ਕਿਸੇ ਗੱਲ ਦਾ ਜਵਾਬ ਸਹੀ ਤਰੀਕੇ ਨਾਲ ਨਾ ਦਿਤਾ ਅਤੇ ਪਰਵਾਰ ਚਿੰਤਾਵਾਂ ਵਿਚ ਡੁੱਬ ਗਿਆ।

**ਆਨੰਦ ਵੈਂਕਟਰਤਨਮ ਦਾ ਪਰਵਾਰ ਹੋਇਆ ਖੇਰੂੰ-ਖੇਰੂੰ :** ਪ੍ਰਤੀਕ ਦੇ ਮਾਪਿਆਂ ਮੁਤਾਬਕ ਬੀਤੇ ਫ਼ਰਵਰੀ ਮਹੀਨੇ ਉਹ ਭਾਰਤ ਆਇਆ ਅਤੇ ਮੁਕੰਮਲ ਡਾਕਟਰੀ ਮੁਆਇਨਾ ਕਰਵਾਇਆ ਜਿਸ ਵਿਚ ਕੋਈ ਸਮੱਸਿਆ ਸਾਹਮਣੇ ਨਾ ਆਈ। ਪ੍ਰਤੀਕ ਦੇ ਸਾਥੀ ਮੁਲਾਜ਼ਮਾਂ ਮੁਤਾਬਕ ਉਹ ਬਿਲਕੁਲ ਤੰਦਰੁਸਤ ਨਜ਼ਰ ਆ ਰਿਹਾ ਸੀ ਅਤੇ ਰੋਟੀ ਵੀ ਦਫ਼ਤਰ ਵਿਚ ਹੀ ਖਾਧੀ ਪਰ ਕੁਝ ਘੰਟੇ ਬਾਅਦ ਭਾਣਾ ਵਰਤ ਗਿਆ। ਉਧਰ ਟੈਕਸਸ ਦੇ ਕੈਲਰ ਸ਼ਹਿਰ ਵਿਚ ਆਨੰਦ ਵੈਂਕਟਰਤਨਮ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਆਨੰਦ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ। ਪਰਵਾਰ ਵਿਚ ਕਮਾਉਣ ਵਾਲਾ ਇਕੱਲਾ ਜੀਅ ਹੋਣ ਕਾਰਨ ਵੱਡਾ ਆਰਥਿਕ ਸੰਕਟ ਪੈਦਾ ਹੋ ਗਿਆ ਹੈ। ਆਨੰਦ ਦੀ ਪਤਨੀ ਐਚ 4 ਯਾਨੀ ਡਿਪੈਂਡੈਂਟ ਵੀਜ਼ਾ 'ਤੇ ਅਮਰੀਕਾ ਵਿਚ ਹੈ ਅਤੇ ਹੁਣ ਉਸ ਦਾ ਇੰਮੀਗ੍ਰੇਸ਼ਨ ਸਟੇਟਸ ਖ਼ਤਮ ਹੋ ਚੁੱਕਾ ਹੈ। ਪਰਵਾਰ ਦੇ ਨਜ਼ਦੀਕੀਆਂ ਵੱਲੋਂ ਆਰਥਿਕ ਮਦਦ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਜੱਫੀ ਤੋਂ ਲੈ ਕੇ ਦੁਸ਼ਮਣੀ ਤੱਕ : ਟਰੰਪ ਮੋਦੀ ਤੋਂ ਕਿਉਂ ਨਾਰਾਜ਼ ਹੋਏ

ਡੋਨਾਲਡ ਟਰੰਪ ਤੇ ਨਰਿੰਦਰ ਮੋਦੀ ਦਰਮਿਆਨ ਬਹੁਤ ਜ਼ਿਆਦਾ ਚਰਚਿਤ 'ਭਾਈਚਾਰਾ' ਬੁਰੀ ਤਰ੍ਹਾਂ ਵਿਗੜ ਗਿਆ ਹੈ, ਜਿਸ ਕਾਰਨ ਭਾਰਤੀ ਸਾਮਾਨ 'ਤੇ 50 ਫੀਸਦੀ ਸਖਤ ਟੈਰਿਫ ਲਾਇਆ ਗਿਆ ਹੈ। ਭਾਰਤ ਤੇ ਵਾਸ਼ਿੰਗਟਨ ਦੇ ਕਈ ਅੰਦਰੂਨੀ ਸੂਤਰਾਂ ਨੇ ਵਿਗੜਦੇ ਸਬੰਧਾਂ ਦੇ ਕਈ ਕਾਰਨ ਦੱਸੇ ਹਨ। ਉਹ ਇਸ ਦਰਾੜ ਲਈ ਸਤੰਬਰ 2024 ਨੂੰ ਜ਼ਿੰਮੇਵਾਰ ਮੰਨਦੇ ਹਨ। ਉਦੋਂ ਭਾਰਤੀ ਅਧਿਕਾਰੀਆਂ ਨੇ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਟਰੰਪ ਤੇ ਕਮਲਾ ਹੈਰਿਸ ਦੋਵਾਂ ਨਾਲ ਹੀ ਸੰਪਰਕ ਕੀਤਾ ਸੀ। ਜਦੋਂ ਕਮਲਾ ਨੇ ਝਿਜਕ ਦਿਖਾਈ ਤਾਂ ਮੋਦੀ ਟਰੰਪ ਨਾਲ ਇਕ ਨਿਰਧਾਰਤ ਮੀਟਿੰਗ ਤੋਂ ਵੀ ਪਿੱਛੇ ਹਟ ਗਏ। ਮੋਦੀ ਦਾ ਆਖਰੀ ਸਮੇਂ ਪਿੱਛੇ ਹਟਣਾ ਟਰੰਪ ਨੂੰ ਬਹੁਤ ਚੁਭਿਆ। ਇਸ ਤੋਂ ਬਾਅਦ ਮੋਦੀ ਨੇ ਟਰੰਪ ਨੂੰ ਭਾਰਤ-ਪਾਕਿ ਜੰਗਬੰਦੀ ਦੀ ਵਿਚੋਲਗੀ ਦਾ ਸਿਹਰਾ ਨਹੀਂ ਲੈਣ ਦਿੱਤਾ। ਪਾਕਿਸਤਾਨੀ ਫੌਜ ਦੇ ਮੁਖੀ ਅਸੀਮ ਮੁਨੀਰ ਨਾਲ ਟਰੰਪ ਵੱਲੋਂ ਦੁਪਹਿਰ ਦਾ ਭੋਜਨ ਕਰਨ ਕਾਰਨ ਮੋਦੀ ਨੇ ਜੀ-7 ਸਿਖਰ ਸੰਮੇਲਨ ਤੋਂ ਵਾਪਸ ਆਉਣ ਦੌਰਾਨ ਵ੍ਹਾਈਟ ਹਾਊਸ ਜਾਣ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਜਵਾਬੀ ਕਾਰਵਾਈ ਕਰਦੇ ਹੋਏ 50 ਫੀਸਦੀ ਟੈਰਿਫ ਲਾ ਦਿੱਤਾ। ਅਜਿਹਾ ਲਗਦਾ ਹੈ ਕਿ ਉਹ ਭਾਰਤ ਦੀ ਸਾਫਟ ਪਾਵਰ ਦੇ ਕੇਂਦਰ ਭਾਵ ਲੋਕਾਂ 'ਤੇ ਹਮਲਾ ਕਰ ਰਹੇ ਹਨ।



ਸਾਰੇ ਐੱਚ -1 ਬੀ ਵੀਜ਼ਿਆਂ 'ਚੋਂ ਲਗਭਗ 75 ਫੀਸਦੀ ਭਾਰਤੀ ਹਨ ਜੋ ਸਿਲੀਕਾਨ ਵੈਲੀ ਤੇ ਅਮਰੀਕੀ ਤਕਨੀਕੀ ਫਰਮਾਂ ਨੂੰ ਇੰਜੀਨੀਅਰ, ਕੋਡਰ ਤੇ ਡਾਟਾ ਵਿਗਿਆਨੀ ਪ੍ਰਦਾਨ ਕਰਦੇ ਹਨ। ਦਬਾਅ 'ਚ ਵਾਧਾ ਕਰਦੇ ਹੋਏ ਟਰੰਪ ਦੇ ਵਿਸ਼ਾਲ 'ਵਨ ਬਿਗ ਬਿਊਟੀਫੁੱਲ ਬਿੱਲ ਐਕਟ' 'ਚ ਵਿਦੇਸ਼ੀ ਮੁਲਾਜ਼ਮਾਂ ਵੱਲੋਂ ਵਿਦੇਸ਼ ਭੇਜੇ ਗਏ ਪੈਸਿਆਂ 'ਤੇ ਟੈਕਸ ਲਾਉਣ ਵਾਲੀ ਇਕ ਧਾਰਾ ਸ਼ਾਮਲ ਹੈ।

ਟੈਕਸ ਸ਼ੁਰੂ 'ਚ 5 ਫ਼ੀਸਦੀ ਲਾਇਆ ਗਿਆ ਸੀ। ਫਿਰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਇਸ ਨੂੰ ਘਟਾ ਕੇ 1 ਫੀਸਦੀ ਕਰ ਦਿੱਤਾ ਗਿਆ। ਫਿਰ ਵੀ ਉਹ ਭਾਰਤੀ ਸਾਮਾਨ ਤੋਂ ਅਰਬਾਂ ਡਾਲਰ ਕਮਾ ਸਕਦੇ ਹਨ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਰੈਮੀਟੈਂਸ ਪ੍ਰਾਪਤਕਰਤਾ ਹੈ ਜੋ ਮੌਜੂਦਾ ਵਿੱਤੀ ਸਾਲ 'ਚ ਰਿਕਾਰਡ 135.5 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ।

ਭਰੋਸਾ ਘਟਣ ਕਾਰਨ ਸਬੰਧਾਂ ਨੂੰ ਆਮ ਵਾਂਗ ਬਣਾਉਣ 'ਚ ਦੋਵਾਂ ਧਿਰਾਂ ਦੀ ਉਮੀਦ ਨਾਲੋਂ ਕਿਤੇ ਵੱਧ ਸਮਾਂ ਲੱਗ ਸਕਦਾ ਹੈ। ਕਵਾਡ ਸੰਮੇਲਨ ਲਈ ਭਾਰਤ ਆਉਣ ਤੋਂ ਟਰੰਪ ਦੀ ਝਿਜਕ ਇਕ ਹੋਰ ਨਰਮ ਬੇਧਿਆਨੀ ਹੈ।

ਇਸ ਗਾਥਾ 'ਤੇ ਅੰਤਿਮ ਸ਼ਬਦ ਅਜੇ ਲਿਖੇ ਜਾਣੇ ਬਾਕੀ ਹਨ। ਹੁਣ ਮੋਦੀ ਵੱਲੋਂ ਪੁਤਿਨ ਨੂੰ ਗਲੇ ਲਾਉਣਾ ਅਤੇ ਸ਼ੀ ਨਾਲ ਉਨ੍ਹਾਂ ਦੇ ਸੁਹਿਰਦ ਸਬੰਧਾਂ ਨੇ ਇਸ ਨੂੰ ਹੋਰ ਹੁਲਾਰਾ ਦਿੱਤਾ ਹੈ।

# ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਨਵੇਂ ਮੰਤਰੀ ਮੰਡਲ 'ਚ 2 ਪੰਜਾਬਣਾਂ ਸ਼ਾਮਿਲ

ਲੰਡਨ : ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਬੀਤੇ ਦਿਨੀਂ ਮੰਤਰੀ ਮੰਡਲ 'ਚ ਕੀਤੇ ਫੇਰ ਬਦਲ ਦੌਰਾਨ ਆਪਣੇ ਮੰਤਰੀ ਮੰਡਲ 'ਚ 2 ਪੰਜਾਬਣ ਸੰਸਦ ਮੈਂਬਰਾਂ ਨੂੰ ਥਾਂ ਦਿੱਤੀ ਹੈ। ਜਿਨ੍ਹਾਂ 'ਚ ਹੈਸਟਨ ਫੈਲਥਮ ਤੋਂ ਪਾਰਲੀਮੈਂਟ ਮੈਂਬਰ ਸੀਮਾ ਮਲਹੋਤਰਾ ਨੂੰ ਰਾਜ ਵਿਦੇਸ਼ ਮੰਤਰੀ ਬਣਾਇਆ ਗਿਆ ਹੈ, ਜਿਸ ਦੇ ਨਾਲ ਨਾਲ ਉਹ ਆਪਣੇ ਪਹਿਲੇ ਅਹੁਦੇ 'ਤੇ ਵੀ ਬਣੀ ਰਹੇਗੀ। ਸੰਸਦ ਮੈਂਬਰ ਸੀਮਾ ਮਲਹੋਤਰਾ ਨੂੰ ਹੁਣ ਵਿਦੇਸ਼, ਰਾਸ਼ਟਰਮੰਡਲ ਤੇ ਵਿਕਾਸ ਵਿਭਾਗਾਂ ਦੇ ਕੰਮਾਂ ਦੀ ਜ਼ਿੰਮੇਂਵਾਰੀ ਦਿੱਤੀ ਗਈ ਹੈ, ਜਦਕਿ ਉਹ ਸਿੱਖਿਆ ਵਿਭਾਗ 'ਚ ਬਰਾਬਰਤਾ ਰਾਜ ਮੰਤਰੀ ਵਜੋਂ ਪਹਿਲਾਂ ਵਾਂਗ ਕੰਮ ਵੀ ਕਰਦੇ ਰਹਿਣਗੇ। ਇਸੇ ਤਰ੍ਹਾਂ ਸਾਊਥਹੈਂਪਟਨ ਤੋਂ ਪਹਿਲੀ ਵਾਰ ਸੰਸਦ ਮੈਂਬਰ ਬਣੀ ਸਿੱਖ ਪਰਿਵਾਰ 'ਚ ਜਨਮੀ ਸਤਵੀਰ ਕੌਰ ਨੂੰ ਕੈਬੀਨਟ 'ਚ ਸ਼ਾਮਿਲ ਕਰਦਿਆਂ ਸੰਸਦੀ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸਤਵੀਰ ਕੌਰ ਨੂੰ ਬਰਤਾਨੀਆਂ ਦੀ ਕਿਸੇ ਕੌਂਸਲ ਦੀ ਪਹਿਲੀ ਸਿੱਖ ਨੇਤਾ ਹੋਣ ਦਾ ਮਾਣ ਵੀ ਹਾਸਿਲ ਹੈ। ਸਤਵੀਰ ਕੌਰ ਇਹਨਾਂ ਦਿਨਾਂ 'ਚ ਜਣੇਪਾ ਛੁੱਟੀਆਂ 'ਤੇ ਹੈ, ਅਗਸਤ 'ਚ ਉਹਨਾਂ ਬੱਚੀ ਨੂੰ ਜਨਮ ਦਿੱਤਾ ਹੈ। ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਸਤਵੀਰ ਕੌਰ ਦੀ ਥਾਂ ਸੰਸਦ ਮੈਂਬਰ ਜੋਸ਼ ਸਾਈਮਨਜ਼ ਕੁਝ ਸਮੇਂ ਲਈ ਉਹਨਾਂ ਦਾ ਕੰਮਕਾਜ਼ ਵੇਖਣਗੇ।



ਰਾਜ ਵਿਦੇਸ਼ ਮੰਤਰੀ ਸੀਮਾ ਮਲਹੋਤਰਾ ਤੇ ਸੰਸਦ ਮੈਂਬਰ ਸਤਵੀਰ ਕੌਰ।

# ਸੂਬੇ ਦੀ ਸਮੁੱਚੀ ਤ੍ਰਾਸਦੀ ਦੇ ਭਾਈਵਾਲ

ਸੂਬੇ ਵਿਚ ਆਏ ਤਬਾਹਕੁੰਨ ਹੜ੍ਹਾਂ ਨਾਲ ਪੈਦਾ ਹੋਏ ਦੁਖਾਂਤ ਨੂੰ ਘਟਾਉਣ ਲਈ ਸਰਕਾਰ ਸਮੇਤ ਸਾਰੇ ਹੀ ਵਰਗਾਂ ਵਲੋਂ ਆਪੋ-ਆਪਣੇ ਢੰਗ ਨਾਲ ਯੋਗਦਾਨ ਪਾਉਣ ਦਾ ਯਤਨ ਮਨ ਨੂੰ ਧਰਵਾਸ ਦਿਵਾਉਣ ਵਾਲਾ ਹੈ। ਅਨੰਦਪੁਰ ਸਾਹਿਬ ਤੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਉਣ ਵਾਲੇ ਦਿਨਾਂ ਵਿਚ ਘੱਟ ਮੀਂਹ ਪੈਣ ਦੇ ਅਨੁਮਾਨ ਨੂੰ ਦੇਖਦਿਆਂ ਕੁਝ ਸੰਤੁਸ਼ਟੀ ਜ਼ਾਹਿਰ ਕਰਦਿਆਂ ਇਹ ਕਿਹਾ ਹੈ ਕਿ ਇਸ ਔਖੀ ਘੜੀ ਵਿਚ ਕਾਰ ਸੇਵਾ ਵਾਲੇ ਮਹਾਂਪੁਰਸ਼, ਧਾਰਮਿਕ ਸ਼ਖ਼ਸੀਅਤਾਂ, ਸਮਾਜ ਸੇਵੀ ਸੰਗਠਨ, ਪੰਚ-ਸਰਪੰਚ, ਯੂਥ ਕਲੱਬਾਂ ਅਤੇ ਵੱਡੀ ਗਿਣਤੀ ਵਿਚ ਨੌਜਵਾਨ ਰਾਹਤ ਅਤੇ ਬਚਾਅ ਕਾਰਜਾਂ ਵਿਚ ਵੱਡੀ ਭੂਮਿਕਾ ਨਿਭਾਅ ਰਹੇ ਹਨ। ਇਸੇ ਹੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਵਲੋਂ ਯੋਗਦਾਨ ਲਈ ਪਾਈ ਜਾਣ ਵਾਲੀ ਵੱਡੀ ਧਨ ਰਾਸ਼ੀ ਦਾ ਐਲਾਨ ਕਰਦਿਆਂ ਇਹ ਕਿਹਾ ਹੈ ਕਿ ਸੂਬੇ ਦਾ ਜਿੰਨਾ ਨੁਕਸਾਨ ਹੋਇਆ ਹੈ, ਭਾਵ ਫ਼ਸਲਾਂ, ਪਸ਼ੂਆਂ ਅਤੇ ਘਰਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਣੀ ਜ਼ਰੂਰੀ ਹੈ। ਇਸ ਦੇ ਲਈ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ ਕਿ ਰਾਹਤ ਸਮੱਗਰੀ ਸਥਾਨਕ ਲੋਕਾਂ ਦੀਆਂ ਲੋੜਾਂ ਅਨੁਸਾਰ ਵੰਡੀ ਜਾਵੇ।



ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸੂਬੇ ਦਾ ਇਕ ਦਿਨ ਦਾ ਦੌਰਾ ਕੀਤਾ ਹੈ। ਉਨ੍ਹਾਂ ਨੇ ਇਕ ਵਾਰ ਫੇਰ ਕਿਹਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੀ ਜਨਤਾ ਅਤੇ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਇਹ ਵੀ ਕਿ ਹੁਣ ਯੋਜਨਾਬੱਧ ਢੰਗ ਨਾਲ ਪੰਜਾਬ ਨੂੰ ਇਸ ਸੰਕਟ 'ਚੋਂ ਬਾਹਰ ਕੱਢਣ ਲਈ ਛੋਟੀਆਂ, ਮੱਧਮ ਅਤੇ ਲੰਮੇ ਸਮੇਂ ਦੀਆਂ ਅਨੁਕੂਲ ਯੋਜਨਾਵਾਂ ਬਣਾਉਣ ਦੀ ਜ਼ਰੂਰਤ ਹੈ। ਆਉਂਦੇ ਦਿਨਾਂ ਵਿਚ ਪ੍ਰਧਾਨ ਮੰਤਰੀ ਵੀ ਪੰਜਾਬ, ਹਿਮਾਚਲ ਅਤੇ ਉੱਤਰਾਖੰਡ ਵਰਗੇ ਰਾਜਾਂ ਦਾ ਦੌਰਾ ਕਰ ਰਹੇ ਹਨ। ਕੇਂਦਰ ਸਰਕਾਰ ਵਲੋਂ ਭੇਜੀਆਂ ਟੀਮਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੀਆਂ ਹਨ। ਜ਼ਿਲ੍ਹਾ ਕਪੂਰਥਲਾ ਦੇ ਉਨ੍ਹਾਂ ਪਿੰਡਾਂ, ਜੋ ਪਾਣੀ ਵਿਚ ਘਿਰ ਗਏ ਹਨ, ਤੱਕ ਵੀ ਇਨ੍ਹਾਂ ਟੀਮਾਂ ਨੇ ਪਹੁੰਚ ਕਰਨ ਦਾ ਯਤਨ ਕੀਤਾ ਹੈ। ਇਹ ਟੀਮਾਂ ਸੂਬਾ ਸਰਕਾਰਾਂ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਕੇ ਹੜ੍ਹ ਨਾਲ ਹੋਏ ਨੁਕਸਾਨ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੀਆਂ ਹਨ। ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਕਪੂਰਥਲਾ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਤੇ ਤਰਨ ਤਾਰਨ ਆਦਿ ਵਿਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਇਹ ਰਾਜ ਦੇ ਮੁੱਖ ਸਕੱਤਰ ਨਾਲ ਵੀ ਮੁਲਾਕਾਤ ਕਰ ਰਹੀਆਂ ਹਨ।

ਉਮੀਦ ਕੀਤੀ ਜਾਣੀ ਬਣਦੀ ਹੈ ਕਿ ਲਗਾਤਾਰ ਕੀਤੇ ਜਾ ਰਹੇ ਇਨ੍ਹਾਂ ਸਮੂਹਿਕ ਯਤਨਾਂ ਨਾਲ ਪੈਦਾ ਹੋਏ ਇਸ ਸੰਤਾਪ ਨੂੰ ਕਾਫ਼ੀ ਹੱਦ ਤੱਕ ਘਟਾਉਣ ਵਿਚ ਸਫ਼ਲਤਾ ਮਿਲੇਗੀ। ਇਸੇ ਹੀ ਸਮੇਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਏ ਇਨ੍ਹਾਂ ਹੜ੍ਹਾਂ ਲਈ ਰੇਤੇ ਦੀ ਗ਼ੈਰ-ਕਾਨੂੰਨੀ ਨਿਕਾਸੀ ਨੂੰ ਜ਼ਿੰਮੇਵਾਰ ਦੱਸਿਆ ਹੈ। ਜਿੱਥੋਂ ਤੱਕ ਇਨ੍ਹਾਂ ਭਿਆਨਕ ਹੜ੍ਹਾਂ ਦਾ ਸੰਬੰਧ ਹੈ, ਵੱਡੀ ਹੱਦ ਤੱਕ ਪਹਾੜਾਂ ਵਿਚ ਪਏ ਬੇਹੱਦ ਮੀਹਾਂ ਅਤੇ ਝੱਖੜਾਂ ਨਾਲ ਪਾਣੀ ਦਾ ਵਹਾਅ ਇਸ ਹੱਦ ਤੱਕ ਵਧ ਗਿਆ, ਉਸ ਦਾ ਕਿਆਸ ਨਹੀਂ ਸੀ ਕੀਤਾ ਜਾ ਸਕਦਾ। ਤਿੰਨੇ ਹੀ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਇਸ ਵਧੇ ਹੋਏ ਪਾਣੀ ਨੂੰ ਖਾਰਜ ਕਰਨ ਲਈ ਫਲੱਡ ਗੇਟ ਖੋਲ੍ਹਣੇ ਪਏ, ਜਿਸ ਨੇ ਮੈਦਾਨੀ ਇਲਾਕਿਆਂ ਵਿਚ ਇਕ ਤਰ੍ਹਾਂ ਨਾਲ ਤਬਾਹੀ ਲਿਆ ਦਿੱਤੀ। ਇਸ ਵਾਰ ਪਹਾੜਾਂ ਤੋਂ ਇਲਾਵਾ ਮੈਦਾਨਾਂ ਵਿਚ ਵੀ ਭਾਰੀ ਬਾਰਿਸ਼ਾਂ ਹੋਈਆਂ, ਜਿਨ੍ਹਾਂ ਨੇ ਇਸ ਸੰਤਾਪ ਨੂੰ ਹੋਰ ਵੀ ਵਧਾ ਦਿੱਤਾ, ਜਿਸ ਕਰਕੇ ਇਹ ਦੁਖਾਂਤ ਪੈਦਾ ਹੋ ਗਿਆ। ਕੇਂਦਰੀ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਪਿਛਲੀਆਂ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਸਮੇਂ ਫ਼ਸਲਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਨਦੀਆਂ ਦੇ ਕਿਨਾਰਿਆਂ ਦੇ ਬੰਨ੍ਹ ਮਜ਼ਬੂਤ ਅਤੇ ਉੱਚੇ ਕੀਤੇ ਗਏ ਸਨ, ਪਰ ਰੇਤੇ ਦੀ ਗ਼ੈਰ-ਕਾਨੂੰਨੀ ਨਿਕਾਸੀ ਕਾਰਨ ਉਹ ਕਮਜ਼ੋਰ ਹੋ ਗਏ ਹਨ। ਕੁਝ ਹੱਦ ਤੱਕ ਇਹ ਵੀ ਹੜ੍ਹਾਂ ਦਾ ਇਕ ਕਾਰਨ ਹੋ ਸਕਦਾ ਹੈ, ਪਰ ਅਸੀਂ ਸਮਝਦੇ ਹਾਂ ਕਿ ਭਾਰੀ ਬਾਰਿਸ਼ਾਂ ਹੜ੍ਹਾਂ ਦਾ ਵੱਡਾ ਕਾਰਨ ਬਣੀਆਂ ਹਨ।

ਫਿਰ ਵੀ ਜਿੱਥੋਂ ਤੱਕ ਸੂਬੇ ਵਿਚ ਗ਼ੈਰ-ਕਾਨੂੰਨੀ ਰੇਤੇ ਦੀ ਨਿਕਾਸੀ ਦਾ ਸੰਬੰਧ ਹੈ, ਅਸੀਂ ਇਸ ਲਈ ਪਿਛਲੇ ਲੰਮੇ ਸਮੇਂ ਤੋਂ, ਪਹਿਲਾਂ ਅਕਾਲੀ-ਭਾਜਪਾ ਸਰਕਾਰਾਂ, ਫੇਰ ਕਾਂਗਰਸ ਦੀ ਸਰਕਾਰ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ, ਤਿੰਨਾਂ ਨੂੰ ਹੀ ਦੋਸ਼ੀ ਮੰਨਦੇ ਹਾਂ। ਚਾਹੇ ਇਹ ਸਰਕਾਰਾਂ ਦਾਅਵੇ ਅਤੇ ਵਾਅਦੇ ਕੁਝ ਵੀ ਕਰਦੀਆਂ ਰਹੀਆਂ ਹੋਣ, ਪਰ ਇਨ੍ਹਾਂ ਦੇ ਲੋਭ ਅਤੇ ਲਾਲਚ ਨੇ ਸੂਬੇ ਦੇ ਮੁਢਲੇ ਢਾਂਚੇ ਨੂੰ ਬੇਹੱਦ ਕਮਜ਼ੋਰ ਕਰ ਦਿੱਤਾ ਹੈ। ਦਹਾਕਿਆਂ ਤੋਂ ਗ਼ੈਰ-ਕਾਨੂੰਨੀ ਰੇਤੇ ਤੇ ਬਜਰੀ ਦੀ ਨਿਕਾਸੀ ਦੀ ਗੱਲ ਹਰ ਪੱਧਰ 'ਤੇ ਚਲਦੀ ਰਹੀ ਹੈ, ਪਰ ਇਹ ਸਾਰੀਆਂ ਸਰਕਾਰਾਂ ਹੀ ਲਾਲਚ ਵੱਸ ਇਸ ਕਾਲੇ ਧੰਦੇ ਨੂੰ ਬੰਦ ਨਹੀਂ ਕਰਵਾ ਸਕੀਆਂ, ਸਗੋਂ ਇਨ੍ਹਾਂ ਦੇ ਹਰ ਪੱਧਰ ਦੇ ਸਿਆਸਤਦਾਨ ਅਤੇ ਕਾਰਕੁੰਨ ਇਸ ਕਾਲੇ ਧੰਦੇ ਵਿਚ ਗਲਤਾਨ ਰਹੇ ਹਨ।

ਸਾਡੀ ਸੂਚਨਾ ਅਨੁਸਾਰ ਅੱਜ ਵੀ ਇਸ ਦੁਖਾਂਤ ਦੇ ਸਮੇਂ ਵਿਚ ਇਹ ਧੰਦਾ ਜਾਰੀ ਹੈ। ਤਤਕਾਲੀ ਸਰਕਾਰਾਂ ਦੀਆਂ ਘਾਟਾਂ ਅਤੇ ਨਾਕਾਮੀਆਂ ਨੇ ਅੱਜ ਸੂਬੇ ਨੂੰ ਹਰ ਪੱਖੋਂ ਉਸ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ, ਜਿਸ 'ਚੋਂ ਬਚ ਨਿਕਲਣ ਦੀ ਉਮੀਦ ਬੇਉਮੀਦੀ ਵਿਚ ਬਦਲਦੀ ਜਾ ਰਹੀ ਹੈ। ਰਾਜ ਵਿਚ ਪੈਦਾ ਹੋਈ ਅਜਿਹੀ ਤ੍ਰਾਸਦੀ ਦੇ ਹੱਲ ਲਈ ਲੋਕਾਂ ਨੂੰ ਕਿਸੇ ਵੀ ਧਿਰ 'ਤੇ ਬਹੁਤਾ ਵਿਸ਼ਵਾਸ ਨਹੀਂ ਬੱਝ ਰਿਹਾ। ਸਥਿਤੀ ਇਹ ਹੈ ਜਿਵੇਂ ਰਾਜ ਦਾ ਕੋਈ ਵਾਲੀ-ਵਾਰਸ ਨਾ ਹੋਵੇ।

# ਐੱਸਸੀਓ ਸੰਮੇਲਨ 'ਚ ਭਾਰਤ ਦਾ ਵਧਿਆ ਵੱਕਾਰ



ਡੋਨਾਲਡ ਟਰੰਪ ਨੇ 20 ਜਨਵਰੀ 2025 ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਪਦ ਸੰਭਾਲਣ ਤੋਂ ਬਾਅਦ ਆਪਣੇ ਸਰਮਾਏਦਾਰ, ਬਸਤੀਵਾਦੀ, ਏਕਾਧਿਕਾਰਵਾਦੀ, ਕਾਰਪੋਰੇਟਰ ਅਤੇ ਬਿਮਾਰ ਮਾਨਸਿਕਤਾ ਵਾਲੇ ਸਲਾਹਕਾਰਾਂ ਦੇ ਹੱਥ ਚੜ੍ਹ ਕੇ, ਖ਼ਾਸ ਕਰਕੇ ਵਪਾਰਕ ਮਸਲਿਆਂ ਦੇ ਨਫ਼ਰਤੀ ਨਸਲਵਾਦੀ ਸਲਾਹਕਾਰ ਪੀਟਰ ਨਵਾਰੋ ਕਾਰਨ ਆਲਮੀ ਪੱਧਰ 'ਤੇ ਮਾਰੂ ਟੈਰਿਫ ਜੰਗ ਸ਼ੁਰੂ ਕਰ ਦਿੱਤੀ। ਟਰੰਪ ਨੇ ਹਰ ਦੇਸ਼ ਦੇ ਆਗੂਆਂ ਨੂੰ ਵੱਖੋ-ਵੱਖ ਧਮਕਾ ਕੇ ਮਨਮਰਜ਼ੀ ਨਾਲ ਟੈਰਿਫ ਲਾਉਣਾ ਸ਼ੁਰੂ ਕਰ ਦਿੱਤਾ ਤੇ ਪੂਰੇ ਵਿਸ਼ਵ ਵਿਚ ਉਥਲ-ਪੁਥਲ ਅਤੇ ਹਾਹਾਕਾਰ ਮਚਾ ਕੇ ਰੱਖ ਦਿੱਤੀ। ਉਸ ਨੇ ਭਾਰਤ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ, ਉਸ ਦੀਆਂ ਸ਼ਰਤਾਂ ਮੰਨਣ ਲਈ ਬੇਵੱਸ ਕਰਨ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਨਿੱਜੀ ਦੋਸਤਾਨਾ ਸਬੰਧਾਂ ਦੀ ਪਰਵਾਹ ਨਾ ਕਰਦਿਆਂ ਰੂਸ ਤੋਂ ਤੇਲ ਅਤੇ ਫ਼ੌਜੀ ਹਥਿਆਰ, ਈਰਾਨ ਤੋਂ ਗੈਸ ਖ਼ਰੀਦਣਾ ਜਾਰੀ ਰੱਖਣ, ਅਮਰੀਕਾ ਲਈ ਖੇਤੀ ਸੈਕਟਰ ਖੋਲ੍ਹਣ ਅਤੇ ਚੀਨ ਦੀ ਵਿਰੋਧਤਾ ਜਾਰੀ ਰੱਖਣ ਤੋਂ ਨਾਂਹ ਕਰਨ ਦੀ ਸਜ਼ਾ ਵਜੋਂ ਮਨਮਰਜ਼ੀ ਨਾਲ 50 ਪ੍ਰਤੀਸ਼ਤ ਟੈਰਿਫ ਭਾਰਤੀ ਬਰਾਮਦਾਂ 'ਤੇ ਲਗਾ ਦਿੱਤਾ। ਉੱਪਰੋਂ ਜੁਰਮਾਨਾ ਲਾਉਣ ਦੀ ਧਮਕੀ ਵੱਖਰੀ ਦਿੱਤੀ।

ਅਮਰੀਕਾ ਨੇ ਭਾਰਤ ਨੂੰ ਗੋਡਿਆਂ ਭਾਰ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ ਪਰ ਭਾਰਤੀ ਪ੍ਰਧਾਨ ਮੰਤਰੀ ਨੇ ਜੀ-7 ਦੇਸ਼ਾਂ ਦੇ ਅਲਬਰਟਾ (ਕੈਨੇਡਾ) ਵਿਖੇ ਹੋਏ ਸਿਖਰ ਸੰਮੇਲਨ ਤੋਂ ਵਾਪਸੀ ਸਮੇਂ ਟਰੰਪ ਦਾ ਵ੍ਹਾਈਟ ਹਾਊਸ ਵਿਖੇ ਚਾਹ ਦਾ ਸੱਦਾ ਨਾ ਕੇਵਲ ਠੁਕਰਾਇਆ ਬਲਕਿ ਉਸ ਨੂੰ ਕੌਟੱਲਿਆ ਦੀ ਅਰਥ ਨੀਤੀ ਅਨੁਸਾਰ ਸਬਕ ਸਿਖਾਉਣ ਲਈ 31 ਅਗਸਤ ਤੋਂ 1 ਸਤੰਬਰ ਤੱਕ ਚੀਨ ਦੇ ਹਾਇਵੇ ਦਰਿਆ ਦੇ ਕੰਢੇ 'ਤੇ ਤਿਆਨਜਿਨ ਵਿਖੇ ਹੋਏ ਸ਼ੰਘਾਈ ਸਹਿਯੋਗ ਸੰਗਠਨ(ਐੱਸਸੀਓ) ਦੇ ਸਿਖਰ ਸੰਮੇਲਨ ਵਿਚ ਹਿਸਾ ਲਿਆ। ਇੰਜ ਉਨ੍ਹਾਂ ਨੇ ਅਮਰੀਕੀ ਥਾਣੇਦਾਰੀ ਵਿਸ਼ਵ ਬਰਾਦਰੀ ਸਾਹਮਣੇ ਮੂੰਹ ਭਰਨੇ ਸੁੱਟ ਕੇ ਠੁੱਸ ਕਰ ਦਿੱਤੀ। ਚੀਨ ਨੇ ਅਜੋਕੀਆਂ ਗਲੋਬਲ ਚੁਣੌਤੀਆਂ, ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀ ਗਲੋਬਲ ਭੂ-ਰਾਜਨੀਤਕ, ਆਰਥਿਕ, ਯੁੱਧਨੀਤਕ, ਤਕਨੀਕੀ, ਫ਼ੌਜੀ, ਨਾਟੋ ਅਤੇ ਵਪਾਰਕ ਅਜ਼ਾਰੇਦਾਰੀ ਨੂੰ ਚੁਣੌਤੀ ਦੇਣ ਲਈ ਜੂਨ, 2001 ਵਿਚ ਹੁਆਂਗ ਪੂ ਦਰਿਆ ਕੰਢੇ ਐੱਸਸੀਓ ਦੀ ਨੀਂਹ ਰੱਖੀ ਸੀ ਜਿਸ ਵਿਚ 6 ਦੇਸ਼ਾਂ ਨੇ ਭਾਗ ਲਿਆ ਸੀ। ਇਸ ਦੀ ਪ੍ਰਧਾਨਗੀ ਮੈਂਬਰ ਦੇਸ਼ਾਂ ਲਈ ਬਦਲਵੀਂ ਰੱਖੀ ਗਈ। ਹੁਣ ਤੱਕ ਚੀਨ ਇਸ ਸੰਗਠਨ ਦੀ 5 ਵਾਰ ਪ੍ਰਧਾਨਗੀ ਕਰ ਚੁੱਕਾ ਹੈ। ਇਸ ਸੰਮੇਲਨ ਵਿਚ 20 ਦੇਸ਼ਾਂ ਨੇ ਸ਼ਮੂਲੀਅਤ ਕੀਤੀ। 10 ਸਥਾਈ, 2 ਅਬਜ਼ਰਵਰ, 14 ਵਿਚਾਰ-ਚਰਚਾ ਨਾਲ ਸਬੰਧਤ ਭਾਈਵਾਲ ਰਾਸ਼ਟਰਾਂ ਤੋਂ ਇਲਾਵਾ ਯੂਐੱਨਓ ਦੇ ਸਕੱਤਰ ਜਨਰਲ ਐਨਟੋਨੀਓ ਗੁਤਰਸ ਨੇ ਭਾਗ ਲਿਆ।

ਭਾਰਤ ਆਪਣੇ ਇਲਾਕਾਈ, ਵਪਾਰਕ, ਡਿਪਲੋਮੈਟਿਕ ਅਤੇ ਭਾਈਵਾਲ ਹਿੱਤਾਂ ਦੇ ਮੱਦੇਨਜ਼ਰ ਸੰਨ 2017 ਵਿਚ ਇਸ ਸੰਗਠਨ ਵਿਚ ਸ਼ਾਮਲ ਹੋ ਗਿਆ ਸੀ। ਅਮਰੀਕਾ ਅਤੇ ਪੱਛਮੀ ਦੇਸ਼ ਇਹ ਭਰਮ ਪਾਲੀ ਬੈਠੇ ਹਨ ਕਿ ਐੱਸਸੀਓ ਵਿਚ ਸ਼ਾਮਲ ਦੇਸ਼ ਆਪਸ ਵਿਚ ਤਿੱਖੇ ਮਤਭੇਦਾਂ ਅਤੇ ਵਿਵਾਦਾਂ ਨਾਲ ਲਬਰੇਜ਼ ਹਨ। ਇਨ੍ਹਾਂ ਵਿਚ ਇਕਜੁੱਟਤਾ ਅਤੇ ਭਾਈਵਾਲੀ ਸੰਭਵ ਨਹੀਂ ਹੋ ਸਕਦੀ। ਭਾਰਤ ਅਤੇ ਪਾਕਿਸਤਾਨ ਉੱਤਰੀ ਅਤੇ ਦੱਖਣੀ ਧਰੁਵ 'ਤੇ ਖੜ੍ਹੇ ਵਿਖਾਈ ਦਿੰਦੇ ਹਨ। ਭਾਰਤ ਅਤੇ ਚੀਨ ਸਰਹੱਦੀ ਅਤੇ ਯੁੱਧਨੀਤਕ ਟਕਰਾਅ ਦਾ ਸ਼ਿਕਾਰ ਹਨ। ਰੂਸ ਅਤੇ ਚੀਨ ਦੋਵੇਂ ਕੇਂਦਰੀ ਏਸ਼ੀਆ ਅਤੇ ਯੂਰੇਸ਼ੀਆ ਵਿਚ ਆਪਣੀ ਚੜ੍ਹਤ ਖ਼ਾਤਰ ਟਕਰਾਅ ਭਰੀ ਸਥਿਤੀ ਵਿਚ ਹਨ। ਐੱਸਸੀਓ ਦੇਸ਼ਾਂ ਦੇ ਇਲਾਕਾਈ ਟਕਰਾਅ ਤਾਂ ਹਨ ਹੀ, ਇਸ ਤੋਂ ਇਲਾਵਾ ਇਨ੍ਹਾਂ ਕੋਲ ਕੋਈ ਨਾਟੋ ਵਰਗਾ ਸੰਗਠਿਤ ਸੰਗਠਨ ਨਹੀਂ ਹੈ। ਇਹ ਸਭ ਕਾਗਜ਼ੀ ਸ਼ੇਰ ਹਨ ਜਿਨ੍ਹਾਂ ਦੇ ਮੂੰਹਾਂ ਵਿਚ ਦੰਦ ਨਹੀਂ ਹਨ ਪਰ ਇਸ ਸੰਮੇਲਨ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਨਰਿੰਦਰ ਮੋਦੀ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਨਿੱਘੀ ਮੁਲਾਕਾਤ ਨੇ ਅਮਰੀਕਾ ਤੇ ਪੱਛਮੀ ਦੇਸ਼ਾਂ ਦੀ ਨੀਂਦ ਉਡਾ ਦਿੱਤੀ। ਅਮਰੀਕੀ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਸਲਾਹਕਾਰਾਂ ਦੇ ਇਹ ਅੰਦਾਜ਼ੇ ਬਿਲਕੁਲ ਗ਼ਲਤ ਅਤੇ ਬੇਤੁਕੇ ਸਾਬਿਤ ਹੋਏ ਕਿ ਉਹ ਚੀਨ, ਭਾਰਤ ਅਤੇ ਰੂਸ ਨੂੰ ਦਬਾਅ ਲੈਣਗੇ। ਇਸ ਸੰਮੇਲਨ ਅਤੇ ਮੌਕੇ ਦੀ ਮਹੱਤਤਾ ਦੇ ਮੱਦੇਨਜ਼ਰ ਸੱਤ ਸਾਲਾਂ ਬਾਅਦ ਮੋਦੀ ਚੀਨ ਦੌਰੇ 'ਤੇ ਗਏ। ਸ਼ੀ ਨੇ ਸਹਿਮਤੀ ਜਤਾਈ ਕਿ ਭਾਰਤ ਅਤੇ ਚੀਨ ਵਿਕਾਸ, ਵਪਾਰ, ਮਿੱਤਰਤਾਪੂਰਵਕ ਸਬੰਧਾਂ ਵਿਚ ਭਾਈਵਲ ਹਨ, ਵਿਰੋਧੀ ਨਹੀਂ।

ਦੋਹਾਂ ਨੇ ਆਪਣੇ ਵਪਾਰਕ ਅਤੇ ਵਿਕਾਸਮਈ ਰਿਸ਼ਤੇ ਮਜ਼ਬੂਤ ਕਰਨ ਲਈ ਦੁਵੱਲੀ ਗੱਲਬਾਤ ਵੀ ਕੀਤੀ। ਇਸ ਸਟੈਂਡ ਨੇ ਇਸ ਖਿੱਤੇ ਦੀ ਭੂ-ਰਾਜਨੀਤੀ ਨੂੰ ਬਦਲ ਕੇ ਰੱਖ ਦਿੱਤਾ। ਜਿੱਥੇ ਐੱਸਸੀਓ ਸਿਖਰ ਸੰਮੇਲਨ ਨੂੰ ਭਾਰਤ ਵਿਰੁੱਧ ਅਮਰੀਕੀ ਟੈਰਿਫ ਨੇ ਅਤਿ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਬਣਾਇਆ, ਉੱਥੇ ਹੀ ਅਮਰੀਕਾ ਵੱਲੋਂ ਭਾਰਤ ਨੂੰ ਚੀਨ ਨਾਲ ਟੱਕਰ ਦੇਣ ਲਈ ਇਕ ਔਜ਼ਾਰ ਵਜੋਂ ਵਰਤਣ ਦੇ ਮੰਦੇ ਇਰਾਦਿਆਂ ਨੂੰ ਚਕਨਾਚੂਰ ਕਰ ਦਿੱਤਾ। ਕੈ ਕੂਈ ਜੋ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸਟਾਫ ਦਾ ਪ੍ਰਮੁੱਖ ਅਤੇ ਚੀਨੀ ਸ਼ਾਸਨ ਸੰਸਥਾ ਦਾ ਮੈਂਬਰ ਵੀ ਹੈ, ਨੂੰ ਭਾਰਤ ਨਾਲ ਨੇੜਤਾ ਅਤੇ ਤਾਲਮੇਲ ਪੈਦਾ ਕਰਨ ਦਾ ਜ਼ੁੰਮਾ ਸੌਂਪਿਆ ਗਿਆ ਸੀ ਜੋ ਉਸ ਨੇ ਬਾਖ਼ੂਬੀ ਨੇਪਰੇ ਚੜ੍ਹਾਇਆ। ਉਸ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮਿਲ ਕੇ ਦੋਹਾਂ ਦੇਸ਼ਾਂ ਅਤੇ ਇਸ ਦੇ ਆਗੂਆਂ ਵਿਚ ਆਪਸੀ ਸਮਝ ਅਤੇ ਭਾਈਵਾਲੀ ਨੂੰ ਪਰਪੱਕ ਕਰਨ ਲਈ ਅਹਿਮ ਭੂਮਿਕਾ ਨਿਭਾਈ।

ਐੱਸਸੀਓ ਦੇ ਮਾਧਿਅਮ ਨਾਲ ਭਾਰਤ, ਚੀਨ ਅਤੇ ਰੂਸ ਨੇੜੇ ਆਏ ਹਨ। ਦੂਸਰੇ ਦੇਸ਼ਾਂ ਨਾਲ ਮਿਲ ਕੇ ਇਹ ਇਕ ਗ਼ੈਰ-ਪੱਛਮੀ ਤਾਕਤਵਰ ਬਲਾਕ ਵਜੋਂ ਉੱਭਰਿਆ ਸ਼ਕਤੀਸ਼ਾਲੀ ਸੰਗਠਨ ਹੈ ਪਰ ਇਹ ਚੀਨ ਦੀ ਜੰਗ ਨਹੀਂ ਲੜੇਗਾ ਜਿਵੇਂ ਨਾਟੋ ਅਤੇ ਦੂਸਰੇ ਸਹਿਯੋਗੀ ਅਮਰੀਕਾ ਦੀਆਂ ਜੰਗਾਂ ਲੜਦੇ ਚਲੇ ਆ ਰਹੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਪੁਆੜੇਬਾਜ਼ ਨਵਾਰੋ ਹੁਣ ਮੋਦੀ, ਸ਼ੀ ਤੇ ਪੁਤਿਨ ਦੀ ਦੋਸਤੀ 'ਤੇ ਪਿੱਟ ਸਿਆਪਾ ਕਰ ਰਿਹਾ ਹੈ।

ਐੱਸਸੀਓ ਨੇ ਆਪਣੇ ਐਲਾਨਨਾਮੇ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਇੱਛਾ ਅਨੁਸਾਰ ਐਲਾਨ ਕੀਤਾ ਕਿ ਅਮਰੀਕਾ ਅਤੇ ਉਸ ਦੇ ਪਿੱਠੂ ਦੇਸ਼ਾਂ ਦਾ ਏਕਾਧਿਕਾਰ, ਸੁਰੱਖਿਆਵਾਦ ਅਤੇ ਚੌਧਰਵਾਦ ਖ਼ਤਮ ਕਰ ਕੇ 'ਸਹੀ ਤੇ ਬਰਾਬਰੀ ਭਰਿਆ ਬਹੁਪੱਖਵਾਦ ਸਥਾਪਤ ਕਰਨਾ ਹੈ। ਇਸ ਸੰਗਠਨ ਦਾ ਮਕਸਦ ਠੰਢੀ ਜੰਗ ਦਾ ਅੰਤ, ਸੱਭਿਅਤਾਵਾਂ ਵਿਚ ਟਕਰਾਅ ਦਾ ਖ਼ਾਤਮਾ, ਵੱਖ-ਵੱਖ ਖਿੱਤਿਆਂ ਦੇ ਦੇਸ਼ਾਂ ਅਤੇ ਲੋਕਾਂ ਵਿਚ ਆਪਸੀ ਤਾਲਮੇਲ , ਮਿੱਤਰਤਾ, ਮਿਲਵਰਤਨ ਅਤੇ ਵਿਕਾਸ ਦੀ ਧਾਰਾ ਨੂੰ ਮਜ਼ਬੂਤ ਕਰਨਾ ਹੈ।

ਇਸ ਸੰਮੇਲਨ ਵਿਚ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੀ ਨਿਖੇਧੀ ਕੀਤੀ ਗਈ। ਇਹੀ ਨਹੀਂ, ਪਾਕਿਸਤਾਨ 'ਚ ਜ਼ਾਫਰ ਐਕਸਪ੍ਰੈੱਸ ਤੇ ਖੁਜ਼ਦਾਰ ਸਕੂਲ ਬੱਸ ਸਬੰਧੀ ਅੱਤਵਾਦੀ ਹਮਲਿਆ ਦੀ ਨਿਖੇਧੀ ਵੀ ਕੀਤੀ ਗਈ। ਅਫ਼ਗਾਨਿਸਤਾਨ ਵਿਚ ਮਿਲੀ-ਜੁਲੀ ਸਰਕਾਰ ਸਥਾਪਤੀ 'ਤੇ ਜ਼ੋਰ ਦਿੱਤਾ ਗਿਆ। ਭਾਰਤ ਦੇ ਸਟੈਂਡ 'ਤੇ ਮੋਹਰ ਲਾਉਂਦੇ ਤਿੰਨ ਸ਼ਕਤੀਆਂ-ਅੱਤਵਾਦ, ਵੱਖਵਾਦ ਤੇ ਉੱਗਰਵਾਦ ਨਾਲ ਲੜਨ ਦਾ ਅਹਿਦ ਕੀਤਾ ਗਿਆ। ਇਸ ਸਬੰਧੀ ਕੁਝ ਦੇਸ਼ਾਂ ਵੱਲੋਂ ਦੋਹਰਾ ਮਖੌਟਾ ਧਾਰਨ ਕਰਨ ਦੀ ਨਿਖੇਧੀ ਕੀਤੀ ਗਈ। ਗਾਜ਼ਾ ਵਿਚ ਇਜ਼ਰਾਇਲੀ ਜ਼ੁਲਮਾਂ, ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਹਮਲਿਆਂ ਦੀ ਨਿੰਦਾ ਕੀਤੀ ਗਈ ਹੈ। ਅਲਜਜ਼ੀਰਾ ਅਨੁਸਾਰ ਚੀਨੀ ਰਾਸ਼ਟਰਪਤੀ ਵੱਲੋਂ ਅਮਰੀਕਾ ਅਤੇ ਯੂਰਪ ਨੂੰ ਚੁਣੌਤੀ ਦਿੰਦੇ ਨਵੇਂ ਗਲੋਬਲ ਸ਼ਾਸਨ, ਸੁਰੱਖਿਆ ਅਤੇ ਆਰਥਿਕ ਪ੍ਰਬੰਧ ਦੀ ਸਥਾਪਨਾ ਦੀ ਰੂਸ, ਭਾਰਤ ਅਤੇ ਸੰਮੇਲਨ ਵਿਚ ਸ਼ਾਮਲ ਦੇਸ਼ਾਂ ਜਿਵੇਂ ਤੁਰਕੀ, ਪਾਕਿਸਤਾਨ, ਉਜ਼ਬੇਕਿਸਤਾਨ, ਕਜ਼ਾਕਸਤਾਨ, ਸਰਬੀਆ, ਕਿਰਗਿਸਤਾਨ, ਤਜਾਕਿਸਤਾਨ, ਈਰਾਨ, ਬੇਲਾਰੂਸ, ਨੇਪਾਲ, ਮਿਸਰ, ਯੂਏਈ, ਸ੍ਰੀਲੰਕਾ, ਅਜ਼ਰਬਾਇਜਾਨ, ਕਤਰ ਤੇ ਕੰਬੋਡੀਆ ਆਦਿ ਨੇ ਹਮਾਇਤ ਕੀਤੀ। ਡਾਲਰ ਦੇ ਬਦਲ ਵਜੋਂ ਇਹ ਸੰਗਠਨ ਐੱਸਸੀਓ ਬੈਂਕ ਸਥਾਪਤ ਕਰੇਗਾ। ਚੀਨ ਨੇ ਇਸ ਬੈਂਕ ਨੂੰ 1400 ਬਿਲੀਅਨ ਡਾਲਰ ਕਰਜ਼ਾ ਦੇਣ ਦਾ ਐਲਾਨ ਕੀਤਾ ਹੈ। ਮੈਂਬਰ ਦੇਸ਼ਾਂ ਨੂੰ ਉਸ ਨੇ 280 ਮਿਲੀਅਨ ਡਾਲਰ ਦੀ ਮੁਫ਼ਤ ਮਦਦ ਦਾ ਐਲਾਨ ਕੀਤਾ ਹੈ। ਇਸ ਵਿਚ ਸ਼ਾਮਲ ਮੈਂਬਰ ਆਪਣੇ ਰਾਸ਼ਟਰੀ ਹਿੱਤਾਂ ਦੇ ਫ਼ੈਸਲੇ ਲੈਣ, ਪ੍ਰਭੂਸੱਤਾ ਕਾਇਮ ਰੱਖਣ, ਬਰਾਬਰੀ ਦੇ ਆਧਾਰ 'ਤੇ ਸਬੰਧ ਮਜ਼ਬੂਤ ਕਰਨ, ਆਪਣੀਆਂ ਸੱਭਿਅਤਾਵਾਂ, ਭਾਸ਼ਾਵਾਂ, ਕਲਚਰ, ਰਸਮਾਂ-ਰਿਵਾਜ਼ਾਂ ਨੂੰ ਪਰਪੱਕ ਕਰਨ ਲਈ ਆਜ਼ਾਦ ਹੋਣਗੇ।

'ਸੌ ਹੱਥ ਰੱਸਾ, ਸਿਰੇ 'ਤੇ ਗੰਢ' ਮੁਤਾਬਕ ਚੀਨ, ਰੂਸ, ਭਾਰਤ ਅਤੇ ਐੱਸਸੀਓ ਦੇ ਹੋਰ ਮੈਂਬਰ ਦੇਸ਼ ਆਪਸੀ ਸਹਿਯੋਗ ਨਾਲ ਅਜੋਕੇ ਅਮਰੀਕੀ ਸਰਦਾਰੀ ਵਾਲੇ ਗਲੋਬਲ ਨਿਜ਼ਾਮ ਨੂੰ ਬਦਲ ਦੇਣਗੇ। ਅਮਰੀਕੀਆਂ ਨੂੰ ਰਾਸ਼ਟਰਪਤੀ ਟਰੰਪ ਦਾ ਸਨਕੀ ਵਤੀਰਾ, ਏਕਾਧਿਕਾਰਵਾਦ, ਧੌਂਸਵਾਦ ਤੇ ਟਰੇਡ ਜੰਗ ਦਾ ਖ਼ਮਿਆਜ਼ਾ ਅਣਮਿੱਥੇ ਸਮੇਂ ਲਈ ਭੁਗਤਣਾ ਪਵੇਗਾ।

**- ਦਰਬਾਰਾ ਸਿੰਘ ਕਾਹਲੋਂ**

-(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ ਦੇ ਉੱਘੇ ਵਕੀਲ ਜਸਪ੍ਰੀਤ ਸਿੰਘ ਨੇ ਕੀਤੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ



ਸਾਨ ਫਰਾਂਸਿਸਕੋ : ਅਮਰੀਕਾ ਦੇ ਨਾਮੀ ਵਕੀਲ ਤੇ ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਰ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਦੱਸਿਆ ਕਿ ਉਹ 25 ਲੱਖ ਰੁਪਏ ਦੀ ਰਾਸ਼ੀ ਪੰਜਾਬ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਆਪਣੀ ਲਾਭ ਫਰਮ ਵੱਲੋਂ ਭੇਜ ਰਹੇ ਹਨ। ਗੱਲਬਾਤ ਦੌਰਾਨ ਜਸਪ੍ਰੀਤ ਸਿੰਘ ਨੇ ਕਿਹਾ ਕਿ ਕਿਉਂਕਿ ਜਾਨੀ, ਮਾਲੀ, ਮਾਲ-ਡੰਗਰ ਦਾ ਏਨਾ ਨੁਕਸਾਨ ਹੋਇਆ ਹੈ ਕਿ ਮਨ ਭਰ ਆਉਂਦਾ ਹੈ। ਉਨ੍ਹਾਂ ਵਿਦੇਸ਼ਾਂ 'ਚ ਵਸਦੇ ਆਪਣੇ ਪ੍ਰਵਾਸੀ ਭਰਾਵਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਵੀ ਇਸ ਦੁੱਖ ਦੀ ਘੜੀ 'ਚ ਪੰਜਾਬ ਦੇ ਨਾਲ ਖੜ੍ਹੇ ਹੋਣ। ਉਨ੍ਹਾਂ ਕਿਹਾ ਕਿ ਉਹ ਭਵਿੱਖ 'ਚ ਹੋਰ ਸਹਾਇਤਾ ਭੇਜਣ ਦਾ ਯਤਨ ਵੀ ਕਰਨਗੇ।

# ਗਾਖਲ ਪਰਿਵਾਰ ਵਲੋਂ ਆਧੁਨਿਕ ਸਹੂਲਤਾਂ ਵਾਲੀ ਐਂਬੂਲੈਂਸ ਲੋੜਵੰਦਾਂ ਦੇ ਘਰ ਤੱਕ ਪੁੱਜੇਗੀ : ਅਮੋਲਕ ਸਿੰਘ ਗਾਖਲ




ਸਾਨ ਫਰਾਂਸਿਸਕੋ : ਗਾਖਲ ਗਰੁੱਪ ਦੇ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਕਰੋਨਾ ਕਾਲ ਦੌਰਾਨ ਉਹਨਾਂ ਨੇ ਗਲੋਬਲ ਹਸਪਤਾਲ ਜਲੰਧਰ ਲਈ ਇਕ ਅਤਿ ਆਧੁਨਿਕ ਸਹੂਲਤਾਂ ਵਾਲੀ ਐਂਬੂਲੈਂਸ ਤਿਆਰ ਕਰਵਾ ਕੇ ਲੋੜਵੰਦਾਂ ਦੀ ਮੁਫਤ ਸਹਾਇਤਾ ਲਈ ਭੇਂਟ ਕੀਤੀ ਸੀ। ਹੁਣ ਇਹ ਐਂਬੂਲੈਂਸ ਪੰਜਾਬ ਅੰਦਰ ਹੜ੍ਹ ਤੋਂ ਬੁਰੀ ਤਰਾਂ ਪ੍ਰਭਾਵਿਤ ਲੋਕਾਂ ਨੂੰ ਪਿੰਡ-ਪਿੰਡ ਜਾ ਕੇ ਮੈਡੀਕਲ ਸਹਾਇਤਾ ਪ੍ਰਦਾਨ ਕਰੇਗੀ ਤੇ ਡਾ. ਨਵਜੋਤ ਸਿੰਘ ਦਾਹੀਆ ਤੇ ਨੱਥਾ ਸਿੰਘ ਗਾਖਲ ਇਸ ਦੀ ਅਗਵਾਈ ਕਰਨਗੇ। ਗਾਖਲ ਨੇ ਕਿਹਾ ਕਿ ਹੜ੍ਹਾਂ ਦਾ ਪਾਣੀ ਉੱਤਰਨ ਤੋਂ ਬਾਅਦ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਫੈਲਣ ਦਾ ਵੀ ਖਦਸ਼ਾ ਹੈ ਤੇ ਇਸ ਦੌਰਾਨ ਪਿੰਡਾਂ 'ਚ ਇਹ ਐਂਬੂਲੈਂਸ ਕੈਂਪ ਲਗਾ ਕੇ ਦਵਾਈਆਂ ਤੇ ਹੋਰ ਸਿਹਤ ਸੁਵਿਧਾਵਾਂ ਪ੍ਰਦਾਨ ਕਰੇਗੀ।

# ਭਾਰਤ ਤੇ ਅਮਰੀਕਾ ਵਿਚਾਲੇ ਖ਼ਾਸ ਸੰਬੰਧ ਚਿੰਤਾ ਕਰਨ ਦੀ ਕੋਈ ਲੋੜ ਨਹੀਂ : ਟਰੰਪ

## ਟਰੰਪ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹਾਂ : ਨਰਿੰਦਰ ਮੋਦੀ



ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਤੇ ਸੰਯੁਕਤ ਰਾਜ ਅਮਰੀਕਾ ਦੇ ਖ਼ਾਸ ਸੰਬੰਧ ਹਨ ਤੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਦੋਵਾਂ ਦੇਸ਼ਾਂ 'ਚ ਕਦੇ-ਕਦੇ ਕੁੱਝ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਗੱਲ ਉਨ੍ਹਾਂ ਵਾਸ਼ਿੰਗਟਨ ਤੇ ਦਿੱਲੀ ਵਿਚਾਲੇ ਟੈਕਸ ਤੇ ਰੂਸੀ ਤੇਲ ਦੀ ਖ਼ਰੀਦ ਨੂੰ ਲੈ ਕੇ ਚੱਲ ਰਹੇ ਮੌਜੂਦਾ ਤਣਾਅ ਵਿਚਕਾਰ ਕਹੀ ਹੈ। ਓਵਲ ਆਫ਼ਿਸ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਮੈਂ ਹਮੇਸ਼ਾ ਨਰਿੰਦਰ ਮੋਦੀ ਦਾ ਦੋਸਤ ਰਹਾਂਗਾ, ਉਹ ਇਕ ਮਹਾਨ ਪ੍ਰਧਾਨ ਮੰਤਰੀ ਹਨ। ਉਹ ਮਹਾਨ ਹਨ। ਮੈਂ ਹਮੇਸ਼ਾ ਦੋਸਤ ਰਹਾਂਗਾ, ਪਰ ਮੈਨੂੰ ਇਹ ਪਸੰਦ ਨਹੀਂ ਕਿ ਉਹ ਇਸ ਖ਼ਾਸ ਪਲ 'ਚ ਕੀ ਕਰ ਰਹੇ ਹਨ। ਟਰੰਪ ਨੇ ਮੁਸਕਰਾਉਂਦੇ ਹੋਏ ਅੱਗੇ ਕਿਹਾ ਕਿ ਭਾਰਤ ਤੇ ਸੰਯੁਕਤ ਰਾਜ ਅਮਰੀਕਾ ਦੇ ਖ਼ਾਸ ਸੰਬੰਧ ਹਨ। ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਕਦੇ-ਕਦੇ ਸਾਡੇ ਵਿਚਾਲੇ ਕੁਝ ਮਾਮਲੇ ਹੋ ਜਾਂਦੇ ਹਨ। ਰਾਸ਼ਟਰਪਤੀ ਇਹ ਜਵਾਬ ਉਦੋਂ ਦੇ ਰਹੇ ਸਨ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਭਾਰਤ ਨਾਲ ਸੰਬੰਧਾਂ ਨੂੰ ਮੁੜ ਸਥਾਪਿਤ ਕਰਨ ਲਈ ਤਿਆਰ ਹਨ ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਸੰਬੰਧ ਪਿਛਲੇ ਦੋ ਦਹਾਕਿਆਂ 'ਚ ਸੰਭਵ ਤੌਰ 'ਤੇ ਸਭ ਤੋਂ ਮਾੜੇ ਦੌਰ 'ਚੋਂ ਗੁਜ਼ਰ ਰਹੇ ਹਨ। ਟਰੰਪ ਨੇ ਇਹ ਵੀ ਕਿਹਾ ਕਿ ਉਹ ਬਹੁਤ ਨਿਰਾਸ਼ ਹਨ ਕਿ ਭਾਰਤ ਰੂਸ ਤੋਂ ਐਨਾ ਜ਼ਿਆਦਾ ਤੇਲ ਖ਼ਰੀਦ ਰਿਹਾ ਹੈ।

# 'ਜੰਗ ਮੰਤਰਾਲਾ' ਵਜੋਂ ਜਾਣਿਆ ਜਾਵੇਗਾ ਪੈਂਟਾਗਨ



ਵਾਸ਼ਿੰਗਟਨ : ਅਮਰੀਕਾ ਦੇ ਪੈਂਟਾਗਨ ਨੂੰ 'ਜੰਗ ਮੰਤਰਾਲਾ' ਅਤੇ ਰੱਖਿਆ ਮੰਤਰੀ ਨੂੰ ਜੰਗਾਂ ਬਾਰੇ ਮੰਤਰੀ ਵਜੋਂ ਜਾਣਿਆ ਜਾਵੇਗਾ। ਇਕ ਰਿਪੋਰਟ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਵਾਂ ਕਾਨੂੰਨ ਬਣਾਉਣ ਜਾ ਰਹੇ ਹਨ, ਜਿਸ ਦੇ ਤਹਿਤ ਇਹ ਦੋਵੇਂ ਨਾਂ ਬਦਲ ਦਿੱਤੇ ਜਾਣਗੇ। ਨਵਾਂ ਨਾਂ ਰੱਖਿਆ ਮੰਤਰਾਲਾ, ਇਕ ਸੈਕੰਡਰੀ ਅਹੁਦੇ ਵਜੋਂ ਵਰਤਿਆ ਜਾਵੇਗਾ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਨੂੰ ਜੰਗਾਂ ਬਾਰੇ ਮੰਤਰੀ ਦੇ ਨਾਂ ਨਾਲ ਜਾਣਿਆ ਜਾਵੇਗਾ। ਸਰਕਾਰ ਨੂੰ ਇਸ 'ਤੇ ਕਾਨੂੰਨ ਬਣਾਉਣ ਲਈ ਪਹਿਲਾਂ ਅਮਰੀਕੀ ਕਾਂਗਰਸ ਦੀ ਪ੍ਰਵਾਨਗੀ ਦੀ ਲੋੜ ਪਵੇਗੀ।ਨਾਂ ਬਦਲਣ ਦੇ ਤਰਕ 'ਚ ਕਿਹਾ ਗਿਆ ਹੈ ਕਿ 'ਜੰਗ ਮੰਤਰਾਲਾ' ਨਾਂ 'ਰੱਖਿਆ ਮੰਤਰਾਲਾ' ਦੇ ਮੁਕਾਬਲੇ ਕਿਤੇ ਜ਼ਿਆਦਾ ਤਿਆਰੀ ਵਾਲਾ ਅਤੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ। ਰੱਖਿਆ ਸ਼ਬਦ ਨਾਲ ਸਿਰਫ ਰੱਖਿਆਤਮਕ ਸਮਰੱਥਾਵਾਂ 'ਤੇ ਹੀ ਧਿਆਨ ਜਾਂਦਾ ਹੈ। ਯਾਦ ਰਹੇ ਕਿ ਅਮਰੀਕੀ ਹਥਿਆਰਬੰਦ ਸੇਵਾਵਾਂ ਦੀ ਨਿਗਰਾਨੀ ਕਰਨ ਵਾਲੇ ਪੈਂਟਾਗਨ ਨੂੰ 1947 ਤੱਕ 'ਜੰਗ ਮੰਤਰਾਲਾ' ਹੀ ਕਿਹਾ ਜਾਂਦਾ ਸੀ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

## 2001 ਤੋਂ ਬਾਅਦ ਪਹਿਲੀ ਵਾਰ ਇਸ ਸਾਲ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਕੋਵਿਡ-19 ਮਹਾਮਾਰੀ ਦੇ ਸਾਲਾਂ ਨੂੰ ਛੱਡ ਕੇ 2001 ਤੋਂ ਬਾਅਦ ਪਹਿਲੀ ਵਾਰ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ ਹੈ। ਯੂ.ਐਸ. ਕਾਮਰਸ ਵਿਭਾਗ ਦੇ ਨੈਸ਼ਨਲ ਟਰੈਵਲ ਐਂਡ ਟੂਰਿਜਮ ਦਫਤਰ (ਐਨ. ਟੀ. ਟੀ. ਓ.) ਅਨੁਸਾਰ ਜੂਨ 2025 'ਚ 2.1 ਲੱਖ ਭਾਰਤੀ ਅਮਰੀਕਾ ਤੇ ਮਾਰਚ 'ਚ ਅਮਰੀਕਾ ਆਉਣ ਵਾਲੇ ਯਾਤਰੀ ਕ੍ਰਮਵਾਰ 1.9 ਫ਼ੀਸਦੀ ਤੇ 8 ਫ਼ੀਸਦੀ ਘਟੇ ਹਨ। ਇਸ ਸਾਲ ਕੇਵਲ ਜਨਵਰੀ ਤੇ ਅਪ੍ਰੈਲ 'ਚ ਪਿਛਲੇ ਸਾਲ ਦੇ ਇਨਾਂ ਮਹੀਨਿਆਂ ਦੀ ਤੁਲਨਾ 'ਚ ਕ੍ਰਮਵਾਰ 4.7 ਤੇ 1.3 ਫ਼ੀਸਦੀ ਵਧ ਯਾਤਰੀ ਅਮਰੀਕਾ ਆਏ ਹਨ। ਅਮਰੀਕਾ ਲਈ ਭਾਰਤ ਕੌਮਾਂਤਰੀ ਸੈਲਾਨੀਆਂ ਦਾ ਚੌਥਾ ਸਭ ਤੋਂ ਵੱਡਾ ਸਰੋਤ ਹੈ। ਜੂਨ 'ਚ ਅਮਰੀਕਾ ਆਏ ਵਿਸ਼ਵ ਭਰ ਦੇ ਸੈਲਾਨੀਆਂ 'ਚੋਂ 60 ਫ਼ੀਸਦੀ ਸੈਲਾਨੀ 5 ਦੇਸ਼ਾਂ ਭਾਰਤ, ਕੈਨੇਡਾ, ਮੈਕਸੀਕੋ, ਇੰਗਲੈਂਡ ਤੇ ਬਰਾਜ਼ੀਲ ਤੋਂ ਆਏ ਹਨ। ਐਨ.ਟੀ.ਟੀ.ਓ. ਅਨੁਸਾਰ ਰਵਾਇਤੀ ਤੌਰ 'ਤੇ ਅਮਰੀਕਾ ਆਉਣ ਵਾਲੇ ਭਾਰਤੀਆਂ 'ਚ




ਆਏ ਜੋ ਕਿ ਪਿਛਲੇ ਸਾਲ ਦੇ ਇਸ ਮਹੀਨੇ ਦੀ ਤੁਲਨਾ 'ਚ 8% ਘੱਟ ਹਨ। ਜੂਨ 2024 'ਚ 2.3 ਲੱਖ ਭਾਰਤੀ ਅਮਰੀਕਾ ਆਏ ਸਨ। ਅਗਲੇ ਮਹੀਨਿਆਂ 'ਚ ਵੀ ਇਹ ਹੀ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਆਰਜੀ ਅੰਕੜਿਆਂ ਅਨੁਸਾਰ ਜੁਲਾਈ 2025 'ਚ ਜੁਲਾਈ 2024 ਦੀ ਤੁਲਨਾ 'ਚ 5.5% ਭਾਰਤੀ ਅਮਰੀਕਾ ਘੱਟ ਆਏ ਹਨ। ਐਨ.ਟੀ.ਟੀ.ਓ. ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜੂਨ 'ਚ ਸਮੁੱਚੇ ਤੌਰ 'ਤੇ ਅਮਰੀਕਾ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਦੀ ਗਿਣਤੀ 'ਚ 6.2 ਫੀਸਦੀ ਕਮੀ ਆਈ ਹੈ। ਮਈ 'ਚ ਇਹ ਕਮੀ 7 ਫੀਸਦੀ ਦਰਜ ਹੋਈ ਹੈ ਜਦਕਿ ਫਰਵਰੀ ਵਿਦਿਆਰਥੀ, ਕਾਰੋਬਾਰੀ, ਪੇਸ਼ਾਵਰ ਲੋਕ ਤੇ ਉਨਾਂ ਦੇ ਰਿਸ਼ਤੇਦਾਰ ਤੇ ਦੋਸਤ ਸ਼ਾਮਿਲ ਹਨ। ਮੌਜੂਦਾ ਕਮੀ ਮੁੱਖ ਤੌਰ 'ਤੇ ਵਿਦਿਆਰਥੀਆਂ ਕਾਰਨ ਆਈ ਹੈ ਜਿਨਾਂ ਉਪਰ ਟਰੰਪ ਪ੍ਰਸ਼ਾਸਨ ਦੁਆਰਾ ਕਈ ਤਰਾਂ ਦੀਆਂ ਰੋਕਾਂ ਲਾਈਆਂ ਹੋਈਆਂ ਹਨ।

ਇਸ ਤੋਂ ਇਲਾਵਾ ਕਾਰੋਬਾਰੀ ਤੇ ਪਰਿਵਾਰਕ ਮੈਂਬਰ ਵੀ ਵੀਜਿਆਂ 'ਚ ਦੇਰੀ ਕਾਰਨ ਪ੍ਰਭਾਵਿਤ ਹੋਏ ਹਨ। ਸਭ ਤੋਂ ਵਧ ਸੈਲਾਨੀ ਯੂ.ਏ.ਈ. ਜਾਂਦੇ ਹਨ। ਉਸ ਤੋਂ ਬਾਅਦ ਸਾਊਦੀ ਅਰਬ, ਥਾਈਲੈਂਡ, ਸਿੰਘਾਪੁਰ ਤੇ ਅਮਰੀਕਾ ਦਾ ਸਥਾਨ ਆਉਂਦਾ ਹੈ।

## ਰੂਸ ਨਾਲ ਡੀਲ ਕਰਨ ਵਾਲੇ ਦੇਸ਼ਾਂ ਤੇ ਟੈਰਿਫ ਲਾਉਣਾ ਸਹੀ ਵਿਚਾਰ : ਜੇਲੇਂਸਕੀ

ਵਾਸ਼ਿੰਗਟਨ: ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਭਾਰਤ ਦਾ ਨਾਮ ਲਏ ਬਿਨਾਂ ਕਿਹਾ ਹੈ ਕਿ ਰੂਸ ਨਾਲ ਡੀਲ ਕਰਨ ਵਾਲੇ ਦੇਸ਼ਾਂ 'ਤੇ ਟੈਰਿਫ ਲਗਾਉਣਾ 'ਸਹੀ ਵਿਚਾਰ' ਹੈ। ਜ਼ੇਲੇਂਸਕੀ ਨੇ ਏਬੀਸੀ ਨਿਊਜ਼ ਦੇ 'ਦਿਸ ਵੀਕ' ਪ੍ਰੋਗਰਾਮ ਵਿੱਚ ਪ੍ਰਸਾਰਿਤ ਇੱਕ ਇੰਟਰਵਿਊ ਵਿੱਚ ਕਿਹਾ, 'ਮੈਨੂੰ ਲੱਗਦਾ ਹੈ ਕਿ ਰੂਸ ਨਾਲ ਡੀਲ ਕਰਨ ਵਾਲੇ ਦੇਸ਼ਾਂ 'ਤੇ ਟੈਰਿਫ ਲਗਾਉਣਾ ਸਹੀ ਵਿਚਾਰ ਹੈ।'

ਜ਼ੇਲੇਂਸਕੀ ਤੋਂ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਤਿਆਨਜਿਨ ਵਿੱਚ ਸ਼ੰਘਾਈ ਸਹਿਯੋਗ ਸੰਗਠਨ (SCO) ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀਆਂ ਤਸਵੀਰਾਂ ਦੇਖਣ ਤੋਂ ਬਾਅਦ



ਪਾਬੰਦੀਆਂ ਲਗਾਉਣ ਦੀ ਉਨ੍ਹਾਂ ਦੀ ਯੋਜਨਾ ਉਲਟ ਗਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਸਾਮਾਨਾਂ 'ਤੇ ਟੈਰਿਫ ਨੂੰ ਦੁੱਗਣਾ ਕਰਕੇ 50 ਪ੍ਰਤੀਸ਼ਤ ਕਰ ਦਿੱਤਾ ਹੈ, ਜਿਸ ਵਿੱਚ ਭਾਰਤ ਵੱਲੋਂ ਰੂਸੀ ਕੱਚੇ ਤੇਲ ਦੀ ਖਰੀਦ 'ਤੇ 25 ਪ੍ਰਤੀਸ਼ਤ ਵਾਧੂ ਡਿਊਟੀ ਵੀ ਸ਼ਾਮਲ ਹੈ। ਭਾਰਤ ਨੇ ਅਮਰੀਕੀ ਕਾਰਵਾਈ ਨੂੰ 'ਗੈਰ-ਵਾਜਬ ਅਤੇ ਅਕਲਮੰਦੀ' ਕਰਾਰ ਦਿੱਤਾ ਹੈ।

ਤਿਆਨਜਿਨ ਵਿੱਚ ਐਸਸੀਓ ਸੰਮੇਲਨ ਤੋਂ ਇਲਾਵਾ ਮੋਦੀ ਦੀ ਪੁਤਿਨ ਨਾਲ ਮੁਲਾਕਾਤ ਤੋਂ ਦੋ ਦਿਨ ਪਹਿਲਾਂ, ਜ਼ੇਲੇਂਸਕੀ ਨੇ 30 ਅਗਸਤ ਨੂੰ ਭਾਰਤੀ ਪ੍ਰਧਾਨ ਮੰਤਰੀ ਨੂੰ ਫ਼ੋਨ ਕੀਤਾ ਸੀ। ਉਨ੍ਹਾਂ ਨੇ ਰੂਸ ਦੀ ਚੋਟੀ ਦੀ ਲੀਡਰਸ਼ਿਪ ਨੂੰ ਮਿਲਣ ਦੀ ਆਪਣੀ ਉਤਸੁਕਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਲੜਾਈ ਤੁਰੰਤ ਜੰਗਬੰਦੀ ਨਾਲ ਖਤਮ ਹੋਣੀ ਚਾਹੀਦੀ ਹੈ। ਫ਼ੋਨ 'ਤੇ ਗੱਲਬਾਤ ਤੋਂ ਬਾਅਦ, ਭਾਰਤ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੋਦੀ ਨੇ ਰੂਸ-ਯੂਕਰੇਨ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਭਾਰਤ ਦੇ 'ਦ੍ਰਿੜ ਅਤੇ ਇਕਸਾਰ ਰੁਖ਼' ਅਤੇ ਜਲਦੀ ਹੀ ਸ਼ਾਂਤੀ ਬਹਾਲ ਕਰਨ ਦੇ ਯਤਨਾਂ ਦਾ ਸਮਰਥਨ ਦੁਹਰਾਇਆ।

## ਅਮਰੀਕਾ ਗਏ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਇਕ ਪਾਸੇ ਜਿੱਥੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ ?ਲਾਫ਼ ਸਖ਼ਤ ਕਾਰਵਾਈ ਕਰਨ 'ਚ ਲੱਗੇ ਹੋਏ ਹਨ, ਉੱਥੇ ਹੀ ਉੱਥੋਂ ਇਕ ਹੋਰ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ। ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਬਾਰਾਹ ਕਲਾਂ ਪਿੰਡ ਤੋਂ ਡੰਕੀ ਰੂਟ ਰਾਹੀਂ ਅਮਰੀਕਾ ਗਏ 26 ਸਾਲਾ ਨੌਜਵਾਨ ਕਪਿਲ ਦਾ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਕਪਿਲ ਕਰੀਬ ਢਾਈ ਸਾਲ ਪਹਿਲਾਂ ਡੌਂਕੀ ਰੂਟ ਰਾਹੀਂ 45 ਲੱਖ ਰੁਪਏ ਖਰਚ ਕਰ ਕੇ ਅਮਰੀਕਾ ਪਹੁੰਚਿਆ, ਜਿੱਥੇ ਉਹ ਇੱਕ ਸਟੋਰ 'ਚ ਕੰਮ ਕਰਦਾ ਸੀ। ਕਪਿਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦਾ ਪਿਤਾ ਕਿਸਾਨ ਹੈ ਅਤੇ ਪਰਿਵਾਰ ਕੋਲ ਲਗਭਗ ਦੋ ਏਕੜ ਜ਼ਮੀਨ ਹੈ। ਪਰਿਵਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਕ ਦਿਨ ਇੱਕ ਕਾਲੇ ਰੰਗ ਦਾ ਮੂਲ ਅਮਰੀਕੀ ਨੌਜਵਾਨ ਉਸ ਜਗ੍ਹਾ 'ਤੇ ਆਇਆ, ਜਿੱਥੇ ਕਪਿਲ ਕੰਮ ਕਰਦਾ ਸੀ। ਉਸ ਨੇ ਆਉਂਦਿਆਂ ਹੀ ਖੁੱਲ੍ਹੇ ਵਿੱਚ ਹੀ ਬਾਥਰੂਮ ਕਰ ਦਿੱਤਾ। ਕਪਿਲ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ, ਜਿਸ ਮਗਰੋਂ ਦੋਵਾਂ ਵਿਚਾਲੇ ਬਹਿਸ ਹੋ ਗਈ। ਇਹ ਝਗੜਾ ਇੰਨਾ ਵਧ ਗਿਆ ਕਿ ਨੌਜਵਾਨ ਨੇ ਕਪਿਲ 'ਤੇ ਕਈ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਕਪਿਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਹਮਲਾਵਰ ਉੱਥੋਂ ਫਰਾਰ ਗਿਆ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਕਪਿਲ ਨੂੰ ਹਸਪਤਾਲ ਲੈ ਗਈ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



ਕਪਿਲ ਦੇ ਚਾਚਾ ਰਮੇਸ਼ ਨੇ ਦੱਸਿਆ ਕਿ ਐਤਵਾਰ ਨੂੰ ਪਰਿਵਾਰ ਨੂੰ ਕਪਿਲ ਦੇ ਕਤਲ ਦੀ ਜਾਣਕਾਰੀ ਮਿਲੀ। ਖ਼ਬਰ ਸੁਣਦਿਆਂ ਹੀ ਪੂਰਾ ਟੱਬਰ ਗ਼ਮ 'ਚ ਡੁੱਬ ਗਿਆ। ਰਮੇਸ਼ ਨੇ ਦੱਸਿਆ ਕਿ ਉਸ ਨੇ ਤੁਰੰਤ ਅਮਰੀਕੀ ਪੁਲਿਸ ਨਾਲ ਸੰਪਰਕ ਕੀਤਾ, ਜਿੱਥੋਂ ਉਸ ਨੂੰ ਘਟਨਾ ਬਾਰੇ ਪੂਰੀ ਜਾਣਕਾਰੀ ਮਿਲੀ। ਹੁਣ ਪਰਿਵਾਰ ਲਈ ਸਭ ਤੋਂ ਵੱਡੀ ਚਿੰਤਾ ਕਪਿਲ ਦੀ ਲਾਸ਼ ਨੂੰ ਭਾਰਤ ਲਿਆਉਣ ਦੀ ਹੈ। ਦੱਸਿਆ ਜਾ ਰਿਹਾ ਹੈ ਕਿ ਲਾਸ਼ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਵਿੱਚ ਘੱਟੋ-ਘੱਟ 15 ਦਿਨ ਲੱਗ ਸਕਦੇ ਹਨ ਤੇ ਇਸ ਤੋਂ ਬਾਅਦ ਹੀ ਉਸ ਦੀਆਂ ਅੰਤਿਮ ਰਸਮਾਂ ਕੀਤੀਆਂ ਜਾ ਸਕਣਗੀਆਂ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)


ਅਲਬੇਲੇ ਸ਼ਾਇਰ ਤੇ ਕਵੀ ਪ੍ਰੋ. ਪੂਰਨ ਸਿੰਘ ਨੇ ਇਨਸਾਨੀ ਸਰੀਰ ਦੀ ਭੰਨ ਤੋੜ ਅਤੇ ਇਰਾਦਰੀ ਬਾਰੇ ਕਿਤਨੀ ਸਟੀਕ ਟਿੱਪਣੀ ਕੀਤੀ ਹੈ।

ਓਹ ਜੀਵਨ ਜਿਸ ਨੂੰ ਦੂਰ ਥੀਂ ਦੱਸਣ ਵਾਸਤੇ ਮਨੁੱਖਾ ਜੀਵਨ ਦੀ ਜੜ੍ਹ ਪੁਟ ਦਿੱਤੀ, ਹਠ ਯੋਗ ਕਰਾ ਕਰਾ ਸਾੜ ਸੁਟੀ, ਬਿੰਦ ਰਖਾ ਰਖਾ ਅਨੰਤ ਲਏ ਪਾਪਾਂ ਦਾ ਅਦਿ ਕੀਤਾ, ਮਰਦਾਂ ਥੀਂ ਅਮਰਦ ਬਣਾ ਘਤੇ, ਰੱਬ ਨੇ ਕੰਨ ਦਿੱਤੇ ਇਨ੍ਹਾਂ ਫੜਵਾ ਦਿੱਤੇ, ਰੱਬ ਨੇ ਕੇਸ ਦਿੱਤੇ ਇਨ੍ਹਾਂ ਮੁਨਵਾ ਦਿੱਤੇ, ਰੱਬ ਨੇ ਰਸਨਾਂ ਦਿੱਤੀ ਇਨ੍ਹਾਂ ਮੌਨ ਕਰਾ ਦਿੱਤੀ, ਰੱਬ ਨੇ ਸਰੀਰ ਦਿੱਤਾ ਇਨ੍ਹਾਂ ਖਾਕ ਰੁਲਾਯਾ, ਰੱਬ ਨੇ ਸਾਰਾ ਸੰਸਾਰ ਦਿੱਤਾ, ਇੰਨੇ ਰਸ ਦਿੱਤੇ ਫਲ, ਫੁਲ ਦਿੱਤੇ, ਇਨ੍ਹਾਂ ਨੇ ਕੂੜੇ ਤਿਆਗਾਂ ਨਾਲ ਮਨੁੱਖ ਕੋਲੋਂ ਸਭ ਖੋਹ ਲਏ। ਮੈਨੂੰ ਮੁੜ ਮੁੜ ਹਾਸੀ ਆਂਵਦੀ ਹੈ ਜਦ ਮੈਂ ਦੇਖਦਾ ਹਾਂ ਕਿ ਬੁਧ ਤੇ ਈਸਾ ਤੇ ਸ਼ੰਕਰ ਦੇ ਬਿੰਦਰਖ ਸੰਗਤੀਆਂ ਨੇ ਆਪਣੇ ਪੀਰ ਕੋਲੋਂ ਖੂਬ ਬਦਲੇ ਲਏ, ਇਨ੍ਹਾਂ ਜਤੀਆਂ ਸੰਗਤ ਨੇ ਓਹ ਪਾਪ ਚਲਾਏ ਜਿਨ੍ਹਾਂ ਦਾ ਨਾਮ ਸੁਣ ਸਾਧਾਰਣ ਆਦਮੀ ਕੰਬ ਉਠੇ। ਯੋਗੀਆਂ ਨੇ ਪਾਪ ਦੀ ਜੜ ਮਨੁੱਖਾ ਦੇਹੀ ਹੀ ਕਾਟ ਕੂਟ ਪਰੇ ਡਾਰੀ, ਸਦੀਆਂ ਦੇ ਸਮਾ ਧੜੇ ਲੱਗ ਗਏ, ਧਿਆਨ ਵਿਚ ਜੁੜੇ ਹੋਏ ਵੇਹਲ (ਸੁੰਨ) ਦਾ ਧਿਆਨ ਕੀਤਾ, ਖੁੱਲ੍ਹ ਦਾ ਧਿਆਨ ਹੋਯਾ, ਸੰਨਯਾਸੀਆਂ ਨੇ ਕੇਸ ਮੁੰਨੇ ਤੇ ਗੋਰਖੀ ਜੋਗੀਆਂ ਨੇ ਦੇਹੀ ਹੀ ਸਾਰੀ ਮੁੰਨ ਮੰਨ ਸਫ਼ਾ ਚੱਟ ਕੀਤੀ। ਭਾਈ! ਸ਼ੁੱਧ ਪਵਿੱਤ੍ਰ ਬ੍ਰਹਮਜੁ ਬਣਨਾ ਹੋਯਾ, ਏਹ ਤਾਂ ਮਲ ਮੂਤ੍ਰ ਦੀ ਲੋਥ ਹੋਈ। ਰੱਬੀ ਜੀਵਨ ਦੀਆਂ ਉਮੈਦਾਂ ਵਿਚ ਇਨ੍ਹਾਂ ਨੇ ਸਾਧਾਰਨ ਮਨੁੱਖੀ ਜੀਵਨ ਵੀ ਤਬਾਹ ਕਰ ਦਿੱਤਾ। ਮੌਤ ਦੇ ਸਿਮਰਨ ਵਿਚ ਲੋਕੀਂ ਬੰਨ੍ਹ ਦਿੱਤੇ, ਨਿਰਬਲਤਾ ਦਾ ਨਾਮ ਸਤੋਗੁਣ ਰਖਯਾ, ਇੰਦ੍ਰੀਆਂ ਨੂੰ ਮਾਰ ਮੁਕਾਣ ਦਾ ਨਾਮ ਪੁੰਨ ਰੱਖਿਆ, ਏਹ ਤਾਂ ਮਨੁਖਾ ਦੇਹੀ ਦਾਹਾਲ ਦੀਨ ਵਾਲਿਆਂ ਨੇ ਕੀਤਾ। ਗੰਦੀਆਂ ਲੀਰਾਂ ਵਿਚ ਲਪੇਟਿਆਂ ਗੰਦੇ ਪਾਣੀ ਛਕਾਏ, ਧੂੜੀ ਵਿਚ ਰੁਲਾਇਆ, ਮੈਲੇ ਨਾਲ ਭਰ ਭਰੀਕੇ ਪਵਿੱਤ੍ਰਤਾ ਦਾ ਸਬੂਤ ਦਿੱਤਾ। ਦੁਨੀ ਵਾਲੇ ਜਿਹੜੇ ਇਸ ਦਾ ਹਾਲ ਕਰਦੇ ਹਨ ਓਹ ਤਾਂ ਇਥੇ ਦੱਸਣ ਦੀ ਲੋੜ ਨਹੀਂ, ਹਰ ਕਿਸੇ ਨੂੰ ਪਤਾ ਹੀ ਹੈ। ਵਿਸ਼ੇ ਵਿਕਾਰਾਂ ਵਿਚ ਖਰਾਬ ਕੀਤਾ, ਖਾ ਖਾ ਕੇ ਡਾਕਿਆ, ਕਾਮ, ਕ੍ਰੋਧ, ਲੋਭ, ਮੋਹ ਦੀਆਂ ਅੱਗਾਂ ਸਾੜ ਸਾੜ ਮਨੂਰ ਕੀਤਾ, ਦੁਨੀ ਵਾਲੇ ਗਏ ਦੀਨ ਵਾਲਿਆਂ ਕੋਲ ਆਪਣੇ ਪਾਪਾਂ ਥੀਂ ਬਚਣ ਵਾਸਤੇ ਤੇ ਦੀਨ ਵਾਲਿਆਂ ਨੇ ਕੜੀ ਵਿਚੋਂ ਕੱਢ ਵੱਡੇ ਕੜਾਹੇ ਤੱਤੇ ਤੇਲ ਵਾਲੇ ਵਿਚ ਪਾਯਾ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਨਾ ਲੈਣ। (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

**ਵਿਆਖਿਆ**

ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਲਈ ਮਰਯਾਦਾ ਵਿਚ ਤਾਕੀਦ ਹੈ ਕਿ ਉਸ ਨੇ ਹੋਸ਼ ਸੰਭਾਲੀ ਹੋਵੇ ਤੇ ਰਹਿਤ ਵਿਚ ਪ੍ਰਪੱਕ ਰਹਿਣ ਲਈ ਪ੍ਰਣ ਕਰੇ। ਇਸਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਅਣਭੋਲ ਹੋਈ ਕੁਰਹਿਤ ਜਾਂ ਅਵੱਗਿਆ ਨੂੰ ਛੱਡ ਕੇ ਜੇਕਰ ਕਿਸੇ ਕੋਲੋਂ ਕੋਈ ਕੁਰਹਿਤ ਹੋਈ ਹੈ ਤਾਂ ਉਸ ਨੂੰ ਮੁੜ ਅੰਮ੍ਰਿਤ ਛੱਕਣਾ ਪਵੇਗਾ। ਇਸ ਵਿਅਕਤੀ ਨੂੰ ਸੰਗਤ ਤੋਂ ਅੱਡ ਕਰ ਕੇ ਪਹਿਲਾਂ ਤਨਖਾਹ/




ਸਜ਼ਾ ਲਾਈ ਜਾਏਗੀ। ਮੁੜ ਅੰਮ੍ਰਿਤਪਾਨ ਕਰ ਕੇ ਸਿੰਘ ਬਖਸ਼ਿਆ ਤਾਂ ਜਾਏਗਾ ਪਰ ਇਕ ਬਹੁਤ ਵੱਡੀ ਸੱਟ ਅਤੇ ਗੁਰੂ ਨਾਲੋਂ ਟੁੱਟਣ ਦੀ ਨਿਸ਼ਾਨੀ ਹਮੇਸ਼ਾ ਨਾਲ ਰਹਿ ਜਾਏਗੀ। ਭਾਈ ਗੁਰਦਾਸ ਜੀ ਇਸ ਬਾਰੇ ਕਈ ਹਵਾਲੇ ਦਿੰਦੇ ਹਨ ਕਿ ਜਿਵੇਂ ਜ਼ਖ਼ਮ ਹੋ ਜਾਣ 'ਤੇ ਇਸ ਨੂੰ ਯਤਨ ਕਰਕੇ ਠੀਕ ਕੀਤਾ ਜਾ ਸਕਦਾ ਹੈ। ਇਸ ਨਾਲ ਪੀੜਾ ਤਾਂ ਦੂਰ ਹੋ ਜਾਂਦੀ ਹੈ ਪਰ ਲਕੀਰ ਰਹਿ ਜਾਂਦੀ ਹੈ। ਜਿਵੇਂ ਕੱਪੜਾ ਫੱਟ ਜਾਏ ਤਾਂ ਸੀਓ ਕੇ ਓਢਿਆ ਜਾ ਸਕਦਾ ਹੈ ਅਤੇ ਨਗਨਤਾ ਦੂਰ ਕੀਤੀ ਜਾ ਸਕਦੀ ਹੈ ਪਰ ਉਸ ਵਿਚ ਗੱਠ ਰਹਿ ਹੀ ਜਾਂਦੀ ਹੈ। ਜਿਵੇਂ ਟੁੱਟੇ ਹੋਏ ਭਾਂਡੇ ਨੂੰ ਠਠੇਰਾ ਜੋੜ ਦਿੰਦਾ ਹੈ ਅਤੇ ਉਸ ਵਿਚੋਂ ਪਾਣੀ ਨਹੀਂ ਰਿਸਦਾ ਪਰ ਉਸ ਵਿਚ ਪਿਆ ਹੋਇਆ ਜੋੜ ਰਹਿ ਜਾਂਦਾ ਹੈ। ਇਸੇ ਤਰ੍ਹਾਂ ਗੁਰ ਚਰਨਾਂ ਤੋਂ ਬੇਮੁੱਖ ਹੋਣ ਦਾ ਦੁਖ ਦੇਖ ਕੇ ਗੁਰੂ ਅੰਗੀਕਾਰ ਤਾਂ ਕਰ ਲੈਂਦਾ ਹੈ ਪਰ ਲੇਖਾਂ ਵਿਚ ਲਿਖਿਆ ਕਲੰਕ ਨਜ਼ਰ ਆਂਦਾ ਰਹਿੰਦਾ ਹੈ।

**ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੇਤ**
**ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ।**
**ਜੈਸੇ ਫਾਟੇ ਅੰਬਰੋ ਸੀਆਇ ਪੁਨਿ ਓਢੀਅਤ**
**ਨਾਗੋ ਤਊ ਨ ਹੋਇ ਤਊ ਥੇਗਰੀ ਪਰੇਖੀਐ।**
**ਜੈਸੇ ਟੂਟੇ ਬਾਸਨੁ ਸਵਾਰ ਦੇਤ ਹੈ ਠਠੇਰੋ**
**ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ।**
**ਤੈਸੇ ਗੁਰ ਚਰਨਿ ਬਿਮੁਖ ਦੁਖ ਦੇਖਿ ਪੁਨਿ**
**ਸਰਨ ਗਹੇ ਪੁਨੀਤ ਪੈ ਕਲੰਕੁ ਲੇਖ ਲੇਖੀਐ ॥੪੧੯॥**
**(ਕਬਿੱਤ ਭਾਈ ਗੁਰਦਾਸ ਜੀ)**

ਗੁਰੂ ਪਿਆਰ ਨਾਲ ਸਰਾਬੋਰ ਰੂਹ ਪ੍ਰੋ. ਪੂਰਨਸਿੰਘ ਵੀ ਕੇਸਾਂ ਨੂੰ ਤਿਲਾਂਜਲੀ ਦੇ ਬੈਠੇ। ਮੁੜ ਜਦੋਂ ਉਨ੍ਹਾਂ 'ਤੇ ਕਿਰਪਾ ਹੋਈ ਤਾਂ ਉਨ੍ਹਾਂ ਦੀ ਆਤਮਾ ਪੁਕਾਰ ਉਠੀ ਮੈਂ ਗੁਰੂ ਤੋਂ ਬੇਮੁਖ ਹੋ ਕੇ ਵਿਧਵਾ ਹੋਣ ਦਾ ਦੁਖ ਦੇਖ ਚੁੱਕਾ ਹਾਂ। ਇਸ ਮੱਦ 'ਤੇ ਗੰਭੀਰਤਾ ਨਾਲ ਅਮਲ ਨਹੀਂ ਕੀਤਾ ਗਿਆ। ਇਸ 'ਤੇ ਵਿਚਾਰ ਕਰਨੀ ਲਾਜ਼ਮੀ ਹੈ। ਖਾਲਸੇ ਦੀ ਸਿਰਜਨਾ ਦੀ ਤੀਸਰੀ ਸ਼ਤਾਬਦੀ ਦੇ ਮੌਕੇ 'ਤੇ ਟਰੱਕ ਭਰ ਭਰ ਕੇ ਰਾਜਨੀਤਕ ਕਾਰਕੁੰਨਾਂ ਨੂੰ ਕੇਸਗੜ੍ਹ ਸਾਹਿਬ 'ਤੇ ਅੰਮ੍ਰਿਤ ਛਕਾਇਆ ਗਿਆ। ਹਾਲਾਂਕਿ ਬਤੌਰ ਅਕਾਲੀ ਉਨ੍ਹਾਂ ਨੇ ਪਹਿਲਾਂ ਅੰਮ੍ਰਿਤ ਪਾਨ ਕੀਤਾ ਹੋਣਾ ਚਾਹੀਦਾ ਹੈ।

(ਚਲਦਾ)

# ਬਜ਼ੁਰਗ ਸਿੱਖ 'ਤੇ ਹਮਲਾ ਕਰਨ ਦੇ ਮਾਮਲੇ 'ਚ ਦੋਸ਼ੀ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਉੱਤਰੀ ਹਾਲੀਵੁੱਡ ਵਿੱਚ 70 ਸਾਲਾ ਸਿੱਖ ਹਰਪਾਲ ਸਿੰਘ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਗ੍ਰਿਫਤਾਰ ਰਿਚਰਡ ਵਿਟਾਗਲੀਆਨੋ ਨੂੰ ਮੁੱਢਲੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਸਮੇਤ ਗੰਭੀਰ ਦੋਸ਼ਾਂ ਦੀ ਪੁਸ਼ਟੀ ਕੀਤੀ। ਪਿਛਲੇ ਮਹੀਨੇ ਹਰਪਾਲ ਸਿੰਘ ਉਪਰ ਗੋਲਫ ਸਟਿਕ ਨਾਲ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਜ਼ਖਮੀ ਕਰ ਦਿੱਤਾ ਗਿਆ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਅਜੇ ਦੋਸ਼ੀ ਵਿਰੁੱਧ ਨਫਰਤੀ ਅਪਰਾਧ ਦੇ ਦੋਸ਼ ਨਹੀ ਲਾਏ ਹਨ ਪਰੰਤੂ ਕਿਹਾ ਹੈ ਕਿ ਹੋਰ ਸਬੂਤ ਮਿਲਣ 'ਤੇ ਉਹ ਇਹ ਦੋਸ਼ ਲਾਉਣ ਦੀ ਸਥਿੱਤੀ ਵਿੱਚ ਹੋਵੇਗਾ। ਹਰਪਾਲ ਸਿੰਘ ਹਸਪਤਾਲ ਵਿੱਚ ਦਾਖਲ ਹੈ ਤੇ ਅਜੇ ਉਹ ਆਪਣੇ ਬਿਆਨ ਦਰਜ ਕਰਵਾਉਣ ਦੀ ਹਾਲਤ ਵਿੱਚ ਨਹੀਂ ਹੈ।



ਹਸਪਤਾਲ ਵਿੱਚ ਜੇਰੇ ਇਲਾਜ ਹਰਪਾਲ ਸਿੰਘ

# ਪੈਂਟਾਗਨ ਦਾ ਨਾਂ 'ਜੰਗ ਦਾ ਵਿਭਾਗ' ਰੱਖਿਆ ਜਾਵੇਗਾ, ਟਰੰਪ ਛੇਤੀ ਕਰਨਗੇ ਆਦੇਸ਼ ਜਾਰੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਂਟਾਗਨ ਦਾ ਨਾਂ 'ਡਿਪਾਰਟਮੈਂਟ ਆਫ ਵਾਰ' ਰੱਖਣ ਦਾ ਫੈਸਲਾ ਕੀਤਾ ਹੈ ਤੇ ਇਸ ਸਬੰਧੀ ਉਹ ਛੇਤੀ ਆਦੇਸ਼ ਜਾਰੀ ਕਰਨਗੇ। ਪੈਂਟਾਗਨ ਦਾ ਨਾਂ ਡਿਪਾਰਟਮੈਂਟ ਆਫ ਵਾਰ 1947 ਵਿੱਚ ਰੱਖਣ ਦਾ ਫੈਸਲਾ ਹੋਇਆ ਸੀ ਪਰੰਤੂ ਕੈਬਨਿਟ ਦੇ ਪੁਨਰਗਠਨ ਕਾਰਨ ਇਸ ਨੂੰ ਰੋਕ ਲਿਆ ਗਿਆ ਸੀ। ਨਾਂ ਬਦਲਣ ਦੀ ਪੁਸ਼ਟੀ ਕਰਦਿਆਂ ਵਾਇਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਅਗਲੇ ਕੁੱਝ ਘੰਟਿਆਂ ਦੌਰਾਨ ਰਾਸ਼ਟਰਪਤੀ ਇਸ ਸਬੰਧੀ ਕਾਰਜਕਾਰੀ ਆਦੇਸ਼ ਉੱਪਰ ਦਸਤਖਤ ਕਰ ਸਕਦੇ ਹਨ। ਟਰੰਪ ਨੇ ਪਿਛਲੇ ਮਹੀਨੇ ਦੇ ਆਖਿਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੱਖਿਆ ਵਿਭਾਗ ਦਾ ਨਾਂ ਬਦਲਣ ਦੀ ਗੱਲ ਕਰਦਿਆਂ ਕਿਹਾ ਸੀ ਕਿ ਇਸ ਨਾਲ ਇਕ ਨਵਾਂ ਜੋਸ਼ ਪੈਦਾ ਹੋਵੇਗਾ ਜਿਵੇਂ ਕਿ ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਯੁੱਧ ਪਹਿਲਾ ਤੇ ਦੂਜਾ ਜਿੱਤਿਆ ਹੈ। ਅਸੀ ਹਰ ਚੀਜ਼ ਜਿੱਤੀ ਹੈ। ਇਸ ਲਈ 'ਡਿਪਾਰਟਮੈਂਟ ਆਫ ਵਾਰ' ਨਾਂ ਬਹੁਤ ਹੀ ਪ੍ਰਸੰਗਿਕ ਹੋਵਗਾ। ਮੀਡੀਆ ਨੂੰ ਵਾਇਟ ਹਾਊਸ ਤੋਂ ਆਦੇਸ਼ਾਂ ਦਾ ਵੇਰਵਾ ਜੋ ਪ੍ਰਾਪਤ ਹੋਇਆ ਹੈ, ਉਸ ਅਨੁਸਾਰ ਰੱਖਿਆ ਵਿਭਾਗ ਦਾ ਦੂਸਰਾ ਨਾਂ ਜੰਗ ਦਾ ਵਿਭਾਗ ਹੋਵੇਗਾ।

# ਫਲੋਰੀਡਾ ਸੂਬੇ ਦੇ ਸਟੋਰ 'ਚ ਗੇਮਿੰਗ ਮਸ਼ੀਨਾਂ ਚਲਾਉਣ ਦੇ ਦੋਸ਼ 'ਚ ਦੋ ਭਾਰਤੀ- ਗੁਜਰਾਤੀ ਗ੍ਰਿਫ਼ਤਾਰ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਫਲੋਰੀਡਾ ਰਾਜ ਦੇ ਪੱਕ ਕਾਉਂਟੀ ਵਿੱਚ ਗੈਰ-ਕਾਨੂੰਨੀ ਗੇਮਿੰਗ ਮਸ਼ੀਨਾਂ ਚਲਾਉਣ ਵਾਲੇ ਸਟੋਰਾਂ 'ਤੇ 'ਆਪ੍ਰੇਸ਼ਨ ਬੈਡ ਔਡਸ' ਤਹਿਤ ਮਾਰੇ ਗਏ ਛਾਪਿਆਂ ਵਿੱਚ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਦੋ ਭਾਰਤੀ-ਗੁਜਰਾਤੀ ਵੀ ਸ਼ਾਮਲ ਹਨ। ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਗੁਜਰਾਤੀਆਂ ਦੇ ਨਾਮ ਕੌਸ਼ਿਕ ਪਟੇਲ ਅਤੇ ਮਯੂਰ ਜਾਨੀ ਵਜੋਂ ਜਾਣੇ ਜਾਂਦੇ ਹਨ। ਪੁਲਿਸ ਦੇ ਅਨੁਸਾਰ, ਮਯੂਰ ਜਾਨੀ ਇਸ ਸਮੇਂ ਆਈਸੀਈ ਹਿਰਾਸਤ ਵਿੱਚ ਹੈ ਕਿਉਂਕਿ ਉਹ ਅਮਰੀਕਾ ਵਿੱਚ



ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ। ਦੋਸ਼ੀ ਅਬਰਨਾਡੇਲ ਵਿੱਚ ਇੱਕ ਸਟੋਰ ਵਿੱਚ ਕੰਮ ਕਰਦਾ ਸੀ ਅਤੇ ਗੇਮਿੰਗ ਮਸ਼ੀਨਾਂ ਉਸੇ ਸਟੋਰ ਵਿੱਚ ਚੱਲ ਰਹੀਆਂ ਸਨ। ਜਦੋਂ ਕਿ ਕੌਸ਼ਿਕ ਪਟੇਲ ਨੂੰ ਜੂਆ ਘਰ ਚਲਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ, ਪੁਲਿਸ ਨੇ ਉਸਦੀ ਸਥਿਤੀ ਦੇ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ ਹੈ। ਕੌਸ਼ਿਕ ਪਟੇਲ ਨੂੰ ਜਿਸ ਦੋਸ਼ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਤੀਜੀ-ਡਿਗਰੀ ਦਾ ਗੰਭੀਰ ਅਪਰਾਧ ਹੈ, ਜਿਸ ਨੂੰ ਦੋਸ਼ੀ ਠਹਿਰਾਉਣ 'ਤੇ ਪੰਜ ਸਾਲ ਤੱਕ ਦੀ ਕੈਦ ਅਤੇ 50,000 ਹਜ਼ਾਰ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ, ਨਾਲ ਹੀ ਉਸਦਾ ਸਥਾਈ ਅਪਰਾਧਿਕ ਰਿਕਾਰਡ ਵੀ ਹੋ ਸਕਦਾ ਹੈ। ਜਿਸ ਦੋਸ਼ 'ਤੇ ਮਯੂਰ ਜਾਨੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਦੂਜੀ-ਡਿਗਰੀ ਦਾ ਕੁਕਰਮ ਦੋਸ਼ ਹੈ, ਜਿਸ ਦੇ ਨਤੀਜੇ ਵਜੋਂ ਦੋ ਮਹੀਨੇ ਤੱਕ ਦੀ ਕੈਦ ਅਤੇ 500 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਉਦਾਸੀ ਸਾਧੂ ਦੀ ਸੰਗਤ ਅਤੇ ਸੇਵਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਿਵੇਂ ਪਿਛੇ ਦੱਸਿਆ ਜਾ ਚੁੱਕਾ ਹੈ ਕਿ ਬਚਪਨ ਵਿਚ ਹੀ ਬਾਬਾ ਜੀ ਨੂੰ ਘਰ-ਬਾਰ ਤਿਆਗ ਕੇ ਸਾਧੂ ਬਣਨ ਅਤੇ ਪਰਮੇਸ਼ਰ ਪ੍ਰਾਪਤੀ ਦੀ ਅਤੀ ਲਗਨ ਸੀ। ਆਪ ਜੀ ਦੇ ਦੇਖਦਿਆਂ-ਦੇਖਦਿਆਂ ਹੀ, ਪਿੰਡ ਦੇ ਦੋ ਜ਼ਿਮੀਂਦਾਰ, ਸਾਧ ਬਣ ਗਏ ਪਰ ਇਕ ਸਾਲ ਦੇ ਅੰਦਰ ਅੰਦਰ ਹੀ ਦੋਵੇਂ ਵਾਪਸ ਘਰ ਪਰਤ ਆਏ। ਇਕ ਨੇ ਤਾਂ ਆਉਂਦਿਆਂ ਹੀ ਸਾਧੂ ਵੇਸ ਲਾਹ ਕੇ ਖੇਤੀ ਕਰਨੀ ਅਰੰਭ ਕਰ ਦਿੱਤੀ ਅਤੇ ਦੂਸਰਾ ਵੀ ਛੇ ਕੁ ਮਹੀਨੇ ਆਪਣੀ ਹਵਾਲੀ ਵਿਚ ਧੂੰਆਂ ਲਾ ਕੇ ਲੋਕਾਂ ਨੂੰ ਰਾਖ ਵਗੈਰਾ ਦਿੰਦਾ ਰਿਹਾ ਅਤੇ ਅਖੀਰ ਉਹ ਵੀ ਵਿਆਹ ਕਰਵਾ ਕੇ ਕੰਮਕਾਰ ਕਰਨ ਲੱਗ ਪਿਆ। ਬਾਬਾ ਜੀ ਦੱਸਿਆ ਕਰਦੇ ਸਨ ਕਿ ਇਨ੍ਹਾਂ ਵੱਲ ਵੇਖ ਕੇ ਮਨ ਵਿਚ ਸਾਧੂਆਂ ਪ੍ਰਤੀ ਵੀ ਗਿਲਾਨੀ ਪੈਦਾ ਹੋ ਗਈ ਕਿ ਜੇ ਸਾਲ ਦੋ ਸਾਲ ਨੂੰ ਮੋਹ-ਵੱਸ ਹੋ ਕੇ ਮੁੜ ਘਰ ਹੀ ਆਉਣਾ ਹੈ ਤਾਂ ਘਰ ਛੱਡਣਾ ਕਿਸ ਵਾਸਤੇ ਹੈ ? ਫਿਰ ਤੋਂ ਘਰ ਵਿਚ ਹੀ ਕੰਮਕਾਰ ਕਰਦੇ ਪਰਮੇਸ਼ਰ ਦੀ ਯਾਦ ਹਿਰਦੇ 'ਚ ਵਸਾਉਣੀ ਤਥਾ ਨਾਮ ਜਪਣਾ ਯੋਗ ਹੈ।

ਅੰਦਰ ਜੋ ਪ੍ਰੇਮ-ਕਸਕ ਸੀ, ਉਸ ਨੂੰ ਪੂਰਾ ਕਰਨ ਲਈ ਆਤਮਾ, ਸੇਧ ਚਾਹੁੰਦੀ ਸੀ। ਇਲਾਕੇ 'ਚ ਜਿਥੇ ਕਿਤੇ ਭੀ ਕਿਸੇ ਸਾਧੂ ਦੀ ਸੋਅ ਮਿਲਦੀ, ਆਪ ਜੀ ਦਰਸ਼ਨਾਂ ਨੂੰ ਜਾਂਦੇ ਅਤੇ ਪਰਖ ਦੀ ਨਿਗਾਹ ਨਾਲ ਉਸ ਦੇ ਨਿੱਜੀ ਜੀਵਨ ਨੂੰ ਪਰਖਦੇ। ਇਨ੍ਹਾਂ ਹੀ ਦਿਨਾਂ ਵਿਚ ਆਪ ਜੀ ਦੇ ਆਪਣੇ ਹੀ ਪਿੰਡ ਧੁੱਗੇ ਕਲਾਂ ਵਿਚ ਇਕ ਉਦਾਸੀ ਸਾਧੂ, ਜਿਸ ਦਾ ਨਾਮ ਸੰਤੋਖ ਦਾਸ ਸੀ, ਪਿੰਡ ਤੋਂ ਬਾਹਰ ਇਕ ਤਕੀਏ 'ਤੇ ਛੱਪੜ ਕਿਨਾਰੇ ਆ ਟਿਕਿਆ ਪਰ ਬਾਬਾ ਜੀ ਉਸ ਨੂੰ ਮਿਲਣ ਨਹੀਂ ਗਏ। ਰੱਬ ਦੀ ਨੇਤ, ਬਾਰਸ਼ ਹੋਣ ਲੱਗ ਪਈ ਪਰ ਉਹ ਸੰਤੋਖੀ ਸਾਧੂ ਆਪਣੇ ਨਾਮ ਉਪਰ ਪੂਰਾ ਉਤਰਿਆ। ਬਾਰਸ਼ ਵਿਚ ਭੀ ਉਹ ਉਥੇ ਹੀ ਬੈਠਾ ਰਿਹਾ ਅਤੇ ਨਾ ਹੀ ਪਿੰਡ ਵਿਚ ਮੰਗਣ ਗਿਆ। ਤਿੰਨ ਦਿਨ ਲਗਾਤਾਰ ਮੀਂਹ ਪੈਂਦਾ ਰਿਹਾ। ਬਾਬਾ ਜੀ ਹਰ ਰੋਜ਼ ਸਵੇਰੇ-ਸ਼ਾਮ ਦੂਰੋਂ ਉਸ ਨੂੰ ਤੱਕਦੇ ਕਿ ਸ਼ਾਇਦ ਸਾਧੂ ਚਲਾ ਗਿਆ ਹੋਵੇਗਾ ਪਰ ਉਸਦੀ ਦ੍ਰਿੜ੍ਹਤਾ ਅਤੇ ਸੰਤੋਖ ਨੇ ਬਾਬਾ ਜੀ ਦੀ ਆਤਮਾ 'ਤੇ ਅਸਰ ਪਾਇਆ। ਆਪ ਜੀ ਨੇ ਘਰੋਂ ਸੁੱਕੀਆਂ ਲੱਕੜਾਂ ਸਿਰ 'ਤੇ ਚੁੱਕੀਆਂ ਅਤੇ ਲੰਗਰ-ਪਾਣੀ ਲੈ ਕੇ ਸਾਧੂ ਸੰਤੋਖ ਦਾਸ ਦੇ ਚਰਨਾਂ 'ਚ ਜਾ ਹਾਜ਼ਰ ਹੋਏ। ਧੂੰਆਂ ਬਾਲ ਦਿੱਤਾ ਅਤੇ ਸਾਧੂ ਨੂੰ ਲੰਗਰ ਛਕਾ ਕੇ ਮਨ ਗਦ-ਗਦ ਹੋ ਗਿਆ।




ਮਨ ਵਿਚ ਸਾਧੂਆਂ ਪ੍ਰਤੀ ਜੋ ਨਫ਼ਤਰ ਬਣ ਚੁੱਕੀ ਸੀ, ਉਹ ਸੰਤੋਖ ਦਾਸ ਦੇ ਸੰਤੋਖ ਨੇ ਦੂਰ ਕਰ ਦਿੱਤੀ। ਹੁਣ ਹਰ ਰੋਜ਼ ਬਾਬਾ ਜੀ ਦਾ ਨਿਯਮ ਬਣ ਗਿਆ ਕਿ ਦਿਨ-ਰਾਤ ਧੂੰਏਂ ਨੂੰ ਚੱਲਦਾ ਰੱਖਣ ਲਈ ਘਰੋਂ ਲੱਕੜਾਂ ਲੈ ਜਾਣੀਆਂ ਅਤੇ ਸਵੇਰੇ-ਸ਼ਾਮ ਲੰਗਰ ਪੁੱਜਦਾ ਕਰਨਾ। ਇਥੇ ਹੀ ਬੱਸ ਨਹੀਂ, ਤਕੀਏ ਤੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਜਿੰਨਾ ਵੀ ਜਲ ਮਹਾਤਮਾ ਨੇ ਕਹਿਣਾ, ਪਿੰਡੋਂ ਬਾਲਟੀਆਂ ਨਾਲ ਉਥੇ ਜਮ੍ਹਾਂ ਕਰਨਾ। ਕੁਝ ਦੇਰ ਕੋਲ ਬੈਠ ਕੇ ਸੰਗਤ ਕਰਨੀ ਤੇ ਬਾਕੀ ਸਮਾਂ ਘਰ ਪਿਤਾ ਜੀ ਨਾਲ ਕੰਮਕਾਰ 'ਚ ਹੱਥ ਵਟਾਉਣਾ। ਖੇਤਾਂ ਵਿਚ ਵੀ ਪਿਤਾ ਜੀ ਨਾਲ ਹਲ-ਵਾਹੀ ਦਾ ਕੰਮ ਬਾਕੀ ਭਰਾਵਾਂ ਨਾਲੋਂ ਅੱਗੇ ਹੋ ਕੇ ਕਰਦੇ। ਇਸ ਪ੍ਰਕਾਰ ਬਾਬਾ ਨਾਮਦੇਵ ਜੀ ਦੇ ਕਥਨ ਅਨੁਸਾਰ:

**ਹਾਥ ਹਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**

(ਅੰਗ ੧੩੭੬)

ਦੇ ਪੂਰਨਿਆਂ 'ਤੇ ਚੱਲ ਕੇ ਸੰਸਾਰਕ ਕਿਰਤ ਵੀ ਕਰਦੇ ਅਤੇ ਪਰਮੇਸ਼ਰ ਜੀ ਵਲੋਂ ਜੀਵ ਜ਼ਿੰਮੇ ਲਾਈ ਡਿਊਟੀ ਵਿਚ ਵੀ ਰਤਾ ਫ਼ਰਕ ਨਾ ਪੈਣ ਦਿੰਦੇ।

ਜ਼ਿਕਰਯੋਗ ਹੈ ਕਿ ਆਪ ਜੀ ਸਾਧੂ ਸਤੋਖ ਦਾਸ ਦੀ ਕੇਵਲ ਸਾਧੂ ਜਾਣ ਕੇ ਸੇਵਾ ਕਰਦੇ। ਇਨ੍ਹਾਂ ਦੀ ਸੰਗਤ ਨਾਲ ਬਾਬਾ ਜੀ ਨੇ ਉਦਾਸੀ ਮੱਤ ਦੇ ਸੰਸਕਾਰ ਗ੍ਰਹਿਣ ਨਹੀਂ ਕੀਤੇ। ਆਪ ਜੀ ਗੁਰਮਤਿ ਦੇ ਪੂਰਨ ਧਾਰਨੀ ਅਤੇ ਦ੍ਰਿੜ-ਵਿਸ਼ਵਾਸੀ ਰਹੇ। ਸਾਰਾ ਦਿਨ ਮੂਲ-ਮੰਤਰੀ ਅਤੇ ਗੁਰਮੰਤ੍ਰ ਦਾ ਅਭਿਆਸ ਕਰਦੇ ਰਹਿੰਦੇ। ਭਾਵੇਂ ਕੁਝ ਸਾਲਾਂ ਦੀ ਸੇਵਾ ਤੋਂ ਬਾਅਦ ਸਾਧੂ ਸੰਤੋਖ ਦਾਸ ਜੀ ਨੇ ਬਾਬਾ ਜੀ ਨੂੰ ਪ੍ਰੇਰਨਾ ਦਿੱਤੀ ਕਿ ਚਾਲੀ ਦਿਨ ਮੇਰੇ ਵਲੋਂ ਦੱਸੀ ਵਿਧੀ ਅਨੁਸਾਰ ਜਾਪ ਕਰੋ; ਹਨੂਮਾਨ, ਭੈਰੋਂ ਤੇ ਹੋਰ ਦੇਵਤੇ ਤੁਹਾਡੇ ਵੱਸ ਵਿਚ ਹੋ ਜਾਣਗੇ ਅਤੇ ਤੁਹਾਡੇ ਹੁਕਮ ਅਨੁਸਾਰ ਸਾਰੇ ਕੰਮ ਕਰਨਗੇ, ਤੁਹਾਨੂੰ ਵਾਕ-ਸਿੱਧੀ ਵੀ ਪ੍ਰਾਪਤ ਹੋ ਜਾਵੇਗੀ। ਪ੍ਰੰਤੂ ਬਾਬਾ ਜੀ ਨੇ ਇਹ ਆਖ ਕੇ ਨਾਂਹ ਕਰ ਦਿੱਤੀ ਕਿ 'ਮੈਨੂੰ ਤਾਂ ਪਰਮੇਸ਼ਰ ਪ੍ਰਾਪਤੀ ਦੀ ਲਾਲਸਾ (ਇੱਛਾ) ਹੈ। ਮੈਂ ਰਿੱਧੀਆਂ-ਸਿੱਧੀਆਂ ਵਾਲੇ ਰਸਤੇ ਨਹੀਂ ਪੈਣਾ ਚਾਹੁੰਦਾ, ਕਿਉਂਕਿ ਇਹ ਤਾਂ ਪਰਮੇਸ਼ਰ ਤੋਂ ਪਰ੍ਹੇ ਲੈ ਜਾਣ ਵਾਲੀਆਂ ਹਨ।' ਜਿਵੇਂ ਗੁਰਦੇਵ ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਰਿਧਿ ਸਿਧੀ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥**


(ਮ: ੩, ਅੰਗ ੫੯੩)

ਤਥਾ :

**ਰਿਧਿ ਸਿਧਿ ਅਵਰਾ ਸਾਦ ॥ (ਜਪੁਜੀ ਸਾਹਿਬ)**

(ਚਲਦਾ)

# ਮੈਲਬੌਰਨ ਦੀ ਹੋਜ਼ੀਅਰ ਲੇਨ 'ਚ ਭਾਈ ਜਸਵੰਤ ਸਿੰਘ ਖਾਲੜਾ ਨੂੰ ਸਟਰੀਟ ਆਰਟ ਰਾਹੀਂ ਸ਼ਰਧਾਂਜਲੀ




ਮੈਲਬੌਰਨ ਦੇ ਹੁਜ਼ਿਅਰ ਲੇਨ ਵਿਖੇ ਚਿੱਤਰਕਾਰ ਬੈਥਨੀ ਚੈਰੀ ਵਲੋਂ ਜਸਵੰਤ ਸਿੰਘ ਖਾਲੜਾ ਦੀ ਯਾਦ 'ਚ ਤਿਆਰ ਕੀਤਾ ਕੰਧ-ਚਿੱਤਰ

ਮੈਲਬੌਰਨ : ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਮੌਕੇ ਪ੍ਰਸਿੱਧ ਆਸਟ੍ਰੇਲੀਆਈ ਸਟਰੀਟ ਆਰਟਿਸਟ ਬੈਥਨੀ ਚੈਰੀ ਨੇ ਮੈਲਬੌਰਨ ਦੀ ਮਸ਼ਹੂਰ 'ਹੋਜ਼ੀਅਰ ਲੇਨ' 'ਚ ਭਾਈ ਖਾਲੜਾ ਦੀ ਯਾਦਗਾਰ ਪੇਂਟਿੰਗ ਬਣਾ ਕੇ ਸ਼ਰਧਾਂਜਲੀ ਭੇਟ ਕੀਤੀ। ਭਾਈ ਜਸਵੰਤ ਸਿੰਘ ਖਾਲੜਾ ਨੇ 1990 ਦੇ ਦਹਾਕੇ 'ਚ ਪੰਜਾਬ 'ਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਬੇਨਕਾਬ ਕੀਤਾ ਸੀ ਤੇ ਖਾੜਕੂ ਲਹਿਰ ਦੌਰਾਨ 'ਲਵਾਰਿਸ' ਕਹਿ ਕੇ ਸਾੜੀਆਂ ਗਈਆਂ ਹਜ਼ਾਰਾਂ ਲਾਸ਼ਾਂ ਦੀ ਸੱਚਾਈ ਸਾਹਮਣੇ ਲਿਆ ਕੇ ਇਨਸਾਫ਼ ਦੀ ਅਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਦਾ ਇਹ ਸਾਹਸ ਅੱਜ ਵੀ ਮਨੁੱਖੀ ਹੱਕਾਂ ਦੀ ਲੜਾਈ ਲਈ ਪ੍ਰੇਰਨਾ ਬਣਿਆ ਹੋਇਆ ਹੈ। ਮੈਲਬੌਰਨ ਸ਼ਹਿਰ ਦੀ ਹੋਜ਼ੀਅਰ ਲੇਨ ਜੋ ਦੁਨੀਆ ਭਰ 'ਚ ਸਟਰੀਟ ਆਰਟ ਦਾ ਪ੍ਰਤੀਕ ਮੰਨੀ ਜਾਂਦੀ ਹੈ, ਹੁਣ ਭਾਈ ਖਾਲੜਾ ਦੀ ਸ਼ਹਾਦਤ ਦੀ ਯਾਦ ਨੂੰ ਵੀ ਆਪਣੇ ਨਾਲ ਜੋੜ ਚੁੱਕੀ ਹੈ। ਬੈਥਨੀ ਚੈਰੀ ਦੀ ਇਹ ਕਲਾ ਰਚਨਾ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਦੇ ਬਾਰੇ ਸੋਚਣ ਲਈ ਵੀ ਪ੍ਰੇਰਿਤ ਕਰ ਰਹੀ ਹੈ। ਇਸ ਮੌਕੇ ਗੁਰਦੁਆਰਾ ਕੌਂਸਲ ਆਫ ਵਿਕਟੋਰੀਆ ਦੇ ਬੁਲਾਰੇ ਪ੍ਰੀਤਮ ਸਿੰਘ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਇਹ ਆਰਟ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਲਈ ਪ੍ਰੇਰਣਾ ਸਰੋਤ ਸਿੱਧ ਹੋਵੇਗਾ। ਇਸ ਆਰਟ ਨੂੰ ਬਣਵਾਉਣ ਦੇ 'ਚ ਗੁਰਦੁਆਰਾ ਕੌਂਸਲ ਆਫ ਵਿਕਟੋਰੀਆ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ 'ਚ ਮੈਲਬੌਰਨ ਦੇ ਫੈਡਰੇਸ਼ਨ ਸੁਕੇਅਰ ਤੋਂ ਸਟੇਟ ਲਾਇਬਰੇਰੀ ਤੱਕ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਵਿਸ਼ੇਸ਼ ਮਾਰਚ ਕੱਢਿਆ ਗਿਆ।

# ਕੈਨੇਡਾ 'ਚ ਹਰ ਸਾਲ 6 ਸਤੰਬਰ ਨੂੰ ਮਨਾਇਆ ਜਾਵੇਗਾ 'ਜਸਵੰਤ ਸਿੰਘ ਖਾਲੜਾ ਦਿਵਸ'



ਉਟਾਵਾ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਯਾਦ ਤੇ ਵਿਰਾਸਤ ਦਾ ਸਨਮਾਨ ਕਰਨ ਲਈ 6 ਸਤੰਬਰ ਨੂੰ ਅਧਿਕਾਰਤ ਤੌਰ 'ਤੇ 'ਜਸਵੰਤ ਸਿੰਘ ਖਾਲੜਾ ਦਿਵਸ' ਵਜੋਂ ਐਲਾਨ ਕੀਤਾ ਹੈ। ਇਹ ਤਾਰੀਖ ਪੰਜਾਬ ਪੁਲਿਸ ਵਲੋਂ ਖਾਲੜਾ ਦੇ ਕਥਿਤ ਅਗਵਾ ਤੇ ਉਸ ਤੋਂ ਬਾਅਦ ਲਾਪਤਾ ਹੋਣ ਦੀ 30ਵੀਂ ਵਰ੍ਹੇਗੰਢ ਹੈ, ਇਕ ਅਜਿਹੀ ਘਟਨਾ ਜੋ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਭਾਈਚਾਰੇ 'ਚ ਗੂੰਜਦੀ ਰਹਿੰਦੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਆਪਣੇ ਪੱਤਰ 'ਚ ਕਿਹਾ ਹੈ ਕਿ ਜਸਵੰਤ ਸਿੰਘ ਖਾਲੜਾ ਇਕ ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਮਨੁੱਖੀ ਅਧਿਕਾਰਾਂ ਦੇ ਰਾਖੇ ਸਨ ਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਜ਼ਿੰਦਾ ਰੱਖਣਾ ਮਾਣ ਵਾਲੀ ਗੱਲ ਹੈ। ਸੂਬੇ ਦੀ ਲੈਫਟੀਨੈਂਟ ਗਵਰਨਰ ਵੈਂਡੀ ਕੋਕੀਆ ਨੇ ਇਸ ਦਸਤਾਵੇਜ਼ 'ਤੇ ਦਸਤਖਤ ਕੀਤੇ ਤੇ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਘੋਸ਼ਿਤ ਕੀਤਾ। ਜ਼ਿਕਰਯੋਗ ਹੈ ਕਿ ਅਨੁਰਾਗ ਸਿੰਘ ਵਲੋਂ ਨਿਰਦੇਸ਼ਤ ਫਿਲਮ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਸੰਘਰਸ਼ ਨੂੰ ਦਰਸਾਉਂਦੀ ਹੈ ਪਰ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਨੇ ਫਿਲਮ ਨੂੰ ਪਾਸ ਕਰਨ ਤੋਂ ਪਹਿਲਾਂ 127 ਕੱਟ ਲਗਾਉਣ ਦੀ ਸ਼ਰਤ ਰੱਖੀ ਹੈ। ਫਿਲਮ ਨਾਲ ਜੁੜੇ ਲੋਕ ਤੇ ਮਨੁੱਖੀ ਅਧਿਕਾਰ ਕਾਰਕੁਨ ਇਸਨੂੰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖਾਲੜਾ ਦਾ ਜੀਵਨ ਸੰਘਰਸ਼ ਸੱਚਾਈ 'ਤੇ ਅਧਾਰਤ ਹੈ ਤੇ ਜੇਕਰ ਉਨ੍ਹਾਂ ਦੀ ਕਹਾਣੀ 'ਤੇ ਸੈਂਸਰਸ਼ਿਪ ਲਗਾਈ ਜਾਂਦੀ ਹੈ, ਤਾਂ ਇਹ ਨਿਆਂ ਤੇ ਇਤਿਹਾਸ ਦੋਵਾਂ ਨਾਲ ਬੇਇਨਸਾਫ਼ੀ ਹੋਵੇਗੀ।



Canada

Province of British Columbia

A Proclamation

CHARLES THE THIRD, by the Grace of God, King of Canada and His other Realms and Territories, Head of the Commonwealth

To all to whom these presents shall come – Greeting

WHEREAS the diverse cultural, ethnic, racial and religious heritage of British Columbians is a fundamental characteristic of British Columbian society and contributes greatly to life in this province, and

WHEREAS Sikhs have been an influential and impactful part of British Columbia since the turn of the 19th century, and they have endured many hardships while contributing to the growth and success of the province, and

WHEREAS the government of British Columbia honours the history and culture of Sikhs in British Columbia, and

WHEREAS Jaswant Singh Khalra was an internationally respected human rights defender and leader in the Sikh community;

NOW KNOW YE THAT We do by these presents proclaim and declare that September 6, 2025, shall be known as

"Jaswant Singh Khalra Day"

in the Province of British Columbia.

IN TESTIMONY WHEREOF, We have caused these Our Letters to be made Patent and the Great Seal of Our Province of British Columbia to be hereunto affixed.

WITNESS, The Honourable Wendy Cocchia, Lieutenant Governor of Our Province of British Columbia, in Our City of Victoria, in Our Province, this fifth day of September, two thousand twenty-five and in the third year of Our Reign.

BY COMMAND.

Attorney General and Deputy Premier

Wendy Cocchia
Lieutenant Governor

# ਆਸਟਰੇਲੀਆ ਵਿੱਚ ਮਹਾਨ ਮਨੁੱਖੀ ਅਧਿਕਾਰਾਂ ਲਈ ਜਾਨ ਦੀ ਬਾਜ਼ੀ ਲਾਉਣ ਵਾਲੇ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਮਹਾਨ ਸਮਾਗਮ ਤੇ ਸ਼ਹੀਦੀ ਮਾਰਚ ਕੱਢਿਆ

## ਮੈਲਬਰਨ 'ਚ ਮਨੁੱਖੀ ਅਧਿਕਾਰਾਂ ਦੀ ਗੂੰਜ







ਫੋਟੋਆਂ: ਹਰਕੀਰਤ ਸਿੰਘ, ਮੈਲਬੌਰਨ



ਅੱਜ ਮਨੁੱਖੀ ਅਧਿਕਾਰਾਂ ਦੇ ਰਾਖੇ ਸ੍ਰ ਜਸਵੰਤ ਸਿੰਘ ਖਾਲੜਾ (ਤਰਨਤਾਰਨ ) ਨੂੰ ਯਾਦ ਕਰਦਿਆਂ ਸਿੱਖ ਭਾਈਚਾਰੇ ਵੱਲੋਂ ਪ੍ਰਭਾਵਸ਼ਾਲੀ ਮਾਰਚ ਕੀਤਾ ਗਿਆ। ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਆਸਟਰੇਲੀਆ ਦੀ ਧਰਤੀ 'ਤੇ ਲੋਕਾਂ ਨੂੰ ਦੱਸਿਆ ਗਿਆ ਕਾਂਗਰਸ ਪਾਰਟੀ ਦੇ ਰਾਜ 'ਚ ਸੰਨ 1995 'ਚ ਪੰਜਾਬ ਪੁਲੀਸ ਨੇ ਕਿਵੇਂ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਦੱਸ ਕੇ ਖੁਰਦ-ਬੁਰਦ ਕੀਤਾ ਗਿਆ ਸੀ ਤੇ ਉਨ੍ਹਾਂ ਲਾਸ਼ਾਂ ਦਾ ਮੁੱਦਾ ਜਨਤਕ ਕਰਕੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਦੀ ਗੱਲ ਕਰਨ ਵਾਲੇ ਸਖਸ਼ ਸ੍ਰ ਖਾਲੜਾ ਨੂੰ ਉਨ੍ਹਾਂ ਦੇ ਘਰ ਦੇ ਬਾਹਰੋਂ (ਕਬੀਰ ਪਾਰਕ, ਅੰਮ੍ਰਿਤਸਰ) ਪੁਲੀਸ ਨੇ ਚੁੱਕ ਕੇ ਖਤਮ ਕਰ ਦਿੱਤਾ ਸੀ।




# ਕੈਨੇਡਾ 'ਚ ਦੌਲਤਪੁਰ ਵਾਸੀਆਂ ਵਲੋਂ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੀ ਯਾਦ ਵਿੱਚ ਸ਼ਹੀਦੀ ਸਮਾਗਮ

## ਬੱਬਰ ਅਕਾਲੀਆਂ ਦਾ ਸ਼ਹਾਦਤਾਂ ਦਾ ਗੌਰਵਮਈ ਇਤਿਹਾਸ : ਡਾ ਗੁਰਵਿੰਦਰ ਸਿੰਘ


ਬਬਰ ਅਕਾਲੀ ਭਾਈ ਕਰਮ ਸਿੰਘ ਦੀ ਯਾਦ ਵਿੱਚ ਸਰੀ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ 'ਚ ਬੁਲਾਰੇ ਡਾ. ਗੁਰਵਿੰਦਰ ਸਿੰਘ ਨੂੰ ਦੌਲਤਪੁਰ ਨਗਰਵਾਸੀਆਂ ਵੱਲੋਂ ਸਨਮਾਨ

ਸਰੀ: 102 ਸਾਲ ਪਹਿਲਾਂ ਐਬਸਫੋਰਡ, ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ 'ਚੀਫ਼ ਐਡੀਟਰ' 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਆਪ ਜੀ ਦੀ ਹੀ ਦੇਣ ਹੈ। ਕੈਨੇਡਾ ਰਹਿੰਦੀ ਪਿੰਡ ਦੌਲਤਪੁਰ ਦੀ ਸਮੂਹ ਸੰਗਤ ਵਲੋਂ ਸ਼ਹੀਦ ਬਬਰ ਕਰਮ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਯਾਦ ਵਿੱਚ 7 ਸਤੰਬਰ, ਦਿਨ ਐਤਵਾਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਅਤੇ ਇਤਿਹਾਸਿਕ ਵਿਚਾਰਾਂ ਹੋਈਆਂ, ਜਿਸ ਦੌਰਾਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਬਬਰ ਅਕਾਲੀ ਯੋਧਿਆਂ ਨੂੰ ਯਾਦ ਕੀਤਾ। ਇਸ ਮੌਕੇ 'ਤੇ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਬਬਰ ਅਕਾਲੀ ਲਹਿਰ ਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਹਨਾਂ ਦੇ ਸਾਥੀਆਂ ਦੇ ਸੰਘਰਸ਼ ਬਾਰੇ ਇਤਿਹਾਸਕ ਪੰਨਿਆਂ 'ਚੋਂ ਵਿਚਾਰਾ ਸਾਂਝੀਆਂ ਕੀਤੀਆਂ।

ਨਗਰ ਦੌਲਤਪੁਰ ਵਾਸੀਆਂ ਵੱਲੋਂ ਇਸ ਮੌਕੇ 'ਤੇ ਡਾ. ਗੁਰਵਿੰਦਰ ਸਿੰਘ ਨੂੰ ਹਰ ਵਰੇ ਬਬਰ ਅਕਾਲੀ ਲਹਿਰ ਅਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਬਾਰੇ ਵਿਚਾਰਾਂ ਸਾਂਝੀਆਂ ਕਰਨ ਲਈ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਐਬਸਫੋਰਡ ਸ਼ਹਿਰ 'ਚ ਸਾਊਥ ਫਰੇਜ਼ਰ ਵੇਅ ਤੇ ਭਾਈ ਕਰਮ ਸਿੰਘ, ਉਹਨਾਂ ਦੇ ਭਰਾ ਭਾਈ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਸੀ। ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ। ਭਾਈ ਕਰਮ ਸਿੰਘ ਬਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕਰਦਿਆਂ ਪੁਲਿਸ ਮੁਕਾਬਲਾ ਵਿਚ ਸ਼ਹੀਦੀ ਪ੍ਰਾਪਤ ਕੀਤੀ। ਆਪ ਦੀ ਇੱਛਾ ਅਨੁਸਾਰ, ਆਪ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਸੰਨ 1982 ਵਿੱਚ ਉਸਾਰਿਆ ਗਿਆ ਹੈ। ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਅੰਗਰੇਜ਼ ਹਕੂਮਤ ਖ਼ਿਲਾਫ਼ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦ ਹੋਏ। ਇਸ ਮੌਕੇ ਆਪ ਦੇ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟਾਂ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾਂ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ। ਬਬਰ ਅਕਾਲੀ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਲੋਕ ਮਨਾਂ ਵਿੱਚ ਇਹ ਸ਼ਬਦ ਪ੍ਰਚਲਤ ਹੋ ਚੁੱਕੇ ਸਨ;

**"ਲਾੜੀ ਮੌਤ ਨੂੰ ਕਰਨ ਪ੍ਰਣਾਮ ਚੱਲੇ,**
**ਸੇਹਰੇ ਲਟਕਦੇ ਬਬਰ ਅਕਾਲੀਆਂ ਦੇ"।**

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉਪਰੋਕਤ ਚਿੱਠੀ ਪੜ੍ਹਨ ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਵਿਦਵਾਨ ਲੇਖਕ ਜੀ ਖ਼ਾਲਸਾ ਸਮਾਚਾਰ ਦੇ ਲਗਾਤਾਰ ਪੜ੍ਹਨ ਵਾਲੇ ਨਹੀਂ ਹਨ, ਅਰ ਉਨ੍ਹਾਂ ਨੇ ਖ਼ਾਲਸਾ ਸਮਾਚਾਰ ਬਾਬਤ ਆਪਣੇ ਦਿਮਾਗ ਵਿਚ ਪਹਿਲਾਂ ਹੀ ਕੋਈ ਖਾਸ ਕਿਸਮ ਦਾ ਖ਼ਿਆਲ ਬਣਾ ਰੱਖਿਆ ਹੈ ਕਿ ਖ਼ਾਲਸਾ ਸਮਾਚਾਰ ਨੂੰ ਸਰਬ ਹਿੰਦ ਸਿੱਖ ਮਿਸ਼ਨ ਨਾਲ ਦਰਦ ਦੀ ਕਮੀ ਹੈ। ਇਹ ਗੱਲ ਉੱਕਾ ਹੀ ਨਿਰਮੂਲ ਹੈ। ਅਛੂਤ ਉਧਾਰ ਪਰ ਖ਼ਾਲਸਾ ਸਮਾਚਾਰ ਵਿਚ ਜੋ ਲੇਖ ਪਿਛਲੇ ਬਰਸਾਂ ਤੇ ਮਹੀਨਿਆਂ ਵਿਚ ਛਪਦੇ ਰਹੇ ਹਨ ਜੇ ਲੇਖਕ ਜੀ ਉਹ ਸਾਰੇ ਪੜ੍ਹ ਲੈਂਦੇ, ਫਿਰ ਉਹ ਲੇਖ ਜੋ ਅੰਮ੍ਰਿਤਸਰ ਵਿਚ ਹੋਈ ਅਛੂਤ ਉਧਾਰ ਕਾਨਫਰੰਸ ਬਾਬਤ ਛਪੇ ਸਨ ਵਾਚਦੇ ਰਹਿੰਦੇ ਅਤੇ ਕਾਨਫਰੰਸ ਦੀ ਮੁਫ਼ੱਸਲ ਕਾਰਵਾਈ ਜੋ ਖ਼ਾਲਸਾ ਸਮਾਚਾਰ ਨੇ ਛਾਪੀ ਸੀ ਪੜ੍ਹ ਲੈਂਦੇ ਤੇ ਹਰ ਸਮੇਂ ਮਗਰਲੇ ਲੇਖਾਂ ਨੂੰ ਵਾਚਦੇ ਰਹਿੰਦੇ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਖ਼ਾਲਸਾ ਸਮਾਚਾਰ ਇਸ ਮੂਵਮੈਂਟ ਦੀ ਯਥਾ ਵਿੱਤ ਸਹਾਇਤਾ ਕਰਦਾ ਰਿਹਾ ਹੈ ਜਿਸ ਤੋਂ ਲੇਖਕ ਜੀ ਨੂੰ ਆਪਣੇ ਇਕ ਸੱਜਣ ਨੂੰ ਅਸੱਜਣ ਵੇਖਣ ਦੀ ਉਕਾਈ ਨਾ ਖਾਣੀ ਪੈਂਦੀ।

ਖਾਲਸਾ ਸਮਾਚਾਰ ਦੀ ਪੁਜੀਸ਼ਨ

ਖ਼ਾਲਸਾ ਸਮਾਚਾਰ ਦਾ ਅਸੂਲ ਪੰਥ ਸੇਵਾ ਹੈ, ਇਹ ਮੁੱਢ ਤੋਂ ਧਰਮ ਤੇ ਪੰਥ ਦੀ ਸਮੁੱਚੀ ਭਲਾਈ ਦਾ ਲਿਖਾਰੀ ਹੈ। ਪੰਥ ਦੀ ਹਰ ਯੋਗ ਮੂਵਮੈਂਟ ਦਾ ਸਹਾਈ ਰਿਹਾ ਹੈ। ਸਰਬ-ਹਿੰਦ ਸਿੱਖ ਮਿਸ਼ਨ ਦੀ ਕਾਨਫਰੰਸ ਵਾਲੀ ਕਾਰਵਾਈ ਵਿਸਥਾਰ ਨਾਲ ਖ਼ਾਲਸਾ ਸਮਾਚਾਰ ਵਿਚ ਛਪੀ ਹੈ। ਦੱਖਣ ਤੇ ਯੂ.ਪੀ. ਆਦਿਕ ਬਾਬਤ ਜੋ ਸੋਆਂ ਪ੍ਰਚਾਰ ਦੀਆਂ ਅਖ਼ਬਾਰਾਂ ਵਿਚ ਮਿਲੀਆਂ ਛਪੀਆਂ ਹਨ। ਮਾਸਟਰ ਤਾਰਾ ਸਿੰਘ ਜੀ ਦੀ ਦੱਖਣ ਦੇ ਪ੍ਰਚਾਰ ਬਾਬਤ ਚਿੱਠੀ ਛਪੀ ਹੈ ਤੇ ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਆਈਆਂ ਚਿੱਠੀਆਂ ਨੂੰ ਵੀ ਅਸੀਂ ਹਿੱਸੇ ਵੰਡ ਨਾਲ ਅਖ਼ਬਾਰ ਵਿਚ ਪ੍ਰਕਾਸ਼ਿਤ ਕਰਦੇ ਰਹੇ ਹਾਂ। ਅਜਿਹੇ ਹਾਲਾਤ ਵਿਚ ਵੀ ਜੇ ਖ਼ਾਲਸਾ ਸਮਾਚਾਰ ਦੀ ਪੁਜੀਸ਼ਨ ਬਾਬਤ ਸਰਬ-ਹਿੰਦ ਸਿੱਖ ਮਿਸ਼ਨ ਨੂੰ ਕੋਈ ਭੁਲੇਖਾ ਹੈ ਤਦ ਵਾਹਿਗੁਰੂ ਜੀ ਅੱਗੇ ਪ੍ਰਾਰਥਨਾ ਹੀ ਕੀਤੀ ਜਾ ਸਕਦੀ ਹੈ। ਖ਼ਾਲਸਾ ਸਮਾਚਾਰ ਕਿਸੇ ਪਾਰਟੀ, ਸਭਾ ਸੁਸਾਇਟੀ ਜਾਂ ਜਥੇ ਦਾ ਅਖ਼ਬਾਰ ਨਹੀਂ, ਇਸ ਨੇ ਕਿਸੇ ਜਥੇ ਜਾਂ ਰਈਸ ਆਦਿ ਵਲੋਂ ਸਹਾਇਤਾ ਲੈਣੋਂ ਸਦਾ ਸੰਕੋਚ ਕੀਤਾ ਹੈ ਤੇ ਆਪਣੇ ਘਾਟੇ ਪੂਰੇ ਕਰਨ ਲਈ ਮਾਲੀ ਸਹਾਇਤਾ ਵਾਸਤੇ ਅਪੀਲਾਂ ਨਹੀਂ ਕੀਤੀਆਂ। ਨਿਰੋਲ ਪੰਥ ਸੇਵਾ ਦੇ ਚਾਓ ਵਿਚ ਇਹ ਪਿਛਲੇ 36-37 ਸਾਲ ਤੋਂ ਜਾਰੀ ਹੈ ਤੇ ਕਈ ਹਾਰ ਦਾ ਘਾਟਾ ਪਾ ਕੇ ਵੀ ਗੁਰੂ ਭਰੋਸੇ ਸੇਵਾ ਕਰਦਾ ਚਲਾ ਆ ਰਿਹਾ ਹੈ।




ਖ਼ਾਲਸਾ ਸਮਾਚਾਰ ਗੁਰ ਸਿੱਖੀ ਦੀ ਵ੍ਰਿਧੀ ਦਾ ਚਾਹਵਾਨ ਹੈ ਤੇ ਪੰਥ ਨੂੰ ਉਸੇ ਸ਼ਾਨ ਵਿਚ ਵੇਖਣਾ ਚਾਹੁੰਦਾ ਹੈ ਜਿਸ ਵਿਚ ਕਿ ਕਲਗੀਧਰ ਜੀ ਨੇ ਇਸ ਨੂੰ ਸਾਜਿਆ ਹੈ। ਇਸ ਆਸ਼ੇ ਨੂੰ ਮੁੱਖ ਰੱਖ ਕੇ ਸਮੁੱਚੇ ਤੌਰ 'ਤੇ ਪੰਥ ਸੇਵਾ ਦਾ ਸਹਾਈ ਰਿਹਾ ਹੈ।

'ਪੂਰੀ ਸੰਮਤੀ' ਤੇ 'ਰੋਸ'

ਸਾਡੇ ਲੇਖ ਦੇ ਮੁਢਲੇ ਹਿੱਸੇ ਨਾਲ, ਜਿਸ ਵਿਚ ਕਿਸੇ ਸਿੱਖ ਦੇ ਪਤਿਤ ਹੋਣ ਤੋਂ ਸਿੱਖ ਮਾਤਰ ਨੂੰ ਪੀੜਾ ਹੋਣ ਦਾ ਜ਼ਿਕਰ ਸੀ ਆਪਣੇ ਖਤ ਤੇ ਪਹਿਲੇ ਪੈਰੇ ਵਿਚ ਹੀ ਵਿਦਵਾਨ ਲੇਖਕ ਜੀ ਨੇ ਪੂਰੀ ਸੰਮਤ ਪ੍ਰਗਟ ਕੀਤੀ ਹੈ, ਜਿਸ ਦਾ ਭਾਵ ਇਹ ਹੈ ਕਿ ਉਹ ਇਸੀ ਗੱਲ ਨੂੰ ਮੰਨਦੇ ਹਨ ਕਿ ਕਿਸੇ ਸਿੱਖ ਦੇ ਪਤਿਤ ਹੋਣ ਤੋਂ ਉਹਦੇ ਗਿਰਾਓ ਦੇ ਕਾਰਨ ਲੱਭਣੇ ਤੇ ਫਿਰ ਬਚਾਓ ਦੇ ਸਾਧਨ ਸੋਚਣੇ ਤੇ ਉਸ ਵਿਅਕਤੀ ਜਾਂ ਜਥੇ ਨੂੰ ਜਿਸ ਨਾਲ ਕਿ ਪਤਿਤ ਹੋਣ ਵਾਲੇ ਦਾ ਕਿਸੇ ਇਕ ਜਾਂ ਦੂਜੀ ਤਰ੍ਹਾਂ ਦਾ ਲਗਾਓ ਹੋਵੇ ਸੂਚਨਾ ਕਰਨੀ ਜ਼ਰੂਰੀ ਹੁੰਦੀ ਹੈ। ਜੇ ਇਹ ਗੱਲ ਦਰੁਸਤ ਹੈ ਤੇ ਜਿਹਾ ਕਿ ਲੇਖਕ ਜੀ ਆਪ ਮੰਨਦੇ ਹਨ ਕਿ ਉਨ੍ਹਾਂ ਦੀ ਇਸ ਮਾਮਲੇ ਵਿਚ ਸਾਡੇ ਨਾਲ ਪੂਰੀ ਸੰਮਤੀ ਹੈ, ਤਦ ਇਸੇ ਨੁਕਤੇ ਦੇ ਆਧਾਰ ਤੋਂ ਰਾਘਵਨ ਦੇ ਪਤਿਤ ਹੋਣ ਬਾਬਤ ਲਿਖੇ ਗਏ ਨੋਟ ਤੇ ਰੋਸ ਨਹੀਂ ਬਣਦਾ। ਇਹ ਮਾਮਲਾ ਹੋ ਬੀਤਿਆ ਵਾਕਿਆ ਹੈ ਇਹ ਅਖ਼ਬਾਰਾਂ ਵਿਚ ਛਪਿਆ, ਅਕਾਲੀ ਅਖ਼ਬਾਰ ਵਿਚ ਛਪਿਆ, ਖ਼ੁਦ ਅਕਾਲੀ ਪੱਤ੍ਰਿਕਾ ਵਿਚ ਛਪਿਆ ਜੋ ਅਕਾਲੀ ਮੂਵਮੈਂਟ ਦਾ ਅਖ਼ਬਾਰ ਸਮਝਿਆ ਜਾਂਦਾ ਹੈ, ਇਸ ਮਾਮਲੇਨੂੰ ਆਪ ਬੀ ਕਮੇਟੀ ਨੇ ਪ੍ਰਕਾਸ਼ਤ ਕੀਤਾ। ਸੋ ਜੇ ਖ਼ਾਲਸਾ ਸਮਾਚਾਰ ਨੇ ਇਸ ਨੂੰ ਲਿਖਿਆ ਤੇ ਇਸ ਉਤੇ ਆਪਣੀ ਮਜ਼ਬੂਰੀ ਨੂੰ ਬੀ ਸਫੁਟ ਕੀਤਾ ਤੇ ਕੇਵਲ ਇੰਨਾ ਮੁਸ਼ਵਰਾ ਦੇਣ ਦੀ ਖੁੱਲ੍ਹ ਲਈ ਕਿ ਇਹ ਮਾਮਲਾ ਵਧੀਕ ਗੌਰਵਤਾ ਵਾਲਾ ਸੀ ਤੇ ਇਸ ਦੇ ਸੁਧਾਰ ਦੀ ਹੁਣ ਬੀ ਕੋਸ਼ਿਸ਼ ਕੀਤੀ ਜਾਵੇ, ਤਾਂ ਪਤਾ ਨਹੀਂ ਰੋਸ ਕਿਉਂ ਉਤਪੰਨ ਹੋਇਆ ਹੈ?

(ਚਲਦਾ)

## ਨਵੇਂ ਸ਼੍ਰੋਮਣੀ ਅਕਾਲੀ ਦਲ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਸੈਂਟਰ ਖੋਲ੍ਹਿਆ

ਜਲੰਧਰ : ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਨੇ ਹੜ੍ਹ ਪੀੜਿਤ ਪਰਿਵਾਰਾਂ ਦੀ ਮਦਦ ਕਰਨ ਵਾਸਤੇ ਸੁਲਤਾਨਪੁਰ ਲੋਧੀ 'ਚ ਵਿਸ਼ੇਸ਼ ਸਹਿਯੋਗ ਕੇਂਦਰ ਖੋਲਿਹਆ ਹੈ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪਿੰਡਾਂ 'ਚ ਪਾਣੀ ਉਤਰਨ ਤੋਂ ਬਾਅਦ ਆਮ ਜਨਜੀਵਨ ਨੂੰ ਲੀਹ 'ਤੇ ਲਿਆਉਣ ਲਈ ਬਹੁਤ ਵੱਡੀ ਪੱਧਰ 'ਤੇ ਉਪਰਾਲੇ ਕਰਨੇ ਹੋਣਗੇ। ਨਵੇਂ ਸ਼੍ਰੋਮਣੀ ਅਕਾਲੀ ਦਲ ਵਲੋਂ ਇਸ ਮੰਤਵ ਨੂੰ ਮੁੱਖ ਰੱਖਦੇ ਹੋਏ ਲੰਮੇ ਸਮੇਂ ਵਾਸਤੇ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨ ਦੇ ਲਈ ਸਹਿਯੋਗ ਕੇਂਦਰ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸਹਿਯੋਗ ਕੇਂਦਰ ਦੁਕਾਨ ਨੰਬਰ 77, ਸੁਲਤਾਨਪੁਰ ਲੋਧੀ ਦਾਣਾ ਮੰਡੀ ਵਿਖੇ ਖੋਲ੍ਹਿਆ ਗਿਆ ਹੈ। ਇਸ ਸਹਿਯੋਗ ਕੇਂਦਰ ਤੋਂ ਕੋਈ ਵੀ ਵਿਅਕਤੀ ਆਪਣੀ ਲੋੜ ਮੁਤਾਬਿਕ ਮਦਦ ਪ੍ਰਾਪਤ ਕਰ ਸਕਦਾ ਹੈ।



## ਰੁਦਰਪ੍ਰਯਾਗ ਵਿੱਚ ਬੱਦਲ ਫਟਣ ਤੋਂ ਬਾਅਦ ਬਚਾਅ ਕਾਰਜ ਸ਼ੁਰੂ



ਰੁਦਰਪ੍ਰਯਾਗ : ਬੀਤੇ ਦਿਨ ਰੁਦਰਪ੍ਰਯਾਗ ਦੇ ਛੀਨਾਗੜ ਬਾਸੁਕੇਦਾਰ ਖੇਤਰ ਦੇ ਪਿੰਡ ਵਿੱਚ ਬੱਦਲ ਫਟਣ ਤੋਂ ਬਾਅਦ ਐਨਡੀਆਰਐਫ ਨੇ ਐਸਡੀਆਰਐਫ, ਡੀਡੀਆਰਐਫ ਅਤੇ ਸਿਵਲ ਪ੍ਰਸ਼ਾਸਨ ਨਾਲ ਮਿਲ ਕੇ ਇੱਕ ਸਾਂਝਾ ਖੋਜ ਅਤੇ ਬਚਾਅ ਕਾਰਜ ਚਲਾਇਆ।

## ਗਿਣਤੀ-ਮਿਣਤੀ ਫੇਲ੍ਹ : ਮੌਸਮ ਵਿਭਾਗ 'ਤੇ ਚੁੱਕੀ ਉਂਗਲ

ਚੰਡੀਗੜ੍ਹ, (ਚਰਨਜੀਤ ਭੁੱਲਰ) : ਪੰਜਾਬ ਸਰਕਾਰ ਨੇ ਸੂਬੇ ਨੂੰ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਭਾਰਤੀ ਮੌਸਮ ਵਿਭਾਗ 'ਤੇ ਉਂਗਲ ਚੁੱਕੀ ਹੈ। ਦਰਅਸਲ, ਐਤਕੀਂ ਮੌਸਮ ਵਿਭਾਗ ਦੀ ਗਿਣਤੀ-ਮਿਣਤੀ ਕਈ ਵਾਰ ਫੇਲ੍ਹ ਸਾਬਿਤ ਹੋਈ ਹੈ। ਹਕੀਕਤ 'ਚ ਰਣਜੀਤ ਸਾਗਰ ਡੈਮ ਦੇ ਖੇਤਰ 'ਚ ਪਏ ਮੀਂਹ ਅਤੇ ਮੌਸਮ ਵਿਭਾਗ ਦੀ ਭਵਿੱਖਬਾਣੀ ਆਪਸ 'ਚ ਮੇਲ ਨਹੀਂ ਖਾ ਰਹੀ। ਜਲ ਸਰੋਤ ਵਿਭਾਗ ਨੇ ਬੀਤੇ ਦਿਨੀਂ ਭਾਰਤੀ ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਨੂੰ ਪੱਤਰ ਲਿਖ ਕੇ ਮੀਂਹ ਦੀ ਕੀਤੀ ਭਵਿੱਖਬਾਣੀ ਬਾਰੇ ਕਈ ਨੁਕਤੇ ਚੁੱਕੇ ਹਨ। ਦੱਸਣਯੋਗ ਹੈ ਕਿ ਡੈਮਾਂ 'ਚ ਇਸ ਵਾਰ ਪਹਾੜੀ ਇਲਾਕਿਆਂ 'ਚੋਂ ਅਣਕਿਆਸਿਆ ਪਾਣੀ ਆਇਆ ਹੈ। ਡੈਮਾਂ ਦੇ ਫਲੱਡ ਗੇਟ ਜਿਉਂ ਹੀ ਖੁੱਲ੍ਹਣੇ ਸ਼ੁਰੂ ਹੋਏ ਤਾਂ ਹੜ੍ਹਾਂ ਦਾ ਖ਼ਤਰਾ ਬਣ ਗਿਆ। ਰਣਜੀਤ ਸਾਗਰ ਡੈਮ ਦੇ ਖੇਤਰ ਲਈ ਮੌਸਮ ਵਿਭਾਗ ਵੱਲੋਂ 17 ਤੋਂ 29 ਅਗਸਤ ਤੱਕ ਦੀ ਕੀਤੀ ਹਫ਼ਤਾਵਾਰੀ ਭਵਿੱਖਬਾਣੀ ਅਤੇ ਹਕੀਕਤ 'ਚ ਪਏ ਮੀਂਹ ਦੇ ਵੇਰਵੇ ਵੀ ਸਾਂਝੇ ਕੀਤੇ ਗਏ ਹਨ।

ਪੱਤਰ ਅਨੁਸਾਰ ਭਾਰਤੀ ਮੌਸਮ ਵਿਭਾਗ ਵੱਲੋਂ ਕੀਤੀ ਜਾਂਦੀ ਮੌਸਮ ਦੀ ਹਫ਼ਤਾਵਾਰੀ ਭਵਿੱਖਬਾਣੀ ਦੇ ਆਧਾਰ 'ਤੇ ਹੀ ਡੈਮਾਂ ਦੇ ਰੈਗੂਲੇਸ਼ਨ ਅਤੇ ਇਨ੍ਹਾਂ 'ਚੋਂ ਪਾਣੀ ਛੱਡਣ ਦੀ ਯੋਜਨਾਬੰਦੀ ਕੀਤੀ ਜਾਂਦੀ ਹੈ। ਪੱਤਰ 'ਚ ਲਿਖਿਆ ਗਿਆ ਹੈ ਕਿ ਮੌਸਮ ਦੀ ਭਵਿੱਖਬਾਣੀ ਠੀਕ ਹੋਣਾ ਡੈਮਾਂ ਦੇ ਅਪਰੇਸ਼ਨ ਲਈ ਜ਼ਰੂਰੀ ਹੈ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਮੌਸਮ ਵਿਭਾਗ ਦਾ ਹਫ਼ਤਾਵਾਰੀ ਅਨੁਮਾਨ ਠੀਕ ਨਹੀਂ ਰਿਹਾ। ਇਹ ਵੀ ਕਿਹਾ ਗਿਆ ਹੈ ਕਿ ਅਣਕਿਆਸੇ ਮੀਂਹ ਬਾਰੇ ਮੌਸਮ ਵਿਭਾਗ ਦੀ ਕੋਈ ਭਵਿੱਖਬਾਣੀ ਨਹੀਂ ਸੀ ਅਤੇ ਖ਼ਾਸ ਕਰਕੇ ਹਿਮਾਚਲ ਪ੍ਰਦੇਸ਼ ਦੇ ਚੰਬਾ ਅਤੇ ਕਾਂਗੜਾ ਖੇਤਰ ਬਾਰੇ। ਪੱਤਰ ਮੁਤਾਬਕ 24 ਤੋਂ 26 ਅਗਸਤ ਦਰਮਿਆਨ ਅਣਕਿਆਸਿਆ ਮੀਂਹ ਪਿਆ ਜਿਸ ਦਾ ਰਣਜੀਤ ਸਾਗਰ ਡੈਮ ਦੀ ਰੈਗੂਲੇਸ਼ਨ ਅਤੇ ਪਾਣੀ ਛੱਡਣ 'ਤੇ ਮਾੜਾ ਅਸਰ ਪਿਆ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਮੌਸਮ ਵਿਭਾਗ ਖ਼ਾਸ ਕਰਕੇ ਡੈਮਾਂ ਦੇ ਖੇਤਰ 'ਚ ਮੌਸਮ ਦੀ ਠੀਕ ਭਵਿੱਖਬਾਣੀ ਲਈ ਆਪਣੇ ਸਿਸਟਮ ਨੂੰ ਮਜ਼ਬੂਤ ਕਰੇ ਤਾਂ ਜੋ ਡੈਮਾਂ ਬਾਰੇ ਯੋਜਨਾਬੰਦੀ ਨੂੰ ਹੋਰ ਪ੍ਰਭਾਵੀ ਬਣਾਇਆ ਜਾ ਸਕੇ।



ਜਲ ਸਰੋਤ ਵਿਭਾਗ ਨੇ ਦੱਸਿਆ ਹੈ ਕਿ ਰਣਜੀਤ ਸਾਗਰ ਡੈਮ ਦੇ ਖੇਤਰ 'ਚ 17 ਅਗਸਤ ਨੂੰ 185.5 ਮਿਲੀਮੀਟਰ ਮੀਂਹ ਪਿਆ ਜਦੋਂਕਿ ਮੌਸਮ ਵਿਭਾਗ ਨੇ 9 ਮਿਲੀਮੀਟਰ ਦੀ ਭਵਿੱਖਬਾਣੀ ਕੀਤੀ ਸੀ। ਬੀਤੀ 24 ਅਗਸਤ ਨੂੰ 163 ਮਿਲੀਮੀਟਰ ਮੀਂਹ ਪਿਆ ਜਦੋਂਕਿ ਮੌਸਮ ਵਿਭਾਗ ਨੇ 21 ਮਿਲੀਮੀਟਰ ਦਾ ਅਨੁਮਾਨ ਲਾਇਆ ਸੀ। ਜਲ ਸਰੋਤ ਵਿਭਾਗ ਨੇ ਕਿਹਾ ਹੈ ਕਿ 24 ਅਗਸਤ ਨੂੰ ਰਣਜੀਤ ਸਾਗਰ ਡੈਮ 'ਚੋਂ ਪਾਣੀ ਨੂੰ ਕੁਝ ਸਮੇਂ ਲਈ ਇਸ ਕਾਰਨ ਰੋਕਿਆ ਗਿਆ ਕਿ ਉੱਝ ਦਰਿਆ 'ਚੋਂ ਇੱਕਦਮ ਪਾਣੀ ਆ ਗਿਆ ਸੀ। ਜੇਕਰ ਡੈਮ 'ਚੋਂ ਵੀ ਉਸ ਵਕਤ ਪਾਣੀ ਰਿਲੀਜ਼ ਕਰ ਦਿੱਤਾ ਜਾਂਦਾ ਤਾਂ ਦੋਵੇਂ ਪਾਣੀਆਂ ਨੇ ਇੱਕ ਥਾਂ ਇਕੱਠੇ ਹੋ ਕੇ ਤਬਾਹੀ ਮਚਾ ਦੇਣੀ ਸੀ। ਡੈਮਾਂ ਤੇ ਦਰਿਆਵਾਂ ਦੇ ਪਾਣੀ ਨੂੰ ਹੁਣ ਮੋੜਾ ਪੈਣ ਲੱਗਿਆ ਹੈ। ਜਿਉਂ ਹੀ ਪਾਣੀ ਘਟਣਾ ਸ਼ੁਰੂ ਹੋਇਆ, ਉਵੇਂ ਹੀ ਪੰਜਾਬ 'ਚ ਸੁਖਾਵੇਂ ਦਿਨ ਪਰਤਣ ਦੀ ਆਸ ਬੱਝੀ ਹੈ। ਘੱਗਰ 'ਚ ਪਾਣੀ ਸਥਿਰ ਹੋਣ ਲੱਗਾ ਹੈ ਪਰ ਹਰਿਆਣਾ 'ਚੋਂ ਆਉਂਦੇ ਪਾਣੀ ਦਾ ਖ਼ਤਰਾ ਬਰਕਰਾਰ ਹੈ। ਮੌਸਮ ਵਿਭਾਗ ਵੱਲੋਂ ਅੱਜ ਕੀਤੀ ਗਈ ਪੇਸ਼ੀਨਗੋਈ ਅਨੁਸਾਰ ਪੰਜਾਬ ਦਾ ਭਾਰੀ ਮੀਂਹ ਤੋਂ ਫ਼ ?ਲਹਾਲ ਬਚਾਅ ਹੈ। ਕੁੱਝ ਜ਼ਿਲ੍ਹਿਆਂ 'ਚ ਹਲਕਾ ਤੇ ਦਰਮਿਆਨਾ ਮੀਂਹ ਪੈ ਸਕਦਾ ਹੈ। ਪੰਜਾਬ ਸਰਕਾਰ ਦੇ ਬੁਲੇਟਿਨ ਅਨੁਸਾਰ ਸੂਬੇ ਵਿੱਚ ਹੁਣ ਤੱਕ ਹੜ੍ਹਾਂ ਤੇ ਮੀਂਹਾਂ ਕਾਰਨ ਮੌਤਾਂ ਦਾ ਅੰਕੜਾ 52 ਹੋ ਗਿਆ ਹੈ ਅਤੇ ਸੂਬੇ ਦੇ 2097 ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹਨ, ਜਦਕਿ 3.88 ਲੱਖ ਲੋਕ ਇਸ ਦੀ ਲਪੇਟ 'ਚ ਆਏ ਹਨ। ਪੰਜਾਬ ਸਰਕਾਰ ਨੇ ਹੜ੍ਹਾਂ ਦੇ ਪਾਣੀ ਚੋਂ 23,206 ਲੋਕਾਂ ਨੂੰ ਸੁਰੱਖਿਅਤ ਕੱਢੇ ਜਾਣ ਦਾ ਅੰਕੜਾ ਜਾਰੀ ਕੀਤਾ ਹੈ। ਹੜ੍ਹਾਂ ਤੇ ਮੀਂਹ ਦੇ ਪਾਣੀ ਨਾਲ ਹੁਣ ਤੱਕ ਸੂਬੇ 'ਚ 4.77 ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਹੈ। ਪੰਜਾਬ 'ਚ ਦਰਿਆਵਾਂ ਦੇ ਆਸ-ਪਾਸ ਦੇ ਖੇਤਰਾਂ 'ਚ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ ਅਤੇ ਰਾਹਤ ਕੈਂਪਾਂ 'ਚੋਂ ਲੋਕ ਮੁੜ ਪਿੰਡਾਂ ਵੱਲ ਪਰਤਣ ਲੱਗੇ ਹਨ। ਤਿੰਨ ਦਿਨਾਂ ਤੋਂ ਮੀਂਹ ਵੀ ਰੁਕਿਆ ਹੋਇਆ ਹੈ। ਵੱਡੀ ਚੁਣੌਤੀ ਹੁਣ ਹੜ੍ਹਾਂ ਦਾ ਪਾਣੀ ਘਟਣ ਮਗਰੋਂ ਸਿਹਤ ਸਮੱਸਿਆਵਾਂ ਦੀ ਆਉਣੀ ਹੈ ਅਤੇ ਖੇਤਾਂ ਨੂੰ ਮੁੜ ਫ਼ਸਲ ਲਈ ਤਿਆਰ ਕਰਨਾ ਕਿਸਾਨਾਂ ਲਈ ਮੁਸੀਬਤ ਭਰਿਆ ਕੰਮ ਹੋਵੇਗਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਐਪੀਗਲੌਂਟਾਈਟਸ**

ਗਲੇ ਦੇ ਅੰਦਰ ਉਸ ਢੱਕਣ ਵਿੱਚ ਸੋਜ਼ਿਸ਼ ਆਉਣਾ, ਜੋ ਖਾਣਾ ਖਾਣ ਸਮੇਂ ਸਾਹ ਦੀ ਨਾਲੀ ਨੂੰ ਢੱਕ ਲੈਂਦਾ ਹੈ ਤਾਂ ਜੋ ਖਾਣਾ ਸਾਹ ਦੀ ਨਾਲੀ ਵਿੱਚ ਨਾ ਜਾਵੇ। ਬਹੁਤ ਜ਼ਿਆਦਾ ਗਲੇ ਦਾ ਦਰਦ, ਜੋ ਖਾਂਸੀ ਕਰਨ ਸਮੇਂ ਜਾਂ ਬੋਲਣ ਨਾਲ ਹੋਰ ਵਿਗੜ ਜਾਂਦਾ ਹੈ, ਐਪੀਗਲੌਂਟਾਈਟਸ ਤੋਂ ਹੋ ਸਕਦਾ ਹੈ। ਸੰਭਵ ਹੋ ਸਕੇ ਤਾਂ ਆਪਣੇ ਡਾਕਟਰ ਨੂੰ ਜਲਦੀ ਤੋਂ ਜਲਦੀ ਦਿਖਾਓ, ਕਿਉਂਕਿ ਗਲੇ ਵਿੱਚੋਂ ਫੇਫੜਿਆਂ ਨੂੰ ਹਵਾ ਪਹੁੰਚਣ ਵਿੱਚ ਆਈ ਅਚਾਨਕ ਰੁਕਾਵਟ ਜ਼ਿੰਦਗੀ ਲਈ ਬਹੁਤ ਖ਼ਤਰਨਾਕ ਹੋ ਸਕਦੀ ਹੈ।

**ਟੌਂਸਿਲਾਈਟਸ**

**(ਗਲੇ ਵਿੱਚ ਇੱਕ ਗ੍ਰੰਥੀ ਦੀ ਸੋਜ਼ਿਸ਼)**

ਤੁਹਾਡੇ ਮੂੰਹ ਦੇ ਪਿਛਲੇ ਪਾਸੇ ਗਲੇ ਵਿੱਚ ਦੋਵੇਂ ਪਾਸੇ ਟੌਂਸਿਲ, ਇੱਕ ਗ੍ਰੰਥੀ ਹੁੰਦੀ ਹੈ। ਇਹ ਗ੍ਰੰਥੀਆਂ ਇਨਫ਼ੈਕਸ਼ਨ ਦੇ ਨਾਲ ਲੜਨ ਵਾਲੇ ਪਦਾਰਥ ਪੈਦਾ ਕਰਦੀਆਂ ਹਨ। ਇਨ੍ਹਾਂ ਗ੍ਰੰਥੀਆਂ ਵਿੱਚ ਇਨਫ਼ੈਕਸ਼ਨ ਹੋ ਜਾਣ ਨੂੰ ਟੌਂਸਿਲਾਈਟਸ ਕਿਹਾ ਜਾਂਦਾ ਹੈ ।

**ਲੱਛਣ :**

1. ਗਲੇ ਦੀ ਸੋਜ਼ਿਸ਼।
2. ਬੁਖ਼ਾਰ।
3. ਖਾਣਾ ਅੰਦਰ ਲੰਘਾਉਣ ਵਿੱਚ ਤਕਲੀਫ਼ ਹੋਣਾ।
4. ਟੌਂਸਿਲ ਗ੍ਰੰਥੀ ਦੀ ਸੋਜ਼ਿਸ਼ ਦੇ ਨਾਲ ਇਸ ਵਿੱਚ ਪੀਕ (ਮੁਆਦ) ਬਣਨਾ।

**ਘਰੇਲੂ ਇਲਾਜ :**

1. ਨਮਕ ਵਾਲੇ ਕੋਸੇ ਪਾਣੀ ਦੇ ਗਰਾਰੇ ਕਰੋ।
2. ਬੁਖ਼ਾਰ ਅਤੇ ਦਰਦ ਦੇ ਲਈ ਐਸੀਟਾਮਾਈਨੋਫ਼ਿਨ (ਦਰਦ ਅਤੇ ਸੋਜ਼ਿਸ਼ ਰੋਕਣ ਦੀ ਦਵਾਈ) ਦੀ ਦਵਾਈ ਲਵੋ।




3. ਗਲੇ ਦੇ ਇਨਫ਼ੈਕਸ਼ਨ ਵਾਲੇ ਲੋਕਾਂ ਤੋਂ ਥੋੜ੍ਹੀ ਦੂਰੀ ਬਣਾ ਕੇ ਰੱਖੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਗਲੇ ਦੇ ਦਰਦ ਨਾਲ ਜਦੋਂ ਬੁਖ਼ਾਰ ਹੋਵੇ।
2. ਕੁਝ ਵੀ ਖਾਣ-ਪੀਣ ਸਮੇਂ ਗਲੇ ਤੋਂ ਅੰਦਰ ਲੰਘਾਉਣ ਵਿੱਚ ਮੁਸ਼ਕਲ ਆਉਣੀ।
3. ਟੌਂਸਿਲ ਦਾ ਇਨਫ਼ੈਕਸ਼ਨ ਵਾਰ ਵਾਰ ਹੋਣਾ (ਇੱਕ ਸਾਲ ਵਿੱਚ 4 ਵਾਰ ਤੋਂ ਵੱਧ ਹੋਣਾ)।
4. ਜੇਕਰ ਬੱਚਾ ਮੂੰਹ ਵਿੱਚੋਂ ਸਾਹ ਲੈਂਦਾ ਹੈ ਜਾਂ ਨੱਕ ਵਿੱਚ ਗਾੜ੍ਹਾ ਪਦਾਰਥ ਹੋਣ ਕਾਰਨ ਘਰਾੜੇ ਮਾਰਦਾ ਹੈ।

**ਅਪ੍ਰੇਸ਼ਨ :**

ਟੌਂਸਿਲ ਗ੍ਰੰਥੀ ਦਾ ਅਪ੍ਰੇਸ਼ਨ ਜ਼ਿਆਦਾ ਨਹੀਂ ਕੀਤਾ ਜਾਂਦਾ, ਜਿਵੇਂ ਕਿ ਇਹ ਪਿਛਲੇ ਸਮੇਂ ਵਿੱਚ ਕੀਤਾ ਜਾਂਦਾ ਸੀ, ਕਿਉਂਕਿ ਅਪ੍ਰੇਸ਼ਨ ਦੇ ਲਾਭ ਘੱਟ ਅਤੇ ਪ੍ਰੇਸ਼ਾਨੀਆਂ ਜ਼ਿਆਦਾ ਹੋ ਸਕਦੀਆਂ ਹਨ।

**ਅਪ੍ਰੇਸ਼ਨ ਦੀ ਲੋੜ ਪੈ ਸਕਦੀ ਹੈ :**

1. ਜੇ ਵਧੀ ਹੋਈ ਟੌਂਸਿਲ ਗੰਥੀ ਕਾਰਨ ਸਾਹ ਲੈਣ ਵਿੱਚ ਮੁਸ਼ਕਲ ਆਵੇ ਜਾਂ ਸੌਣ ਵਿੱਚ ਮੁਸ਼ਕਲ ਆਵੇ।
2. ਵੱਖ-ਵੱਖ ਐਂਟੀਬਾਓਟਿਕ ਦਵਾਈਆਂ ਲੈਣ ਤੋਂ ਬਾਅਦ ਵੀ ਜੇਕਰ ਸਾਲ ਵਿੱਚ 4-5 ਵਾਰ ਇਨਫ਼ੈਕਸ਼ਨ ਹੁੰਦਾ ਹੈ।

**ਐਲਰਜੀ**

ਸਾਡੇ ਸਰੀਰ ਵਿੱਚ ਇੱਕ ਕੈਮੀਕਲ, ਜਿਸਨੂੰ 'ਹਿਸਟਾਮੀਨ' ਕਿਹਾ ਜਾਂਦਾ ਹੈ, ਦੇ ਜ਼ਿਆਦਾ ਬਨਣ ਕਰਕੇ ਐਲਰਜੀ ਹੋ ਜਾਂਦੀ ਹੈ। ਐਲਰਜੀ ਦੇ ਸਾਰੇ ਲੱਛਣ ਇਸ 'ਹਿਸਟਾਮੀਨ' ਦੇ ਜ਼ਿਆਦਾ ਹੋਣ ਕਰਕੇ ਹੀ ਹੁੰਦੇ ਹਨ।

ਕਿਸਮਾਂ/ਕਾਰਨ :

1. **ਮੌਸਮੀ ਐਲਰਜੀ :** ਆਮ ਤੌਰ 'ਤੇ ਐਲਰਜੀ ਹਵਾ ਵਿੱਚ ਉੱਡਦੇ ਕਣ, ਧੂੜ, ਘਾਹ ਜਾਂ ਜਾਨਵਰਾਂ ਵਿੱਚੋਂ ਨਿਕਲਣ ਵਾਲੇ ਛੋਟੇ ਛੋਟੇ ਕਣਾਂ ਕਰਕੇ ਹੁੰਦੀ ਹੈ।
2. ਜੋ ਐਲਰਜੀ ਸਾਰਾ ਸਾਲ ਰਹਿੰਦੀ ਹੈ, ਉਹ ਘਰਾਂ ਵਿੱਚ ਧੂੜ ਜਾਂ ਸਲ੍ਹਾਬ ਕਰਕੇ ਹੁੰਦੀ ਹੈ।
3. ਕੁਝ ਵਿਅਕਤੀਆਂ ਦੀ ਐਲਰਜੀ ਬਿੱਲੀਆਂ ਅਤੇ ਹੋਰ ਪਾਲਤੂ ਜਾਨਵਰਾਂ ਕਰਕੇ ਹੁੰਦੀ ਹੈ।
4. ਕੁਝ ਲੋਕਾਂ ਨੂੰ ਕਈ ਖਾਣ ਵਾਲੀਆਂ ਚੀਜ਼ਾਂ ਤੋਂ ਐਲਰਜੀ ਹੋ ਜਾਂਦੀ ਹੈ।

**ਲੱਛਣ :**

1. ਛਿੱਕਾਂ ਆਉਣੀਆਂ, ਅੱਖਾਂ ਵਿੱਚ ਪਾਣੀ ਆਉਣਾ, ਨੱਕ ਵਿੱਚ ਸੋਜ਼ਿਸ਼ ਤੇ ਖਾਰਿਸ਼ ਹੋਣਾ, ਸਿਰ ਦਰਦ, ਥਕਾਵਟ ਹੋਣਾ।
2. ਐਲਰਜੀ ਦੇ ਕਾਰਨ ਅੱਖਾਂ ਦੇ ਆਲੇ-ਦੁਆਲੇ ਕਾਲੇ ਦਾਇਰੇ ਬਣ ਸਕਦੇ ਹਨ।
3. ਨੱਕ ਦਾ ਵਗਣਾ।
4. ਐਲਰਜੀ ਨਾਲ ਬੁਖ਼ਾਰ ਨਹੀਂ ਹੁੰਦਾ।
5. ਧੱਫੜ (ਹਾਈਵ)।
6. ਦਮੇ ਦੀ ਬਿਮਾਰੀ ਦਾ ਵਿਗੜ ਜਾਣਾ।

ਜ਼ੁਕਾਮ ਜਾਂ ਵਾਇਰਲ ਐਲਰਜੀ ਤੋਂ ਕਿਵੇਂ ਅਲੱਗ ਹਨ? ਜ਼ੁਕਾਮ ਜਾਂ ਵਾਇਰਲ ਦੇ ਨਾਲ ਬੁਖ਼ਾਰ ਹੋ ਸਕਦਾ ਹੈ, ਪਰ ਐਲਰਜੀ ਦੇ ਨਾਲ ਬੁਖ਼ਾਰ ਨਹੀਂ ਹੁੰਦਾ।

**ਰੋਕਥਾਮ/ਬਚਾਅ :**

1. ਉਹਨਾਂ ਕਾਰਨਾਂ ਤੋਂ ਬਚਾਅ ਰੱਖੋ ਜਿਨ੍ਹਾਂ ਨਾਲ ਐਲਰਜੀ ਹੁੰਦੀ ਹੈ।
2. ਮੌਸਮ ਦੇ ਬਦਲਾਓ ਸਮੇਂ ਬਾਹਰ ਆਉਣਾ ਜਾਣਾ ਘੱਟ ਕਰ ਦੇਵੋ।
3. ਧੂੜ ਵਾਲੀਆਂ ਵਸਤੂਆਂ ਨੂੰ ਸਾਫ਼ ਕਰਨ ਸਮੇਂ ਨੱਕ-ਮੂੰਹ ਢੱਕ ਲਵੋ।
4. ਆਪਣਾ ਸੌਣ ਵਾਲਾ ਸਥਾਨ ਧੂੜ ਤੋਂ ਮੁਕਤ ਰੱਖੋ।

**ਬਿਮਾਰੀ ਨੂੰ ਗੰਭੀਰ ਕਰਨ ਵਾਲੇ ਲੱਛਣ :**

1. ਜੇਕਰ ਐਲਰਜੀ ਨੂੰ ਸਮੇਂ 'ਤੇ ਕਾਬੂ ਨਾ ਕੀਤਾ ਜਾਵੇ ਤਾਂ ਇਹ ਦਮਾ ਅਤੇ ਹੋਰ ਸਾਹ ਦੀਆਂ ਬਿਮਾਰੀਆਂ ਨੂੰ ਵਧਾ ਸਕਦੀ ਹੈ।
2. ਸਾਈਨੁਸਾਈਟਸ (ਸਾਈਨਸ ਦੀ ਇਨਫ਼ੈਕਸ਼ਨ)।
3. ਸੌਣ ਵਿੱਚ ਪਰੇਸ਼ਾਨੀ ਹੋਣਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖ਼ਾਨਾ ਦੀ ਸੂਚੀ ਜਾਰੀ ਕਰੇ ਬਰਤਾਨੀਆ ਸਰਕਾਰ : ਤਰਲੋਚਨ ਸਿੰਘ




ਬਰਤਾਨੀਆ ਦੀ ਸੰਸਦ 'ਚ ਤਰਲੋਚਨ ਸਿੰਘ ਨਾਲ ਲਾਰਡ ਰੰਮੀ ਰੇਂਜਰ, ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਤਰਮਨਜੀਤ ਸਿੰਘ ਢੇਸੀ ਤੇ ਹੋਰ।

ਲੰਡਨ : ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਹਾਊਸ ਆਫ ਲਾਰਡ 'ਚ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਪਦਮ ਭੂਸ਼ਣ ਦੇ ਸਨਮਾਨ 'ਚ ਲਾਰਡ ਰੰਮੀ ਰੇਂਜ਼ਰ ਤੇ ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਵੱਲੋਂ ਸਮਾਗਮ ਕਰਵਾਇਆ ਗਿਆ। ਜਿਸ 'ਚ ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ, ਬਰਤਾਨੀਆ ਸਿੱਖ ਐਸੋਸੀਏਸ਼ਨ ਦੇ ਹਰਦਿਆਲ ਸਿੰਘ ਲੂਥਰ, ਹਰਦੀਪ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਇਸ ਮੌਕੇ ਬੋਲਦਿਆਂ ਲਾਰਡ ਰੰਮੀ ਰੇਂਜ਼ਰ ਨੇ ਕਿਹਾ ਤਰਲੋਚਨ ਸਿੰਘ ਨੇ ਹਮੇਸ਼ਾਂ ਸਿੱਖਾਂ ਦੀ ਨੁਮਾਇੰਦਗੀ ਕੀਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਇਆ। ਸੰਸਦ ਮੈਂਬਰ ਢੇਸੀ ਤੇ ਲਾਰਡ ਸਹੋਤਾ ਨੇ ਕਿਹਾ ਤਰਲੋਚਨ ਸਿੰਘ 'ਤੇ ਸਾਨੂੰ ਮਾਣ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਤਰਲੋਚਨ ਸਿੰਘ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਬਰਤਾਨੀਆ 'ਚ ਸਿੱਖ ਸੰਸਦ ਮੈਂਬਰਾਂ ਦੀ ਗਿਣਤੀ 12/13 ਤੱਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਬਰਤਾਨਵੀ ਸਿੱਖ ਸੰਸਦ ਮੈਂਬਰਾਂ ਨੂੰ ਇਕੱਠੇ ਹੋ ਕੇ ਹਰ ਸਾਲ ਭਾਰਤ ਆਉਣਾ ਚਾਹੀਦਾ ਹੈ, ਜਿੱਥੇ ਇਹ ਦੋਵਾਂ ਦੇਸ਼ਾਂ ਵਿਚਾਲੇ ਪੁਲ ਦਾ ਕੰਮ ਕਰਨਗੇ ਉੱਥੇ ਭਾਰਤ ਵੱਸਦੇ ਸਿੱਖਾਂ ਨੂੰ ਮਾਣ ਹੋਵੇਗਾ ਤੇ ਪੂਰਾ ਭਾਰਤ ਸਿੱਖਾਂ ਦੀ ਇਸ ਪ੍ਰਾਪਤੀ ਤੇ ਮਾਣ ਮਹਿਸੂਸ ਕਰੇਗਾ। ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਤੋਸ਼ਾਖ਼ਾਨਾ ਜਿਸ ਦੀ ਸੂਚੀ ਡਾ. ਲੌਗਿਨ ਨੇ ਤਿਆਰ ਕੀਤੀ ਸੀ ਉਹ ਜਾਰੀ ਕਰਨੀ ਚਾਹੀਦੀ ਹੈ ਤੇ ਜੋ ਵੀ ਸਿੱਖ ਰਾਜ ਦਾ ਸਰਮਾਇਆ ਲੁੱਟ ਕੇ ਲਿਆਂਦਾ ਘੱਟੋ-ਘੱਟ ਉਸ ਨੂੰ ਮਿਊਜ਼ੀਅਮ ਦੇ ਰੂਪ 'ਚ ਇਕ ਛੱਤ ਹੇਠ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ ਤਾਂ ਜੋ ਦੁਨੀਆਂ ਤੇ ਸਾਡੀ ਅਗਲੀ ਪੀੜ੍ਹੀ ਇਸ ਨੂੰ ਵੇਖ ਸਕੇ।

# ਆਪਰੇਸ਼ਨ ਸਿੰਦੂਰ ਦੌਰਾਨ 400 ਵਿਗਿਆਨੀਆਂ ਨੇ 24 ਘੰਟੇ ਕੀਤਾ ਕੰਮ : ਵੀ. ਨਾਰਾਇਣਨ

ਨਵੀਂ ਦਿੱਲੀ : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਮੁਖੀ ਵੀ. ਨਾਰਾਇਣਨ ਨੇ ਦੱਸਿਆ ਕਿ 'ਆਪਰੇਸ਼ਨ ਸਿੰਦੂਰ' ਦੌਰਾਨ ਧਰਤੀ ਨਿਰੀਖਣ ਅਤੇ ਸੰਚਾਰ ਸੈਟੇਲਾਈਟਾਂ ਦੇ ਮਾਧਿਅਮ ਨਾਲ ਮਦਦ ਪ੍ਰਦਾਨ ਕਰਨ ਲਈ 400 ਤੋਂ ਵੱਧ ਵਿਗਿਆਨੀਆਂ ਨੇ 24 ਘੰਟੇ ਕੰਮ ਕੀਤਾ। ਅਖਿਲ ਭਾਰਤੀ ਪ੍ਰਬੰਧਨ ਸੰਘ (ਏਆਈਐੱਮਏ) ਦੇ 52ਵੇਂ ਰਾਸ਼ਟਰੀ ਪ੍ਰਬੰਧਨ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਨਾਰਾਇਣਨ ਨੇ ਕਿਹਾ ਕਿ ਇਸਰੋ ਨੇ ਰਾਸ਼ਟਰੀ ਸੁਰੱਖਿਆ ਜ਼ਰੂਰਤਾਂ ਲਈ ਸੈਟੇਲਾਈਟ ਡਾਟਾ ਉਪਲੱਬਧ ਕਰਵਾਇਆ। ਉਨ੍ਹਾਂ ਕਿਹਾ, "ਆਪਰੇਸ਼ਨ ਸਿੰਦੂਰ ਦੌਰਾਨ ਸਾਰੇ ਸੈਟੇਲਾਈਟ 24 ਘੰਟੇ ਸਰਗਰਮ ਸਨ ਅਤੇ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰ ਰਹੇ ਸਨ।" ਨਾਰਾਇਣਨ ਨੇ ਕਿਹਾ, "400 ਤੋਂ ਵੱਧ



ਵਿਗਿਆਨੀ ਦਿਨ-ਰਾਤ, ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਸਨ ਅਤੇ ਮਿਸ਼ਨ ਦੌਰਾਨ ਸਾਰੇ ਧਰਤੀ ਨਿਰੀਖਣ ਅਤੇ ਸੰਚਾਰ ਸੈਟੇਲਾਈਟ ਪੂਰੀ ਤਰ੍ਹਾਂ ਸਰਗਰਮ ਸਨ।" ਇਸਰੋ ਮੁਖੀ ਨੇ ਦੱਸਿਆ ਕਿ 'ਆਪਰੇਸ਼ਨ ਸਿੰਦੂਰ' ਦੌਰਾਨ ਹਥਿਆਰਬੰਦ ਸੰਘਰਸ਼ਾਂ 'ਚ ਪੁਲਾੜ ਖੇਤਰ ਦੀ ਭੂਮਿਕਾ 'ਤੇ ਵਿਸ਼ੇਸ਼ ਧਿਆਨ ਗਿਆ। ਇਸ ਦੌਰਾਨ ਡਰੋਨ ਅਤੇ ਸਵਦੇਸ਼ੀ 'ਆਕਾਸ਼ ਤੀਰ' ਵਰਗੀ ਹਵਾਈ ਰੱਖਿਆ ਪ੍ਰਣਾਲੀਆਂ ਦੀਆਂ ਸਮਰੱਥਾਵਾਂ ਦੀ ਵਿਆਪਕ ਜਾਂਚ ਹੋਈ। ਇਸਰੋ ਮੁਖੀ ਨੇ ਦੱਸਿਆ ਕਿ ਮਨੁੱਖੀ ਪੁਲਾੜ ਮਿਸ਼ਨ 'ਗਗਨਯਾਨ' ਪ੍ਰਾਜੈਕਟ ਦੇ ਅਧੀਨ ਇਸਰੋ ਬਿਨਾਂ ਚਾਲਕ ਦਲ ਵਾਲੇ ਤਿੰਨ ਮਿਸ਼ਨ ਸੰਚਾਲਿਤ ਕਰੇਗਾ, ਜਿਨ੍ਹਾਂ 'ਚ ਪਹਿਲਾ ਮਿਸ਼ਨ ਇਸ ਸਾਲ ਦਸੰਬਰ 'ਚ ਹੋਣ ਦੀ ਉਮੀਦ ਹੈ। ਇਸ ਤੋਂ ਬਾਅਦ 2 ਹੋਰ ਮਨੁੱਖ ਰਹਿਤ ਮਿਸ਼ਨ ਹੋਣਗੇ। ਨਾਰਾਇਣਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਨੂੰ 2035 ਤੱਕ ਭਾਰਤ ਦਾ ਆਪਣਾ ਪੁਲਾੜ ਸਟੇਸ਼ਨ ਸਥਾਪਤ ਕਰਨ ਅਤੇ 2040 ਤੱਕ ਚੰਦਰਮਾ 'ਤੇ ਇਕ ਭਾਰਤੀ ਪੁਲਾੜ ਯਾਤਰੀ ਉਤਾਰਨ ਦਾ ਟੀਚਾ ਦਿੱਤਾ ਹੈ।

# ਬਰਤਾਨੀਆ: ਸੰਸਦ ਦੇ ਬਾਹਰ ਪ੍ਰਦਰਸ਼ਨ ਕਰਦੇ 890 ਵਿਅਕਤੀ ਗ੍ਰਿਫ਼ਤਾਰ

## ਫਲਸਤੀਨ ਐਕਸ਼ਨ ਗਰੁੱਪ 'ਤੇ ਪਾਬੰਦੀ ਦੇ ਵਿਰੋਧ 'ਚ ਲੋਕਾਂ ਨੇ ਕੀਤਾ ਪ੍ਰਦਰਸ਼ਨ

ਲੰਡਨ : ਬਰਤਾਨੀਆ ਦੀ ਸੰਸਦ ਦੇ ਬਾਹਰ ਸ਼ਨਿਚਰਵਾਰ ਨੂੰ ਵੱਡੀ ਗਿਣਤੀ ਲੋਕਾਂ ਨੇ ਫਲਸਤੀਨ ਐਕਸ਼ਨ ਗਰੁੱਪ 'ਤੇ ਲਾਈ ਗਈ ਪਾਬੰਦੀ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਿਸ ਮਗਰੋਂ ਪੁਲੀਸ ਨੇ 890 ਤੋਂ ਵਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਮੈਟਰੋਪਾਲਿਟਨ ਪੁਲੀਸ ਨੇ ਅਧਿਕਾਰੀਆਂ ਨਾਲ ਝੜਪਾਂ ਦੀ ਨਿਖੇਧੀ ਕੀਤੀ ਹੈ। ਪ੍ਰਦਰਸ਼ਨਕਾਰੀਆਂ ਨੇ 'ਮੈਂ ਨਸਲਕੁਸ਼ੀ ਦਾ ਵਿਰੋਧ ਕਰਦਾ ਹਾਂ' ਅਤੇ 'ਮੈਂ ਫਲਸਤੀਨ ਐਕਸ਼ਨ ਦੀ ਹਮਾਇਤ ਕਰਦਾ ਹਾਂ' ਜਿਹੇ ਨਾਅਰਿਆਂ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਕੁਝ ਲੋਕਾਂ ਨੂੰ ਪੁਲੀਸ ਅਧਿਕਾਰੀਆਂ 'ਤੇ ਹਮਲਿਆਂ ਲਈ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਮੈਟਰੋਪਾਲਿਟਨ ਪੁਲੀਸ ਡਿਪਟੀ ਅਸਿਸਟੈਂਟ ਕਮਿਸ਼ਨਰ ਕਲੇਅਰ ਸਮਾਰਟ ਨੇ ਕਿਹਾ ਕਿ ਜਦੋਂ ਪੁਲੀਸ ਅਧਿਕਾਰੀ ਆਪਣਾ ਫ਼ਰਜ਼ ਨਿਭਾਅ ਰਹੇ ਸਨ ਤਾਂ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ, ਘਸੁੰਨ ਅਤੇ ਠੁੱਡੇ ਮਾਰੇ ਗਏ। ਉਸ ਨੇ




ਕਿਹਾ ਕਿ ਇਹ ਸਹਿਣ ਨਹੀਂ ਕੀਤਾ ਜਾਵੇਗਾ ਕਿਉਂਕਿ ਪੁਲੀਸ ਅਮਨ-ਕਾਨੂੰਨ ਕਾਇਮ ਰੱਖਣ ਅਤੇ ਲੋਕਾਂ ਦੀ ਸੁਰੱਖਿਆ ਲਈ ਹੈ। ਜ਼ਿਕਰਯੋਗ ਹੈ ਕਿ ਸਾਬਕਾ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਫਲਸਤੀਨ ਐਕਸ਼ਨ ਗਰੁੱਪ 'ਤੇ ਯੂਕੇ ਦੇ ਅਤਿਵਾਦ ਐਕਟ ਤਹਿਤ ਪਾਬੰਦੀ ਲਗਾ ਦਿੱਤੀ ਸੀ ਅਤੇ ਉਸ ਦੀ ਮੈਂਬਰੀ ਲੈਣ ਜਾਂ ਹਮਾਇਤ ਦੇਣ ਵਾਲੇ ਨੂੰ 14 ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।

## ਨਰਿੰਦਰ ਮੋਦੀ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ, ਪ੍ਰਭਾਵਿਤ ਪਰਿਵਾਰਾਂ ਤੇ ਕਿਸਾਨਾਂ ਨਾਲ ਗੱਲਬਾਤ

# ਪ੍ਰਧਾਨ ਮੰਤਰੀ ਵਲੋਂ ਪੰਜਾਬ ਲਈ 1600 ਕਰੋੜ ਦੀ ਵਿੱਤੀ ਸਹਾਇਤਾ ਦਾ ਐਲਾਨ















ਗੁਰਦਾਸਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਨਿਰੀਖਣ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਅਧਿਕਾਰੀਆਂ ਅਤੇ ਚੁਣੇ ਹੋਏ ਪ੍ਰਤੀਨਿਧੀਆਂ ਨਾਲ ਗੁਰਦਾਸਪੁਰ 'ਚ ਇਕ ਅਧਿਕਾਰਤ ਸਮੀਖਿਆ ਮੀਟਿੰਗ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਰਾਹਤ ਅਤੇ ਪੁਨਰਵਾਸ ਉਪਾਵਾਂ ਦੀ ਸਮੀਖਿਆ ਕੀਤੀ ਤੇ ਨਾਲ ਹੀ ਪੰਜਾਬ 'ਚ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ। ਉਨ੍ਹਾਂ ਨੇ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ, ਜੋ ਕਿ ਸੂਬੇ ਦੇ ਖ਼ਜ਼ਾਨੇ 'ਚ ਪਹਿਲਾਂ ਹੀ ਮੌਜੂਦ 12,000 ਕਰੋੜ ਰੁਪਏ ਤੋਂ ਇਲਾਵਾ ਹਨ। ਉਨ੍ਹਾਂ ਨੇ ਸਮੁੱਚੇ ਖੇਤਰ ਤੇ ਇਸ ਦੇ ਲੋਕਾਂ ਨੂੰ ਸੰਕਟ 'ਚੋਂ ਉੱਭਰਨ 'ਚ ਮਦਦ ਕਰਨ ਲਈ ਇਕ ਬਹੁ-ਪੱਖੀ ਪਹੁੰਚ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਜਿਸ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰਾਂ ਦੀ ਮੁੜ ਉਸਾਰੀ, ਰਾਸ਼ਟਰੀ ਰਾਜ ਮਾਰਗਾਂ ਨੂੰ ਬਹਾਲ ਕਰਨਾ, ਸਕੂਲਾਂ ਦਾ ਮੁੜ-ਨਿਰਮਾਣ, ਪੀ.ਐਮ.ਐਨ. ਆਰ.ਐਫ. ਰਾਹੀਂ ਰਾਹਤ ਪ੍ਰਦਾਨ ਕਰਨਾ ਅਤੇ ਪਸ਼ੂਆਂ ਲਈ ਮਿੰਨੀ ਕਿੱਟਾਂ ਵੰਡਣ ਵਰਗੇ ਉਪਾਅ ਸ਼ਾਮਿਲ ਹੋਣਗੇ। ਖੇਤੀਬਾੜੀ ਭਾਈਚਾਰੇ ਦੀ ਸਹਾਇਤਾ ਦੀ ਮਹੱਤਵਪੂਰਨ ਜ਼ਰੂਰਤ ਨੂੰ ਸਮਝਦੇ ਹੋਏ ਵਿਸ਼ੇਸ਼ ਤੌਰ 'ਤੇ ਉਨ੍ਹਾਂ ਕਿਸਾਨਾਂ ਨੂੰ ਵਾਧੂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਜਿਨ੍ਹਾਂ ਕੋਲ ਇਸ ਸਮੇਂ ਬਿਜਲੀ ਕੁਨੈਕਸ਼ਨ ਨਹੀਂ ਹਨ। ਰਾਜ ਸਰਕਾਰ ਦੇ ਖ਼ਾਸ ਪ੍ਰਸਤਾਵ ਅਨੁਸਾਰ, ਜਿਨ੍ਹਾਂ ਬੋਰਾਂ 'ਤੇ ਗਾਰ ਭਰ ਗਿਆ ਹੈ ਜਾਂ ਰੁੜ੍ਹ ਗਏ ਹਨ, ਉਨ੍ਹਾਂ ਲਈ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਪ੍ਰਾਜੈਕਟ ਮੋਡ 'ਤੇ ਨਵੀਨੀਕਰਨ ਲਈ ਸਹਾਇਤਾ ਦਿੱਤੀ ਜਾਵੇਗੀ, ਡੀਜ਼ਲ 'ਤੇ ਚੱਲਣ ਵਾਲੇ ਬੋਰ ਪੰਪਾਂ ਲਈ, ਸੋਲਰ ਪੈਨਲਾਂ ਲਈ ਐਮ.ਐਨ.ਆਰ.ਈ. ਨਾਲ ਕਨਵਰਜੈਂਸ ਅਤੇ ਪ੍ਰਤੀ ਬੂੰਦ ਵੱਧ ਫ਼ਸਲ ਦਿਸ਼ਾ-ਨਿਰਦੇਸ਼ਾਂ ਤਹਿਤ ਸੂਖਮ ਸਿੰਚਾਈ ਲਈ ਸਹਾਇਤਾ ਦੀ ਸਹੂਲਤ ਦਿੱਤੀ ਜਾਵੇਗੀ, ਪ੍ਰਧਾਨ ਮੰਤਰੀ ਆਵਾਸ ਯੋਜਨਾ ਗ੍ਰਾਮੀਣ ਤਹਿਤ ਪੰਜਾਬ ਸਰਕਾਰ ਦੁਆਰਾ ਪੇਂਡੂ ਖੇਤਰਾਂ 'ਚ ਘਰਾਂ ਦੇ ਮੁੜ ਨਿਰਮਾਣ ਲਈ ਪੇਸ਼ ਕੀਤੇ ਗਏ 'ਵਿਸ਼ੇਸ਼ ਪ੍ਰਾਜੈਕਟ' ਤਹਿਤ ਉਨ੍ਹਾਂ ਯੋਗ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਜਿਨ੍ਹਾਂ ਦੇ ਘਰ ਹੜ੍ਹਾਂ ਕਾਰਨ ਨੁਕਸਾਨੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਹਾਲ ਹੀ ਵਿਚ ਆਏ ਹੜ੍ਹਾਂ ਤੋਂ ਨੁਕਸਾਨੇ ਗਏ ਸਰਕਾਰੀ ਸਕੂਲਾਂ ਨੂੰ ਸਮਗਰ ਸਿੱਖਿਆ ਅਭਿਆਨ ਤਹਿਤ ਵਿੱਤੀ ਸਹਾਇਤਾ ਦਿੱਤੀ ਜਾਵੇਗੀ, ਜਲ ਸੰਚਯ ਜਨ ਭਾਗੀਦਾਰੀ ਪ੍ਰੋਗਰਾਮ ਤਹਿਤ ਪੰਜਾਬ 'ਚ ਪਾਣੀ ਦੀ ਸੰਭਾਲ ਲਈ ਰਿਚਾਰਜ ਢਾਂਚਿਆਂ ਦਾ ਨਿਰਮਾਣ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਇਸ ਦਾ ਉਦੇਸ਼ ਨੁਕਸਾਨੇ ਗਏ ਰਿਚਾਰਜ ਢਾਂਚਿਆਂ ਦੀ ਮੁਰੰਮਤ ਕਰਨਾ ਅਤੇ ਵਾਧੂ ਪਾਣੀ ਦੀ ਸੰਭਾਲ ਦੇ ਢਾਂਚੇ ਦਾ ਨਿਰਮਾਣ ਕਰਨਾ ਹੋਵੇਗਾ। ਇਹ ਯਤਨ ਮੀਂਹ ਦੇ ਪਾਣੀ ਦੀ ਸੰਭਾਲ ਨੂੰ ਵਧਾਉਣਗੇ ਅਤੇ ਲੰਬੇ ਸਮੇਂ ਲਈ ਪਾਣੀ ਦੀ ਸਥਿਰਤਾ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕੇਂਦਰ ਸਰਕਾਰ ਨੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਅੰਤਰ-ਮੰਤਰਾਲਾ ਕੇਂਦਰੀ ਟੀਮਾਂ ਨੂੰ ਪੰਜਾਬ ਦਾ ਦੌਰਾ ਕਰਨ ਲਈ ਵੀ ਭੇਜਿਆ ਹੈ ਅਤੇ ਉਨ੍ਹਾਂ ਦੀ ਵਿਸਤ੍ਰਿਤ ਰਿਪੋਰਟ ਦੇ ਆਧਾਰ 'ਤੇ ਅੱਗੇ ਦੀ ਸਹਾਇਤਾ 'ਤੇ ਵਿਚਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕੁਦਰਤੀ ਆਫ਼ਤ 'ਚ ਜਾਨਾਂ ਗੁਆਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ ਇਸ ਮੁਸ਼ਕਿਲ ਸਮੇਂ 'ਚ ਰਾਜ ਸਰਕਾਰਾਂ ਨਾਲ ਮਿਲ ਕੇ ਕੰਮ ਕਰੇਗੀ ਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਪ੍ਰਧਾਨ ਮੰਤਰੀ ਨੇ ਪੰਜਾਬ ਦੇ ਉਨ੍ਹਾਂ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ ਜੋ ਆਫ਼ਤਾਂ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਸਨ। ਉਨ੍ਹਾਂ ਸਾਰਿਆਂ ਨਾਲ ਪੂਰੀ ਇਕਜੁੱਟਤਾ ਪ੍ਰਗਟ ਕੀਤੀ ਜਿਨ੍ਹਾਂ ਨੇ ਦੁੱਖ ਝੱਲਿਆ ਹੈ ਤੇ ਉਨ੍ਹਾਂ ਸਾਰਿਆਂ ਨਾਲ ਡੂੰਘਾ ਦੁੱਖ ਪ੍ਰਗਟ ਕੀਤਾ ਜਿਨ੍ਹਾਂ ਨੇ ਆਪਣੇ ਨਜ਼ਦੀਕੀਆਂ ਨੂੰ ਗੁਆ ਦਿੱਤਾ ਹੈ। ਉਨ੍ਹਾਂ ਵਲੋਂ ਹੜ੍ਹਾਂ ਅਤੇ ਕੁਦਰਤੀ ਆਫ਼ਤਾਂ 'ਚ ਮ੍ਰਿਤਕਾਂ ਦੇ ਨੇੜਲੇ ਸੰਬੰਧੀਆਂ ਨੂੰ 2 ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਨੂੰ 50,000 ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਐਲਾਨ ਕੀਤਾ ਕਿ ਹਾਲ ਹੀ ਵਿਚ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਅਨਾਥ ਹੋਏ ਬੱਚਿਆਂ ਨੂੰ ਪੀ.ਐਮ. ਕੇਅਰਸ ਫ਼ਾਰ ਚਿਲਡਰਨ ਸਕੀਮ ਤਹਿਤ ਵਿਆਪਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਫ਼ਤ ਪ੍ਰਬੰਧਨ ਨਿਯਮਾਂ ਅਧੀਨ ਰਾਜਾਂ ਨੂੰ ਅਗਾਊਂ ਭੁਗਤਾਨ ਸਹਿਤ ਸਾਰੇ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜਾਂ 'ਚ ਯਤਨ ਕਰਨ ਲਈ ਐਨ.ਡੀ.ਆਰ.ਐਫ., ਐਸ. ਡੀ. ਆਰ. ਐਫ., ਸੈਨਾ, ਰਾਜ ਪ੍ਰਸ਼ਾਸਨ ਅਤੇ ਹੋਰ ਸੇਵਾ-ਮੁਖੀ ਸੰਗਠਨਾਂ ਦੇ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।



ਕੇਂਦਰ ਸਰਕਾਰ ਰਾਜ ਦੇ ਮੈਮੋਰੰਡਮ ਦੇ ਨਾਲ-ਨਾਲ ਕੇਂਦਰੀ ਟੀਮਾਂ ਦੀ ਰਿਪੋਰਟ ਦੇ ਆਧਾਰ 'ਤੇ ਮੁਲਾਂਕਣ ਦੀ ਫਿਰ ਤੋਂ ਸਮੀਖਿਆ ਕਰੇਗੀ। ਪ੍ਰਧਾਨ ਮੰਤਰੀ ਨੇ ਸਥਿਤੀ ਦੀ ਗੰਭੀਰਤਾ ਨੂੰ ਸਵੀਕਾਰ ਕੀਤਾ ਅਤੇ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਸਥਿਤੀ ਨੂੰ ਹੱਲ ਕਰਨ ਲਈ ਸਾਰੇ ਯਤਨ ਕਰੇਗੀ। ਇਸ ਮੌਕੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਭਾਜਪਾ ਆਗੂ ਸੁਨੀਲ ਜਾਖੜ, ਤਰੁਣ ਚੁੱਘ ਆਦਿ ਵੀ ਹਾਜ਼ਰ ਸਨ।







# ਮੰਤਰੀ ਮੰਡਲ ਵਲੋਂ 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਨੂੰ ਹਰੀ ਝੰਡੀ

**• ਹੜ੍ਹ ਪੀੜਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇਗੀ ਪੰਜਾਬ ਸਰਕਾਰ • ਹਰੇਕ ਮ੍ਰਿਤਕ ਦੇ ਪਰਿਵਾਰ ਨੂੰ ਮਿਲਣਗੇ 4 ਲੱਖ ਰੁਪਏ**



ਮੁੱਖ ਮੰਤਰੀ ਭਗਵੰਤ ਮਾਨ ਨਾਲ ਵਰਚੂਅਲ ਤੌਰ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦਾ ਦ੍ਰਿਸ਼।

ਚੰਡੀਗੜ੍ਹ : ਪੰਜਾਬ ਮੰਤਰੀ ਮੰਡਲ ਦੀ ਅੱਜ ਇਥੇ ਪ੍ਰਧਾਨ ਮੰਤਰੀ ਦੇ ਹੜ੍ਹ ਪੀੜਤ ਖੇਤਰਾਂ ਦੇ ਦੌਰੇ ਤੋਂ ਪਹਿਲਾਂ ਰੱਖੀ ਗਈ ਮੀਟਿੰਗ 'ਚ ਕਿਸਾਨੀ ਨੂੰ ਰਾਹਤ ਦੇਣ ਲਈ 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਅਤੇ ਨੁਕਸਾਨੀ ਗਈ ਫ਼ਸਲ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਦੀ ਪ੍ਰਧਾਨਗੀ ਮੁੱਖ ਮੰਤਰੀ ਵਲੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਤੋਂ ਆਨਲਾਈਨ ਜੁੜ ਕੇ ਕੀਤੀ ਗਈ। ਰਾਜ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਟਿੰਗ ਤੋਂ ਬਾਅਦ ਪੱਤਰਕਾਰ ਸੰਮੇਲਨ ਦੌਰਾਨ ਦੱਸਿਆ ਕਿ ਮੰਤਰੀ ਮੰਡਲ ਵਲੋਂ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹੜ੍ਹਾਂ ਕਾਰਨ ਕਈ-ਕਈ ਫੁੱਟ ਰੇਤ ਤੇ ਮਿੱਟੀ ਆ ਗਈ ਹੈ ਉਸ ਦੀ ਚੁਕਾਈ ਦਾ ਅਧਿਕਾਰ ਜ਼ਮੀਨ ਦੇ ਮਾਲਕ ਕਿਸਾਨ ਨੂੰ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਕਿਸਾਨ ਨੂੰ ਇਸ ਮੰਤਵ ਲਈ 31 ਦਸੰਬਰ ਤੱਕ ਸਰਕਾਰ ਜਾਂ ਮਾਈਨਿੰਗ ਵਿਭਾਗ ਤੋਂ ਕਿਸੇ ਤਰ੍ਹਾਂ ਦੀ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਹੋਵੇਗੀ। ਪਰ ਅਜਿਹੀ ਇਜਾਜ਼ਤ ਵਾਲੇ ਪਿੰਡਾਂ, ਜਿਨ੍ਹਾਂ ਵਿਚ ਰੇਤ-ਮਿੱਟੀ ਆਈ ਹੈ, ਦੀ ਸੂਚੀ ਡਿਪਟੀ ਕਮਿਸ਼ਨਰ ਵਲੋਂ ਜਾਰੀ ਕੀਤੀ ਜਾਵੇਗੀ ਅਤੇ ਸਰਕਾਰ ਵਲੋਂ ਨਿਗਰਾਨ ਕਮੇਟੀਆਂ ਵੀ ਬਣਾਈਆਂ ਜਾਣਗੀਆਂ ਤਾਂ ਜੋ ਜ਼ਮੀਨ ਦੇ ਪੱਧਰ ਨਾਲ ਛੇੜਛਾੜ ਨਾ ਹੋਵੇ ਅਤੇ ਅਸਲ ਪੱਧਰ ਤੋਂ ਵੱਧ ਮਿੱਟੀ ਜਾਂ ਰੇਤ ਨਾ ਕੱਢੀ ਜਾਵੇ। ਚੀਮਾ ਨੇ ਦੱਸਿਆ ਕਿ ਸਰਕਾਰ ਨੇ ਹੜ੍ਹਾਂ ਕਾਰਨ ਨੁਕਸਾਨੀਆਂ ਫ਼ਸਲਾਂ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਫੈਸਲਾ ਲਿਆ ਹੈ ਜੋ ਕਿ ਅੱਜ ਦੇਸ਼ ਵਿਚ ਮਿਲੇ ਫ਼ਸਲ ਦੇ ਮੁਆਵਜ਼ੇ ਲਈ ਸਭ ਤੋਂ ਵੱਧ ਹੈ। ਉਨ੍ਹਾਂ ਨੇ ਹੜ੍ਹਾਂ ਕਾਰਨ ਮਰਨ ਵਾਲੇ ਲੋਕਾਂ ਲਈ 4 ਲੱਖ ਪ੍ਰਤੀ ਵਿਅਕਤੀ ਮੁਆਵਜ਼ਾ ਦੇਣ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਦੇ ਸਟੇਟ ਕੋਆਪ੍ਰੇਟਿਵ ਬੈਂਕਾਂ ਤੇ ਸਟੇਟ ਖੇਤੀ ਬੈਂਕਾਂ ਦੇ ਕਰਜ਼ਿਆਂ ਨੂੰ ਚੁਕਾਉਣ ਲਈ 6 ਮਹੀਨੇ ਦੀ ਮੋਹਲਤ ਦੇਣ ਅਤੇ ਇਸ ਸਮੇਂ ਲਈ ਕਰਜ਼ਿਆਂ 'ਤੇ ਵਿਆਜ ਨਾ ਲਗਾਉਣ ਦਾ ਵੀ ਐਲਾਨ ਕੀਤਾ, ਹਾਲਾਂਕਿ ਸਰਕਾਰ ਦੇ ਪ੍ਰੈੱਸ ਨੋਟ ਵਿਚ ਇਨ੍ਹਾਂ ਗੱਲਾਂ ਦਾ ਜ਼ਿਕਰ ਨਹੀਂ ਸੀ। ਪਰ ਦੇਰ ਰਾਤ ਸਰਕਾਰ ਵਲੋਂ ਇਕ ਸੋਧੇ ਪ੍ਰੈੱਸ ਨੋਟ 'ਚ ਸਪੱਸ਼ਟ ਕੀਤਾ ਗਿਆ ਕਿ ਇਹ ਫ਼ੈਸਲੇ ਕੈਬਨਿਟ ਤੋਂ ਬਾਅਦ ਲਏ ਗਏ ਸਨ ਅਤੇ ਸ਼ਾਇਦ ਇਸੇ ਕਾਰਨ ਇਨ੍ਹਾਂ ਨੂੰ ਕੈਬਨਿਟ ਦੇ ਪ੍ਰੈੱਸ ਨੋਟ 'ਚ ਸ਼ਾਮਿਲ ਨਹੀਂ ਕੀਤਾ ਗਿਆ। ਮੰਤਰੀ ਮੰਡਲ ਨੇ ਰਾਜ ਵਿਚ ਫ਼ਸਲਾਂ ਦੇ ਆਉਂਦੇ ਖਰੀਦ ਸੀਜ਼ਨ ਲਈ ਪੰਜਾਬ ਸਟੇਟ ਕਸਟਮ ਮੀਲਿੰਗ ਪਾਲਸੀ 2025 ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਮੰਤਰੀ ਮੰਡਲ ਵਲੋਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਭਿ ?ਸ਼ਟਾਚਾਰ ਰੋਕੂ ਐਕਟ 1988 ਅਧੀਨ ਕੇਸ ਚਲਾਉਣ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ, ਜੋ ਹੁਣ ਰਾਜਪਾਲ ਦੀ ਪ੍ਰਵਾਨਗੀ ਲਈ ਭੇਜੀ ਜਾਵੇਗੀ। ਮੰਤਰੀ ਮੰਡਲ ਨੇ ਪੰਜਾਬ ਟਾਊਨ ਇੰਪਰੂਵਮੈਂਟ ਐਕਟ 1922 ਵਿਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ, ਜੋ ਸ਼ਹਿਰੀ ਸਥਾਨਕ ਇਕਾਈਆਂ ਨੂੰ ਮਿਊਸੀਪਲ ਵਿਕਾਸ ਫ਼ੰਡ ਰਾਹੀਂ ਇੰਪਰੂਵਮੈਂਟ ਟਰੱਸਟਾਂ ਦਾ ਕੰਮ ਚਲਾਉਣ ਵਿਚ ਸਹਾਈ ਹੋ ਸਕੇਗਾ। ਮੰਤਰੀ ਮੰਡਲ ਨੇ ਸਟੇਟ ਮਾਈਨਰ ਮਿਨਰਲ ਪਾਲਿਸੀ 2023 'ਚ ਤਰਮੀਮ ਨੂੰ ਵੀ ਪ੍ਰਵਾਨਗੀ ਦੇ ਦਿੱਤੀ, ਜਿਸ ਦਾ ਮੰਤਵ ਰੇਤ ਦੀ ਉਪਲਬਧਤਾ ਵਧਾਉਣ ਅਤੇ ਸਟੇਟ ਜਿਆਲੋਜਿਸਟ ਨੂੰ ਅਪੀਲਾਂ ਸੁਣਨ ਦਾ ਅਧਿਕਾਰ ਦੇਣਾ ਹੈ। ਹਰਪਾਲ ਸਿੰਘ ਚੀਮਾ ਨੇ ਇਹ ਵੀ ਦੱਸਿਆ ਕਿ ਸਰਕਾਰ ਹੜ੍ਹ ਪ੍ਰਭਾਵਿਤ 1700 ਪਿੰਡਾਂ ਅਤੇ 300 ਸ਼ਹਿਰੀ ਵਾਰਡਾਂ ਨੂੰ ਫੌਗਿੰਗ ਮਸ਼ੀਨਾਂ ਮੁਹੱਈਆ ਕਰਵਾਏਗੀ। ਉਨ੍ਹਾਂ ਨੇ ਕਿਹਾ ਕਿ ਨੁਕਸਾਨੇ ਗਏ ਮਕਾਨਾਂ, ਪੋਲਟਰੀ, ਮੱਛੀ ਫਾਰਮਾਂ, ਮੱਝਾਂ-ਗਾਵਾਂ ਦੇ ਮਾਰੇ ਜਾਣ ਦਾ ਪਤਾ ਲਗਾਉਣ ਲਈ ਪ੍ਰਕਿਰਿਆ ਜਾਰੀ ਹੈ ਅਤੇ ਬਿਜਲੀ ਸਪਲਾਈ, ਸਕੂਲੀ ਇਮਾਰਤਾਂ, ਹਸਪਤਾਲਾਂ ਅਤੇ ਸੜਕਾਂ ਦੇ ਹੋਏ ਨੁਕਸਾਨ ਦੀ ਵੀ ਸਰਵੇ ਤੋਂ ਬਾਅਦ ਭਰਪਾਈ ਹੋਵੇਗੀ।

## ਅੰਮ੍ਰਿਤਸਰ ਦੀ ਡੀ. ਸੀ. ਸਾਕਸ਼ੀ ਸਾਹਨੀ ਦੀ ਚੁਫੇਰਿਓਂ ਹੋ ਰਹੀ ਹੈ ਸ਼ਲਾਘਾ



ਅੰਮ੍ਰਿਤਸਰ : ਅੰਮ੍ਰਿਤਸਰ ਜ਼ਿਲ੍ਹੇ ਦਾ ਅਜਨਾਲਾ, ਰਮਦਾਸ ਤੇ ਲੋਪੋਕੇ ਖੇਤਰ ਰਾਵੀ ਦਰਿਆ ਕਾਰਨ ਹੜ੍ਹਾਂ ਦੀ ਮਾਰ ਹੇਠ ਹੈ ਜਿਸ ਨੇ ਲਹਿੰਦੇ ਤੇ ਚੜਦੇ ਪੰਜਾਬ ਦੇ ਮਾਝੇ ਦੇ ਹੋਰ ਇਲਾਕਿਆਂ 'ਚ ਕਾਫੀ ਮਾਰ ਕੀਤੀ ਹੈ। ਬੀਤੇ 26 ਅਗਸਤ ਤੋਂ ਆਈ ਹੜ੍ਹਾਂ ਦੀ ਆਫਤ ਤੋਂ ਬਾਅਦ ਇਥੇ ਜੇਕਰ ਕਿਸੇ ਅਧਿਕਾਰੀ ਨੇ ਹੜ੍ਹ ਪੀੜਤਾਂ ਲਈ ਦਿਨ ਰਾਤ ਇਕ ਇਕ ਕੀਤਾ ਹੋਇਆ ਹੈ ਤਾਂ ਉਹ ਹੈ ਅੰਮ੍ਰਿਤਸਰ ਦੀ ਡੀ. ਸੀ. ਸ੍ਰੀਮਤੀ ਸਾਕਸ਼ੀ ਸਾਹਨੀ। ਆਈ. ਏ. ਐੱਸ. ਪੱਧਰ ਦੀ ਅਧਿਕਾਰੀ ਅੰਮ੍ਰਿਤਸਰ ਹੜ੍ਹ ਪੀੜਤਾਂ ਲਈ ਮਸੀਹਾ ਬਣ ਕੇ ਉਭਰੀ ਹੈ ਜਿਸ ਦੀ ਸੋਸ਼ਲ ਮੀਡੀਆ 'ਤੇ ਵੀ ਖ਼ੂਬ ਦੇਸ਼ਾ ਵਿਦੇਸ਼ਾਂ ਤੱਕ ਚਰਚਾ ਹੋ ਰਹੀ ਹੈ। ਇਥੇ ਪ੍ਰਮੁਖ ਤੌਰ 'ਤੇ ਅਜਨਾਲਾ ਇਲਾਕਾ ਹੜ੍ਹਾਂ ਦੀ ਮਾਰ ਹੇਠ ਹੈ ਅਤੇ ਇਲਾਕੇ ਵਿਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਦਿਨ ਰਾਤ ਇਨ੍ਹਾਂ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਨਾਲ ਜ਼ਿਲ੍ਹੇ ਦੇ ਹੋਰ ਅਧਿਕਾਰੀਆਂ ਦੀ ਟੀਮ ਵੀ ਨਿਰੰਤਰ ਰਾਹਤ ਕਾਰਜਾਂ ਵਿਚ ਜੁਟੇ ਰਹਿੰਦੇ ਹਨ ਪਰ ਡੀ. ਸੀ. ਸ੍ਰੀਮਤੀ ਸਾਹਨੀ ਆਪ ਅੱਗੇ ਹੋ ਕੇ ਆਪਣੀ ਟੀਮ ਦਾ ਸਾਥ ਲੈਂਦੇ ਹਨ ਤੇ ਉਹ ਪਹਿਲੀ ਅਧਿਕਾਰੀ ਹੈ ਜਿਸ ਨੇ ਸ਼ਾਇਦ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਦੌਰਾ ਕਰਨ ਮੌਕੇ ਪੈਰੀ ਜੁੱਤੀ ਵੀ ਪਾਈ ਹੋਵੇ। ਉਹ ਲੱਕ-ਲੱਕ ਪਾਣੀ 'ਚ ਆਮ ਤੁਰੀ ਫਿਰਦੀ ਹੈ ਕਦੇ ਟਰੈਕਟਰ ਤੇ ਕਦੇ ਕਿਸ਼ਤੀਆਂ 'ਤੇ ਸਵਾਰ ਹੋ ਕੇ ਉਹ ਪੀੜਤ ਲੋਕਾਂ ਦੇ ਘਰਾਂ ਤੱਕ ਪੁੱਜ ਕੇ ਰਾਹਤ ਸਮੱਗਰੀ ਤੇ ਹੋਰ ਇਮਦਾਦ ਵੰਡ ਰਹੀ ਹੈ। ਉਨ੍ਹਾਂ ਵਲੋਂ ਵਿਖਾਈ ਜਾ ਰਹੀ ਅਪਣਤ, ਕੀਤੀ ਜਾ ਰਹੀ ਮਿਹਨਤ ਅਤੇ ਹਮਦਰਦੀ ਦੇ ਪ੍ਰਗਟਾਵੇ ਦੀਆਂ ਗੱਲਾਂ ਘਰ-ਘਰ ਹੋਣ ਲੱਗੀਆਂ ਹਨ। ਮਾਝੇ ਦੇ ਬਹਾਦਰ ਲੋਕ ਔਰਤ ਜਾਤ ਦੀ ਇਜ਼ਤ ਕਰਨਾ ਜਾਣਦੇ ਹਨ ਤੇ ਵਡੇਰੀ ਉਮਰ ਦੇ ਲੋਕ ਉਨ੍ਹਾਂ ਵਿਚੋਂ ਆਪਣੀ ਧੀ ਅਤੇ ਛੋਟੀ ਉਮਰ ਦੇ ਲੋਕ ਉਨ੍ਹਾਂ ਵਿਚੋਂ ਆਪਣੇ ਭੈਣ ਨੂੰ ਵੇਖਦੇ ਹਨ। ਪਾਣੀ ਵਿਚ ਘਿਰੇ ਲੋਕ ਉਨ੍ਹਾਂ ਨੂੰ ਇੱਦਾਂ ਹੀ ਪਿਆਰ/ਸਤਿਕਾਰ ਦੇ ਰਹੇ ਹਨ। ਅਜਿਹਾ ਹੀ ਕੁਝ ਵਰਤਾਰਾ ਬਿਆਨ ਕਰ ਰਹੀ ਹੈ ਅਜਨਾਲੇ ਇਲਾਕੇ ਦੇ ਇਸ ਪਿੰਡ ਦੀ ਇਹ ਵੀਡੀਓ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਜਿਥੇ ਅੰਮ੍ਰਿਤਧਾਰੀ ਬਜ਼ੁਰਗ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਹਨੀ ਨੂੰ ਗਲਵਕੜੀ 'ਚ ਲੈ ਕੇ ਆਪਣੀ ਧੀ ਵਜੋਂ ਸਤਿਕਾਰ ਦੇ ਰਿਹਾ ਹੈ। ਰੱਬ ਦੀ ਰਜ਼ਾ ਵਿਚ ਮਸਤ ਇਹ ਅੰਮ੍ਰਿਤਧਾਰੀ ਪਰਿਵਾਰ ਹੜ ਕਾਰਨ ਘਰ ਛੱਡਣ ਨੂੰ ਤਿਆਰ ਨਹੀਂ ਸੀ ਤੇ ਡੀ. ਸੀ. ਉਨ੍ਹਾਂ ਨੂੰ ਘਰ ਛੱਡ ਕੇ ਸੁਰੱਖਿਅਤ ਥਾਂ 'ਤੇ ਜਾਣ ਲਈ ਜ਼ੋਰ ਪਾ ਰਹੀ ਹੈ।

## ਵਿਧਾਇਕ ਰਾਜਾ ਗਿੱਲ ਨੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ, ਕੇਂਦਰ ਤੋਂ ਵਿਸ਼ੇਸ਼ ਰਾਹਤ ਪੈਕੇਜ ਦੀ ਕੀਤੀ ਮੰਗ



ਚੰਡੀਗੜ੍ਹ: ਉੜਮੁੜ ਟਾਂਡਾ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਦੇ ਮੱਦੇਨਜ਼ਰ ਕੇਂਦਰ ਸਰਕਾਰ ਤੋਂ ਇੱਕ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕਰਦਿਆਂ ਇੱਕ ਮੰਗ ਪੱਤਰ ਸੌਂਪਿਆ ਹੈ।

ਆਪਣੇ ਪੱਤਰ ਵਿੱਚ, ਵਿਧਾਇਕ ਗਿੱਲ ਨੇ ਰਾਜਪਾਲ ਦਾ ਧਿਆਨ ਹੜ੍ਹਾਂ ਕਾਰਨ ਕਿਸਾਨਾਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਨੂੰ ਹੋਏ ਵੱਡੇ ਆਰਥਿਕ ਨੁਕਸਾਨ ਵੱਲ ਦਿਵਾਇਆ। ਉਨ੍ਹਾਂ ਕਿਹਾ ਕਿ ਫਸਲਾਂ ਦੀ ਪੂਰੀ ਤਰ੍ਹਾਂ ਤਬਾਹੀ, ਘਰਾਂ ਨੂੰ ਨੁਕਸਾਨ ਅਤੇ ਪਸ਼ੂਧਨ ਦੇ ਨੁਕਸਾਨ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਰਾਜ ਸਰਕਾਰ ਆਪਣੇ ਪੱਧਰ 'ਤੇ ਰਾਹਤ ਕਾਰਜ ਕਰ ਰਹੀ ਹੈ, ਪਰ ਨੁਕਸਾਨ ਇੰਨਾ ਜ਼ਿਆਦਾ ਹੈ ਕਿ ਇਸ ਦੀ ਭਰਪਾਈ ਲਈ ਕੇਂਦਰ ਸਰਕਾਰ ਦੇ ਦਖਲ ਦੀ ਸਖ਼ਤ ਲੋੜ ਹੈ।

ਵਿਧਾਇਕ ਰਾਜਾ ਗਿੱਲ ਨੇ ਜ਼ੋਰ ਦੇ ਕੇ ਕਿਹਾ, 'ਪੰਜਾਬ ਦੇ ਲੋਕਾਂ ਨੇ ਹਮੇਸ਼ਾ ਦੇਸ਼ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ, ਅਤੇ ਹੁਣ ਇਸ ਸੰਕਟ ਦੀ ਘੜੀ ਵਿੱਚ ਕੇਂਦਰ ਨੂੰ ਪੰਜਾਬ ਦਾ ਸਾਥ ਦੇਣਾ ਚਾਹੀਦਾ ਹੈ।' ਉਨ੍ਹਾਂ ਮੰਗ ਕੀਤੀ ਕਿ ਕੇਂਦਰੀ ਟੀਮਾਂ ਨੂੰ ਤੁਰੰਤ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲੈਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਦੇਰੀ ਦੇ ਇੱਕ ਵਿਆਪਕ ਵਿੱਤੀ ਪੈਕੇਜ ਜਾਰੀ ਕਰਨਾ ਚਾਹੀਦਾ ਹੈ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵਿਧਾਇਕ ਗਿੱਲ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਵਿਚਾਰਨਗੇ ਅਤੇ ਇਸ ਮਾਮਲੇ ਨੂੰ ਢੁਕਵੇਂ ਢੰਗ ਨਾਲ ਕੇਂਦਰ ਸਰਕਾਰ ਕੋਲ ਉਠਾਉਣਗੇ।

## 12,000 ਕਰੋੜ ਰੁਪਏ ਦੀ ਦੁਰਵਰਤੋਂ ਦੀ ਹੋਵੇ ਜਾਂਚ : ਅਕਾਲੀ ਦਲ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਕੋਲ ਪਏ ਕੁਦਰਤੀ ਆਫ਼ਤ ਫੰਡ ਦੇ 12,000 ਕਰੋੜ ਰੁਪਏ ਦੀ ਦੁਰਵਰਤੋਂ ਦੀ ਕੇਂਦਰੀ ਜਾਂਚ ਕਰਵਾਈ ਜਾਵੇ, ਕਿਉਂਕਿ ਵਿੱਤ ਮੰਤਰੀ ਹਰਪਾਲ ਚੀਮਾ ਨੇ ਦਾਅਵਾ ਕੀਤਾ ਹੈ ਕਿ ਸੂਬੇ ਕੋਲ ਅਜਿਹਾ ਕੋਈ ਪੈਸਾ ਹੀ ਨਹੀਂ ਪਿਆ। ਪਾਰਟੀ ਦੇ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬੀ ਜਾਨਣਾ ਚਾਹੁੰਦੇ ਹਨ ਕਿ 12,000 ਕਰੋੜ ਰੁਪਏ, ਜਿਸ ਦਾ ਜ਼ਿਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਕੱਲ੍ਹ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਦੌਰੇ ਵੇਲੇ ਵੀ ਕੀਤਾ, ਉਹ ਕਿਥੇ ਹਨ। ਉਨ੍ਹਾਂ ਕਿਹਾ ਕਿ ਇਹ ਪੈਸਾ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਤੇਜ਼ ਰਫ਼ਤਾਰ ਸਹਾਇਤਾ ਵਾਸਤੇ ਵਰਤਿਆ ਜਾਣਾ ਚਾਹੀਦਾ ਸੀ, ਜਦੋਂਕਿ ਹੁਣ ਸੂਬਾ ਦਾਅਵਾ ਕਰ ਰਿਹਾ ਹੈ ਕਿ ਉਸ ਕੋਲ ਇਹ ਪੈਸਾ ਹੈ ਹੀ ਨਹੀਂ। ਉਨ੍ਹਾਂ ਕਿਹਾ ਕਿ ਇਸ ਨਾਲ ਸਮੁੱਚੇ ਹੜ੍ਹ ਰਾਹਤ ਤੇ ਮੁੜ ਵਸੇਬਾ ਕਾਰਜ ਖ਼ਤਰੇ ਵਿਚ ਪੈ ਗਏ ਹਨ। ਉਨ੍ਹਾਂ ਕਿਹਾ ਕਿ ਇਕ ਜਾਂਚ ਜ਼ਰੂਰੀ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਕੀ ਕੁਦਰਤੀ ਆਫ਼ਤ ਐਕਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਹੋਈ ਹੈ ਅਤੇ ਕੀ ਇਹ ਪੈਸਾ ਆਪ ਸਰਕਾਰ ਨੇ ਦੁਰਵਰਤੋਂ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਹੈ ਤਾਂ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ ਅਤੇ ਦੋਸ਼ੀ ਖ਼ਿਲਾਫ਼ ਮਿਸਾਲੀ ਕਾਰਵਾਈ ਹੋਣੀ ਚਾਹੀਦੀ ਹੈ।

# ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਟਾਂਡਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ

**• ਕਿਹਾ, ਸੰਕਟ ਦੀ ਇਸ ਘੜੀ ਵਿਚ ਪੰਜਾਬ ਅਤੇ ਕੇਂਦਰ ਸਰਕਾਰ ਪੂਰੀ ਤਾਕਤ ਨਾਲ ਪ੍ਰਭਾਵਿਤ ਲੋਕਾਂ ਦੇ ਨਾਲ ਖੜ੍ਹੀ ਹੈ • ਪ੍ਰਭਾਵਿਤਾਂ ਨੂੰ ਹਰ ਸੰਭਵ ਮਦਦ ਦਾ ਦਿੱਤਾ ਭਰੋਸਾ**

ਟਾਂਡਾ/ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਟਾਂਡਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਮੌਕੇ 'ਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪਹਿਲਾਂ ਰੜਾ ਪੁਲ ਦਾ ਨਿਰੀਖਣ ਕੀਤਾ ਅਤੇ ਧੁੱਸੀ ਬੰਨ੍ਹ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਤੋਂ ਬਾਅਦ, ਉਹ ਪਿੰਡ ਮਿਆਣੀ ਦੇ ਸਰਕਾਰੀ ਹਾਈ ਸਕੂਲ ਵਿਚ ਸਥਾਪਿਤ ਰਾਹਤ ਕੈਂਪ ਪਹੁੰਚੇ, ਜਿਥੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਰਾਹਤ ਕਾਰਜਾਂ ਵਿਚ ਲੱਗੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਉਨ੍ਹਾਂ ਨੂੰ ਪੀ.ਪੀ.ਟੀ ਰਾਹੀਂ ਜ਼ਿਲ੍ਹੇ ਦੀ ਹੜ੍ਹਾਂ ਸਬੰਧੀ ਸਥਿਤੀ ਤੋਂ ਵਿਸਥਾਰ ਨਾਲ ਜਾਣੂ ਕਰਵਾਇਆ।





ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਪਾਲ ਕਟਾਰੀਆ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿਚ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪੂਰੀ ਤਾਕਤ ਨਾਲ ਪ੍ਰਭਾਵਿਤ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਪੰਜਾਬ ਸਰਕਾਰ ਦੀ ਪੂਰੀ ਟੀਮ ਦਿਨ-ਰਾਤ ਬਚਾਅ ਅਤੇ ਰਾਹਤ ਕਾਰਜਾਂ ਵਿਚ ਲੱਗੀ ਹੋਈ ਹੈ, ਉਥੇ ਕੇਂਦਰੀ ਖੇਤੀਬਾੜੀ ਮੰਤਰੀ ਅਤੇ ਕੇਂਦਰੀ ਟੀਮ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ 'ਤੇ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਡਰੇਨੇਜ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ। ਕੇਂਦਰ ਦੇ ਪ੍ਰਤੀਨਿਧੀ ਹੋਣ ਦੇ ਨਾਤੇ, ਉਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭੇਜੇ ਗਏ ਮੁਆਵਜ਼ੇ ਦੇ ਪ੍ਰਸਤਾਵਾਂ ਨੂੰ ਭਾਰਤ ਸਰਕਾਰ ਕੋਲ ਲੈ ਕੇ ਉਨ੍ਹਾਂ ਦੀ ਪ੍ਰਵਾਨਗੀ ਯਕੀਨੀ ਬਣਾਉਣਗੇ।

ਰਾਜਪਾਲ ਨੇ ਕਿਹਾ ਕਿ ਇਸ ਹੜ੍ਹ ਨੇ ਸੂਬੇ ਭਰ ਵਿਚ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਪ੍ਰਭਾਵਿਤ ਇਲਾਕਿਆਂ ਵਿੱਚ ਕੈਂਪਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਖਾਸ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ, ਜੋ ਕਿ ਪੌਂਗ ਡੈਮ ਤੋਂ ਛੱਡੇ ਗਏ ਪਾਣੀ ਕਾਰਨ ਪ੍ਰਭਾਵਿਤ ਹੋਇਆ ਹੈ, ਪ੍ਰਸ਼ਾਸਨ ਲਗਾਤਾਰ ਸਰਗਰਮ ਹੈ। ਇਸ ਵੇਲੇ ਜ਼ਿਲ੍ਹੇ ਵਿੱਚ ਪੰਜ ਰਾਹਤ ਕੈਂਪ ਚੱਲ ਰਹੇ ਹਨ, ਜਿੱਥੇ ਲਗਭਗ ਇੱਕ ਹਜ਼ਾਰ ਲੋਕ ਰਹਿ ਰਹੇ ਹਨ। ਵਿਧਾਇਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਦਿਨ-ਰਾਤ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਧੁੱਸੀ ਡੈਮ ਦੀ ਸੁਰੱਖਿਆ ਲਈ ਬਿਆਸ ਪੁਲ ਦੇ ਨੇੜੇ ਦੋਵੇਂ ਪਾਸੇ ਪੱਥਰਾਂ ਨੂੰ ਪਿੱਚ ਕਰਨ ਲਈ ਪ੍ਰਸਤਾਵ ਭੇਜਿਆ ਜਾਵੇਗਾ, ਤਾਂ ਜੋ ਭਵਿੱਖ ਵਿੱਚ ਕਟੌਤੀ ਦੀ ਸਮੱਸਿਆ ਤੋਂ ਰਾਹਤ ਮਿਲ ਸਕੇ। ਰਾਜਪਾਲ ਨੇ ਇਹ ਵੀ ਕਿਹਾ ਕਿ ਫਸਲਾਂ ਦੇ ਨੁਕਸਾਨ ਦੇ ਨਾਲ-ਨਾਲ, ਹੜ੍ਹਾਂ ਨਾਲ ਪ੍ਰਭਾਵਿਤ ਹੋਏ ਘਰਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲਾਭ ਦੇਣ ਲਈ ਪ੍ਰਸਤਾਵ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ, ਰਾਜਪਾਲ ਦੇ ਪ੍ਰਮੁੱਖ ਸਕੱਤਰ ਵੀ.ਪੀ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ ਸੰਦੀਪ ਕੁਮਾਰ ਮਲਿਕ, ਏ.ਡੀ.ਸੀ (ਵਿਕਾਸ) ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਪਰਮਪ੍ਰੀਤ ਸਿੰਘ, ਐਸ.ਪੀ ਡਾ. ਮੁਕੇਸ਼ ਅਤੇ ਹੋਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਮੌਜੂਦ ਸਨ।

# ਬਰਤਾਨਵੀ ਉਪ ਪ੍ਰਧਾਨ ਮੰਤਰੀ ਨੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਲੰਡਨ : ਬਰਤਾਨਵੀ ਉਪ ਪ੍ਰਧਾਨ ਮੰਤਰੀ ਐਂਜੇਲਾ ਰੇਨਰ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੂੰ ਇਹ ਇਕ ਵੱਡਾ ਝਟਕਾ ਹੈ। ਐਂਜੇਲਾ ਰੇਨਰ ਨੇ ਇਕ ਫਲੈਟ ਖ਼ਰੀਦਣ ਮੌਕੇ ਟੈਕਸ 'ਚ ਗਲਤੀ ਕੀਤੀ ਜਿਸ ਤੋਂ ਬਾਅਦ ਉਪ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ। 45 ਸਾਲਾ ਰੇਨਰ ਸਟਾਰਮਰ ਦੀ ਟੀਮ ਵਿੱਚੋਂ 8ਵੀਂ ਤੇ ਸਭ ਤੋਂ ਸੀਨੀਅਰ ਅਹੁਦੇ ਤੋਂ ਹਟਣ ਵਾਲੀ ਮੰਤਰੀ ਹੈ ਤੇ ਉਸ 'ਤੇ ਜਾਣਬੁੱਝ ਕੇ ਏਸੇਕਸ ਦੇ ਹੋਵ ਇਲਾਕੇ 'ਚ 8 ਲੱਖ ਪੌਂਡ ਦੇ ਖਰੀਦੇ ਫਲੈਟ ਦਾ ਸਹੀ ਟੈਕਸ ਦਰ ਦਾ ਭੁਗਤਾਨ ਕਰਨ ਤੋਂ ਬਚਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਰੇਨਰ ਨੇ ਸਟਾਰਮਰ ਨੂੰ ਲਿਖੀ ਆਪਣੀ ਚਿੱਠੀ 'ਚ ਕਿਹਾ ਕਿ ਮੈਨੂੰ ਵਾਧੂ ਮਾਹਰ ਟੈਕਸ ਸਲਾਹ ਨਾ ਲੈਣ ਦੇ ਆਪਣੇ ਫੈਸਲੇ 'ਤੇ ਬਹੁਤ ਅਫ਼ਸੋਸ ਹੈ, ਮੈਂ ਇਸ ਗਲਤੀ ਦੀ ਪੂਰੀ ਜ਼ਿੰਮੇਵਾਰੀ ਲੈਂਦੀ ਹਾਂ। ਸਟਾਰਮਰ ਨੇ ਜਵਾਬ 'ਚ ਕਿਹਾ ਕਿ ਉਹ ਬਹੁਤ ਦੁਖੀ ਸੀ ਕਿ ਸਰਕਾਰ ਵਿੱਚ ਉਸਦਾ ਸਮਾਂ ਇਸ ਤਰ੍ਹਾਂ ਖਤਮ ਹੋਇਆ। ਇੱਥੇ ਹੀ ਨਹੀਂ ਐਂਜੇਲਾ ਰੇਨਰ ਨੇ ਘਰੇਲੂ ਮੰਤਰਾਲਿਆਂ ਦੀ ਮੰਤਰੀ ਪਦ ਤੇ ਲੇਬਰ ਪਾਰਟੀ ਦੀ ਉਪ ਪ੍ਰਧਾਨਗੀ ਤੋਂ ਵੀ ਅਸਤੀਫਾ ਦੇ ਦਿੱਤਾ ਹੈ।

# ਸ. ਇੰਦਰਪਾਲ ਸਿੰਘ ਸੱਲ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੇ ਪ੍ਰਧਾਨ ਬਣੇ



ਲੰਡਨ : ਇੰਗਲੈਂਡ ਦੇ ਪੁਰਾਣੇ ਤੇ ਮਸ਼ਹੂਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੀਆਂ ਬੀਤੇ ਕੱਲ ਹੋਈਆਂ ਚੋਣਾਂ 'ਚ ਇੰਦਰਪਾਲ ਸਿੰਘ ਸੱਲ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਇਹਨਾਂ ਚੋਣਾਂ ਦਾ ਪ੍ਰਬੰਧ ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ ਕੀਤਾ ਗਿਆ ਸੀ, ਚੋਣ ਕਮੇਟੀ ਦੇ ਚੇਅਰ ਸ਼ੇਖ਼ਰ ਸਿੰਘ ਗੁਰੂ ਨੇ ਚੋਣਾਂ ਤੋਂ ਉਪਰੰਤ ਸਾਲ 2025-2027 ਲਈ ਬਾਜ਼ ਗਰੁੱਪ ਦੇ ਇੰਦਰਪਾਲ ਸਿੰਘ ਸੱਲ ਦੇ ਮੁੱਖ ਸੇਵਾਦਾਰ ਚੁਣੇ ਜਾਣ ਦਾ ਐਲਾਨ ਕੀਤਾ। ਉਹਨਾਂ ਦੱਸਿਆ ਕਿ ਕੁੱਲ ਵੋਟਾਂ 3535 ਪਈਆਂ ਸਨ, ਜਿਹਨਾਂ 'ਚੋਂ 19 ਬੈਲਟ ਪੇਪਰ ਰੱਦ ਹੋਏ, 9 ਪ੍ਰਾਪਤ ਨਹੀਂ ਹੋਏ। ਕੁੱਲ 3516 ਅਧਿਕਾਰਤ ਵੋਟਾਂ 'ਚੋਂ ਇੰਦਰਪਾਲ ਸਿੰਘ ਸੱਲ ਨੂੰ 2087 ਵੋਟਾਂ ਤੇ ਸੁਖਦੇਵ ਸਿੰਘ ਨੂੰ 1429 ਵੋਟਾਂ ਮਿਲੀਆਂ ਹਨ। ਉਪਰੰਤ ਕੌਂਸਲ ਦੇ ਬਲਦੇਵ ਸਿੰਘ ਬੈਂਸ, ਗੁਰੂ ਘਰ ਦੇ ਸੇਵਾਮੁਕਤ ਹੋ ਰਹੇ ਪ੍ਰਧਾਨ ਅਜੈਬ ਸਿੰਘ ਚੀਮਾ, ਦਵਿੰਦਰ ਸਿੰਘ ਭਿੰਡਾ ਮੁਠੱਡਾ, ਜਗਦੇਵ ਸਿੰਘ ਵਿਰਦੀ ਆਦਿ ਨੇ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਸਿੱਖ ਸੰਗਤਾਂ ਨੂੰ ਨਵੀਂ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਣ ਲਈ ਕਿਹਾ।

# ਕੌਣ ਦੇਊ ਢੋਈ: ਰੁੜ੍ਹ ਗਏ ਰੈਣ ਬਸੇਰੇ !

## ਸੂਬੇ ਦਾ ਆਖ਼ਰੀ ਪਿੰਡ ਟੇਂਡੀਵਾਲਾ ਬਣਿਆ ਟਾਪੂ

ਚੰਡੀਗੜ੍ਹ : ਪੰਜਾਬ ਦੇ ਹੜ੍ਹਾਂ 'ਚ ਸੱਧਰਾਂ ਹੀ ਨਹੀਂ, ਉਮੀਦਾਂ ਦੇ ਘਰ ਵੀ ਢਹਿ-ਢੇਰੀ ਹੋ ਰਹੇ ਹਨ। ਘਰ ਰੁੜ੍ਹ ਗਏ, ਖੇਤ ਵਹਿ ਗਏ, ਪਿੱਛੇ ਬਚੀ ਇਕੱਲੀ ਜ਼ਿੰਦਗੀ, ਜਿਸ ਨੂੰ ਦੁੱਖਾਂ ਦੀ ਵਹਿੰਗੀ ਚੁੱਕਣੀ ਪੈ ਰਹੀ ਹੈ। ਪੰਜਾਬ ਦਾ ਆਖ਼ਰੀ ਪਿੰਡ ਟੇਂਡੀਵਾਲਾ, ਇੱਕ ਪਾਸੇ ਕੰਡਿਆਲੀ ਤਾਰ, ਦੂਸਰੇ ਪਾਸੇ ਸਤਲੁਜ, ਚਾਰ ਚੁਫੇਰੇ ਪਾਣੀ ਹੀ ਪਾਣੀ। ਸਤਲੁਜ ਨੇ ਪਹਿਲਾਂ ਜ਼ਮੀਨਾਂ ਲਪੇਟ 'ਚ ਲਈਆਂ ਅਤੇ ਹੁਣ ਪਿੰਡ ਦੀ ਵਾਰੀ ਹੈ। ਸਭ ਨਿਆਣੇ-ਸਿਆਣੇ ਗਠੜੀਆਂ ਚੁੱਕ ਰਾਹਤ ਕੈਂਪਾਂ 'ਚ ਜਾ ਪਹੁੰਚੇ ਹਨ।

ਫ਼ਿਰੋਜ਼ਪੁਰ ਦੇ ਇਸ ਪਿੰਡ 'ਚ ਹੜ੍ਹਾਂ ਨੇ ਜ਼ਿੰਦਗੀ ਨੂੰ ਵਿਸ਼ਰਾਮ ਚਿੰਨ੍ਹ ਲਾ ਦਿੱਤਾ ਹੈ। ਚੜ੍ਹ ਰਹੇ ਦਰਿਆ ਦੇ ਡਰੋਂ ਲੋਕ ਆਪੋ-ਆਪਣੇ ਘਰ ਢਾਹੁਣ ਲੱਗ ਪਏ ਹਨ। ਨੌਜਵਾਨ ਬਲਬੀਰ ਸਿੰਘ ਆਖਦਾ ਹੈ ਕਿ ਡੁੱਬਦਾ ਆਦਮੀ ਕੀ ਨਹੀਂ ਕਰਦਾ। ਉਹ ਦੱਸਦਾ ਹੈ ਕਿ ਪਿੰਡ 'ਚ 254 ਘਰ ਹਨ ਅਤੇ ਦਸ ਦੇ ਕਰੀਬ ਘਰ ਮਲਬਾ ਬਣ ਗਏ ਹਨ। ਬਾਕੀ ਘਰਾਂ ਨੂੰ ਲੋਕ ਖ਼ੁਦ ਢਾਹ ਰਹੇ ਹਨ ਤਾਂ ਜੋ ਮਿਹਨਤ-ਮੁਸ਼ੱਕਤ ਨਾਲ ਬਣਾਏ ਘਰ ਦੀ ਆਖ਼ਰੀ ਨਿਸ਼ਾਨੀ ਇੱਟਾਂ ਨੂੰ ਬਚਾ ਸਕਣ। ਪਿੰਡ ਦੀ ਔਰਤ ਸਮਿੱਤਰੀ ਦੇਵੀ ਦੀਆਂ ਅੱਖਾਂ 'ਚ ਹੰਝੂ ਸਨ ਤੇ ਸਾਹਮਣੇ ਉਸ ਦਾ ਘਰ ਢਹਿ-ਢੇਰੀ ਹੋ ਰਿਹਾ ਸੀ। ਉਹ ਦੱਸਦੀ ਹੈ ਕਿ ਕਿਵੇਂ ਇੱਕ-ਇੱਕ ਪੈਸਾ ਜੋੜ ਕੇ ਛੱਤ ਨਸੀਬ ਹੋਈ ਸੀ। ਨੰਬਰਦਾਰ ਮਿੱਠਾ ਸਿੰਘ ਦੀ ਜ਼ਮੀਨ ਪਾਣੀ 'ਚ ਵਹਿ ਗਈ ਤੇ ਘਰ ਮਲਬਾ ਹੋ ਗਿਆ ਹੈ। ਇਸ ਪਿੰਡ ਦਾ ਮੰਜ਼ਰ ਦੇਖ ਕੇ ਲੱਗਦਾ ਹੈ ਕਿ ਜਿਵੇਂ ਇਹ ਲੋਕ ਜ਼ਿੰਦਗੀ ਦੇ ਉੱਤਰੀ ਧੁਰ 'ਤੇ ਹੋਣ।

ਬਲਵਿੰਦਰ ਸਿੰਘ ਆਖਦਾ ਹੈ, 'ਸਾਡੇ ਕਰਮੀਂ ਤਾਂ ਨਿੱਤ ਦਾ ਉਜਾੜਾ ਲਿਖਿਐ।' ਜਸਵੰਤ ਸਿੰਘ ਦੱਸਦਾ ਹੈ ਕਿ ਪਿੰਡ ਦੇ ਲੋਕਾਂ ਨੇ ਖ਼ੁਦ ਇੱਕ ਬੇੜਾ ਖ਼ਰੀਦਿਆ ਸੀ। ਸਰਕਾਰ ਨੇ ਹਾਲੇ ਤੱਕ ਕੋਈ ਸਾਰ ਨਹੀਂ ਲਈ। ਪਿੰਡ ਚਾਰੇ ਪਾਸਿਓਂ ਕੱਟਿਆ ਗਿਆ ਹੈ ਅਤੇ ਅਦਾਕਾਰ ਸਲਮਾਨ ਖਾਨ ਵੱਲੋਂ ਬਿਨਾਂ ਇੰਜਣ ਵਾਲੀ ਭੇਜੀ ਕਿਸ਼ਤੀ ਕਿਸੇ ਕੰਮ ਨਹੀਂ ਆ ਰਹੀ। ਪੰਜਾਬ ਦਾ ਇਹ ਪਹਿਲਾਂ ਪਿੰਡ ਹੈ ਜੋ ਹੜ੍ਹਾਂ 'ਚ ਡੁੱਬਿਆ ਹੋਇਆ ਉੱਜੜ ਰਿਹਾ ਹੈ। ਪਿੰਡ ਵਾਲੇ ਆਖਦੇ ਹਨ ਕਿ ਹੁਣ ਸਿਰ ਤੋਂ ਪਾਣੀ ਲੰਘ ਗਿਆ ਹੈ। ਸਮੁੱਚੇ ਪੰਜਾਬ 'ਚ ਹੜ੍ਹ ਮਨੁੱਖੀ ਜਾਨਾਂ ਲੈ ਰਹੇ ਹਨ, ਤੇਜ਼ ਪਾਣੀ ਪਸ਼ੂ ਧਨ ਨੂੰ ਹੂੰਝ ਰਿਹਾ ਹੈ ਅਤੇ ਆਸ਼ਿਆਨੇ ਤੀਲਾ ਤੀਲਾ ਹੋ ਰਹੇ ਹਨ। ਇਕੱਲੇ ਕੱਚੇ ਘਰ ਹੀ ਨਹੀਂ, ਪੱਕੇ ਘਰ ਵੀ ਹੜ੍ਹਾਂ ਦਾ ਹੱਲਾ ਝੱਲ ਨਹੀਂ ਸਕੇ। ਕੋਈ ਪਿੰਡ ਨਹੀਂ ਬਚਿਆ, ਜਿੱਥੇ ਕਿਤੇ ਘਰ ਦੀ ਛੱਤ ਨਾ ਡਿੱਗੀ ਹੋਵੇ। ਜਦੋਂ ਵੀ ਹੜ੍ਹ ਆਉਂਦੇ ਹਨ, ਦਰਿਆਵਾਂ ਕੰਢੇ ਵਸੇ ਪਿੰਡਾਂ ਦੇ ਲੋਕ ਦੁੱਖਾਂ ਦੀ ਝਾਕੀ ਬਣ ਜਾਂਦੇ ਹਨ। ਫਿਰ ਮੁੜਦੇ ਹਨ ਇੱਕ ਆਸ ਨਾਲ, ਡਿੱਗਣਾ ਤੇ ਡਿੱਗ ਕੇ ਚੱਲਣਾ, ਇਹੋ ਇਨ੍ਹਾਂ ਦੀ ਜ਼ਿੰਦਗੀ ਹੈ। ਫ਼ਿਰੋਜ਼ਪੁਰ ਦੇ ਸਤਲੁਜ ਤੋਂ ਪਾਰ ਪੈਂਦੇ ਪਿੰਡ ਕਾਲੂਵਾਲਾ ਨੂੰ ਔਰਤਾਂ ਅਤੇ ਬੱਚੇ ਛੱਡ ਚੁੱਕੇ ਹਨ। ਦਰਜਨਾਂ ਘਰ ਪਾਣੀ 'ਚ ਰੁੜ੍ਹ ਗਏ ਹਨ । ਇਸ ਪਿੰਡ ਦੇ ਨਿਸ਼ਾਨ ਸਿੰਘ ਦੇ ਘਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ ਹੈ। ਘਰਾਂ 'ਚ ਸਿਰਫ਼ ਕੁੱਝ ਬੰਦੇ ਬਚੇ ਹਨ, ਜੋ ਜ਼ਿੰਦਗੀ ਨਾਲ ਹੱਥੋਪਾਈ ਹੋ ਰਹੇ ਹਨ। ਡੀ ਟੀ ਐੱਫ ਦੇ ਆਗੂ ਮਲਕੀਤ ਸਿੰਘ ਹਰਾਜ ਤੇ ਸਰਬਜੀਤ ਸਿੰਘ ਭਾਵੜਾ ਪਿੰਡ ਟੇਂਡੀਵਾਲਾ 'ਚ ਰਾਸ਼ਨ ਤੇ ਪਸ਼ੂਆਂ ਲਈ ਚਾਰਾ ਪਹੁੰਚਾ ਰਹੇ ਹਨ।




ਰਾਵੀ ਦਰਿਆ ਦਾ ਪਾਣੀ ਪਿੰਡ ਘੋਨੇਵਾਲ ਅਤੇ ਮਾਛੀਵਾਹਲਾ 'ਚ ਹਾਲੇ ਵੀ ਕਈ ਕਈ ਫੁੱਟ ਪਾਣੀ ਖੜ੍ਹਾ ਹੈ। ਦਰਜਨਾਂ ਘਰ ਇਸ ਦੀ ਲਪੇਟ 'ਚ ਆ ਚੁੱਕੇ ਹਨ। ਡੇਰਾ ਬਾਬਾ ਨਾਨਕ ਤੇ ਪਠਾਨਕੋਟ 'ਚ ਸੈਂਕੜੇ ਪੱਕੇ ਘਰ ਵੀ ਡਿੱਗ ਗਏ ਹਨ। ਇਨ੍ਹਾਂ ਦੀ ਜ਼ਿੰਦਗੀ 'ਚ ਨਿੱਤ ਪੱਤਝੜ ਆਉਂਦਾ ਹੈ। ਗੈਰ-ਸਰਕਾਰੀ ਅੰਕੜਾ ਸੂਬੇ 'ਚ ਹਜ਼ਾਰਾਂ ਘਰਾਂ ਦੇ ਮਿੱਟੀ ਹੋਣ ਦੀ ਗੱਲ ਕਰਦਾ ਹੈ, ਜਦਕਿ ਪੰਜਾਬ ਸਰਕਾਰ ਦੀ ਰਿਪੋਰਟ ਪੱਧਰੀ ਨਹੀਂ ਜਾਪਦੀ ਹੈ। ਪੰਜਾਬ ਸਰਕਾਰ ਅਨੁਸਾਰ ਸੂਬੇ 'ਚ ਹੁਣ ਤੱਕ ਹੜ੍ਹਾਂ ਤੇ ਮੀਂਹ ਨਾਲ 4784 ਘਰ ਪ੍ਰਭਾਵਿਤ ਹੋਏ ਹਨ। ਪੰਜਾਬ 'ਚ 569 ਕੱਚੇ ਘਰ ਅਤੇ 478 ਪੱਕੇ ਘਰ ਪੂਰੀ ਤਰ੍ਹਾਂ ਮਲਬਾ ਬਣ ਚੁੱਕੇ ਹਨ, ਜਦਕਿ 1035 ਕੱਚੇ ਪੱਕੇ ਘਰ ਕਾਫ਼ੀ ਨੁਕਸਾਨੇ ਗਏ ਹਨ। 2702 ਘਰਾਂ ਦਾ ਅੱਧਾ ਨੁਕਸਾਨ ਹੋਇਆ ਹੈ। ਪਿੰਡਾਂ ਦੇ ਹਾਲ ਦੇਖ ਜਾਪਦਾ ਹੈ ਕਿ ਸਰਕਾਰੀ ਮਦਦ ਇਨ੍ਹਾਂ ਘਰਾਂ ਨੂੰ ਮੁੜ ਖੜ੍ਹਾ ਨਹੀਂ ਕਰ ਸਕੇਗੀ।

# ਹਾਕੀ 'ਚ ਭਾਰਤ ਬਣਿਆ ਏਸ਼ੀਆ ਚੈਂਪੀਅਨ

## ਦੱਖਣੀ ਕੋਰੀਆ ਨੂੰ 4-1 ਨਾਲ ਹਰਾਇਆ

ਰਾਜਗੀਰ (ਬਿਹਾਰ) : ਬਿਹਾਰ ਦੇ ਰਾਜਗੀਰ ਸਪੋਰਟਸ ਕੰਪਲੈਕਸ ਵਿਖੇ ਹਾਕੀ ਏਸ਼ੀਆ ਕੱਪ 2025 ਦੇ ਫਾਈਨਲ ਮੁਕਾਬਲੇ 'ਚ ਭਾਰਤ ਨੇ ਦੱਖਣੀ ਕੋਰੀਆ ਨੂੰ 4-1 ਨਾਲ ਹਰਾਇਆ। ਇਸ ਜਿੱਤ ਨਾਲ ਭਾਰਤ ਅਗਲੇ ਸਾਲ ਹੋਣ ਵਾਲੇ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕਰ ਗਿਆ। ਕਪਤਾਨ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਮੈਚ ਦੇ ਪਹਿਲੇ ਹੀ ਮਿੰਟ 'ਚ ਗੋਲ ਕਰਦੇ ਹੋਏ ਆਪਣੀ ਲੀਡ ਦਰਜ ਕੀਤੀ। ਸੁਖਜੀਤ ਸਿੰਘ ਨੇ ਕਪਤਾਨ ਹਰਮਨਪ੍ਰੀਤ ਸਿੰਘ ਦੇ ਮਿਡ-ਲਾਈਨ ਤੋਂ ਪਾਸ ਨੂੰ ਗੋਲ 'ਚ ਬਦਲ ਕੇ ਭਾਰਤ ਨੂੰ ਲੀਡ ਦਿਵਾਈ। ਸੁਖਜੀਤ ਦੇ ਫੀਲਡ ਗੋਲ ਨੇ ਭਾਰਤ ਨੂੰ 1-0 ਨਾਲ ਅੱਗੇ ਕਰ ਦਿੱਤਾ। ਪਹਿਲੇ ਹੀ ਮਿੰਟ 'ਚ ਗੋਲ ਹੋਣ ਤੋਂ ਬਾਅਦ ਦੱਖਣੀ ਕੋਰੀਆ ਨੇ ਟੀਮ ਇੰਡੀਆ 'ਤੇ ਦਬਾਅ ਬਣਾਉਣ ਦੀ ਵੀ ਕੋਸ਼ਿਸ਼ ਕੀਤੀ। ਕੋਰੀਆਈ ਟੀਮ ਪੈਨਲਟੀ ਕਾਰਨਰ ਨਹੀਂ ਲੈ ਸਕੀ, ਪਰ ਖਿਡਾਰੀ ਲਗਾਤਾਰ ਗੇਂਦ ਨੂੰ ਭਾਰਤ ਦੇ ਗੋਲਪੋਸਟ ਦੇ ਨੇੜੇ ਲੈ ਕੇ ਆਉਂਦੇ ਰਹੇ। ਪਹਿਲੇ ਕੁਆਰਟਰ ਦੇ 9ਵੇਂ ਮਿੰਟ 'ਚ ਭਾਰਤੀ ਟੀਮ ਨੂੰ ਪੈਨਲਟੀ ਸਟ ?ਰੋਕ ਮਿਲਿਆ। ਹਾਲਾਂਕਿ, ਜੁਗਰਾਜ ਸਿੰਘ ਸਟ ?ਰੋਕ 'ਤੇ ਗੋਲ ਕਰਨ 'ਚ ਅਸਫ਼ਲ ਰਿਹਾ। ਪਹਿਲਾ ਕੁਆਰਟਰ ਖ਼ਤਮ ਹੋਣ ਤੋਂ ਬਾਅਦ, ਭਾਰਤ 1-0 ਨਾਲ ਅੱਗੇ ਸੀ। 2 ਮਿੰਟ ਦੇ ਬ੍ਰੇਕ ਤੋਂ ਬਾਅਦ, ਦੂਜਾ ਕੁਆਰਟਰ ਦੀ ਸ਼ੁਰੂਆਤ 'ਚ ਤੀਜੇ ਮਿੰਟ 'ਤੇ ਜੁਗਰਾਜ ਸਿੰਘ ਨੂੰ ਗ੍ਰੀਨ ਕਾਰਡ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਉਸ ਨੂੰ 2 ਮਿੰਟ ਦੀ ਮੁਅੱਤਲੀ ਮਿਲੀ। ਦੂਜੇ ਕੁਆਰਟਰ ਦੇ ਪਹਿਲੇ 10 ਮਿੰਟਾਂ 'ਚ, ਦੋਵੇਂ ਟੀਮਾਂ ਗੋਲ ਨਹੀਂ ਕਰ ਸਕੀਆਂ। ਭਾਰਤ ਨੂੰ ਪੈਨਲਟੀ ਕਾਰਨਰ ਮਿਲਿਆ, ਪਰ ਦੱਖਣੀ ਕੋਰੀਆ ਵੱਲੋਂ ਰਿਵਿਊ ਲੈਣ ਤੋਂ ਬਾਅਦ ਉਹ ਫੈਸਲਾ ਬਦਲ ਦਿੱਤਾ ਗਿਆ। ਇਸ ਤਰ੍ਹਾਂ, ਦੋਵੇਂ ਟੀਮਾਂ ਗੋਲ ਕਰਨ ਦਾ ਮੌਕਾ ਨਹੀਂ ਬਣਾ ਸਕੀਆਂ। ਦੂਜੇ ਕੁਆਰਟਰ ਦੌਰਾਨ 28ਵੇਂ ਮਿੰਟ 'ਚ ਦਿਲਪ੍ਰੀਤ ਸਿੰਘ ਨੇ ਫੀਲਡ ਗੋਲ ਕੀਤਾ ਤੇ ਭਾਰਤ ਨੂੰ 2-0 ਦੀ ਲੀਡ ਦਿਵਾਈ।

ਸੰਜੇ ਨੇ ਕੋਰੀਆਈ ਗੋਲਪੋਸਟ ਦੇ ਨੇੜੇ ਗੇਂਦ ਪਾਸ ਕੀਤੀ, ਦਿਲਪ੍ਰੀਤ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਗੋਲ ਕੀਤਾ। ਭਾਰਤ ਨੇ ਦੋਵਾਂ ਕੁਆਰਟਰਾਂ 'ਚ 1-1 ਗੋਲ ਕੀਤੇ ਤੇ 2-0 ਦੀ ਲੀਡ ਹਾਸਲ ਕੀਤੀ। ਤੀਜੇ ਕੁਆਰਟਰ ਦੇ ਆਖਰੀ ਮਿੰਟ 'ਚ ਦਿਲਪ੍ਰੀਤ ਨੇ ਆਪਣਾ ਦੂਜਾ ਫੀਲਡ ਗੋਲ ਕੀਤਾ। ਰਾਜਕੁਮਾਰ ਪਾਲ ਨੇ ਉਸਨੂੰ ਗੋਲਪੋਸਟ ਦੇ ਨੇੜੇ ਪਾਸ ਕੀਤਾ ਸੀ, ਦਿਲਪ੍ਰੀਤ ਨੇ ਮੌਕੇ ਦਾ ਫਾਇਦਾ ਉਠਾਇਆ ਤੇ ਇਕ ਆਸਾਨ ਗੋਲ ਕੀਤਾ। ਇਸ ਨਾਲ ਭਾਰਤ 3-0 ਨਾਲ ਅੱਗੇ ਹੋ ਗਿਆ। ਚੌਥੇ ਕੁਆਰਟਰ ਦੀ ਸ਼ੁਰੂਆਤ 'ਚ ਟੀਮ ਇੰਡੀਆ ਡਿਫੈਂਸ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਦੇ ਨਾਲ ਹੀ, ਦੱਖਣੀ ਕੋਰੀਆ ਵਾਪਸੀ ਲਈ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ। ਚੌਥੇ ਕੁਆਰਟਰ 'ਚ ਭਾਰਤ ਵੱਲੋਂ ਅਮਿਤ ਰੋਹਿਦਾਸ ਨੇ ਗੋਲ ਕੀਤਾ। ਭਾਰਤ ਨੂੰ 50ਵੇਂ ਮਿੰਟ 'ਚ ਪੈਨਲਟੀ ਕਾਰਨਰ ਮਿਲਿਆ। ਰੋਹਿਦਾਸ ਨੇ ਮੌਕੇ ਦਾ ਫਾਇਦਾ ਉਠਾਇਆ ਤੇ ਮੈਚ 'ਚ ਆਪਣਾ ਪਹਿਲਾ ਗੋਲ ਕੀਤਾ। ਇਸੇ ਕੁਆਰਟਰ ਦੇ 6ਵੇਂ ਮਿੰਟ 'ਚ, ਦੱਖਣੀ ਕੋਰੀਆ ਨੂੰ ਪੈਨਲਟੀ ਕਾਰਨਰ ਮਿਲਿਆ। ਕੋਰੀਆ ਵੱਲੋਂ ਡਿਊਨ ਸੋਨ ਨੇ ਮੌਕੇ ਦਾ ਫਾਇਦਾ ਉਠਾਇਆ ਤੇ ਟੀਮ ਵੱਲੋਂ ਪਹਿਲਾ ਗੋਲ ਕੀਤਾ। ਹਾਲਾਂਕਿ, ਇਸ ਗੋਲ ਦੇ ਬਾਵਜੂਦ, ਟੀਮ ਇੰਡੀਆ 4-1 ਨਾਲ ਅੱਗੇ ਰਹੀ। ਚੌਥੇ ਕੁਆਰਟਰ ਦੇ 12ਵੇਂ ਮਿੰਟ 'ਚ ਦੱਖਣੀ ਕੋਰੀਆ ਨੂੰ ਇਕ ਹੋਰ ਪੈਨਲਟੀ ਕਾਰਨਰ ਮਿਲਿਆ। ਕੋਰੀਆਈ ਖਿਡਾਰੀਆਂ ਨੇ ਗੋਲ ਕਰਨ ਦੀ ਕੋਸ਼ਿਸ਼ ਕੀਤੀ ਪਰ ਭਾਰਤ ਦੇ ਅਮਿਤ ਰੋਹਿਦਾਸ ਨੇ ਸ਼ਾਨਦਾਰ ਬਚਾਅ ਕੀਤਾ ਅਤੇ ਗੋਲ ਨਹੀਂ ਹੋਣ ਦਿੱਤਾ। ਅੱਜ ਹਾਕੀ ਏਸ਼ੀਆ ਕੱਪ ਦਾ ਫਾਈਨਲ ਦੀ ਸਮਾਪਤੀ 'ਤੇ ਭਾਰਤ ਨੇ ਮੈਚ 4-1 ਦੇ ਫਰਕ ਨਾਲ ਜਿੱਤ ਲਿਆ ਹੈ। ਇਹ ਭਾਰਤ ਦਾ ਚੌਥਾ ਏਸ਼ੀਆ ਕੱਪ ਖਿਤਾਬ ਹੈ, ਜਿਸਨੇ ਪਹਿਲਾਂ 2003, 2007 ਅਤੇ 2017 'ਚ ਇਹ ਟੂਰਨਾਮੈਂਟ ਜਿੱਤਿਆ ਸੀ। ਇਸ ਜਿੱਤ ਨਾਲ ਭਾਰਤ 2026 ਹਾਕੀ ਵਿਸ਼ਵ ਕੱਪ ਲਈ ਸਿੱਧੇ ਤੌਰ 'ਤੇ ਕੁਆਲੀਫਾਈ ਕਰ ਗਿਆ ਹੈ। ਅਗਲਾ ਵਿਸ਼ਵ ਕੱਪ 14-30 ਅਗਸਤ, 2026 ਤੱਕ ਬੈਲਜੀਅਮ ਤੇ ਨੀਦਰਲੈਂਡ 'ਚ ਹੋਵੇਗਾ।









# ਹਾਕੀ ਟੀਮ ਦੀ ਜਿੱਤ ਦੇ ਅਰਥ

ਜੇਕਰ ਭਾਰਤੀ ਖੇਡਾਂ ਦੇ ਇਤਿਹਾਸ 'ਤੇ ਇਕ ਝਾਤ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਦੇਸ਼ ਵਿਚ ਦਹਾਕਿਆਂ ਤੱਕ ਹਾਕੀ ਇਕ ਬੇਹੱਦ ਮਕਬੂਲ ਖੇਡ ਰਹੀ ਹੈ। ਖ਼ਾਸ ਕਰਕੇ ਦੇਸ਼ ਦੀ ਵੰਡ ਤੋਂ ਪਹਿਲਾਂ ਤਾਂ ਵਿਸ਼ਵ ਪੱਧਰ 'ਤੇ ਹੀ ਹਾਕੀ ਨੂੰ ਭਾਰਤ ਦੀ ਹੀ ਖੇਡ ਸਮਝਿਆ ਜਾਂਦਾ ਸੀ। ਇਸ ਸੰਦਰਭ ਵਿਚ ਧਿਆਨ ਚੰਦ ਦਾ ਨਾਂਅ ਅੱਜ ਵੀ ਬੇਹੱਦ ਸਨਮਾਨ ਨਾਲ ਲਿਆ ਜਾਂਦਾ ਹੈ। ਹਾਕੀ ਵਿਚ ਆਰੰਭ ਤੋਂ ਲੈ ਕੇ ਅਜੋਕੇ ਸਮੇਂ ਵਿਚ ਵੀ ਪੰਜਾਬ ਦੇ ਖਿਡਾਰੀਆਂ ਦੀ ਵਿਸ਼ੇਸ਼ ਦਿਲਚਸਪੀ ਰਹੀ ਹੈ ਅਤੇ ਇਸੇ ਕਰਕੇ ਭਾਰਤੀ ਹਾਕੀ ਟੀਮ ਵਿਚ ਵੱਡੀ ਗਿਣਤੀ 'ਚ ਪੰਜਾਬੀ ਖਿਡਾਰੀ ਸ਼ਾਮਿਲ ਹੁੰਦੇ ਰਹੇ ਹਨ। ਭਾਰਤੀ ਹਾਕੀ ਟੀਮ ਵਿਚ ਜਿਨ੍ਹਾਂ ਪੰਜਾਬੀ ਖਿਡਾਰੀਆਂ ਨੇ ਆਪਣੇ ਸਮੇਂ ਵਿਚ ਬਿਹਤਰ ਖੇਡ ਦਿਖਾਈ ਹੈ, ਉਨ੍ਹਾਂ ਵਿਚ ਬਲਬੀਰ ਸਿੰਘ ਸੀਨੀਅਰ, ਅਜੀਤ ਪਾਲ ਸਿੰਘ, ਸੁਰਜੀਤ ਸਿੰਘ, ਪ੍ਰਿਥੀਪਾਲ ਸਿੰਘ, ਊਧਮ ਸਿੰਘ ਤੇ ਪ੍ਰਗਟ ਸਿੰਘ ਆਦਿ ਸ਼ਾਮਿਲ ਹਨ। ਅਜੋਕੀ ਹਾਕੀ ਟੀਮ ਵਿਚ ਵੀ 10 ਪੰਜਾਬੀ ਖਿਡਾਰੀ ਖੇਡ ਰਹੇ ਹਨ। ਪਰ ਭਾਰਤ ਹਾਕੀ ਦੀ ਖੇਡ ਵਿਚ ਵਿਸ਼ਵ ਪੱਧਰ 'ਤੇ ਆਪਣਾ ਦਬਦਬਾ ਨਿਰੰਤਰ ਬਣਾ ਕੇ ਨਹੀਂ ਰੱਖ ਸਕਿਆ। ਇਸ ਦੀ ਥਾਂ 'ਤੇ ਹੌਲ਼ੀ-ਹੌਲ਼ੀ ਦੇਸ਼ ਵਿਚ ਕ੍ਰਿਕਟ ਦੀ ਖੇਡ ਮਕਬੂਲ ਹੁੰਦੀ ਗਈ ਤੇ ਉਸ ਨੂੰ ਵਪਾਰਕ ਅਤੇ ਸਨਅਤੀ ਖੇਤਰਾਂ ਦਾ ਵੀ ਵੱਡਾ ਸਮਰਥਨ ਮਿਲਣ ਲੱਗ ਪਿਆ ਹੈ। ਅੱਜ ਕ੍ਰਿਕਟ ਦੀ ਖੇਡ ਵਿਚ ਵਿਸ਼ਵ ਪੱਧਰ 'ਤੇ ਭਾਰਤ ਦੀ ਟੀਮ ਦੀ ਵਿਸ਼ੇਸ਼ ਪਹਿਚਾਣ ਹੈ। ਬਿਨਾਂ ਸ਼ੱਕ ਇਸ ਨੂੰ ਵੀ ਭਾਰਤ ਦੀ ਵੱਡੀ ਗਿਣਤੀ ਵਿਚ ਆਬਾਦੀ, ਖ਼ਾਸ ਕਰ ਕੇ ਨੌਜਵਾਨ ਕਾਫੀ ਪਸੰਦ ਕਰਦੇ ਹਨ।

ਪਰ ਹੌਲ਼ੀ-ਹੌਲ਼ੀ ਹੁਣ ਭਾਰਤ ਦੀ ਹਾਕੀ ਟੀਮ ਇਕ ਵਾਰ ਫਿਰ ਨਾ ਕੇਵਲ ਦੇਸ਼ ਵਿਚ, ਸਗੋਂ ਕੌਮਾਂਤਰੀ ਮੰਚ 'ਤੇ ਵੀ ਦੁਬਾਰਾ ਤੋਂ ਆਪਣੀ ਵਿਸ਼ੇਸ਼ ਪਛਾਣ ਬਣਾਉਂਦੀ ਨਜ਼ਰ ਆ ਰਹੀ ਹੈ। ਇਸ ਸੰਦਰਭ ਵਿਚ ਹੀ ਬਿਹਾਰ ਦੇ ਰਾਜਗੀਰ ਖੇਡ ਕੰਪਲੈਕਸ ਵਿਚ ਹਾਕੀ ਏਸ਼ੀਆ ਕੱਪ ਲਈ ਹੋਏ ਮੁਕਾਬਲਿਆਂ ਵਿਚ ਭਾਰਤੀ ਹਾਕੀ ਟੀਮ ਦੀ ਕਾਰਗੁਜ਼ਾਰੀ ਨੂੰ ਦੇਖਿਆ ਜਾ ਸਕਦਾ ਹੈ। ਇਸ ਹਾਕੀ ਏਸ਼ੀਆ ਕੱਪ ਮੁਕਾਬਲੇ ਦੇ ਫਾਈਨਲ ਮੈਚ ਵਿਚ ਭਾਰਤੀ ਹਾਕੀ ਟੀਮ ਨੇ ਦੱਖਣੀ ਕੋਰੀਆ ਦੀ ਟੀਮ ਨੂੰ 4-1 ਨਾਲ ਹਰਾ ਕੇ ਚੌਥੀ ਵਾਰ ਏਸ਼ੀਆ ਕੱਪ ਜਿੱਤਿਆ ਹੈ ਅਤੇ ਇਸ ਮੈਚ ਦੀ ਵਿਸ਼ੇਸ਼ ਗੱਲ ਇਹ ਵੀ ਰਹੀ ਕਿ ਉਸ ਨੇ ਪੰਜ ਵਾਰ ਦੀ ਜੇਤੂ ਦੱਖਣੀ ਕੋਰੀਆ ਦੀ ਟੀਮ ਨੂੰ ਹਰਾਇਆ ਹੈ। ਇਸ ਤਰ੍ਹਾਂ ਭਾਰਤੀ ਹਾਕੀ ਟੀਮ ਨੇ ਅਗਲੇ ਸਾਲ ਅਗਸਤ ਵਿਚ ਹੋਣ ਵਾਲੇ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕਰ ਲਿਆ ਹੈ। ਵਰਣਨ ਯੋਗ ਹੈ ਕਿ ਅਗਲਾ ਵਿਸ਼ਵ ਹਾਕੀ ਕੱਪ ਬੈਲਜੀਅਮ ਅਤੇ ਨੀਦਰਲੈਂਡ ਦੇ ਮੈਦਾਨਾਂ ਵਿਚ ਖੇਡਿਆ ਜਾਣਾ ਹੈ। ਜੇਕਰ ਦੱਖਣੀ ਕੋਰੀਆ ਨਾਲ ਏਸ਼ੀਆ ਕੱਪ ਦੇ ਫਾਈਨਲ ਮੈਚ ਦੇ ਹੋਏ ਮੁਕਾਬਲੇ ਦੀ ਗੱਲ ਕਰੀਏ ਤਾਂ ਭਾਰਤ ਲਈ ਪਹਿਲਾ ਗੋਲ ਸੁਖਜੀਤ ਸਿੰਘ ਨੇ ਮੈਚ ਆਰੰਭ ਹੋਣ ਸਾਰ ਹੀ ਕਰ ਦਿੱਤਾ ਸੀ। ਇਸ ਤੋਂ ਬਾਅਦ ਦਿਲਪ੍ਰੀਤ ਨੇ 2 ਗੋਲ ਕੀਤੇ ਅਤੇ ਇਸ ਮੈਚ ਦੇ ਅਖ਼ੀਰ ਵਿਚ ਅਮਿਤ ਰੋਹੀਦਾਸ ਨੇ ਟੀਮ ਵਲੋਂ ਚੌਥਾ ਗੋਲ ਕੀਤਾ। ਪੰਜ ਵਾਰ ਦੀ ਚੈਂਪੀਅਨ ਦੱਖਣੀ ਕੋਰੀਆ ਦੀ ਟੀਮ ਸਿਰਫ਼ 1 ਗੋਲ ਹੀ ਕਰ ਸਕੀ। ਉਸ ਵਲੋਂ ਇਹ ਗੋਲ ਉਸ ਦੇ ਖਿਡਾਰੀ ਡੈਨ ਸੋਨ ਵਲੋਂ ਕੀਤਾ ਗਿਆ। ਇਸ ਮੈਚ ਵਿਚ ਦੋਵਾਂ ਟੀਮਾਂ ਦੇ ਖਿਡਾਰੀਆਂ ਵਲੋਂ ਦਿਖਾਈ ਗਈ ਖੇਡ 'ਤੇ ਇਕ ਝਾਤ ਮਾਰੀਏ ਤਾਂ ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਭਾਰਤੀ ਹਾਕੀ ਟੀਮ ਨੇ ਆਪਣਾ ਦਬਦਬਾ ਬਣਾਈ ਰੱਖਿਆ ਹੈ ਅਤੇ ਦੱਖਣੀ ਕੋਰੀਆ ਦੀ ਟੀਮ ਬਚਾਓ ਵਾਲੀ ਖੇਡ ਖੇਡਦੀ ਨਜ਼ਰ ਆਈ। ਇਸ ਫਾਈਨਲ ਮੈਚ ਵਿਚ ਭਾਵੇਂ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਕੋਈ ਗੋਲ ਨਹੀਂ ਕਰ ਸਕੇ ਪਰ ਸਮੁੱਚੇ ਤੌਰ 'ਤੇ ਉਨ੍ਹਾਂ ਨੇ ਟੀਮ ਦੀ ਬਿਹਤਰ ਅਗਵਾਈ ਕੀਤੀ। ਇਸ ਟੂਰਨਾਮੈਂਟ ਵਿਚ ਸਮੁੱਚੇ ਤੌਰ 'ਤੇ ਵੀ ਭਾਰਤੀ ਟੀਮ ਦੀ ਕਾਰਗੁਜ਼ਾਰੀ ਬਿਹਤਰ ਰਹੀ। ਉਸ ਨੇ ਕੁੱਲ 39 ਗੋਲ ਕੀਤੇ ਤੇ ਉਸ ਵਿਰੁੱਧ ਦੂਜੀਆਂ ਟੀਮਾਂ ਸਿਰਫ਼ 9 ਗੋਲ ਹੀ ਕਰ ਸਕੀਆਂ। ਇਸ ਕਾਰਗੁਜ਼ਾਰੀ ਦੇ ਆਧਾਰ 'ਤੇ ਵੀ ਅਜੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਭਾਰਤੀ ਹਾਕੀ ਟੀਮ ਆਪਣੇ ਪੁਰਾਣੇ ਰੰਗ ਵਿਚ ਪਰਤ ਆਈ ਹੈ। ਅਜੇ ਇਸ ਨੂੰ ਵਿਸ਼ਵ ਪੱਧਰ 'ਤੇ ਆਪਣੀ ਧਾਕ ਜਮਾਉਣ ਲਈ ਲੰਮਾ ਅਤੇ ਕਠਿਨ ਸਫ਼ਰ ਤੈਅ ਕਰਨਾ ਪਵੇਗਾ। ਕਿਉਂਕਿ ਪਿਛਲੀਆਂ ਦੋ ਓਲੰਪਿਕ ਖੇਡਾਂ 2020 ਤੇ 2024 ਵਿਚ ਇਸ ਨੂੰ ਕਾਂਸੇ ਦੇ ਤਗਮਿਆਂ ਨਾਲ ਹੀ ਸਬਰ ਕਰਨਾ ਪਿਆ ਸੀ। 2022 ਦੀਆਂ ਏਸ਼ੀਅਨ ਖੇਡਾਂ ਵਿਚ ਇਹ ਟੀਮ ਜ਼ਰੂਰ ਗੋਲਡ ਮੈਡਲ ਜਿੱਤਣ ਵਿਚ ਸਫ਼ਲ ਰਹੀ ਸੀ।

ਭਾਰਤੀ ਟੀਮ ਦੀ ਏਸ਼ੀਆ ਹਾਕੀ ਕੱਪ ਵਿਚ ਤਾਜ਼ਾ ਜਿੱਤ 'ਤੇ ਟੀਮ ਦੇ ਮੁੱਖ ਕੋਚ ਕਰੇਗ ਫੁਲਟੋਨ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਸ ਟੂਰਨਾਮੈਂਟ ਵਿਚ ਸਮੁੱਚੇ ਤੌਰ 'ਤੇ ਟੀਮ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਹੈ। ਅਸੀਂ ਚੰਗੀ ਤਿਆਰੀ ਕੀਤੀ ਸੀ ਅਤੇ ਚੰਗਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਭਾਰਤੀ ਟੀਮ ਨੂੰ ਸੁਲਤਾਨ ਅਜਲਾਨ ਸ਼ਾਹ ਕੱਪ ਖੇਡਣਾ ਪਵੇਗਾ ਅਤੇ ਦੱਖਣੀ ਅਫਰੀਕਾ ਦੇ ਦੌਰੇ 'ਤੇ ਵੀ ਜਾਣਾ ਪਵੇਗਾ। ਇਸ ਤੋਂ ਇਲਾਵਾ ਹਾਕੀ ਟੀਮ ਨੂੰ ਹਾਕੀ ਟੀਮ ਇੰਡੀਆ ਲੀਗ ਅਤੇ ਪ੍ਰੋ-ਲੀਗ ਦੇ ਮੈਚ ਵੀ ਖੇਡਣੇ ਪੈਣਗੇ। ਉਨ੍ਹਾਂ ਅਨੁਸਾਰ ਅਗਲੇ 12 ਤੋਂ 14 ਮਹੀਨਿਆਂ ਦੌਰਾਨ ਹੀ ਸਾਨੂੰ ਪਤਾ ਲੱਗੇਗਾ ਕਿ ਸਾਡੀ ਹਾਕੀ ਟੀਮ ਕਿੱਥੇ ਖੜ੍ਹੀ ਹੈ।

ਇਸ ਸੰਦਰਭ ਵਿਚ ਸਾਡੀ ਵੀ ਇਹ ਰਾਇ ਹੈ ਕਿ ਦੇਸ਼ ਵਿਚ ਜਿਸ ਪੱਧਰ 'ਤੇ ਕ੍ਰਿਕਟ ਦੀ ਖੇਡ ਨੂੰ ਵਪਾਰਕ ਅਤੇ ਸਨਅਤੀ ਖੇਤਰਾਂ ਵਲੋਂ ਸਮਰਥਨ ਮਿਲਦਾ ਹੈ, ਉਸੇ ਪੱਧਰ 'ਤੇ ਹਾਕੀ ਦੀ ਖੇਡ ਨੂੰ ਵੀ ਮਿਲਣਾ ਚਾਹੀਦਾ ਹੈ। ਸਾਡੀ ਕੇਂਦਰੀ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਰਾਜ ਸਰਕਾਰਾਂ ਨੂੰ ਵੀ ਇਸ ਖੇਡ ਵਿਚ ਵਿਸ਼ੇਸ਼ ਤੌਰ 'ਤੇ ਦਿਲਚਸਪੀ ਲੈਣੀ ਚਾਹੀਦੀ ਹੈ। ਹਾਕੀ ਨੂੰ ਮੁੜ ਅੱਗੇ ਲੈ ਕੇ ਆਉਣ ਅਤੇ ਮਕਬੂਲ ਬਣਾਉਣ ਵਿਚ ਓਡੀਸ਼ਾ ਦੀ ਪਿਛਲੀ ਰਾਜ ਸਰਕਾਰ ਅਤੇ ਖ਼ਾਸ ਤੌਰ 'ਤੇ ਨਵੀਨ ਪਟਨਾਇਕ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਹ ਸਮੁੱਚੀ ਭਾਰਤੀ ਹਾਕੀ ਟੀਮ ਦੀ ਜ਼ਿੰਮੇਵਾਰੀ ਵੀ ਚੁੱਕਦੇ ਰਹੇ ਹਨ। ਏਸ਼ੀਆ ਹਾਕੀ ਕੱਪ ਦੇ ਹੁਣ ਬਿਹਾਰ ਵਿਚ ਹੋਣ ਕਾਰਨ ਉਥੇ ਦੀ ਨੌਜਵਾਨ ਪੀੜ੍ਹੀ ਵੀ ਇਸ ਖੇਡ ਵੱਲ ਕਾਫੀ ਹੱਦ ਤਕ ਆਕਰਸ਼ਿਤ ਹੋਈ ਹੈ। ਹਾਕੀ ਏਸ਼ੀਆ ਕੱਪ ਦੌਰਾਨ ਵੱਡੀ ਪੱਧਰ 'ਤੇ ਬਿਹਾਰ ਦੇ ਨੌਜਵਾਨ ਇਹ ਟੂਰਨਾਮੈਂਟ ਦੇਖਣ ਆਉਂਦੇ ਰਹੇ ਹਨ।

ਸਾਡੀ ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਹਾਕੀ ਨਾਲ ਜੁੜੀਆਂ ਖੇਡ ਸੰਸਥਾਵਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਵਿਕਸਿਤ ਦੇਸ਼ ਹਾਕੀ ਅਤੇ ਹੋਰ ਖੇਡਾਂ ਲਈ ਆਪਣੇ ਖਿਡਾਰੀਆਂ ਨੂੰ ਆਰੰਭ ਤੋਂ ਹੀ ਤਿਆਰੀ ਕਰਵਾਉਂਦੇ ਹਨ ਅਤੇ ਉਨ੍ਹਾਂ ਨੂੰ ਖੇਡ ਅਭਿਆਸਾਂ ਲਈ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਖ਼ੁਰਾਕ ਅਤੇ ਉਨ੍ਹਾਂ ਦੇ ਆਰਥਿਕ ਭਵਿੱਖ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ ਜਾਂਦਾ ਹੈ। ਬਿਨਾਂ ਸ਼ੱਕ ਓਲੰਪਿਕ ਅਤੇ ਹੋਰ ਕੌਮਾਂਤਰੀ ਖੇਡ ਟੂਰਨਾਮੈਂਟਾਂ ਵਿਚ ਸ਼ਾਮਿਲ ਹੋਣ ਵਾਲੇ ਭਾਰਤੀ ਖਿਡਾਰੀ ਪਹਿਲਾਂ ਤੋਂ ਵਧੇਰੇ ਜਿੱਤਾਂ ਹਾਸਿਲ ਕਰ ਰਹੇ ਹਨ। ਭਾਰਤ ਦੀ ਲੜਕੀਆਂ ਦੀ ਹਾਕੀ ਟੀਮ ਦੀ ਕਾਰਗੁਜ਼ਾਰੀ ਸੁਧਰ ਰਹੀ ਹੈ। ਵਿਅਕਤੀਗਤ ਖੇਡਾਂ ਵਿਚ ਵੀ ਭਾਰਤ ਦੀ ਕਾਰਗੁਜ਼ਾਰੀ ਪਹਿਲਾਂ ਨਾਲੋਂ ਬਿਹਤਰ ਹੁੰਦੀ ਜਾ ਰਹੀ ਹੈ। ਪਰ ਖੇਡਾਂ ਦੇ ਖੇਤਰ ਵਿਚ ਵਿਸ਼ਵ ਪੱਧਰ 'ਤੇ ਅਮਰੀਕਾ, ਚੀਨ, ਜਪਾਨ, ਰੂਸ ਤੇ ਫਰਾਂਸ ਵਰਗੇ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਕਰਨ ਲਈ ਭਾਰਤ ਨੂੰ ਅਜੇ ਵੀ ਲੰਮਾ ਸਫ਼ਰ ਤੈਅ ਕਰਨਾ ਪਵੇਗਾ।

## ਆਓ ਇਕੱਠੇ ਹੋਈ

# ਹਨੇਰੇ ਨੂੰ ਚੁਣੌਤੀ ਦੇਈਏ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਇਕ ਬਹਾਦਰ ਮਾਨਵ ਅਧਿਕਾਰਾਂ ਦੇ ਸਰਗਰਮ ਕਾਰਕੁੰਨ ਸਨ ਜਿਨ੍ਹਾਂ ਨੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਮਾਨਵ ਅਧਿਕਾਰਾਂ ਦੀ ਉਲੰਘਣਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੀ ਸਖ਼ਤ ਮਿਹਨਤ ਨੇ ਹਜ਼ਾਰਾਂ ਜ਼ਬਰਦਸਤੀ ਗਾਇਬ ਹੋਣ ਦੇ ਕੇਸ, ਨਕਲੀ ਮੁਕਾਬਲੇ ਅਤੇ ਗੁਪਤ ਅੰਤਿਮ ਸੰਸਕਾਰਾਂ ਦਾ ਖ਼ੁਲਾਸਾ ਕੀਤਾ ਜੋ ਸਭ ਪੰਜਾਬ ਪੁਲਿਸ ਵੱਲੋਂ ਕਰਵਾਏ ਗਏ ਸਨ। ਭਾਵੇਂ ਉਨ੍ਹਾਂ ਨੂੰ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ, ਪਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਦ੍ਰਿੜਤਾ ਨੇ ਅਨੇਕਾਂ ਸਿੱਖ ਪਰਿਵਾਰਾਂ ਦੀ ਪੀੜਾ ਨੂੰ ਦੁਨੀਆਂ ਸਾਹਮਣੇ ਰੱਖਿਆ। ਉਨ੍ਹਾਂ ਦੀ ਵਿਰਾਸਤ ਅੱਜ ਵੀ ਸੱਚਾਈ ਅਤੇ ਇਨਸਾਫ਼ ਦੀ ਖੋਜ ਕਰਨ ਵਾਲਿਆਂ ਲਈ ਪ੍ਰੇਰਣਾ ਬਣੀ ਹੋਈ ਹੈ।

## ਮੁੱਖ ਬੁਲਾਰੇ



ਸ੍ਰ. ਅਮਰੀਕ ਸਿੰਘ ਮੁਕਤਸਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਰਾਜਵਿੰਦਰ ਸਿੰਘ ਬੈਂਸ
(ਪੰਜਾਬ ਮਨੁੱਖੀ ਅਧਿਕਾਰ ਸੰਗਠਨ)



ਬੀਬੀ ਪਰਮਜੀਤ ਕੌਰ ਖਾਲੜਾ
( ਪਤਨੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਨਵਕਿਰਨ ਕੌਰ ਖਾਲੜਾ
(ਸਪੁੱਤਰੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਫਾਦਰ ਜੋਸ਼ੁਆ ਲਿਕਟਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਨਿੰਦਰ ਸਿੰਘ
(ਜੈਕਾਰਾ ਲਹਿਰ)



ਡਾ. ਗੁਰਿੰਦਰ ਸਿੰਘ ਗਰੇਵਾਲ
(ਸੰਸਥਾਪਕ ਵਰਲਡ ਸਿੱਖ ਨਿਊਜ਼)

## Be The Light Against The Darkness

Date : September 27, 2025
Location : 15557 Fifth St Lathrop, CA 95330
(Lathrop Community Center)
Time 4.00 PM - 8.00 PM
Candlelight In Memory of The Shaheeds
For Any Information Please Contact : Khalramission@gmail.com

# ਬੁੱਢਾ ਦਲ ਦੀਆਂ ਫੌਜਾਂ ਨੇ ਹੜ੍ਹਾਂ ਨਾਲ ਪ੍ਰਭਾਵਤ ਲੋਕਾਂ ਨੂੰ ਰਾਸ਼ਨ ਵੰਡਣ ਦੇ ਵੱਡੇ ਉਪਰਾਲੇ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

## ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਰਾਹਤ ਸਮਗੱਰੀ ਦਾ ਵਿਸ਼ੇਸ਼ ਜਥਾ ਰਵਾਨਾ





ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਅਕਾਲੀ 96 ਕਰੋੜੀ ਵੱਲੋਂ ਹੜ੍ਹ ਪ੍ਰੀੜ੍ਹਤ ਪਰਿਵਾਰਾਂ ਲਈ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਰਾਹਤ ਸਮਗੱਰੀ ਦਾ ਵਿਸ਼ੇਸ਼ ਜਥਾ ਰਵਾਨਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਪਿੰਡਾਂ ਨੂੰ ਰਾਹਤ ਪਹੁੰਚਾਉਣ ਵਿੱਚ ਬੁੱਢਾ ਦਲ ਨੇ ਪਹਿਲ ਕਦਮੀ ਕੀਤੀ ਹੈ। ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਲਾਡਲੀਆਂ ਨਿਹੰਗ ਸਿੰਘ ਫੌਜਾਂ ਦੇ ਨਾਲ ਆਪਣੀ ਅਗਵਾਈ ਵਿਚ ਟੀਮਾਂ ਬਣਾ ਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਤਹਿਸੀਲ ਅਜਨਾਲਾ ਦੇ ਪਿੰਡਾਂ ਵਿਚ ਲੰਗਰ ਪਾਣੀ, ਦਵਾਈਆਂ, ਸੁੱਕਾ ਰਾਸ਼ਨ, ਦੁੱਧ, ਘਰੋ ਘਰੀ ਪਹੁੰਚਾਇਆ।

ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਫੌਜਾਂ ਪੂਰੇ ਉਤਸ਼ਾਹ ਪਿਆਰ ਸਤਿਕਾਰ ਨਾਲ ਪਾਣੀ ਵਿੱਚੋਂ ਲੰਘ ਕੇ ਲੋੜਵੰਦਾਂ ਤੀਕ ਲੋੜੀਂਦਾ ਸਮਾਨ ਬੁੱਢਾ ਦਲ ਵੱਲੋਂ ਪਹੁੰਚਾ ਰਹੀਆਂ ਹਨ, ਉਨ੍ਹਾਂ ਦਸਿਆ ਕਿ ਜਿਸ ਦਿਨ ਤੋਂ ਹੜ੍ਹ ਆਏ ਹਨ ਉਸ ਦਿਨ ਤੋਂ ਹੀ ਸੇਵਾ ਅਰੰਭ ਹੈ ਅਤੇ ਜਿਨ੍ਹਾਂ ਚਿਰ ਲੋਕ ਆਪਣੇ ਘਰਾਂ ਵਿੱਚ ਸੈਟ ਨਹੀਂ ਹੋ ਜਾਂਦੇ ਬੁੱਢਾ ਦਲ ਵੱਲੋਂ ਸੇਵਾ ਪ੍ਰਵਾਹ ਚਲਦਾ ਰਹੇਗਾ। ਯਾਦ ਰਹੇ ਕਿ ਹਰ ਕੁਦਰਤੀ ਆਫਤ ਸਮੇਂ ਬੁੱਢਾ ਦਲ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਮੂਹਰੇ ਹੋ ਕੇ ਸੇਵਾ ਨਿਭਾਈ ਜਾਂਦੀ ਹੈ ਤੇ ਹੁਣ ਵੀ ਨਿਭਾਈ ਜਾ ਰਹੀ ਹੈ।

ਬੁੱਢਾ ਦਲ ਦੀ ਅਗਵਾਈ ਵਿੱਚ ਸਿੰਘਾਂ ਵੱਲੋਂ ਪ੍ਰਸਾਦੇ, ਸਬਜ਼ੀਆਂ ਦਾ ਲੰਗਰ ਤਿਆਰ ਕੀਤਾ ਗਿਆ ਅਤੇ ਨਿਹੰਗ ਸਿੰਘਾਂ ਨੇ ਪਾਣੀ ਵਿਚੋਂ ਦੀ ਲੰਘ ਕੇ ਫਸੇ ਲੋਕਾਂ ਦੇ ਘਰਾਂ ਤੀਕ ਲੰਗਰ, ਦੁੱਧ, ਸੁਕਾ ਰਾਸ਼ਨ ਅਤੇ ਲੋੜੀਦੀਂ ਦਵਾਈਆਂ ਵੀ ਤਕਸੀਮ ਕੀਤੀਆਂ। ਉਨ੍ਹਾਂ ਦਸਿਆ ਕਿ ਬੁੱਢਾ ਦਲ ਵੱਲੋਂ ਨਕਦ ਰਾਸ਼ੀ ਵੀ ਵੰਡੀ ਗਈ ਅਤੇ ਰੋਜ਼ਾਨਾ 10 ਤੋਂ 15 ਹਜ਼ਾਰ ਪ੍ਰਵਾਰਾਂ ਤੀਕ ਵੱਖ-ਵੱਖ ਛਾਉਣੀਆਂ ਵੱਲੋਂ ਰਾਸ਼ਨ ਵੰਡਿਆ ਜਾ ਰਿਹਾ ਹੈ। ਲੋਕਾਂ ਵਿੱਚ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੇ ਇਨ੍ਹਾਂ ਰਾਹਤ ਕਾਰਜਾਂ ਦੀ ਪ੍ਰਸੰਸਾਂ ਕੀਤੀ ਜਾ ਰਹੀ ਹੈ। ਇਸ ਮੌਕੇ ਸਿੰਘ ਸਾਹਿਬ ਗਿ. ਰਘਬੀਰ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਬਾਬਾ ਗੁਰਦੇਵ ਸਿੰਘ ਕੁਲੀਵਾਲੇ, ਬਾਬਾ ਇੰਦਰਬੀਰ ਸਿੰਘ ਸਤਲਾਣੀ ਵਾਲੇ, ਬਾਬਾ ਰਣਜੋਧ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਗੁਰਸ਼ੇਰ ਸਿੰਘ, ਬਾਬਾ ਲਖਵੀਰ ਸਿੰਘ, ਬਾਬਾ ਸਰਬਜੀਤ ਸਿੰਘ, ਬਾਬਾ ਗਗਨਦੀਪ ਸਿੰਘ, ਆਦਿ ਹਾਜ਼ਰ ਸਨ।

# ਬੁੱਢਾ ਦਲ ਵਲੋਂ ਗੁ. ਸ਼ਹੀਦ ਬਾਬਾ ਸੁੱਖਾ ਸਿੰਘ ਬਾਬਾ ਮਹਿਤਾਬ ਸਿੰਘ ਹਨੂੰਮਾਨਗੜ੍ਹ ਵਿਖੇ ਜੋੜ ਮੇਲਾ ਜਾਹੋ ਜਲਾਲ ਨਾਲ ਮਨਾਇਆ

## ਬੁੱਢਾ ਦਲ ਨੇ ਖਾਲਸਾ ਪੰਥ ਦੀ ਪੁਰਾਤਨਤਾ ਤੇ ਇਤਿਹਾਸ ਨੂੰ ਜ਼ਿੰਦਾ ਰੱਖਿਆ : ਬਾਬਾ ਬਲਬੀਰ ਸਿੰਘ



ਸ੍ਰੀ ਅਨੰਦਪੁਰ ਸਾਹਿਬ : ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ ਜੀ ਸ਼ਹੀਦ ਬਾਬਾ ਮਹਿਤਾਬ ਸਿੰਘ ਜੀ, ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਹਨੂੰਮਾਨਗੜ੍ਹ ਟਾਊਨ, ਰਾਜਸਥਾਨ ਵਿਖੇ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵਲੋਂ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿਚ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਗਿਆ। ਮਿਤੀ 7 ਸਤੰਬਰ ਨੂੰ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਅੱਜ ਭੋਗ ਪਾਏ ਗਏ, ਉਪਰੰਤ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਦੌਰਾਨ ਭਾਈ ਸੁਖਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰਬਾਣੀ ਦਾ ਮਨੋਹਰ ਤੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਆਖਿਆ ਕਿ ਖ਼ਾਲਸਾ ਪੰਥ ਆਪਣੇ ਚੜ੍ਹਦੀਕਲਾ, ਕੁਰਬਾਨੀਆਂ ਭਰੇ ਸ਼ਾਨਾਮੱਤੇ ਇਤਿਹਾਸ ਕਰਕੇ ਦੁਨੀਆ ਭਰ ਵਿਚ ਵਿਲੱਖਣ ਸਥਾਨ ਰੱਖਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਦਾ ਸਿੱਖ ਇਤਿਹਾਸ ਵਿਚ ਸੁਨਹਿਰੇ ਅੱਖਰਾਂ ਨਾਲ ਨਾਮ ਲਿਖਿਆ ਹੋਇਆ ਹੈ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਨੂੰ ਸੋਧਾ ਲਾ ਕੇ ਪੰਥ ਦੀ ਆਨ, ਬਾਨ ਅਤੇ ਸ਼ਾਨ ਨੂੰ ਕਾਇਮ ਰੱਖਿਆ ਸੀ। ਉਨ੍ਹਾਂ ਕਿਹਾ ਕਿ ਆਪਣੇ ਸ਼ਹੀਦਾਂ-ਮੁਰੀਦਾਂ ਦੀ ਯਾਦ ਵਿਚ ਜੋੜ ਮੇਲੇ ਮਨਾਉਣੇ ਸਾਨੂੰ ਆਪਣੇ ਇਤਿਹਾਸ ਅਤੇ ਪਰੰਪਰਾ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਇਕੋ ਇਕ ਪੰਥ ਦੀ ਸਿਰਮੌਰ ਜਥੇਬੰਦੀ ਹੈ ਜਿਸ ਨੇ ਆਧੁਨਿਕਤਾ ਦੇ ਜ਼ਮਾਨੇ ਵਿਚ ਵੀ ਖਾਲਸਾ ਪੰਥ ਦੇ ਇਤਿਹਾਸ ਤੇ ਪੁਰਾਤਨਤਾ ਨੂੰ ਜ਼ਿੰਦਾ ਰੱਖਿਆ ਹੈ। ਉਨ੍ਹਾਂ ਸਿੱਖ ਸੰਗਤ ਨੂੰ ਆਪਣੇ ਇਤਿਹਾਸ ਤੇ ਪਰੰਪਰਾ ਨਾਲ ਜੁੜ ਕੇ ਪੰਜ ਕਕਾਰੀ ਰਹਿਤ ਦੇ ਧਾਰਨੀ ਅੰਮ੍ਰਿਤਧਾਰੀ ਸਿੰਘ ਸਜਣ ਦੀ ਅਪੀਲ ਵੀ ਕੀਤੀ। ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੇ ਸੰਗਤ ਨਾਲ ਗੁਰਬਾਣੀ ਕੀਰਤਨ ਅਤੇ ਇਤਿਹਾਸ ਦੀ ਸਾਂਝ ਪਾਈ। ਬੁੱਢਾ ਦਲ ਦੇ ਕਥਾਵਾਚਕ ਭਾਈ ਸੁਖਜੀਤ ਸਿੰਘ ਜੀ ਘਨੱਈਆ ਨੇ ਬੁੱਢਾ ਦਲ ਦੇ ਮਹਾਨ ਇਤਿਹਾਸ ਅਤੇ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਦੇ ਜੀਵਨ ਅਤੇ ਪੰਥਕ ਕਾਰਨਾਮਿਆਂ ਬਾਰੇ ਚਾਨਣਾ ਪਾਇਆ। ਢਾਡੀ ਭਾਈ ਲਖਵਿੰਦਰ ਸਿੰਘ ਪਾਰਸ ਦੇ ਜਥੇ ਨੇ ਵੀ ਸਿੱਖ ਇਤਿਹਾਸ ਦੀਆਂ ਬੀਰ ਰਸੀ ਵਾਰਾਂ ਗਾ ਕੇ ਸੰਗਤ ਵਿਚ ਜੋਸ਼ ਭਰਿਆ। ਇਸ ਮੌਕੇ ਹੋਏ ਅੰਮ੍ਰਿਤ ਸੰਚਾਰ ਦੌਰਾਨ 125 ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ।

# ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਕਰਵਾਇਆ ਸ੍ਰ. ਦਿਲਜੀਤ ਸਿੰਘ ਬੇਦੀ ਅੰਤਿਮ ਅਰਦਾਸ ਸ਼ਰਧਾਜਲੀ ਸਮਾਗਮ

## ਸ੍ਰ. ਦਿਲਜੀਤ ਸਿੰਘ ਬੇਦੀ ਨੇ ਆਪਣੀਆਂ ਲਿਖਤਾਂ ਰਾਹੀਂ ਬੁੱਢਾ ਦਲ ਲਈ ਕੀਤੇ ਵਡਮੁੱਲੇ ਕਾਰਜ ਜਿਨਾਂ ਦਾ ਵਿਛੋੜਾ ਅਕਿਹ ਅਤੇ ਅਸਹਿ: ਸਿੰਘ ਸਾਹਿਬ ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ : ਉੱਘੇ ਸਿੱਖ ਚਿੰਤਕ, ਲੇਖਕ ਤੇ ਸਾਹਿਤਕਾਰ ਸ. ਦਿਲਜੀਤ ਸਿੰਘ ਬੇਦੀ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਧਾਰਮਿਕ ਸਮਾਗਮ ਅੱਜ ਗੁਰਦੁਆਰਾ ਅਕਾਲੀ ਫੂਲਾ ਸਿੰਘ ਵਿਖੇ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਰਵਾਇਆ ਗਿਆ। ਇਸ ਮੌਕੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਨਾਮ ਸਿਮਰਨ ਗੁਰਬਾਣੀ ਕੀਰਤਨ ਦਾ ਪ੍ਰਵਾਹ ਵੀ ਚਲਿਆ। ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਭਾਈ ਜਰਨੈਲ ਸਿੰਘ ਦੇ ਜਥੇ ਅਤੇ ਬੁੱਢਾ ਦਲ ਦੇ ਧਰਮ ਪ੍ਰਚਾਰ ਵਿੰਗ ਦੇ ਮੁਖੀ ਸੰਤ ਬਾਬਾ ਮਨਮੋਹਨ ਸਿੰਘ ਬਾਰਨਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਸੰਤ ਮਹਾਪੁਰਸ਼ਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਭਾਈ ਸੁਖਦੇਵ ਸਿੰਘ ਅਰਦਾਸੀਆ ਦਰਬਾਰ ਸਾਹਿਬ ਵੱਲੋਂ ਅਰਦਾਸ ਕੀਤੀ ਗਈ।

ਅਰਦਾਸ ਉਪਰੰਤ ਸਿੰਘ ਸਾਹਿਬ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਹੋਰਾਂ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਬੁੱਢਾ ਦਲ ਦੇ ਸਕੱਤਰ ਰਹੇ ਸ. ਦਿਲਜੀਤ ਸਿੰਘ ਬੇਦੀ ਹੋਰਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ। ਉਥੇ ਹੀ ਉਹਨਾਂ ਨੇ ਇਹ ਕਿਹਾ ਕਿ ਜਿੱਥੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਉੱਥੇ ਹੀ ਪੰਥ ਦੀ ਨੁਮਾਇੰਦਾ ਜਥੇਬੰਦੀ ਬੁੱਢਾ ਦਲ ਨੂੰ ਹਮੇਸ਼ਾ ਉਹਨਾਂ ਦੀ ਘਾਟ ਮਹਿਸੂਸ ਰਹੇਗੀ ਕਿ ਸ. ਦਿਲਜੀਤ ਸਿੰਘ ਬੇਦੀ ਦਾ ਸਦੀਵੀ ਵਿਛੋੜਾ ਅਕਿਹ ਤੇ ਅਸਿਹ ਹੈ। ਉਹਨਾਂ ਕਿਹਾ ਕਿ ਅੱਜ ਵੀ ਇੰਜ ਮਹਿਸੂਸ ਹੋ ਰਿਹਾ ਹੈ ਕਿ ਦਿਲਜੀਤ ਸਿੰਘ ਬੇਦੀ ਆਪਣੀਆਂ ਅਮੁਲਵਾਨ ਰਚਨਾਵਾਂ, ਲੇਖ ਅਤੇ ਬੁੱਢਾ ਦਲ ਨਾਲ ਸੰਬੰਧਿਤ ਇਤਿਹਾਸਿਕ ਜਾਣਕਾਰੀਆਂ ਨੂੰ ਕਲਮਬੰਧ ਕਰ ਰਿਹਾ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਬੁੱਢਾ ਦਲ ਕੌਮ ਦੀ ਪੰਥਕਨੁਮਾ ਜਮਾਤ ਹੈ, ਜਿਸ ਦੇ ਵਡਮੁੱਲੇ ਖ਼ਜਾਨੇ ਨੂੰ ਵੀ ਸਾਂਭਣ ਦਾ ਕੰਮ ਵੀ ਦਿਲਜੀਤ ਸਿੰਘ ਬੇਦੀ ਹੋਰਾਂ ਨੇ ਕੀਤਾ ਅਜਿਹੇ ਕਾਰਜ ਉਹਨਾਂ ਦੇ ਹਿੱਸੇ ਇਸ ਕਰਕੇ ਆਏ ਹਨ ਕਿਉਂਕਿ ਉਹਨਾਂ ਦੀ ਦੂਰਅਦੇਸ਼ੀ ਸੋਚ ਅਤੇ ਪੰਥਪ੍ਰਸਤੀ ਨੇ ਸਾਰਿਆਂ ਦਾ ਹੀ ਧਿਆਨ ਕੇਂਦਰਿਤ ਕੀਤਾ ਪੰਥਕ ਸਫਾਂ ਵਿੱਚ ਲੇਖਕ ਅਤੇ ਸਾਹਿਤਕਾਰਾਂ ਵਿੱਚ ਵੀ ਉਹਨਾਂ ਨੇ ਆਪਣੀ ਵਿਲੱਖਣ ਪਹਿਚਾਣ ਬਣਾਈ ਅਤੇ ਵਡਮੁੱਲੇ ਕਾਰਜ ਕਰਦਿਆਂ ਉਹਨਾਂ ਨੇ ਬੁੱਢਾ ਦਲ ਲਈ ਵੀ ਮਹਾਨ ਕਾਰਜਾਂ ਨੂੰ ਅੱਗੇ ਲਿਜਾਣ ਦਾ ਕੰਮ ਕੀਤਾ। ਉਹਨਾਂ ਦਾ ਸਦੀਵੀ ਵਿਛੋੜਾ ਵੱਡਾ ਘਾਟਾ ਹੈ ਉਹਨਾਂ ਦੀਆਂ ਰਚਨਾਵਾਂ ਤੇ ਲਿਖਤਾਂ ਹਮੇਸ਼ਾ ਹੀ ਬੁੱਢਾ ਦਲ ਲਈ ਪ੍ਰੇਰਣਾ ਅਤੇ ਮਾਰਗ ਦਰਸ਼ਨ ਬਣੀਆ ਰਹਿਣਗੀਆਂ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੋਰਾਂ ਦੇ ਨਿਜੀ ਸਹਾਇਕ ਸਰਦਾਰ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ ਹੋਰਾਂ ਨੇ ਵੀ ਐਡਵੋਕੇਟ ਧਾਮੀ ਹੋਰਾਂ ਵੱਲੋਂ ਭੇਜੇ ਸੋਗ ਸਨੇਹ ਵਿਚ ਪੜਿਆ ਅਤੇ ਸਰਦਾਰ ਦਲਜੀਤ ਸਿੰਘ ਬੇਦੀ ਵੱਲੋਂ ਸ਼੍ਰੋਮਣੀ ਕਮੇਟੀ ਵਿੱਚ ਨਿਭਾਈਆਂ ਅਮੁੱਲੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਸਦੀਵੀ ਵਿਛੋੜੇ ਨੂੰ ਵੱਡਾ ਘਾਟਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਰਦਾਰ ਦਿਲਜੀਤ ਸਿੰਘ ਬੇਦੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਪਬਲੀਸਿਟੀ ਸਕੱਤਰ ਵਜੋਂ ਅਹਿਮ ਕਾਰਜ ਕੀਤੇ ਜੋ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਉਹਨਾਂ ਕਿਹਾ ਕਿ ਦਿਲਜੀਤ ਸਿੰਘ ਬੇਦੀ ਹੋਰਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਦੇ ਨਾਲ ਸਿੱਖਾਂ ਦੀ ਸਿਰਮੌਰ ਸੰਸਥਾ ਦਾ ਵੀ ਨਾਮ ਉੱਚਾ ਕੀਤਾ ਜਿਨਾਂ ਦੀ ਘਾਟ ਹਮੇਸ਼ਾ ਸੰਸਥਾ ਅੰਦਰ ਮਹਿਸੂਸ ਹੁੰਦੀ ਰਹੇਗੀ।

ਇਸ ਬਾਬਾ ਬਿਧੀਚੰਦ ਸ੍ਰਪਰਦਾਇ ਤਰਨਾਦਨ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਾਹਰ ਸਿੰਘ ਸਾਧ ਹਰੀਆਂ ਬੇਲਾਂ, ਬਾਬਾ ਮੇਜਰ ਸਿੰਘ ਸੋਢੀ ਦਸ਼ਮੇਸ਼ ਤਰਨਾਦਲ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਡਾ. ਇੰਦਰ ਸਿੰਘ ਨਿੱਝਰ ਪ੍ਰਧਾਨ ਚੀਫ ਖਾਲਸਾ ਦੀਵਾਨ, ਸਾਬਕਾ ਚੇਅਰਮੈਨ ਸ. ਸੁਰਜੀਤ ਸਿੰਘ ਅਬਲੋਵਾਲ, ਸ. ਪ੍ਰਤਾਪ ਸਿੰਘ ਸਕੱਤਰ, ਸ. ਰਘਬੀਰ ਸਿੰਘ ਸਾਬਕਾ ਸਕੱਤਰ, ਸ. ਰਜਿੰਦਰ ਸਿੰਘ ਰੂਬੀ, ਸਾਬਕਾ ਮੈਨੇਜਬਰ ਹਰਬੰਸ ਸਿੰਘ ਮੱਲੀ, ਸ. ਸੁਲੱਖਣ ਸਿੰਘ ਅਤੇ ਸਮੂਹ ਸ਼੍ਰੋ: ਗੁ: ਪ੍ਰ. ਦੇ ਉਚ ਅਧਿਕਾਰੀ ਤੋਂ ਇਲਾਵਾ ਬਾਬਾ ਮਲੂਕ ਸਿੰਘ ਲਾਡੀ, ਬਾਬਾ ਕਰਮ ਸਿੰਘ ਜੀਰਕਪੁਰ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਗੁਰਮੁਖ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਗੁਰਸ਼ੇਰ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਸਤਨਾਮ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਲਛਮਣ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਰਣਜੋਧ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਸ. ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਲੰਗਰ ਹਾਲ ਨੂੰ ਉਡਾਉਣ ਦੀ ਧਮਕੀ



ਅੰਮ੍ਰਿਤਸਰ : ਗੁਰਦੁਆਰਾ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਲੰਗਰ ਹਾਲ 'ਚ ਬੰਬ ਹੋਣ ਦੀ ਈ-ਮੇਲ ਮਿਲਣ ਮਗਰੋਂ ਪ੍ਰਬੰਧਕਾਂ ਅਤੇ ਸੰਗਤ 'ਚ ਚਿੰਤਾ ਦਾ ਮਾਹੌਲ ਬਣ ਗਿਆ। ਇਸ ਤੋਂ ਪਹਿਲਾਂ ਹਰਿਮੰਦਰ ਸਾਹਿਬ ਵਿੱਚ ਵੀ ਅਜਿਹੀ ਧਮਕੀ ਭਰੀਆਂ ਈ-ਮੇਲਜ਼ ਆ ਚੁੱਕੀਆਂ ਹਨ ਜਿਨ੍ਹਾਂ ਬਾਰੇ ਹੁਣ ਤੱਕ ਕੁਝ ਵੀ ਪਤਾ ਨਹੀਂ ਲੱਗ ਸਕਿਆ ਹੈ। ਜਾਣਕਾਰੀ ਮੁਤਾਬਕ ਕੱਲ੍ਹ ਤਖ਼ਤ ਪਟਨਾ ਸਾਹਿਬ ਦੀ ਈ-ਮੇਲ ਆਈਡੀ 'ਤੇ ਇਹ ਧਮਕੀ ਵਾਲੀ ਈ-ਮੇਲ ਮਿਲੀ ਜਿਸ ਵਿੱਚ ਕਿਹਾ ਗਿਆ ਸੀ ਕਿ ਲੰਗਰ ਹਾਲ ਵਿੱਚ ਚਾਰ ਆਰ ਡੀ ਐਕਸ ਰੱਖਿਆ ਹੋਇਆ ਹੈ। ਸੰਸਥਾ ਦੇ ਬੁਲਾਰੇ ਸੁਦੀਪ ਸਿੰਘ ਨੇ ਦੱਸਿਆ ਕਿ ਇਹ ਧਮਕੀ ਵਾਲੀ ਈ-ਮੇਲ ਮਿਲਣ ਮਗਰੋਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਅਤੇ ਜਨਰਲ ਸਕੱਤਰ ਇੰਦਰਜੀਤ ਸਿੰਘ ਸਮੇਤ ਸੁਪਰਡੈਂਟ, ਸਹਾਇਕ ਮੈਨੇਜਰ, ਅਮਲੇ ਅਤੇ ਸ਼ਰਧਾਲੂਆਂ ਵਿੱਚ ਦਹਿਸ਼ਤ ਫੈਲ ਗਈ। ਪ੍ਰਬੰਧਕਾਂ ਨੇ ਤੁਰੰਤ ਜਾਣਕਾਰੀ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਦਿੱਤੀ ਜਿਸ ਤੋਂ ਬਾਅਦ ਬੰਬ ਵਿਰੋਧੀ ਦਸਤਾ, ਤਲਾਸ਼ੀ ਟੀਮ ਅਤੇ ਹੋਰ ਟੀਮਾਂ ਤਖ਼ਤ ਪਟਨਾ ਸਾਹਿਬ ਪੁੱਜੀਆਂ ਪਰ ਦੇਰ ਸ਼ਾਮ ਤੱਕ ਅਜਿਹੀ ਕੋਈ ਵਿਸਫੋਟਕ ਸਮੱਗਰੀ ਨਹੀਂ ਮਿਲੀ। ਇਸ ਘਟਨਾ ਮਗਰੋਂ ਤਖ਼ਤ ਪਟਨਾ ਸਾਹਿਬ 'ਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਪ੍ਰਬੰਧਕਾਂ ਨੇ ਕਿਹਾ ਕਿ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਨੂੰ ਮਾਮਲੇ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਈ-ਮੇਲ ਭੇਜਣ ਵਾਲੇ ਦਾ ਪਤਾ ਲਾਉਣਾ ਚਾਹੀਦਾ ਹੈ ਕਿਉਂਕਿ ਇਹ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ। ਕੁਝ ਦਿਨਾਂ ਬਾਅਦ ਇੱਥੋਂ ਸ਼ਹੀਦੀ ਜਾਗ੍ਰਿਤੀ ਯਾਤਰਾ ਸ਼ੁਰੂ ਕੀਤੀ ਜਾਣੀ ਹੈ ਜਿਸ 'ਚ ਬਿਹਾਰ ਦੇ ਮੁੱਖ ਮੰਤਰੀ, ਕਈ ਧਾਰਮਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੀ ਵੱਡੀ ਗਿਣਤੀ ਸ਼ਰਧਾਲੂ ਪੁੱਜਣਗੇ। ਅਜਿਹੀ ਸਥਿਤੀ 'ਚ ਅਜਿਹੀ ਧਮਕੀ ਭਰੀ ਈ-ਮੇਲ ਮਿਲਣਾ ਚਿੰਤਾ ਦਾ ਵਿਸ਼ਾ ਹੈ। ਡੀ ਐੱਸ ਪੀ ਡਾ. ਗੌਰਵ ਕੁਮਾਰ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਨੂੰ ਈ-ਮੇਲ ਮਿਲੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਲੰਗਰ ਹਾਲ ਨੇੜੇ ਚਾਰ ਆਰ ਡੀ ਐਕਸ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਈ-ਮੇਲ ਜਾਂਚ ਲਈ ਸਾਈਬਰ ਸੈੱਲ ਨੂੰ ਭੇਜ ਦਿੱਤੀ ਗਈ ਹੈ।

# ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਿਰੋਜ਼ਪੁਰ ਜ਼ਿਲ੍ਹਾ ਗੋਦ ਲੈਣ ਦਾ ਕੀਤਾ ਐਲਾਨ

## ਹੜ੍ਹ ਪੀੜਤ ਪਰਿਵਾਰਾਂ ਦੀ ਹਰ ਪੱਖੋਂ ਹੋਵੇਗੀ ਮਦਦ

ਮੋਗਾ : ਉੱਤਰੀ ਭਾਰਤ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ, ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ, ਚੰਦਪੁਰਾਣਾ ਮੋਗਾ ਵਿਖੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵਿਸ਼ੇਸ਼ ਦੌਰਾ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਅਰਦਾਸ ਕੀਤੀ ਤੇ ਫਿਰ ਅਸਥਾਨ ਦੇ ਮੁੱਖ ਸੇਵਾਦਾਰ, ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਝੀਂਡਾ ਨੇ ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰਨ ਤੇ ਆਪਣੀ ਖੁਸ਼ੀ ਜ਼ਾਹਿਰ ਕੀਤੀ। ਉਨ੍ਹਾਂ ਨੇ ਕਿਹਾ ਕਿ ਇੱਥੇ ਬਣੇ ਸ਼ੀਸ਼ੇ ਦੇ ਦਰਬਾਰ ਅਤੇ ਸ਼ਹੀਦਾਂ ਨਾਲ ਸੰਬੰਧਤ ਤਸਵੀਰਾਂ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ। ਉਨ੍ਹਾਂ ਨੇ ਦੱਸਿਆ ਕਿ ਹਰਿਆਣਾ ਦੀ ਸੰਗਤ ਵੀ ਇਸ ਅਸਥਾਨ ਦੀ ਮਹਾਨਤਾ ਬਾਰੇ ਹਮੇਸ਼ਾ ਵੱਡੇ ਮਾਣ ਨਾਲ ਗੱਲ ਕਰਦੀ ਆਈ ਹੈ।

ਇਸ ਮੌਕੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਪੰਜਾਬ ਵਿੱਚ ਹਾਲ ਹੀ ਦੇ ਦਿਨਾਂ ਦੌਰਾਨ ਆਏ ਹੜ੍ਹਾਂ ਨੂੰ ਵੱਡਾ ਸੰਕਟ ਦੱਸਦਿਆਂ ਵੱਡਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰੋਜ਼ਪੁਰ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਗੋਦ ਲਵੇਗੀ। ਜ਼ਿਲ੍ਹੇ ਦੇ ਜਿਹੜੇ ਵੀ ਪਰਿਵਾਰ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ, ਉਨ੍ਹਾਂ ਦੀ ਹਰ ਪੱਖੋਂ



ਸਹਾਇਤਾ ਕੀਤੀ ਜਾਵੇਗੀ। ਇਹ ਸਾਡਾ ਫ਼ਰਜ਼ ਹੈ ਕਿ ਪੰਜਾਬ ਦੇ ਇਸ ਸੰਕਟ ਦੀ ਘੜੀ ਵਿੱਚ ਉਸਦੇ ਨਾਲ ਖੜੇ ਹੋਈਏ। ਇਸ ਮੌਕੇ ਉਨ੍ਹਾਂ ਸਾਰੇ ਰਾਜਾਂ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਨਾਲ ਖੜ੍ਹਨ ਦਾ ਸਮਾਂ ਹੈ।

ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਪੰਜਾਬੀ ਸੰਗਤ ਝੀਂਡਾ ਜੀ ਦੇ ਇਸ ਐਲਾਨ ਲਈ ਧੰਨਵਾਦੀ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦਾਂ ਦੇ ਪਾਵਨ ਅਸਥਾਨ ਤੋਂ ਵੀ ਕਈ ਦਿਨਾਂ ਤੋਂ ਰਾਸ਼ਨ ਸਮੱਗਰੀ ਹੜ੍ਹ ਪੀੜਤਾਂ ਤੱਕ ਭੇਜੀ ਜਾ ਰਹੀ ਹੈ। ਬਾਬਾ ਜੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ, ਸੰਸਥਾਵਾਂ, ਕਮੇਟੀਆਂ ਅਤੇ ਮੀਡੀਆ ਸਭ ਮਿਲ ਕੇ ਰਾਹਤ ਕੰਮ ਵਿੱਚ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸ਼ਬਦਾਂ ਵਿੱਚ, ਸਤਿਗੁਰੂ ਮਿਹਰ ਕਰਨ ਕਿ ਸਾਡਾ ਸੋਹਣਾ ਪੰਜਾਬ ਪਹਿਲਾਂ ਵਾਂਗ ਹੀ ਹਰਿਆ-ਭਰਿਆ ਲੱਗੇ। ਸਮਾਗਮ ਦੇ ਅੰਤ ਵਿੱਚ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਸ੍ਰੀ ਸਾਹਿਬ ਅਤੇ ਲੋਈ ਨਾਲ ਸਨਮਾਨਿਤ ਕੀਤਾ ਗਿਆ। ਸਾਰੀ ਸੰਗਤ ਨੇ ਉਨ੍ਹਾਂ ਦਾ ਤਹਿ-ਦਿਲੋਂ ਸਵਾਗਤ ਕੀਤਾ।

ਇਹ ਦੌਰਾ ਸਿਰਫ਼ ਇੱਕ ਧਾਰਮਿਕ ਯਾਤਰਾ ਨਹੀਂ ਸੀ, ਸਗੋਂ ਪੰਜਾਬ ਲਈ ਉਮੀਦ ਅਤੇ ਸਹਾਰਾ ਬਣ ਕੇ ਸਾਹਮਣੇ ਆਇਆ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਫੈਸਲਾ ਹੜ੍ਹ ਪੀੜਤ ਪਰਿਵਾਰਾਂ ਲਈ ਨਵੀਂ ਰੋਸ਼ਨੀ ਅਤੇ ਨਵੇਂ ਹੌਸਲੇ ਦੀ ਕਿਰਣ ਹੈ।

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਰੋਵਰ ਸਾਫ਼ ਕਰਨ ਦੀ ਸੇਵਾ ਸ਼ੁਰੂ

## ਜਥੇਦਾਰ ਗੜਗੱਜ ਸਮੇਤ ਸੰਗਤ ਨੇ ਨਿਭਾਈ ਸੇਵਾ



ਸ੍ਰੀ ਅਨੰਦਪੁਰ ਸਾਹਿਬ: ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਸਰੋਵਰ 'ਚੋਂ ਗਾਰ ਕੱਢਣ ਦੀ ਸੇਵਾ ਅੱਜ ਜੈਕਾਰਿਆਂ ਦੀ ਗੂੰਜ ਵਿੱਚ ਸ਼ੁਰੂ ਕੀਤੀ ਗਈ। ਇਹ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਵਾਸੀ ਬਾਬਾ ਹਰਬੰਸ ਸਿੰਘ ਅਤੇ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲਿਆ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਸੇਵਾ ਦੀ ਸ਼ੁਰੂਆਤ ਸ੍ਰੀ ਅਨੰਦ ਸਾਹਿਬ ਦੇ ਪਾਠ ਨਾਲ ਹੋਈ ਅਤੇ ਇਸ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਰਦਾਸ ਕੀਤੀ। ਉਪਰੰਤ, ਜੈਕਾਰਿਆਂ ਦੀਆਂ ਗੂੰਜਾਂ ਵਿੱਚ ਸਮੂਹ ਸੰਗਤਾਂ ਨੇ ਪਵਿੱਤਰ ਸਰੋਵਰ ਵਿਚੋਂ ਗਾਰ ਕੱਢਣ ਦੀ ਸੇਵਾ ਕੀਤੀ। ਇਸ ਮੌਕੇ 'ਤੇ ਸੰਤ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਨਰਿੰਦਰ ਸਿੰਘ, ਬਾਬਾ ਕੁਲਦੀਪ ਸਿੰਘ, ਗਿਆਨੀ ਸਤਨਾਮ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਗੁਰਦੀਪ ਸਿੰਘ ਕੰਗ, ਬਾਬਾ ਗੁਲਜ਼ਾਰ ਸਿੰਘ, ਬਾਬਾ ਸੁੱਖਾ ਸਿੰਘ ਕਰਨਾਲ ਵਾਲੇ, ਬਾਬਾ ਮਹਿੰਦਰ ਸਿੰਘ ਪਿਹੋਵਾ ਵਾਲੇ, ਬਾਬਾ ਲਾਡੀ ਸਿੰਘ ਪਉਂਟਾ ਸਾਹਿਬ ਵਾਲੇ ਅਤੇ ਬਾਬਾ ਸੁਰਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ, ਮੀਤ ਮੈਨੇਜਰ ਅਮਰਜੀਤ ਸਿੰਘ, ਜਸਵੀਰ ਸਿੰਘ, ਜੇ.ਈ. ਬਲਜਿੰਦਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੂਚਨਾ ਅਫਸਰ ਹਰਪ੍ਰੀਤ ਸਿੰਘ ਵੀ ਮੌਜੂਦ ਸਨ। ਸੰਗਤਾਂ ਨੇ ਗਾਰ ਕੱਢਣ ਦੀ ਇਸ ਸੇਵਾ ਨੂੰ ਵੱਡੀ ਭਗਤੀ ਅਤੇ ਉਤਸ਼ਾਹ ਨਾਲ ਨਿਭਾਇਆ।

# ਬੈਲਜੀਅਮ 'ਚ ਸਿੱਖ ਬੱਚਿਆਂ ਦੇ ਸਕੂਲਾਂ ਵਿਚ ਦਸਤਾਰ ਸਜਾਉਣ 'ਤੇ ਪਾਬੰਦੀ ਦੇ ਸੰਬੰਧ 'ਚ ਬੈਲਜੀਅਮ ਦੀ ਸਿੱਖ ਸੰਸਥਾ ਨੇ ਜਥੇਦਾਰ ਨੂੰ ਭੇਜਿਆ ਪੱਤਰ

ਅੰਮ੍ਰਿਤਸਰ : ਬੈਲਜੀਅਮ ਰਾਸ਼ਟਰੀ ਸਿੱਖ ਸੰਗਤ ਵਲੋਂ ਬੈਲਜੀਅਮ ਤੇ ਯੂਰਪ ਵਿਚ ਸਿੱਖ ਬੱਚਿਆਂ ਨੂੰ ਸਕੂਲ ਵਿਚ ਦਸਤਾਰ 'ਤੇ ਪਾਬੰਦੀ ਬਾਰੇ ਜਾਣਕਾਰੀ ਦੇਣ ਤੇ ਇਸ ਦੇ ਵਿਰੁੱਧ ਸਿੱਖ ਜਥੇਬੰਦੀਆਂ ਸ਼ੁਰੂ ਕੀਤੀ ਮੁਹਿੰਮ ਨੂੰ ਯੋਗ ਅਗਵਾਈ, ਅਸ਼ੀਰਵਾਦ ਤੇ ਸਮਰਥਨ ਦੇਣ ਹਿਤ ਰਾਗੀ ਭਾਈ ਗੁਰਦੇਵ ਸਿੰਘ ਰਾਹੀਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਲ ਬੇਨਤੀ ਪੱਤਰ ਭੇਜਿਆ ਗਿਆ। ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੂੰ ਸੌਂਪੇ ਗਏ ਉਕਤ ਪੱਤਰ ਵਿਚ ਕਿਹਾ ਗਿਆ ਹੈ ਕਿ ਬੈਲਜੀਅਮ ਦੀਆਂ ਸਰਕਾਰੀ ਨੀਤੀਆਂ ਸਿੱਖਾਂ ਦੀ ਵਿਲੱਖਣ ਪਹਿਚਾਣ ਦਸਤਾਰ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਬੈਲਜੀਅਮ ਵਿਚ ਸਕੂਲਾਂ ਨੇ ਸਿੱਖ ਬੱਚਿਆਂ ਦੀਆਂ ਦਸਤਾਰਾਂ ਲਾਹ ਕੇ ਉਨ੍ਹਾਂ ਨੂੰ ਕਲਾਸ ਵਿਚ ਭੇਜਿਆ, ਜਿਸ ਕਾਰਨ ਬੱਚੇ ਵੀ ਰੋਏ ਅਤੇ ਉਨ੍ਹਾਂ ਦੀਆਂ ਮਾਂਵਾਂ ਵੀ ਦੁਖੀ ਹੋਈਆਂ। ਉਨ੍ਹਾਂ ਵਲੋਂ ਭੇਜੀਆਂ ਗਈਆਂ ਵੀਡੀਓਜ਼ ਰਾਹੀਂ ਇਹ ਗੰਭੀਰਤਾ ਦਿਖਾਈ ਗਈ ਕਿ ਇਹ ਕਾਨੂੰਨ ਸਿੱਖੀ ਖਿਲਾਫ਼ ਇੱਕ ਸਾਜ਼ਿਸ਼ ਦਾ ਹਿੱਸਾ ਹੋ ਸਕਦੀ ਹੈ। ਪੱਤਰ ਵਿਚ ਕਿਹਾ ਗਿਆ ਕਿ



ਇਹੋ ਜਿਹਾ ਮਾਮਲਾ ਪਹਿਲਾਂ ਫਰਾਂਸ ਵਿਚ ਵੀ ਵਾਪਰ ਚੁੱਕਾ ਹੈ ਅਤੇ ਹੁਣ ਬੈਲਜੀਅਮ ਵਿਚ ਦੁਬਾਰਾ ਸਾਹਮਣੇ ਆਇਆ ਹੈ, ਜੋ ਸਿੱਖ ਵਿਰਾਸਤ ਤੇ ਪਛਾਣ 'ਤੇ ਸਿੱਧਾ ਹਮਲਾ ਅਤੇ ਬੁਨਿਆਦੀ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਹੈ। ਸੰਸਥਾ ਨੇ ਸ਼ੱਕ ਜਤਾਇਆ ਕਿ ਇਹ ਕਾਰਵਾਈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮੇਂ ਹੋ ਰਹੀ ਹੈ। ਪੱਤਰ ਵਿਚ ਕਿਹਾ ਗਿਆ ਕਿ ਇਸ ਦੇ ਵਿਰੋਧ ਵਿਚ ਜਾਗਰੂਕਤਾ ਪੈਦਾ ਕਰਨ 'ਤੇ ਇਨਸਾਫ਼ ਮੰਗਣ ਲਈ ਸਿੱਖ ਭਾਈਚਾਰੇ ਨੇ ਦੁਨੀਆਂ ਭਰ ਤੋਂ ਆਵਾਜ਼ਾਂ ਨੂੰ ਇਕੱਠਾ ਕਰਨ ਲਈ ਇਕ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ। ਭਾਈ ਗੁਰਦੇਵ ਸਿੰਘ ਨੇ ਵੀ ਜਥੇਦਾਰ ਗੜਗੱਜ ਨੂੰ ਅਪੀਲ ਕੀਤੀ ਕਿ ਉਹ ਸਿੱਖੀ ਪਹਿਚਾਣ ਖ਼ਾਸ ਕਰਕੇ ਵਿਦੇਸ਼ਾਂ ਵਿਚ ਦਸਤਾਰ ਦੀ ਰਾਖੀ ਲਈ ਅੰਤਰਰਾਸ਼ਟਰੀ ਪੱਧਰ 'ਤੇ ਆਵਾਜ਼ ਬੁਲੰਦ ਕਰਨ।

# ਜਥੇਦਾਰ ਗੜਗੱਜ ਨੇ ਹੜ੍ਹਾਂ ਸੰਬੰਧੀ 13 ਨੂੰ ਸੱਦੀ ਵਿਸ਼ੇਸ਼ ਇਕੱਤਰਤਾ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਰਾਹਤ ਕਾਰਜ ਤੇ ਸੇਵਾਵਾਂ ਨਿਭਾਅ ਰਹੀਆਂ ਸਿੱਖ ਜਥੇਬੰਦੀਆਂ, ਸੰਸਥਾਵਾਂ, ਸ਼ਖ਼ਸੀਅਤਾਂ, ਪੰਜਾਬੀ ਅਦਾਕਾਰਾਂ ਤੇ ਕਲਾਕਾਰਾਂ ਦੀ 13 ਸਤੰਬਰ ਨੂੰ ਵਿਸ਼ੇਸ਼ ਇਕੱਤਰਤਾ ਸੱਦੀ ਹੈ। ਜਥੇਦਾਰ ਗੜਗੱਜ ਨੇ ਉਕਤ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਗੰਭੀਰ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਫੌਰੀ ਰਾਹਤ ਦੇਣ ਲਈ ਸਮੂਹ ਸਿੱਖ ਸੰਸਥਾਵਾਂ ਤੇ ਵੱਖ-ਵੱਖ ਸ਼ਖ਼ਸੀਅਤਾਂ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਹੁਣ ਲੋੜ ਹੈ ਕਿ ਸੇਵਾਵਾਂ ਕਰ ਰਹੀਆਂ ਸੰਸਥਾਵਾਂ ਸੰਗਠਿਤ ਹੋ ਕੇ ਸਾਰਥਿਕ ਢੰਗ ਨਾਲ ਰਾਹਤ ਸਮਗਰੀ ਦੀ ਵੰਡ ਕਰਨ ਅਤੇ ਲੰਮੇ ਸਮੇਂ ਤੱਕ ਸੇਵਾਵਾਂ ਜਾਰੀ ਰੱਖਣ ਦੇ ਹਿਸਾਬ ਨਾਲ ਕਾਰਜ ਕਰਨ ਦੀ ਹੈ।



# ‘ਭਾਰਤ ਦੀ ਰਾਸ਼ਟਰੀ ਪਛਾਣ ਕਿਸੇ ਇੱਕ ਧਰਮ, ਨਸਲ ਜਾਂ ਭਾਸ਼ਾ ’ਤੇ ਨਹੀਂ, ਸਗੋਂ ‘ਅਨੇਕਤਾ ਵਿੱਚ ਏਕਤਾ’ ਦੇ ਸਿਧਾਂਤ ’ਤੇ ਉਸਰੀ ਹੈ’

## ਭਾਰਤ ਦੱਖਣੀ ਏਸ਼ੀਆ ਵਿੱਚ ਸਭ ਨੂੰ ਨਾਲ ਲੈ ਕੇ ਚੱਲਣ ਦੀ ਮਿਸਾਲ



ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ’ਚ ਹੜ੍ਹ ਪ੍ਰਭਾਵਿਤ ਖੇਤਰ ਦਾ ਹਵਾਈ ਸਰਵੇਖਣ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ

UNHRC

UNHRC ਪੈਨਲ ’ਚ ਚਰਚਾ

ਜਨੇਵਾ - ਇਸ ਹਫ਼ਤੇ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ (UNHRC) ਦੇ ਇੱਕ ਵਿਸ਼ੇਸ਼ ਸਮਾਗਮ ਵਿੱਚ ਦੱਖਣੀ ਏਸ਼ੀਆ ਵਿੱਚ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਇੱਕ ਬਹੁਤ ਹੀ ਨਿਰਾਸ਼ਾਜਨਕ ਤਸਵੀਰ ਪੇਸ਼ ਕੀਤੀ ਗਈ। ਇਸ ਦੌਰਾਨ ਪਾਕਿਸਤਾਨ, ਬੰਗਲਾਦੇਸ਼ ਅਤੇ ਤਿੱਬਤ ਵਿੱਚ ਘੱਟ ਗਿਣਤੀਆਂ ’ਤੇ ਹੁੰਦੇ ਪ੍ਰਣਾਲੀਗਤ ਜ਼ੁਲਮਾਂ ਨੂੰ ਉਜਾਗਰ ਕੀਤਾ ਗਿਆ। ਗਲੋਬਲ ਆਰਡਰ ਦੀ ਇੱਕ ਰਿਪੋਰਟ ਅਨੁਸਾਰ, ਇਨ੍ਹਾਂ ਸਭ ਦੇ ਵਿਚਕਾਰ, ਭਾਰਤ ਨੂੰ ਇਸ ਖੇਤਰ ਦਾ ਲੋਕਤਾਂਤਰਿਕ ਦੇਸ਼ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਇੱਕ ਮਿਸਾਲੀ ਮਾਡਲ ਦੇਸ਼ ਦੱਸਿਆ ਗਿਆ।

**ਗੁਆਂਢੀ ਦੇਸ਼ਾਂ ਵਿੱਚ ਘੱਟ ਗਿਣਤੀਆਂ ਦੀ ਮਾੜੀ ਹਾਲਤ** : 8 ਸਤੰਬਰ ਨੂੰ ਹੋਏ ਇਸ ਸਮਾਗਮ ਦਾ ਸਿਰਲੇਖ ਸੀ ‘ਹਾਸ਼ੀਏ ਤੋਂ ਆਵਾਜ਼ਾਂ: ਦੱਖਣੀ ਏਸ਼ੀਆ ਵਿੱਚ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ’। ਇਸ ਵਿੱਚ ਪੇਸ਼ ਕੀਤੀਆਂ ਗਈਆਂ ਗਵਾਹੀਆਂ ਨੇ ਘੱਟ ਗਿਣਤੀਆਂ ਨਾਲ ਹੁੰਦੇ ਵਿਤਕਰੇ ਅਤੇ ਜ਼ੁਲਮਾਂ ਦੇ ਡੂੰਘੇ ਪੈਟਰਨ ਦਾ ਖੁਲਾਸਾ ਕੀਤਾ।

- ਪਾਕਿਸਤਾਨ ਵਿੱਚ, ਅਹਿਮਦੀਆ ਭਾਈਚਾਰੇ ਦੇ ਲੋਕਾਂ ਨੂੰ ਸਿਰਫ਼ ਖੁਦ ਨੂੰ ਮੁਸਲਮਾਨ ਦੱਸਣ ’ਤੇ ਹੀ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਸਿੰਧੀ ਹਿੰਦੂ ਔਰਤਾਂ ਅਤੇ ਕੁੜੀਆਂ ਨੂੰ ਹਿੰਸਾ ਦੀ ਧਮਕੀ ਦੇ ਕੇ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜਬੂਰ ਕੀਤਾ ਜਾਂਦਾ ਹੈ।
- ਬੰਗਲਾਦੇਸ਼ ਵਿੱਚ, ਹਿੰਦੂ, ਈਸਾਈ, ਬੋਧੀ ਅਤੇ ਹੋਰ ਸਥਾਨਕ ਭਾਈਚਾਰਿਆਂ ’ਤੇ ਲਗਾਤਾਰ ਫਿਰਕੂ ਹਮਲੇ ਹੋ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਕਿ ਇਹ ‘ਕੋਈ ਵੱਖਰੀਆਂ ਘਟਨਾਵਾਂ ਨਹੀਂ’ ਹਨ, ਸਗੋਂ ਇਹ ਇੱਕ ਅਜਿਹੀ ਪ੍ਰਣਾਲੀ ਦਾ ਹਿੱਸਾ ਹਨ ਜੋ ਘੱਟ ਗਿਣਤੀਆਂ ਨੂੰ ਉਨ੍ਹਾਂ ਦੇ ਮੁੱਢਲੇ ਮਾਣ-ਸਨਮਾਨ ਤੋਂ ਵੀ ਵਾਂਝਾ ਕਰਦੀ ਹੈ।

**ਭਾਰਤ: ਅਨੇਕਤਾ ਵਿੱਚ ਏਕਤਾ ਦੀ ਮਿਸਾਲ**

ਇਸ ਦੇ ਉਲਟ, ਭਾਰਤ ਨੂੰ ਇੱਕ ਸੰਵਿਧਾਨਕ ਲੋਕਤੰਤਰ ਵਜੋਂ ਪੇਸ਼ ਕੀਤਾ ਗਿਆ, ਜਿੱਥੇ ਧਰਮ ਨਿਰਪੱਖਤਾ, ਸਮਾਨਤਾ ਅਤੇ ਧਾਰਮਿਕ ਆਜ਼ਾਦੀ ਅੱਜ ਵੀ ਮੁੱਖ ਸਿਧਾਂਤ ਹਨ। ਰਿਪੋਰਟ ਵਿੱਚ ਨੋਟ ਕੀਤਾ ਗਿਆ ਕਿ ਭਾਰਤ ਦੀ ਆਜ਼ਾਦ ਨਿਆਂਪਾਲਿਕਾ, ਪ੍ਰੈੱਸ ਅਤੇ ਸਿਵਲ ਸੁਸਾਇਟੀ ਇਸ ਦੇ ਸੁਰੱਖਿਆ ਕਵਚ ਵਜੋਂ ਕੰਮ ਕਰਦੇ ਹਨ। ਰਿਪੋਰਟ ਵਿੱਚ ਕਿਹਾ ਗਿਆ, ‘ਭਾਰਤ ਦੀ ਰਾਸ਼ਟਰੀ ਪਛਾਣ ਕਿਸੇ ਇੱਕ ਧਰਮ, ਨਸਲ ਜਾਂ ਭਾਸ਼ਾ ’ਤੇ ਨਹੀਂ, ਸਗੋਂ ‘ਅਨੇਕਤਾ ਵਿੱਚ ਏਕਤਾ’ ਦੇ ਸਿਧਾਂਤ ’ਤੇ ਉਸਰੀ ਹੈ।’



ਬਲਜਿੰਦਰ ਸਿੰਘ ਵੜੈਚ
ਜਰਨਲਿਸਟ

ਇਹ ਬਹੁਲਵਾਦ ਭਾਰਤ ਦੇ ਜਨਤਕ ਜੀਵਨ ਵਿੱਚ ਸਾਫ਼ ਦਿਖਾਈ ਦਿੰਦਾ ਹੈ: 20 ਕਰੋੜ ਤੋਂ ਵੱਧ ਮੁਸਲਮਾਨ, 3 ਕਰੋੜ ਈਸਾਈ, 2 ਕਰੋੜ ਸਿੱਖ ਅਤੇ ਹੋਰ ਘੱਟ ਗਿਣਤੀਆਂ ਦੇ ਲੋਕ ਰਾਜਨੀਤੀ, ਵਪਾਰ, ਵਿਗਿਆਨ, ਖੇਡਾਂ ਅਤੇ ਕਲਾ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਹਨ। ਰਾਸ਼ਟਰਪਤੀਆਂ ਅਤੇ ਜੱਜਾਂ ਤੋਂ ਲੈ ਕੇ ਫ਼ੌਜ ਦੇ ਜਰਨੈਲਾਂ, ਕ੍ਰਿਕਟ ਕਪਤਾਨਾਂ, ਆਸਕਰ ਜੇਤੂਆਂ ਅਤੇ ਵੱਡੀਆਂ ਗਲੋਬਲ ਕੰਪਨੀਆਂ ਦੇ ਸੀ.ਈ.ਓ. ਤੱਕ, ਘੱਟ ਗਿਣਤੀਆਂ ਦੀ ਨੁਮਾਇੰਦਗੀ ਭਾਰਤ ਦੇ ਲੋਕਤਾਂਤਰਿਕ ਢਾਂਚੇ ਦੀ ਵਿਸ਼ਾਲਤਾ ਨੂੰ ਦਰਸਾਉਂਦੀ ਹੈ।

**ਭਾਰਤ ਦਾ ਮਾਡਲ ਪੂਰੇ ਖੇਤਰ ਲਈ ਜ਼ਰੂਰੀ**

ਚਰਚਾ ਦੌਰਾਨ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਗਿਆ ਕਿ ਖੇਤਰ ਦੇ ਦੂਜੇ ਦੇਸ਼ਾਂ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਜਵਾਬਦੇਹੀ ਪ੍ਰਣਾਲੀਆਂ ਅਸਫਲ ਰਹੀਆਂ ਹਨ। ਭਾਰਤ ਨੂੰ, ਆਪਣੀਆਂ ਚੁਣੌਤੀਆਂ ਦੇ ਬਾਵਜੂਦ, ਇੱਕ ਅਜਿਹੇ ਕਾਰਜਸ਼ੀਲ ਲੋਕਤੰਤਰ ਵਜੋਂ ਦਰਸਾਇਆ ਗਿਆ ਜੋ ਆਪਣੀਆਂ ਸਮੱਸਿਆਵਾਂ ਨੂੰ ਨਕਾਰਨ ਦੀ ਬਜਾਏ ਉਨ੍ਹਾਂ ਨੂੰ ਸਵੀਕਾਰ ਕਰਕੇ ਹੱਲ ਕਰਦਾ ਹੈ।

ਗਲੋਬਲ ਆਰਡਰ ਦੀ ਰਿਪੋਰਟ ਨੇ ਸਿੱਟਾ ਕੱਢਿਆ, ‘ਜੇਕਰ ਦੱਖਣੀ ਏਸ਼ੀਆ ਨੇ ਘੱਟ ਗਿਣਤੀਆਂ ’ਤੇ ਹੁੰਦੇ ਜ਼ੁਲਮਾਂ ਦੇ ਚੱਕਰ ਤੋਂ ਬਾਹਰ ਨਿਕਲਣਾ ਹੈ, ਤਾਂ ਭਾਰਤ ਦੇ ਲੋਕਤੰਤਰ, ਕਾਨੂੰਨ ਦੇ ਰਾਜ ਅਤੇ ਵਿਭਿੰਨਤਾ ਦੇ ਸਨਮਾਨ ’ਤੇ ਅਧਾਰਤ ਸ਼ਮੂਲੀਅਤ ਦੇ ਮਾਡਲ ਨੂੰ ਇੱਕ ਮਾਪਦੰਡ ਵਜੋਂ ਅਪਣਾਉਣਾ ਪਵੇਗਾ। ਭਾਰਤ ਇਸ ਖੇਤਰ ਲਈ ਹਮੇਸ਼ਾ ਤੋਂ ਇੱਕ ਚਾਨਣ ਮੁਨਾਰਾ ਰਿਹਾ ਹੈ ਅਤੇ ਉਸਨੂੰ ਰਹਿਣਾ ਚਾਹੀਦਾ ਹੈ। ਦੁਨੀਆ ਨੂੰ ਨਾ ਸਿਰਫ਼ ਇਸ ਨੂੰ ਪਛਾਣਨਾ ਚਾਹੀਦਾ ਹੈ, ਸਗੋਂ ਇਸ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਇਤਾ ਵੀ ਕਰਨੀ ਚਾਹੀਦੀ ਹੈ।’

# ਪ੍ਰਧਾਨ ਮੰਤਰੀ ਮੋਦੀ ਵੱਲੋਂ ਹਿਮਾਚਲ ਪ੍ਰਦੇਸ਼ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ

ਚੰਡੀਗੜ੍ਹ : ਹਿਮਾਚਲ ਪ੍ਰਦੇਸ਼ ਦੇ ਦੌਰੇ ’ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਾੜੀ ਰਾਜ ਦੇ ਹੜ੍ਹ ਅਤੇ ਮੀਂਹ ਦੇ ਝੰਬੇ ਇਲਾਕਿਆਂ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਨੇੜਲੇ ਰਿਸ਼ਤੇਦਾਰਾਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦਾ ਮੁਆਵਜ਼ਾ ਵੀ ਐਲਾਨਿਆ ਹੈ। ਸ੍ਰੀ ਮੋਦੀ ਨੇ SDRF ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਦੂਜੀ ਕਿਸ਼ਤ ਅਗਾਊਂ ਰਿਲੀਜ਼ ਕਰਨ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਪ੍ਰਵਾਨਗੀ, ਰਾਸ਼ਟਰੀ ਰਾਜਮਾਰਗਾਂ ਦੀ ਬਹਾਲੀ, PMNRF ਅਧੀਨ ਰਾਹਤ ਦੀ ਵਿਵਸਥਾ ਦੇ ਨਾਲ-ਨਾਲ ਪਸ਼ੂਆਂ ਲਈ ਮਿੰਨੀ ਕਿੱਟਾਂ ਜਾਰੀ ਕਰਨ ਦਾ ਵੀ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਆਫ਼ਤ ਤੋਂ ਪ੍ਰਭਾਵਿਤ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਆਪਣੀ ਸੰਵੇਦਨਾ ਅਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਰਾਜ ਸਰਕਾਰ ਨਾਲ ਮਿਲ ਕੇ ਕੰਮ ਕਰੇਗੀ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਪ੍ਰਧਾਨ ਮੰਤਰੀ ਨੇ ਐਨਡੀਆਰਐਫ, ਐਸਡੀਆਰਐਫ ਅਤੇ ਆਪਦਾ ਮਿੱਤਰਾ ਦੇ ਵਲੰਟੀਅਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਰਾਹਤ ਅਤੇ ਬਹਾਲੀ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਬਹਾਲੀ ਅਤੇ ਪੁਨਰ ਨਿਰਮਾਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹ ਪ੍ਰਭਾਵਿਤ ਤੇ ਜ਼ਮੀਨ ਖਿਸਕਣ ਵਾਲੇ ਇਲਾਕਿਆਂ ਦਾ ਜਾਇਜ਼ਾ ਲਿਆ। ਉਹ ਆਫ਼ਤ ਪ੍ਰਭਾਵਿਤ ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ ਕਾਂਗੜਾ ਪਹੁੰਚੇ। ਕਾਂਗੜਾ ਦੇ ਗੱਗਲ ਹਵਾਈ ਅੱਡੇ ’ਤੇ ਪਹੁੰਚਣ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਤੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਸਵਾਗਤ ਕੀਤਾ। ਸ੍ਰੀ ਮੋਦੀ ਹਿਮਾਚਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਮਗਰੋਂ ਕਾਂਗੜਾ ਤੋਂ ਪੰਜਾਬ ਦੇ ਪਠਾਨਕੋਟ ਤੇ ਅੱਗੇ ਗੁਰਦਾਸਪੁਰ ਜਾਣਗੇ।

# ਪ੍ਰਧਾਨ ਮੰਤਰੀ ਵਲੋਂ ਐਲਾਨੀ 1600 ਕਰੋੜ ਦੀ ਰਾਸ਼ੀ ਸਿਰਫ਼ ਫ਼ੌਰੀ ਰਾਹਤ : ਰਾਜਪਾਲ

## ਕਿਹਾ, ਕੇਂਦਰੀ ਏਜੰਸੀਆਂ ਵਲੋਂ ਨੁਕਸਾਨ ਦੀ ਰਿਪੋਰਟ ਦੇਣ ਮਗਰੋਂ ਜਾਰੀ ਕੀਤੀ ਜਾਵੇਗੀ ਹੋਰ ਵਿੱਤੀ ਮਦਦ

ਚੰਡੀਗੜ੍ਹ : ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਹੜ੍ਹ ਪ੍ਰਭਾਵਿਤ ਪੰਜਾਬ ਲਈ ਐਲਾਨੀ ਗਈ 1600 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਤੁਰੰਤ ਰਾਹਤ ਕਾਰਜਾਂ ਲਈ ਫ਼ੌਰੀ ਰਾਹਤ ਹੈ ਅਤੇ ਜਲਦ ਹੀ ਹੋਰ ਵੀ ਵਿੱਤੀ ਮਦਦ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰੀ ਟੀਮਾਂ ਵਲੋਂ ਰਾਜ ਵਿਚ ਹੋਏ ਨੁਕਸਾਨ ਦੇ ਇਕੱਤਰ ਕੀਤੇ ਜਾ ਰਹੇ ਵੇਰਵਿਆਂ ਮਗਰੋਂ ਕੇਂਦਰ ਵਲੋਂ ਨੁਕਸਾਨੇ ਘਰਾਂ, ਨੁਕਸਾਨੀਆਂ ਫ਼ਸਲਾਂ ਅਤੇ ਪਸ਼ੂਆਂ ਦੇ ਨੁਕਸਾਨ ਲਈ 100 ਫ਼ੀਸਦੀ ਹੋਰ ਰਾਸ਼ੀ ਮੁਹੱਈਆ ਕਰਵਾਈ ਜਾਵੇਗੀ। ਉਹ ਅੱਜ ਸਵੇਰੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਖੇ ਜ਼ੇਰੇ ਇਲਾਜ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਹਤ ਦਾ ਹਾਲ-ਚਾਲ ਜਾਣਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਲਈ ਸਰਹੱਦੀ ਰਾਜ ਦੇ ਖਾਤੇ ’ਚ ਪਹਿਲਾਂ ਹੀ 12,000 ਕਰੋੜ ਰੁਪਏ ਦੀ ਰਾਸ਼ੀ ਮੌਜੂਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ’ਚ ਦਰਿਆਵਾਂ ਦੇ ਪਾਣੀ ਨਾਲ ਹੋਏ ਨੁਕਸਾਨ ਦਾ ਉਹ ਖ਼ੁਦ ਵੀ ਜਾਇਜ਼ਾ ਲੈ ਕੇ ਆਏ ਹਨ।



ਉਨ੍ਹਾਂ ਕਿਹਾ ਕਿ 4-5 ਜ਼ਿਲ੍ਹਿਆਂ ’ਚ ਨੁਕਸਾਨ ਬਹੁਤ ਹੋਇਆ ਹੈ ਅਤੇ ਘੱਗਰ ਨੇ ਵੀ ਕੁਝ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਨਾਲੋਂ ਪੰਜਾਬ ’ਚ ਵੱਧ ਨੁਕਸਾਨ ਹੋਇਆ ਹੈ ਅਤੇ ਹੁਣ ਪਾਣੀ ਉਤਰਨ ਮਗਰੋਂ ਸਾਰੇ ਨੁਕਸਾਨ ਦਾ ਪਤਾ ਲੱਗੇਗਾ ਅਤੇ ਇਸ ਦੀ ਕੇਂਦਰ ਵਲੋਂ ਭਰਪਾਈ ਕੀਤੀ ਜਾਵੇਗੀ। ਪੰਜਾਬ ਸਰਕਾਰ ਵਲੋਂ ਮੌਸਮ ਵਿਭਾਗ ’ਤੇ ਸਹੀ ਜਾਣਕਾਰੀ ਨਾ ਦਿੱਤੇ ਜਾਣ ਸੰਬੰਧੀ ਲਿਖੇ ਪੱਤਰ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ’ਚ ਰਾਜਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਹੀ ਐਨ. ਡੀ. ਆਰ. ਐੱਫ਼. ਅਤੇ ਹੋਰਨਾਂ ਟੀਮਾਂ ਨੂੰ ਇਹ ਆਖ ਦਿੱਤਾ ਹੈ ਕਿ ਆਫ਼ਤ ਪ੍ਰਬੰਧਨ ਲਈ ਕਿਸੇ ਵੀ ਹੋਰ ਸਮੱਗਰੀ, ਮਸ਼ੀਨ ਜਾਂ ਪੁਰਜ਼ੇ ਦੀ ਜੇਕਰ ਲੋੜ ਹੈ ਤਾਂ ਉਹ ਖ਼ਰੀਦਿਆ ਜਾ ਸਕਦਾ ਹੈ ਤੇ ਇਸ ਲਈ ਕੇਂਦਰ ਸਰਕਾਰ ਪੂਰੀ ਸਹਾਇਤਾ ਦੇਵੇਗੀ। ਰਾਜਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਬੀਤੇ ਦਿਨੀਂ ਇਕ ਅਧਿਕਾਰਤ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਮੁੱਖ ਮੰਤਰੀ ਦੀ ਸਿਹਤ ਬਾਰੇ ਵੀ ਜਾਣਕਾਰੀ ਲੈਂਦਿਆਂ ਕਿਹਾ ਸੀ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲ ਕੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਦੇਣ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਦੀ ਫੇਰੀ ਮੌਕੇ ਗੁਰਦਾਸਪੁਰ ਵਿਖੇ ਹੋਈ ਮੀਟਿੰਗ ਬਾਰੇ ਪੁੱਛਿਆ ਸੀ ਤੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਇਹ ਮੀਟਿੰਗ ਹਰ ਪੱਖੋਂ ਸਾਕਾਰਾਤਮਿਕ ਸੀ।

# ਆਸਟ੍ਰੇਲੀਆ 'ਚ ਭਾਰਤੀਆਂ ਨੂੰ ਨਿਸ਼ਾਨਾ ਬਣਾ ਰਹੀਆਂ ਇਮੀਗ੍ਰੇਸ਼ਨ ਵਿਰੋਧੀ ਰੈਲੀਆਂ, ਭਾਰਤੀ ਭਾਈਚਾਰੇ ਵਿੱਚ ਡਰ, ਵੰਡ ਅਤੇ ਸਹਿਮ ਦਾ ਮਾਹੌਲ











ਮੈਲਬੌਰਨ, (ਆਸਟ੍ਰੇਲੀਆ) : ਹਾਲ ਹੀ ਦੇ ਹਫ਼ਤਿਆਂ ਵਿੱਚ ਆਸਟ੍ਰੇਲੀਆ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਹੋਈਆਂ ਇਮੀਗ੍ਰੇਸ਼ਨ ਵਿਰੋਧੀ ਰੈਲੀਆਂ ਨੇ ਭਾਰਤੀ ਭਾਈਚਾਰੇ ਵਿੱਚ ਡਰ ਅਤੇ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਕੱਟੜਪੰਥੀ ਅਤੇ ਰਾਸ਼ਟਰਵਾਦੀ ਸਮੂਹਾਂ ਦੁਆਰਾ ਆਯੋਜਿਤ ਇਹਨਾਂ ਪ੍ਰਦਰਸ਼ਨਾਂ ਵਿੱਚ, ਦੇਸ਼ ਦੇ ਆਰਥਿਕ ਮੁੱਦਿਆਂ ਜਿਵੇਂ ਕਿ ਮਕਾਨਾਂ ਦੀ ਕਮੀ ਅਤੇ ਮਹਿੰਗਾਈ ਲਈ ਪ੍ਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਕੁਝ ਮਾਮਲਿਆਂ ਵਿੱਚ ਸਿੱਧੇ ਤੌਰ 'ਤੇ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਭਾਵੇਂ ਆਸਟ੍ਰੇਲੀਆਈ ਸਰਕਾਰ ਨੇ ਇਸ ਨਫ਼ਰਤ ਭਰੇ ਪ੍ਰਚਾਰ ਦੀ ਸਖ਼ਤ ਨਿੰਦਾ ਕੀਤੀ ਹੈ, ਪਰ ਭਾਰਤੀ ਭਾਈਚਾਰਾ ਚਿੰਤਤ ਹੈ। ਇਹ ਭਾਈਚਾਰਾ ਆਸਟ੍ਰੇਲੀਆ ਦੀ ਆਰਥਿਕਤਾ ਅਤੇ ਸੱਭਿਆਚਾਰ ਵਿੱਚ ਵੱਡਾ ਅਤੇ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇਸ ਸਭ ਦੇ ਚਲਦਿਆਂ, ਭਾਈਚਾਰੇ ਵਿੱਚ ਇਹ ਸਵਾਲ ਉੱਠ ਰਿਹਾ ਹੈ ਕਿ ਅਸਲ ਸਨਮਾਨ ਕਦੋਂ ਮਿਲੇਗਾ?

**ਘਟਨਾਕ੍ਰਮ ਅਤੇ ਪ੍ਰਦਰਸ਼ਨ :** "ਮਾਰਚ ਫਾਰ ਆਸਟ੍ਰੇਲੀਆ" ਦੇ ਬੈਨਰ ਹੇਠ ਹੋਈਆਂ ਰੈਲੀਆਂ ਵਿੱਚ ਪ੍ਰਦਰਸ਼ਨਕਾਰੀਆਂ ਨੇ ਅਜਿਹੇ ਬੈਨਰ ਚੁੱਕੇ ਹੋਏ ਸਨ, ਜਿਨ੍ਹਾਂ 'ਤੇ ਲਿਖਿਆ ਸੀ ਕਿ "ਪਿਛਲੇ 5 ਸਾਲਾਂ ਵਿੱਚ 100 ਸਾਲਾਂ ਦੇ ਯੂਨਾਨੀ ਅਤੇ ਇਤਾਲਵੀ ਪ੍ਰਵਾਸੀਆਂ ਨਾਲੋਂ ਵੱਧ ਭਾਰਤੀ ਆਏ ਹਨ।" ਇਸ ਕਿਸਮ ਦੇ ਨਾਅਰਿਆਂ ਨੇ ਭਾਈਚਾਰੇ ਨੂੰ ਸਿੱਧਾ ਨਿਸ਼ਾਨਾ ਬਣਾਇਆ ਅਤੇ ਮਾਹੌਲ ਨੂੰ ਤਣਾਅਪੂਰਨ ਬਣਾ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਦਾ ਦਾਅਵਾ ਹੈ ਕਿ ਵੱਧ ਰਹੇ ਇਮੀਗ੍ਰੇਸ਼ਨ ਕਾਰਨ ਦੇਸ਼ ਦੇ ਸਰੋਤਾਂ 'ਤੇ ਦਬਾਅ ਪੈ ਰਿਹਾ ਹੈ, ਜਿਸ ਨਾਲ ਸਥਾਨਕ ਨਾਗਰਿਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਸਰਕਾਰੀ ਅਤੇ ਭਾਈਚਾਰਕ ਪ੍ਰਤੀਕਿਰਿਆ :** ਆਸਟ੍ਰੇਲੀਆਈ ਸਰਕਾਰ ਨੇ ਇਹਨਾਂ ਰੈਲੀਆਂ ਨੂੰ "ਨਸਲਵਾਦੀ" ਅਤੇ "ਵੰਡੀਆਂ ਪਾਉਣ ਵਾਲੀਆਂ" ਕਰਾਰ ਦਿੱਤਾ ਹੈ। ਗ੍ਰਹਿ ਮਾਮਲਿਆਂ ਦੇ ਮੰਤਰੀ ਟੋਨੀ ਬਰਕ ਅਤੇ ਬਹੁ-ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਐਨੀ ਐਲੀ ਸਮੇਤ ਕਈ ਸੀਨੀਅਰ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਆਸਟ੍ਰੇਲੀਆ ਇੱਕ ਬਹੁ-ਸੱਭਿਆਚਾਰਕ ਦੇਸ਼ ਹੈ ਅਤੇ ਇੱਥੇ ਨਫ਼ਰਤ ਲਈ ਕੋਈ ਥਾਂ ਨਹੀਂ ਹੈ।

ਭਾਰਤ ਸਰਕਾਰ ਨੇ ਵੀ ਇਸ ਮੁੱਦੇ 'ਤੇ ਗੰਭੀਰਤਾ ਦਿਖਾਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਹ ਆਸਟ੍ਰੇਲੀਆਈ ਸਰਕਾਰ ਅਤੇ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਨਾਲ ਲਗਾਤਾਰ ਸੰਪਰਕ ਵਿੱਚ ਹਨ। ਆਸਟ੍ਰੇਲੀਆਈ ਸਰਕਾਰ ਨੇ ਭਰੋਸਾ ਦਿਵਾਇਆ ਹੈ ਕਿ ਉਹ ਭਾਈਚਾਰੇ ਦੀ ਸੁਰੱਖਿਆ ਲਈ ਵਚਨਬੱਧ ਹੈ।

ਭਾਰਤੀ ਭਾਈਚਾਰੇ ਦੇ ਆਗੂਆਂ ਨੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਪ੍ਰਦਰਸ਼ਨ ਭਾਈਚਾਰੇ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ ਅਤੇ ਉਹਨਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰਦੇ ਹਨ।

**ਆਸਟ੍ਰੇਲੀਆ ਵਿੱਚ ਭਾਰਤੀ ਭਾਈਚਾਰੇ ਦਾ ਯੋਗਦਾਨ :** ਭਾਰਤੀ ਭਾਈਚਾਰਾ ਆਸਟ੍ਰੇਲੀਆ ਦੇ ਸਭ ਤੋਂ ਤੇਜ਼ੀ ਨਾਲ ਵੱਧ ਰਹੇ ਪ੍ਰਵਾਸੀ ਸਮੂਹਾਂ ਵਿੱਚੋਂ ਇੱਕ ਹੈ ਅਤੇ ਦੇਸ਼ ਦੀ ਤਰੱਕੀ ਵਿੱਚ ਇਸਦਾ ਵੱਡਾ ਹੱਥ ਹੈ:

♦ **ਆਰਥਿਕ ਯੋਗਦਾਨ:** ਭਾਰਤੀ ਮੂਲ ਦੇ ਲੋਕ ਆਸਟ੍ਰੇਲੀਆ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਪ੍ਰਵਾਸੀ ਸਮੂਹਾਂ ਵਿੱਚੋਂ ਹਨ। ਉਹ ਸੂਚਨਾ ਤਕਨਾਲੋਜੀ, ਸਿਹਤ ਸੰਭਾਲ (ਡਾਕਟਰ, ਨਰਸਾਂ), ਇੰਜੀਨੀਅਰਿੰਗ ਅਤੇ ਸਿੱਖਿਆ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਕੰਮ ਕਰ ਰਹੇ ਹਨ। ਉਹ ਦੇਸ਼ ਦੇ ਦੂਜੇ ਸਭ ਤੋਂ ਵੱਧ ਟੈਕਸ ਅਦਾ ਕਰਨ ਵਾਲੇ ਪ੍ਰਵਾਸੀ ਭਾਈਚਾਰੇ ਵਿੱਚੋਂ ਹਨ।

♦ **ਸੱਭਿਆਚਾਰਕ ਯੋਗਦਾਨ:** ਭਾਰਤੀ ਭਾਈਚਾਰੇ, ਖਾਸ ਕਰਕੇ ਪੰਜਾਬੀ ਅਤੇ ਸਿੱਖ ਭਾਈਚਾਰੇ ਨੇ ਆਸਟ੍ਰੇਲੀਆ ਦੇ ਸੱਭਿਆਚਾਰ ਨੂੰ ਹੋਰ ਅਮੀਰ ਬਣਾਇਆ ਹੈ। ਦੀਵਾਲੀ, ਵਿਸਾਖੀ ਅਤੇ ਹੋਲੀ ਵਰਗੇ ਤਿਉਹਾਰ ਹੁਣ ਆਸਟ੍ਰੇਲੀਆ ਵਿੱਚ ਵੱਡੇ ਪੱਧਰ 'ਤੇ ਮਨਾਏ ਜਾਂਦੇ ਹਨ, ਜਿਸ ਵਿੱਚ ਸਾਰੇ ਭਾਈਚਾਰਿਆਂ ਦੇ ਲੋਕ ਸ਼ਾਮਲ ਹੁੰਦੇ ਹਨ। ਪੰਜਾਬੀ ਭਾਸ਼ਾ ਆਸਟ੍ਰੇਲੀਆ ਵਿੱਚ ਸਭ ਤੋਂ ਤੇਜ਼ੀ ਨਾਲ ਵੱਧ ਰਹੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ।

♦ **ਸਮਾਜਿਕ ਯੋਗਦਾਨ:** ਕੋਵਿਡ-19 ਮਹਾਂਮਾਰੀ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਸਿੱਖ ਸੰਸਥਾਵਾਂ ਅਤੇ ਹੋਰ ਭਾਰਤੀ ਸਮੂਹਾਂ ਨੇ ਲੋੜਵੰਦਾਂ ਲਈ ਲੰਗਰ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਕੇ ਮਨੁੱਖਤਾ ਦੀ ਮਿਸਾਲ ਕਾਇਮ ਕੀਤੀ ਹੈ, ਜਿਸ ਦੀ ਸਥਾਨਕ ਆਗੂਆਂ ਨੇ ਵੀ ਸ਼ਲਾਘਾ ਕੀਤੀ ਹੈ।

**ਸਨਮਾਨ ਕਦੋਂ ਸ਼ੁਰੂ ਹੋਵੇਗਾ?**

ਇਹ ਸਥਿਤੀ ਆਸਟ੍ਰੇਲੀਆ ਦੇ ਇੱਕ ਸਫਲ ਬਹੁ-ਸੱਭਿਆਚਾਰਕ ਸਮਾਜ ਹੋਣ ਦੇ ਦਾਅਵੇ ਲਈ ਇੱਕ ਵੱਡੀ ਪ੍ਰੀਖਿਆ ਹੈ। ਭਾਰਤੀ ਭਾਈਚਾਰਾ ਉਮੀਦ ਕਰਦਾ ਹੈ ਕਿ ਨਫ਼ਰਤ ਦੀ ਰਾਜਨੀਤੀ 'ਤੇ ਸਦਭਾਵਨਾ ਅਤੇ ਆਪਸੀ ਸਤਿਕਾਰ ਦੀ ਜਿੱਤ ਹੋਵੇਗੀ।


# ਫਰਿਜ਼ਨੋ ਹਾਈਵੇ 'ਤੇ 3 ਗੱਡੀਆਂ ਦੀ ਭਿਆਨਕ ਟੱਕਰ, ਵਾਹਨਾਂ ਨੂੰ ਲੱਗੀ ਅੱਗ

ਫਰਿਜ਼ਨੋ: ਕੈਲੀਫੋਰਨੀਆ ਹਾਈਵੇ ਪੈਟਰੋਲ (CHP) ਦੇ ਅਨੁਸਾਰ, ਫਰਿਜ਼ਨੋ ਕਾਊਂਟੀ ਵਿੱਚ ਹਾਈਵੇ 99 'ਤੇ ਦੋ ਗੱਡੀਆਂ ਅਤੇ ਇੱਕ ਵੱਡੇ ਟਰਾਲੇ (ਬਿੱਗ ਰਿਗ) ਦੀ ਭਿਆਨਕ ਟੱਕਰ ਤੋਂ ਬਾਅਦ ਡਰਾਈਵਰਾਂ ਨੂੰ ਭਾਰੀ ਜਾਮ ਦਾ ਸਾਹਮਣਾ ਕਰਨਾ ਪਿਆ।

ਇਹ ਹਾਦਸਾ ਸਵੇਰੇ 9:15 ਵਜੇ ਦੇ ਕਰੀਬ ਉੱਤਰ ਵੱਲ ਜਾਂਦੇ ਹਾਈਵੇ 99 'ਤੇ ਹਰਨਡਨ ਐਵੇਨਿਊ ਦੇ ਨੇੜੇ ਵਾਪਰਿਆ। ਸੋਸ਼ਲ ਮੀਡੀਆ ਮੁਤਾਬਿਕ ਇੱਕ ਕਾਰ, ਇੱਕ ਟਰੱਕ ਅਤੇ ਇੱਕ ਟਰਾਲੇ ਵਾਲੇ ਵੱਡੇ ਟਰੱਕ ਨੂੰ ਅੱਗ ਦੀ ਲਪੇਟ ਵਿੱਚ ਦੇਖਿਆ ਜਾ ਸਕਦਾ ਹੈ।

CHP ਦੇ ਅਨੁਸਾਰ, ਇਸ ਹਾਦਸੇ ਦਾ ਕਾਰਨ ਬਣਨ ਵਾਲੀ ਘਟਨਾ ਉੱਤਰ ਵੱਲ ਮਡੇਰਾ ਕਾਊਂਟੀ ਖੇਤਰ ਵਿੱਚ ਵਾਪਰੀ ਸੀ। ਹਾਈਵੇ 99 ਦੇ ਮਡੇਰਾ ਕਾਊਂਟੀ ਵਾਲੇ ਹਿੱਸੇ 'ਤੇ ਹੋਏ ਇੱਕ ਹਾਦਸੇ ਕਾਰਨ ਲੱਗਿਆ ਟਰੈਫਿਕ ਜਾਮ ਫਰਿਜ਼ਨੋ ਕਾਊਂਟੀ ਤੱਕ ਫੈਲ ਗਿਆ। ਜਾਮ ਲੱਗੇ ਹੋਣ ਕਾਰਨ ਵੱਡਾ ਟਰਾਲਾ ਰੁਕਿਆ ਹੋਇਆ ਸੀ, ਪਰ ਪਿੱਛੇ ਆ ਰਹੀਆਂ ਦੋ ਗੱਡੀਆਂ ਸਮੇਂ ਸਿਰ ਨਾ ਰੁਕ ਸਕੀਆਂ ਅਤੇ ਦੋਵੇਂ ਵੱਡੇ ਟਰਾਲੇ ਦੇ ਪਿਛਲੇ ਹਿੱਸੇ ਨਾਲ ਟਕਰਾ ਗਈਆਂ। ਇਸ ਟੱਕਰ ਕਾਰਨ ਦੋਵਾਂ ਗੱਡੀਆਂ ਨੂੰ ਅੱਗ ਲੱਗ ਗਈ, ਅਤੇ ਬਾਅਦ ਵਿੱਚ ਇਹ ਅੱਗ ਵੱਡੇ ਟਰਾਲੇ ਤੱਕ ਵੀ ਫੈਲ ਗਈ।

CHP ਇਸ ਹਾਦਸੇ ਦੀ ਜਾਂਚ ਕਰ ਰਹੀ ਹੈ, ਜਿਸ ਵਿੱਚ ਕਈ ਲੋਕ ਜ਼ਖਮੀ ਹੋਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡਰਾਈਵਰਾਂ ਵੱਲੋਂ ਸੀਟ ਬੈਲਟਾਂ ਦੀ ਵਰਤੋਂ ਕਰਨ ਨਾਲ ਸ਼ਾਇਦ ਉਨ੍ਹਾਂ ਦੀ ਜਾਨ ਬਚ ਗਈ। ਕੈਲਟਰਾਂਸ (Caltrans) ਦੀ ਰਿਪੋਰਟ ਅਨੁਸਾਰ, ਟਰੈਫਿਕ ਸ਼ਾਅ SHAW ਐਵੇਨਿਊ ਤੱਕ ਜਾਮ ਸੀ।



# ਨੇਪਾਲ ਸੰਕਟ: ਪ੍ਰਧਾਨ ਮੰਤਰੀ ਓਲੀ ਵੱਲੋਂ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਮਗਰੋਂ ਅਸਤੀਫ਼ਾ

## ਪ੍ਰਦਰਸ਼ਨਕਾਰੀਆਂ ਨੇ ਸਾਬਕਾ ਪ੍ਰਧਾਨ ਮੰਤਰੀ ਦੀ ਪਤਨੀ ਨੂੰ ਜ਼ਿੰਦਾ ਸਾੜਿਆ










ਕਾਠਮੰਡੂ : ਨੇਪਾਲ ਨੂੰ ਗੰਭੀਰ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਕਈ ਸੀਨੀਅਰ ਸਿਆਸੀ ਆਗੂਆਂ ਦੀਆਂ ਨਿੱਜੀ ਰਿਹਾਇਸ਼ਾਂ ਤੇ ਸਿਆਸੀ ਪਾਰਟੀਆਂ ਦੇ ਹੈੱਡਕੁਆਰਟਰਾਂ 'ਤੇ ਹਮਲੇ ਕੀਤੇ ਅਤੇ ਇੱਥੋਂ ਤੱਕ ਕਿ ਸੰਸਦ ਵਿੱਚ ਵੀ ਭੰਨਤੋੜ ਕੀਤੀ। ਇਹ ਘਟਨਾ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲਿਸ ਕਾਰਵਾਈ ਵਿੱਚ 19 ਵਿਅਕਤੀਆਂ ਦੀ ਮੌਤ ਹੋਣ ਤੋਂ ਇੱਕ ਦਿਨ ਬਾਅਦ ਵਾਪਰੀ ਹੈ। ਨੇਪਾਲ ਦੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਅਤੇ ਮਸਲੇ ਦੇ ਹੱਲ ਲਈ ਗੱਲਬਾਤ ਵਾਸਤੇ ਅੱਗੇ ਆਉਣ ਦੀ ਅਪੀਲ ਕੀਤੀ ਹੈ। ਵਿਦਿਆਰਥੀਆਂ ਦੀ ਅਗਵਾਈ ਵਾਲੇ ਪ੍ਰਦਰਸ਼ਨਾਂ ਨੇ ਸੋਸ਼ਲ ਮੀਡੀਆ 'ਤੇ ਪਾਬੰਦੀ ਅਤੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨਾ ਕਰਨ ਸਣੇ ਕਈ ਮੁੱਦਿਆਂ 'ਤੇ ਓਲੀ ਸਰਕਾਰ ਪ੍ਰਤੀ ਵਧ ਰਹੇ ਜਨਤਕ ਰੋਹ ਨੂੰ ਦਰਸਾਇਆ ਹੈ। ਪ੍ਰਦਰਸ਼ਨਕਾਰੀਆਂ ਨੇ ਕਰਫਿਊ ਅਤੇ ਸੁਰੱਖਿਆ ਬਲਾਂ ਦੀ ਤਾਇਨਾਤੀ ਦੀ ਉਲੰਘਣਾ ਕਰਦਿਆਂ ਵੱਖ-ਵੱਖ ਆਗੂਆਂ ਦੇ ਦਫ਼ਤਰਾਂ ਤੇ ਰਿਹਾਇਸ਼ਾਂ ਨੂੰ ਅੱਗ ਲਗਾ ਦਿੱਤੀ ਅਤੇ ਵੱਖ-ਵੱਖ ਮੁੱਖ ਇਮਾਰਤਾਂ ਤੇ ਅਦਾਰਿਆਂ 'ਤੇ ਹਮਲਾ ਕੀਤਾ। ਓਲੀ ਦੇ ਅਸਤੀਫੇ ਤੋਂ ਕੁਝ ਘੰਟੇ ਪਹਿਲਾਂ, ਪ੍ਰਦਰਸ਼ਨਕਾਰੀਆਂ ਨੇ ਬਾਲਕੋਟ ਵਿੱਚ ਨੇਪਾਲੀ ਆਗੂ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ ਅਤੇ ਰਾਸ਼ਟਰਪਤੀ ਰਾਮਚੰਦਰ ਪੌਡੇਲ, ਸਾਬਕਾ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਾਹਲ, ਸੰਚਾਰ ਮੰਤਰੀ ਪ੍ਰਿਥਵੀ ਸੁੱਬਾ ਗੁਰੂੰਗ, ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ ਦੀਆਂ ਜਾਇਦਾਦਾਂ 'ਤੇ ਹਮਲਾ ਕੀਤਾ। ਸਰਕਾਰ ਵੱਲੋਂ ਸੋਸ਼ਲ ਮੀਡੀਆ ਸਾਈਟਾਂ 'ਤੇ ਪਾਬੰਦੀ ਲਗਾਏ ਜਾਣ ਖ਼ਿਲਾਫ਼ ਸੋਮਵਾਰ ਨੂੰ ਸ਼ੁਰੂ ਹੋਏ ਪ੍ਰਦਰਸ਼ਨਾਂ ਦੀ ਤੀਬਰਤਾ ਹੋਰ ਵਧ ਗਈ ਅਤੇ ਪ੍ਰਦਰਸ਼ਨਕਾਰੀਆਂ ਨੇ ਸਾਰੇ ਪ੍ਰਮੁੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਰਕਾਰ ਵਿਰੋਧੀ ਮਾਰਚ ਕੱਢੇ। ਪ੍ਰਦਰਸ਼ਨਾਂ ਦੇ ਮੱਦੇਨਜ਼ਰ ਕਾਠਮੰਡੂ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਣ ਸੇਵਾਵਾਂ ਅੰਸ਼ਿਕ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕੇ.ਪੀ. ਸ਼ਰਮਾ ਓਲੀ ਨੇ ਉਸ ਸਮੇਂ ਅਸਤੀਫਾ ਦਿੱਤਾ, ਜਦੋਂ ਸੈਂਕੜੇ ਅੰਦੋਲਨਕਾਰੀ ਉਨ੍ਹਾਂ ਦੇ ਦਫ਼ਤਰ ਵਿੱਚ ਦਾਖ਼ਲ ਹੋ ਗਏ ਅਤੇ ਸੋਮਵਾਰ ਨੂੰ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲਿਸ ਕਾਰਵਾਈ ਦੌਰਾਨ ਘੱਟੋ-ਘੱਟ 19 ਵਿਅਕਤੀਆਂ ਦੀ ਮੌਤ ਹੋਣ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲਾਪ੍ਰਵਾਹੀ ਲਈ ਉਨ੍ਹਾਂ ਨੂੰ ਹਟਾਉਣ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕਰ ਰਹੇ ਸਨ। ਰਾਸ਼ਟਰਪਤੀ ਰਾਮਚੰਦਰ ਪੌਡੇਲ ਨੂੰ ਲਿਖੇ ਆਪਣੇ ਅਸਤੀਫੇ ਵਿੱਚ ਓਲੀ ਨੇ ਨੇਪਾਲ ਦੇ ਸਾਹਮਣੇ ਆਏ ਅਸਾਧਾਰਨ ਹਾਲਾਤ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਉਹ ਮੌਜੂਦਾ ਸਥਿਤੀ ਦੇ ਸੰਵਿਧਾਨਕ ਅਤੇ ਸਿਆਸੀ ਹੱਲ ਲਈ ਰਸਤਾ ਬਣਾਉਣ ਵਾਸਤੇ ਅਸਤੀਫਾ ਦੇ ਰਹੇ ਹਨ। ਚੀਨ ਦੇ ਨਜ਼ਦੀਕ ਮੰਨੇ ਜਾਣ ਵਾਲੇ ਓਲੀ, ਨੇਪਾਲੀ ਕਾਂਗਰਸ ਪਾਰਟੀ ਦੇ ਸਮਰਥਨ ਨਾਲ ਜੁਲਾਈ 2024 ਵਿੱਚ ਚੌਥੀ ਵਾਰ ਪ੍ਰਧਾਨ ਮੰਤਰੀ ਬਣੇ ਸਨ। ਉਨ੍ਹਾਂ ਦਾ ਇਸ ਮਹੀਨੇ ਭਾਰਤ ਦਾ ਦੌਰਾ ਕਰਨ ਦਾ ਪ੍ਰੋਗਰਾਮ ਸੀ। ਜੈੱਨ ਜ਼ੀ ਦੇ ਬੈਨਰ ਹੇਠ ਅੰਦੋਲਨਕਾਰੀਆਂ ਨੇ ਕਾਠਮੰਡੂ ਦੇ ਨਾਇਕਾਪ ਵਿੱਚ ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਦੀ ਰਿਹਾਇਸ਼ ਨੂੰ ਵੀ ਅੱਗ ਲਗਾ ਦਿੱਤੀ। ਕਾਠਮੰਡੂ ਵਿੱਚ ਕਾਲੰਕੀ, ਕਾਲੀਮਤੀ, ਤਾਹਚਲ ਅਤੇ ਬਾਨੇਸ਼ਵਰ ਦੇ ਨਾਲ-ਨਾਲ ਲਲਿਤਪੁਰ ਜ਼ਿਲ੍ਹੇ ਦੇ ਚਿਆਸਲ, ਚਪਾਗਾਓਂ, ਥੇਚੋ ਇਲਾਕਿਆਂ ਵਿੱਚ ਵੀ ਪ੍ਰਦਰਸ਼ਨ ਹੋਣ ਦੀ ਖ਼ਬਰ ਮਿਲੀ ਹੈ। ਪ੍ਰਦਰਸ਼ਨਕਾਰੀਆਂ ਨੇ ਸੰਚਾਰ ਮੰਤਰੀ ਪ੍ਰਿਥਵੀ ਸੁੱਬਾ ਗੁਰੂੰਗ ਦੇ ਲਲਿਤਪੁਰ ਜ਼ਿਲ੍ਹੇ 'ਚ ਪੈਂਦੇ ਸੁਨਾਕੋਠੀ ਵਿੱਚ ਸਥਿਤ ਘਰ 'ਤੇ ਵੀ ਪਥਰਾਅ ਕੀਤਾ।

### ਝਾਲਾ ਨਾਥ ਖਨਾਲ ਦੇ ਘਰ ਨੂੰ ਅੱਗ ਲਾਉਣ 'ਤੇ ਪਤਨੀ ਦੀ ਸੜ ਕੇ ਮੌਤ

ਦੱਲੂ ਵਿੱਚ ਪ੍ਰਦਰਸ਼ਨਕਾਰੀਆਂ ਦੀ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਝਾਲਾ ਨਾਥ ਖਨਾਲ ਦੇ ਘਰ ਨੂੰ ਅੱਗ ਲਗਾ ਦਿੱਤੀ। ਪ੍ਰਤੱਖਦਰਸੀਆਂ ਅਨੁਸਾਰ, ਘਰ ਦੇ ਅੰਦਰ ਫਸੀ ਖਨਾਲ ਦੀ ਪਤਨੀ ਰਾਜਲਕਸ਼ਮੀ ਚਿਤਰਕਾਰ ਗੰਭੀਰ ਰੂਪ ਵਿੱਚ ਝੁਲਸ ਗਈ। ਨਿਊਜ਼ ਪੋਰਟਲ 'ਖਬਰਹੱਬ' ਨੇ ਪਰਿਵਾਰਕ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਉਸ ਨੂੰ ਗੰਭੀਰ ਹਾਲਤ ਵਿੱਚ ਕੀਰਤੀਪੁਰ ਬਰਨ ਹਸਪਤਾਲ ਲਿਜਾਇਆ ਗਿਆ ਪਰ ਇਲਾਜ ਦੌਰਾਨ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ। ਖਨਾਲ ਨੇ ਫਰਵਰੀ 2011 ਤੋਂ ਅਗਸਤ 2011 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ ਸੀ। ਪ੍ਰਦਰਸ਼ਨਕਾਰੀਆਂ ਨੇ ਸਾਬਕਾ ਵਿੱਤ ਮੰਤਰੀ ਅਤੇ ਨੇਪਾਲੀ ਕਾਂਗਰਸ ਦੇ ਨੇਤਾ ਰਾਮਸ਼ਰਨ ਮਾਹਤ ਦੇ ਕਪਾਨ ਸਥਿਤ ਘਰ ਨੂੰ ਵੀ ਸਾੜ ਦਿੱਤਾ।

### ਭਾਰਤੀ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

ਨਵੀਂ ਦਿੱਲੀ: ਨੇਪਾਲ ਵਿੱਚ ਫੈਲੀ ਅਸ਼ਾਂਤੀ ਦੇ ਮੱਦੇਨਜ਼ਰ ਭਾਰਤ ਨੇ ਆਪਣੇ ਨਾਗਰਿਕਾਂ ਨੂੰ ਗੁਆਂਢੀ ਮੁਲਕ 'ਚ ਹਾਲਾਤ ਸਥਿਰ ਹੋਣ ਤੱਕ ਨੇਪਾਲ ਯਾਤਰਾ ਮੁਲਤਵੀ ਕਰਨ ਨੂੰ ਕਿਹਾ ਹੈ। ਵਿਦੇਸ਼ ਮੰਤਰਾਲੇ ਨੇ ਇਕ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ, "ਨੇਪਾਲ ਵਿੱਚ ਪਹਿਲਾਂ ਤੋਂ ਮੌਜੂਦ ਭਾਰਤੀ ਨਾਗਰਿਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪੋ ਆਪਣੀਆਂ ਮੌਜੂਦਾ ਰਿਹਾਇਸ਼ੀ ਥਾਵਾਂ 'ਤੇ ਹੀ ਰਹਿਣ ਅਤੇ ਬਾਹਰ ਸੜਕਾਂ 'ਤੇ ਜਾਣ ਤੋਂ ਗੁਰੇਜ਼ ਕਰਨ।" ਵਿਦੇਸ਼ ਮੰਤਰਾਲੇ ਨੇ ਅੱਜ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਉਹ ਨੇਪਾਲ ਵਿੱਚ ਬਣੇ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਐਡਵਾਈਜ਼ਰੀ ਵਿੱਚ ਨੇਪਾਲ 'ਚ ਰਹਿੰਦੇ ਭਾਰਤੀ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਸਥਾਨਕ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ।

# ਨੇਪਾਲ ’ਚ ਲਗਾਤਾਰ ਵਿਗੜ ਰਹੇ ਹਾਲਾਤ, 18 ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿੱਚੋਂ ਲਗਭਗ 6 ਹਜ਼ਾਰ ਕੈਦੀ ਫਰਾਰ













ਕਾਠਮੰਡੂ : ਸਰਕਾਰ ਵਿਰੁੱਧ ਪ੍ਰਦਰਸ਼ਨ ਤੋਂ ਬਾਅਦ ਭੜਕੀ ਹਿੰਸਾ ਕਾਰਨ ਨੇਪਾਲ ਵਿੱਚ ਹਾਲਾਤ ਹੋਰ ਵੀ ਵਿਗੜ ਗਏ ਹਨ। ਹੁਣ ਤੱਕ 20 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਸੈਂਕੜੇ ਜ਼ਖਮੀ ਹੋ ਗਏ ਹਨ। ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੇ ਅਸਤੀਫ਼ੇ ਤੋਂ ਬਾਅਦ ਵੀ ਪ੍ਰਦਰਸ਼ਨਕਾਰੀਆਂ ਦਾ ਗੁੱਸਾ ਖਤਮ ਨਹੀਂ ਹੋਇਆ ਹੈ ਅਤੇ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ ’ਤੇ ਅੜੇ ਹੋਏ ਹਨ। ਨੇਪਾਲ ਵਿੱਚ ਕਈ ਥਾਵਾਂ ’ਤੇ ਇਮਾਰਤਾਂ ਸੜੀਆਂ ਹੋਈਆਂ ਦਿਖਾਈ ਦੇ ਰਹੀਆਂ ਹਨ ਅਤੇ ਉਨ੍ਹਾਂ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੇ ਸਾਰੇ ਸਰਕਾਰੀ ਦਫ਼ਤਰਾਂ ਅਤੇ ਉਨ੍ਹਾਂ ਵਿੱਚ ਰੱਖੇ ਮਹੱਤਵਪੂਰਨ ਦਸਤਾਵੇਜ਼ਾਂ ਨੂੰ ਤਬਾਹ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ, ਹੁਣ ਨੇਪਾਲ ਵਿੱਚ ਫੌਜ ਨੇ ਕਮਾਨ ਆਪਣੇ ਹੱਥਾਂ ਵਿੱਚ ਲੈ ਲਈ ਹੈ ਅਤੇ ਪੂਰੇ ਦੇਸ਼ ਵਿੱਚ ਕਰਫਿਊ ਲਗਾ ਦਿੱਤਾ ਹੈ।

**18 ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿੱਚੋਂ ਲਗਭਗ 6 ਹਜ਼ਾਰ ਕੈਦੀ ਫਰਾਰ ਹੋ ਗਏ ਹਨ :** ਨੇਪਾਲ ਵਿੱਚ ਭੜਕੀ ਹਿੰਸਾ ਦੇ ਵਿਚਕਾਰ, ਇੱਕ ਵੱਡੀ ਖ਼ਬਰ ਇਹ ਹੈ ਕਿ ਨੇਪਾਲ ਦੇ 18 ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿੱਚੋਂ ਲਗਭਗ 6 ਹਜ਼ਾਰ ਕੈਦੀ ਫਰਾਰ ਹੋ ਗਏ ਹਨ। ਇਸ ਵਿੱਚ, ਇਕੱਲੇ ਕਾਸਕੀ ਤੋਂ 773 ਕੈਦੀ ਅਤੇ ਨਵਲਪਰਾਸੀ ਜੇਲ੍ਹ ਤੋਂ 500 ਕੈਦੀ ਫਰਾਰ ਹੋ ਗਏ ਹਨ। ਚਿਤਵਨ ਤੋਂ 700 ਕੈਦੀ, ਕੈਲਾਲੀ ਤੋਂ 612 ਕੈਦੀ, ਜਲੇਸ਼ਵਰ ਤੋਂ 576 ਕੈਦੀ ਫਰਾਰ ਹੋ ਗਏ ਹਨ। ਨੇਪਾਲ ਦੀਆਂ ਇਨ੍ਹਾਂ ਜੇਲ੍ਹਾਂ ਤੋਂ ਭੱਜਣ ਵਾਲੇ ਕੈਦੀਆਂ ਦੀ ਸੂਚੀ ਵੀ ਸਾਹਮਣੇ ਆਈ ਹੈ। ਅਜਿਹੀ ਸਥਿਤੀ ਵਿੱਚ, ਇਹ ਮਾਮਲਾ ਵੀ ਚਿੰਤਾ ਦਾ ਵਿਸ਼ਾ ਹੈ ਕਿ ਭੱਜੇ ਹੋਏ ਕੈਦੀ ਦੇਸ਼ ਦੀ ਸੁਰੱਖਿਆ ਲਈ ਰੁਕਾਵਟ ਬਣ ਸਕਦੇ ਹਨ। ਇਹ ਪਛਾਣਨਾ ਵੀ ਮੁਸ਼ਕਲ ਹੈ ਕਿ ਕਿਹੜਾ ਕੈਦੀ ਕਿੰਨਾ ਖਤਰਨਾਕ ਹੈ।

**ਨੇਪਾਲ ਵਿੱਚ ਵਿਰੋਧ ਪ੍ਰਦਰਸ਼ਨ ਕਿਉਂ ਸ਼ੁਰੂ ਹੋਇਆ?**

ਨੇਪਾਲ ਵਿੱਚ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਮੁੱਖ ਤੌਰ ‘ਤੇ ਸੋਸ਼ਲ ਮੀਡੀਆ ਪਲੇਟਫਾਰਮਾਂ (ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਵਟਸਐਪ ਅਤੇ ਐਕਸ) ’ਤੇ ਪਾਬੰਦੀ ਲਗਾਉਣ ਦੇ ਸਰਕਾਰ ਦੇ ਫੈਸਲੇ ਦੇ ਵਿਰੋਧ ਵਿੱਚ ਸ਼ੁਰੂ ਹੋਏ ਸਨ। ਸਰਕਾਰ ਨੇ ਇਹ ਪਾਬੰਦੀ ਇਸ ਲਈ ਲਗਾਈ ਸੀ ਕਿਉਂਕਿ ਇਨ੍ਹਾਂ ਪਲੇਟਫਾਰਮਾਂ ਨੇ ਨੇਪਾਲ ਸਰਕਾਰ ਨਾਲ ਰਜਿਸਟ੍ਰੇਸ਼ਨ ਲਈ ਸੱਤ ਦਿਨਾਂ ਦੀ ਸਮਾਂ ਸੀਮਾ ਦੀ ਪਾਲਣਾ ਨਹੀਂ ਕੀਤੀ। ਸਰਕਾਰ ਨੇ ਦਲੀਲ ਦਿੱਤੀ ਕਿ ਇਹ ਕਦਮ ਬੇਕਾਬੂ ਸਮੱਗਰੀ, ਜਾਅਲੀ ਖ਼ਬਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਸੀ। ਹਾਲਾਂਕਿ, ਪ੍ਰਦਰਸ਼ਨਕਾਰੀਆਂ, ਖਾਸ ਕਰਕੇ Gen-Z ਨੌਜਵਾਨਾਂ ਨੇ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ (Freedom of Expression) ‘ਤੇ ਹਮਲਾ ਮੰਨਿਆ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ‘ਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਤੋਂ ਬਾਅਦ, ਇਹ ਵਿਰੋਧ ਪ੍ਰਦਰਸ਼ਨ ਕਾਠਮੰਡੂ ਤੋਂ ਸ਼ੁਰੂ ਹੋਇਆ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਫੈਲ ਗਿਆ, ਅਤੇ ਇਸਨੇ ਹਿੰਸਕ ਰੂਪ ਧਾਰਨ ਕਰ ਲਿਆ, ਜਿਸ ਵਿੱਚ ਪੁਲਿਸ ਨਾਲ ਝੜਪਾਂ ਹੋਈਆਂ। ਇਨ੍ਹਾਂ ਝੜਪਾਂ ਵਿੱਚ 20 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਸੈਂਕੜੇ ਜ਼ਖਮੀ ਹੋਏ।











# ਅਮਰੀਕਨ ਸਿੱਖ ਆਗੂ ਭਾਈ ਗੁਰਪਾਲ ਸਿੰਘ ਹੰਸਰਾ ਨੇ ਕੀਤੀ ਨਾਨਕਸਰ ਦੇ ਸਮੂਹ ਸੰਤਾਂ ਨੂੰ ਪੁਰਾਤਨ ਮਰਿਯਾਦਾ 'ਤੇ ਪਹਿਰਾ ਦੇਣ ਲਈ ਬੇਨਤੀ

## ਬ੍ਰਹਮਗਿਆਨੀ ਸੰਤ ਬਾਬਾ ਨੰਦ ਸਿੰਘ ਜੀ ਪ੍ਰਤੀ ਵਰਤੇ ਗਲਤ ਸ਼ਬਦਾਂ ਨੇ ਨਾਨਕਸਰ ਦੇ ਸ਼ਰਧਾਲੂਆਂ ਦੇ ਹਿਰਦੇ ਵਲੂੰਧਰੇ, ਦੇਸ਼ਾਂ-ਵਿਦੇਸ਼ਾਂ 'ਚ ਸਖ਼ਤ ਨਿੰਦਾ

ਨਾਨਕਸਰ ਕਲੇਰਾਂ : ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 82ਵੀਂ ਬਰਸੀ 'ਤੇ ਉਨ੍ਹਾਂ ਦੇ ਪਾਵਨ ਤਪ-ਅਸਥਾਨ ਨਾਨਕਸਰ ਕਲੇਰਾਂ ਵਿਖੇ ਬਾਬਾ ਸੁਜਾਨ ਸਿੰਘ ਦੇ ਇਕ ਪ੍ਰਚਾਰਕ ਪਰਿਵਾਰਕ ਮੈਂਬਰ ਵਲੋਂ ਸਜੇ ਧਾਰਮਿਕ ਦੀਵਾਨਾਂ ਦੌਰਾਨ ਕੀਰਤਨ ਕਰਦਿਆਂ ਐਸੀ ਅਸ਼ਲੀਲ ਤੇ ਵਿਵਦਾਤ ਸਾਖੀ (ਨਾ ਲਿਖਣਯੋਗ) ਨੂੰ ਬਾਬਾ ਨੰਦ ਸਿੰਘ ਜੀ ਨਾਲ ਜੋੜਦਿਆਂ ਨਾਨਕਸਰ ਲਾਇਵ ਤੋਂ ਕਹਿ ਦਿੱਤਾ, ਜਿਸ ਨੂੰ ਲੈ ਕੇ ਦੇਸ-ਦੁਨੀਆਂ 'ਚ ਨਾਨਕਸਰ ਪ੍ਰਤੀ ਕਾਫ਼ੀ ਕਿੰਤੂ-ਪ੍ਰੰਤੂ ਤੇ ਸਵਾਲ ਦੇ ਘੇਰੇ ਵਿਚ ਖੜ੍ਹਾ ਕਰ ਦਿੱਤਾ ਹੈ ਤੇ ਨਿੰਦਕ ਲੋਕ ਨਾਨਕਸਰ ਨੂੰ ਮਜ਼ਾਕ ਪਾਤਰ ਬਣਾ ਕੇ ਪੇਸ਼ ਕਰ ਰਹੇ ਹਨ। ਉਕਤ ਪੈਦੇ ਹੋਏ ਨਵੇਂ ਵਿਵਾਦ ਤੇ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਤੋਂ ਵਰੋਸਾਏ ਹੰਸਰਾ ਪਰਿਵਾਰ ਵਲੋਂ ਭਾਈ ਗੁਰਪਾਲ ਸਿੰਘ ਹੰਸਰਾ ਅਮਰੀਕਾ ਨਿਵਾਸੀ ਨੇ ਨਾਨਕਸਰ ਘਟੀ ਘਟਨਾ ਪ੍ਰਤੀ ਸੋਸ਼ਲ ਮੀਡੀਆ 'ਤੇ ਸੰਗਤਾਂ ਦੇ ਸਨਮੁੱਖ ਹੁੰਦਿਆਂ ਸਖ਼ਤ ਇਤਰਾਜ਼ ਕੀਤਾ ਹੈ। ਭਾਈ ਹੰਸਰਾ ਨੇ ਕਿਹਾ ਕਿ ਬਾਬਾ ਜੀ ਦਾ ਬਚਨ ਕਿ 'ਕਿਸੇ ਨੂੰ ਗੁਰੂ ਨਾਲ ਜੋੜਨ ਵਰਗਾ ਪੁੰਨ ਨਹੀਂ ਤੇ ਤੋੜਨ ਵਰਗਾ ਪਾਪ ਨਹੀਂ, ਸੰਗਤ ਉਸਦੀ ਕਰੋ, ਜੋ ਗੁਰੂ ਨਾਲ ਜੋੜੇ, ਜਿਹੜਾ ਗੁਰੂ ਨਾਲੋਂ ਤੋੜ ਕੇ ਆਪਣੇ ਨਾਲ ਜੋੜੇ, ਉਸ ਤੋਂ ਕਿਨਾਰਾ ਕਰੋ, ਕਿਉਂਕਿ ਅਜਿਹੇ ਦੀ ਸੰਗਤ ਨਾਲ ਘਾਟਾ ਹੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਬਾਬਾ ਈਸ਼ਰ ਸਿੰਘ ਜੀ ਵਲੋਂ ਨਾਨਕਸਰ ਦੀ ਸਥਾਪਨਾ ਸਮੇਂ ਨਾਨਕਸਰ ਦੀ ਪਵਿੱਤਰ, ਉਚੀ ਤੇ ਸੁੱਚੀ ਮਰਿਯਾਦਾ ਲਾਗੂ ਕੀਤੀ ਸੀ, ਜਿਸ 'ਤੇ ਪਹਿਰਾ ਦੇਣਾ ਨਾਨਕਸਰ ਦੇ ਅਤਿ ਸਤਿਕਾਰਯੋਗ ਸਮੂਹ ਸੰਤਾਂ ਦਾ ਮੁਢਲਾ ਫਰਜ਼ ਹੈ, ਜਿਸ ਵਿਚ ਹੀ ਬਾਬਾ ਦੀ ਪ੍ਰਸੰਨਤਾ ਹੋਵੇਗੀ। ਉਨ੍ਹਾਂ ਕਿਹਾ ਕਿ ਬਾਬਾ ਜੀ ਦੀ ਬਰਸੀ ਤੇ ਸੁਜਾਨ ਸਿੰਘ ਦੇ ਲੜਕੇ ਦੇ ਪੋਤੇ ਵਲੋਂ ਸਾਜ਼ਿਸ਼ ਤਹਿਤ ਨਿਰਬਸਤਰ ਹੋਣ ਵਾਲੀ ਸਾਖੀ ਸੁਣਕੇ ਨਾਨਕਸਰ ਦੇ ਸੰਗੀਆਂ ਦੇ ਹਿਰਦੇ ਵਲੂੰਧਰੇ ਗਏ ਹਨ ਅਤੇ ਮਨ ਦੁਖੀ



ਹੈ ਕਿ ਇਸ ਨੂੰ ਨਾਨਕਸਰ ਦੇ ਬਾਨੀ ਬਾਬਾ ਨੰਦ ਸਿੰਘ ਜੀ ਨਾਲ ਜੋੜਿਆ ਗਿਆ, ਇਸ ਨੂੰ ਸੁਣਨਾ ਅਤਿ ਮੰਦਭਾਗਾ ਤੇ ਦੁਖਦਾਈ ਹੈ। ਇਸ ਤੋਂ ਵੱਧ ਹੈਰਾਨੀ ਇਸ ਗੱਲ ਤੋਂ ਹੈ ਕਿ ਨਾਨਕਸਰ ਦੀ ਵੱਡੀ ਸਟੇਜ ਤੋਂ ਸਿੱਧੇ ਪ੍ਰਸਾਰਨ ਦੌਰਾਨ ਉਕਤ ਵਿਵਾਦਤ ਸਾਖੀ ਸੁਣਨ ਉਪਰੰਤ ਇਤਰਾਜ਼ ਕਰਨ ਦੀ ਬਜਾਏ, ਨਾਨਕਸਰ ਦੇ ਸੰਤਾਂ ਵਲੋਂ ਚੁੱਪ ਵੱਟੀ ਗਈ। ਇਸ ਵਰਤਾਏ ਨੂੰ ਲੈ ਕੇ ਸਮੂਹ ਟਕਸਾਲੀ ਸ਼ਰਧਾਲੂਆਂ ਦੇ ਮਨਾਂ ਨੂੰ ਭਾਰੀ ਸੱਟ ਵੱਜੀ ਹੈ, ਕਿਉਂਕਿ ਨਾਨਕਸਰ ਨਾਲ ਜੁੜੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਹੁੰਦਿਆਂ ਸਭ ਚੁੱਪ ਕਰ ਗਏ ਹਨ। ਭਾਈ ਹੰਸਰਾ ਨੇ ਕਿਹਾ ਕਿ ਬਾਬਾ ਜੀ ਆਪਣੇ ਮਾਲਕ ਨੂੰ 100 ਗੁਣਾ ਵੱਧ ਕਰਕੇ ਸੁਣਾਉਂਦੇ ਸਨ, ਪਰ ਬਾਨੀ ਮਹਾਂਪੁਰਸ਼ ਦੇ ਪਾਵਨ ਅਸਥਾਨ 'ਤੇ ਹੀ ਉਨ੍ਹਾਂ ਦੀ ਨਿੰਦਿਆ ਹੋ ਰਹੀ ਹੈ। ਇਸ ਸਬੰਧੀ ਕਾਫੀ ਵਿਵਾਦਤ ਟਿੱਪਣੀਆਂ, ਫੋਨ ਤੇ ਮੈਸਿਜ ਆਉਣ ਤੋਂ ਬਾਅਦ ਮਜ਼ਬੂਰਨ ਬੋਲਣਾ ਪਿਆ, ਕਿੰਨੀ ਸਰਮ ਦੀ ਗੱਲ ਹੈ, ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਹੀ ਗੁਰੂ ਸਾਹਿਬ ਜੀ ਪਾਵਨ ਹਜ਼ੂਰੀ ਵਿਚ ਮਾਈਆਂ ਦੇ ਭਰਵੇਂ ਇਕੱਠ ਵਿਚ ਬਾਬਾ ਨੰਦ ਸਿੰਘ ਜੀ ਪ੍ਰਤੀ ਗਲਤ ਤੇ ਭੱਦੀ ਸ਼ਬਦਾਂਵਲੀ ਵਰਤ ਕੇ ਬਾਬਾ ਜੀ ਨੂੰ ਨਿੰਦਿਆ ਦਾ ਪਾਤਰ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਕਤ ਪਰਿਵਾਰ ਨੇ ਬਾਬਾ ਨੰਦ ਸਿੰਘ ਜੀ ਦੇ ਭਾਣਾ ਵਰਤਾਉਣ ਤੋਂ ਬਾਅਦ ਧੰਨ ਬਾਬਾ ਈਸ਼ਰ ਸਿੰਘ ਜੀ ਦੇ ਨਾਨਕਸਰ ਆਉਣ ਤੇ ਸੇਵਾ ਸੰਭਾਲ ਸਮੇਂ ਇਤਰਾਜ਼ ਕੀਤਾ ਸੀ ਤੇ ਉਸ ਸਮੇਂ ਨਿੱਡਰ ਤੇ ਸ਼ੇਰਦਿਲ ਇਨਸਾਨ ਦਲੀਪ ਸਿੰਘ ਤੂਰ ਸ਼ੇਰਪੁਰ ਕਲਾਂ (ਜਿਨ੍ਹਾਂ ਦਾ ਘਰ ਜਨਮ ਅਸਥਾਨ ਸ਼ੇਰਪੁਰ ਨਾਲ ਹੈ) ਨੇ ਇਸ ਪਰਿਵਾਰ ਨੂੰ ਖਰ੍ਹੀ ਖੋਟੀ ਸੁਣਾਦਿਆਂ ਸਖ਼ਤ ਇਤਰਾਜ਼ ਕੀਤਾ ਸੀ ਤੇ ਇਸ ਨੂੰ ਲੈ ਕੇ ਉਕਤ ਪਰਿਵਾਰ ਪਿਛਲੇ 62 ਸਾਲ ਤੋਂ ਨਾਨਕਸਰ ਨਹੀਂ ਆਇਆ ਤੇ ਹੁਣ ਇਸ ਨੂੰ ਨਾਨਕਸਰ ਵੜਨ ਦੀ ਇਜਾਜ਼ਤ ਕਿਸ ਨੇ ਦਿੱਤੀ? ਇਨ੍ਹਾਂ ਤੇ ਤਾਂ ਨਾਨਕਸਰ ਪੱਕੀ ਪਾਬੰਦੀ ਸੀ, ਸਾਡੇ ਬਹੁਤ ਸਤਿਕਾਰਯੋਗ ਸੰਤ ਗੁਰਜੀਤ ਸਿੰਘ ਜੀ ਨੇ ਇਸ ਗੱਲ 'ਤੇ ਸ਼ਰਮ ਮਹਿਸੂਸ ਕਰਦਿਆਂ ਸਖ਼ਤ ਸਟੈਂਡ ਲੈਂਦਿਆਂ ਇਤਰਾਜ਼ ਕੀਤਾ ਹੈ, ਉਨ੍ਹਾਂ ਦੀ ਦਾਦ ਦੇਣੀ ਬਣਦੀ ਹੈ। ਦੂਜਾ ਸੰਤ ਸੁਖਦੇਵ ਸਿੰਘ ਡੇਰਾ ਰੂੰਮੀ ਭੁੱਚੋਂ ਵਾਲੇ ਤਾਂ ਬਹੁਤ ਪ੍ਰਚਾਰ ਕਰਦੇ ਹਨ, ਪਰ ਇਸ ਗੱਲ ਪ੍ਰਤੀ ਉਨ੍ਹਾਂ ਨੇ ਆਪਣਾ ਮੂੰਹ ਵੀ ਨਹੀਂ ਖੋਲ੍ਹਿਆ, ਜਿਹੜੇ ਲੋਕ ਨਾਨਕਸਰ ਆ ਕੇ ਬਾਬਾ ਜੀ ਦੀ ਮਰਿਯਾਦਾ ਦੀ ਸਖ਼ਤ ਉਲੰਘਣਾ ਕਰ ਰਹੇ ਹਨ।

# ਸਾਂਬਾ ਵਿੱਚ ਸਿੱਖ ਨੌਜਵਾਨਾਂ ਨੇ ਹੜ੍ਹ ਪੀੜਤਾਂ ਦੀ ਕੀਤੀ ਮਦਦ, ਵੰਡੀ ਰਾਸ਼ਨ ਸਮੱਗਰੀ



ਸਾਂਬਾ (ਜੰਮੂ ਅਤੇ ਕਸ਼ਮੀਰ): ਇਨਸਾਨੀਅਤ ਦੀ ਸੇਵਾ ਦੀ ਮਿਸਾਲ ਕਾਇਮ ਕਰਦਿਆਂ, ਸਿੱਖ ਨੌਜਵਾਨਾਂ ਦੇ ਇੱਕ ਸਮੂਹ ਨੇ ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਤੱਕ ਪਹੁੰਚ ਕੀਤੀ ਅਤੇ ਉਨ੍ਹਾਂ ਨੂੰ ਲੋੜੀਂਦੀ ਭੋਜਨ ਸਮੱਗਰੀ ਵੰਡੀ। ਹਾਲ ਹੀ ਵਿੱਚ ਹੋਈ ਭਾਰੀ ਬਾਰਸ਼ ਕਾਰਨ ਸਾਂਬਾ ਦੇ ਕਈ ਨੀਵੇਂ ਇਲਾਕੇ ਪਾਣੀ ਦੀ ਮਾਰ ਹੇਠ ਆ ਗਏ ਸਨ, ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕ ਪ੍ਰਭਾਵਿਤ ਹੋਏ ਸਨ।

ਇਨ੍ਹਾਂ ਨੌਜਵਾਨ ਵਲੰਟੀਅਰਾਂ ਨੇ ਸਥਾਨਕ ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ ਲੰਗਰ ਤਿਆਰ ਕੀਤਾ ਅਤੇ ਇਸ ਨੂੰ ਪੈਕਟਾਂ ਵਿੱਚ ਬੰਦ ਕਰਕੇ ਘਰ-ਘਰ ਪਹੁੰਚਾਇਆ। ਉਨ੍ਹਾਂ ਨੇ ਪਾਣੀ ਵਿੱਚ ਫਸੇ ਲੋਕਾਂ ਨੂੰ ਸੁੱਕਾ ਰਾਸ਼ਨ, ਪੀਣ ਵਾਲੇ ਪਾਣੀ ਦੀਆਂ ਬੋਤਲਾਂ ਅਤੇ ਹੋਰ ਜ਼ਰੂਰੀ ਵਸਤਾਂ ਵੀ ਮੁਹੱਈਆ ਕਰਵਾਈਆਂ।

ਇੱਕ ਵਲੰਟੀਅਰ ਨੇ ਗੱਲ ਕਰਦਿਆਂ ਕਿਹਾ, 'ਸਿੱਖ ਧਰਮ ਸਾਨੂੰ ਲੋੜਵੰਦਾਂ ਦੀ ਸੇਵਾ ਕਰਨਾ ਸਿਖਾਉਂਦਾ ਹੈ। ਇਸ ਔਖੀ ਘੜੀ ਵਿੱਚ ਆਪਣੇ ਭੈਣਾਂ-ਭਰਾਵਾਂ ਦੀ ਮਦਦ ਕਰਨਾ ਸਾਡਾ ਫਰਜ਼ ਹੈ।'

ਸਥਾਨਕ ਵਾਸੀਆਂ ਨੇ ਇਨ੍ਹਾਂ ਨੌਜਵਾਨਾਂ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇੱਕ ਪ੍ਰਭਾਵਿਤ ਪਰਿਵਾਰ ਦੇ ਮੈਂਬਰ ਨੇ ਕਿਹਾ, 'ਸਾਡੇ ਘਰਾਂ ਵਿੱਚ ਪਾਣੀ ਭਰ ਗਿਆ ਸੀ ਅਤੇ ਖਾਣ-ਪੀਣ ਦਾ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਨੌਜਵਵਾਨਾਂ ਨੇ ਫਰਿਸ਼ਤੇ ਬਣ ਕੇ ਸਾਡੀ ਮਦਦ ਕੀਤੀ ਹੈ।' ਇਹ ਸੇਵਾ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਲੋੜਵੰਦਾਂ ਤੱਕ ਪਹੁੰਚਾਇਆ ਗਿਆ, ਜੋ ਕਿ ਭਾਈਚਾਰਕ ਸਾਂਝ ਦੀ ਇੱਕ ਉੱਤਮ ਉਦਾਹਰਣ ਹੈ।

# ਸ੍ਰੀ ਹਰਿਮੰਦਰ ਸਾਹਿਬ ਦੀ ਗੁਰਬਾਣੀ ਵੇਚ ਕੇ ਸੁਖਬੀਰ ਬਾਦਲ ਨੇ ਪੈਸਾ ਇਕੱਠਾ ਕੀਤਾ, ਲੋਕਾਂ ਨੂੰ ਲੈ ਲੈਣਾ ਚਾਹੀਦਾ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰ. ਸੁਖਬੀਰ ਸਿੰਘ ਬਾਦਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਿਤ ਹੁੰਦੀ ਗੁਰਬਾਣੀ ਨੂੰ ਪੀਟੀਸੀ ਚੈਨਲ ਰਾਹੀਂ ਵੇਚ ਕੇ ਅਥਾਹ ਦੌਲਤ ਕਮਾਈ ਹੈ ਅਤੇ ਹੁਣ ਰਾਹਤ ਦੇ ਨਾਮ 'ਤੇ ਜੋ ਪੈਸਾ ਵੰਡਿਆ ਜਾ ਰਿਹਾ ਹੈ ਉਹ ਅਸਲ ਵਿਚ ਸੰਗਤ ਦਾ ਹੈ। ਹੜ ਪੀੜਤਾਂ ਨੂੰ ਲੈ ਲੈਣਾ ਚਾਹੀਦਾ ਹੈ। ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਵਿਖੇ ਮੀਡੀਆ ਨੂੰ ਮੁਖਾਤਿਬ ਹੁੰਦੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਉਹ ਪਾਰਟੀ ਲੀਡਰਸ਼ਿਪ ਨਾਲ ਹੜ੍ਹ ਪ੍ਰਭਾਵਿਤ ਇਲਾਕਿਆ ਦਾ ਦੌਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਹੋਏ ਵੱਡੇ ਨੁਕਸਾਨ ਦੇ ਚਲਦੇ ਹਰ ਪੰਜਾਬ ਵਾਸੀ ਮਾਨਸਿਕ ਤੌਰ 'ਤੇ ਤਣਾਅ ਵਿਚ ਗੁਜ਼ਰ ਰਿਹਾ ਹੈ। ਉਨ੍ਹਾਂ ਇਸ ਔਖੀ ਘੜੀ ਵਿਚ ਮਦਦ ਲਈ ਅੱਗੇ ਆਈਆਂ ਸਾਰੀਆਂ ਧਾਰਮਿਕ, ਸਮਾਜਕ ਜਥੇਬੰਦੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਰਟੀ ਵਲੋਂ ਕੀਤੇ ਗਏ ਵੱਡੇ ਉਦਮ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਹੜ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਲਈ ਇਕ



ਲੱਖ ਲੀਟਰ ਡੀਜ਼ਲ ਪਾਣੀ ਦੀ ਨਿਕਾਸੀ ਅਤੇ ਖੇਤੀ ਜ਼ਰੂਰਤਾਂ ਲਈ ਦਿੱਤਾ ਜਾਵੇਗਾ। ਹੜ੍ਹਾਂ ਕਾਰਨ ਜੋ ਘਰ ਨੁਕਸਾਨੇ ਗਏ ਉਨ੍ਹਾਂ ਦੀ ਮੁਰੰਮਤ ਲਈ ਵਿਸ਼ੇਸ਼ ਸਹਿਯੋਗ ਦਿੱਤਾ ਜਾਵੇਗਾ। ਇਹ ਮੁਰੰਮਤ ਪਾਰਟੀ ਕੇਡਰ ਵਲੋਂ ਕਰਵਾਈ ਜਾਵੇਗੀ। ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੜ੍ਹਾਈ ਕਰ ਰਹੇ ਬੱਚਿਆਂ ਲਈ ਕਾਪੀਆਂ, ਕਿਤਾਬਾਂ ਅਤੇ ਹੋਰ ਸਟੇਸ਼ਨਰੀ ਦਾ ਜ਼ਰੂਰੀ ਸਮਾਨ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਦਿੱਤਾ ਜਾਵੇਗਾ। ਹੜ੍ਹ ਦੀ ਮਾਰ ਦੇ ਚਲਦੇ ਗੁਰੂ ਘਰਾਂ ਦੀਆਂ ਇਮਾਰਤਾਂ ਦਾ ਵੱਡਾ ਨੁਕਸਾਨ ਹੋਇਆ ਇਸ ਲਈ ਵੱਖਰੇ ਤੌਰ 'ਤੇ ਉਪਰਾਲੇ ਕੀਤੇ ਜਾਣਗੇ। ਗੁਰੂ ਘਰਾਂ ਦੇ ਵਜ਼ੀਰਾਂ (ਗ੍ਰੰਥੀ ਸਿੰਘਾਂ) ਦਾ ਆਰਥਿਕ ਨੁਕਸਾਨ ਹੋਇਆ ਹੈ, ਉਨ੍ਹਾਂ ਦੇ ਮੁੜ ਵਸੇਬੇ ਅਤੇ ਆਰਥਿਕ ਮਦਦ ਲਈ ਪਾਰਟੀ ਆਪਣਾ ਯੋਗਦਾਨ ਪਾਵੇਗੀ। ਗਿਆਨੀ ਹਰਪ੍ਰੀਤ ਸਿੰਘ ਨੇ ਰੱਖੜਾ ਪਰਿਵਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਰੱਖੜਾ ਪਰਿਵਾਰ ਵਲੋਂ ਹੜ੍ਹ ਪੀੜਤ ਪਰਿਵਾਰਾਂ ਲਈ 10 ਕਰੋੜ ਰੁਪਏ ਮਦਦ ਕਰਨ ਦਾ ਸ਼ਲਾਘਾਯੋਗ ਕਾਰਜ ਕੀਤਾ ਗਿਆ ਹੈ। ਰੱਖੜਾ ਵਲੋਂ ਦਿੱਤੀ ਗਈ ਸਹਾਇਤਾ ਰਾਸ਼ੀ ਨੂੰ ਪਾਰਟੀ ਵਰਕਰ ਖ਼ੁਦ ਹੜ੍ਹ ਪੀੜਤਾਂ ਦੀ ਮਦਦ ਲਈ ਵੰਡਣਗੇ। ਇਸ ਰਾਸ਼ੀ ਨੂੰ ਵੀ ਹੜ੍ਹ ਦੇ ਕਾਰਨ ਢਹਿ ਚੁੱਕੇ ਮਕਾਨਾਂ ਦੀ ਮੁੜ ਉਸਾਰੀ ਲਈ ਖਰਚਿਆ ਜਾਵੇਗਾ। ਕੇਂਦਰ ਵਲੋਂ ਐਲਾਨੇ ਗਏ 1600 ਕਰੋੜ ਦੇ ਪੈਕੇਜ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਜੋ ਰਾਸ਼ੀ ਐਲਾਨੀ, ਉਹ ਮਜ਼ਾਕ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਐਸਜੀਪੀਸੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਸਾਂਸਦ ਰਤਨ ਸਿੰਘ ਅਜਨਾਲਾ, ਭੁਪਿੰਦਰ ਸਿੰਘ ਖਾਲਸਾ ਐਨਆਰਆਈ, ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਐਸਜੀਪੀਸੀ ਮੈਂਬਰ ਭਾਈ ਮਨਜੀਤ ਸਿੰਘ ਸਤਵਿੰਦਰ ਸਿੰਘ ਟੌਹੜਾ ਹਾਜ਼ਰ ਸਨ।

# ਇਸਲਾਮਿਕ ਸੈਂਟਰ ਦੇ ਵਿਦਿਆਰਥੀਆਂ ਨੇ ਆਪਣੀ ਜੇਬ ਖਰਚੀ 'ਚੋਂ ਪੰਜਾਬ ਹੜ੍ਹ ਪੀੜਤਾਂ ਲਈ ਦਿੱਤਾ ਦਾਨ

ਲਖਨਊ : ਮਾਨਵਤਾ ਅਤੇ ਭਾਈਚਾਰਕ ਸਾਂਝ ਦੀ ਇੱਕ ਦਿਲ ਛੂਹ ਲੈਣ ਵਾਲੀ ਮਿਸਾਲ ਪੇਸ਼ ਕਰਦੇ ਹੋਏ, ਲਖਨਊ ਸਥਿਤ ਇਸਲਾਮਿਕ ਸੈਂਟਰ ਆਫ਼ ਇੰਡੀਆ ਦੇ ਵਿਦਿਆਰਥੀਆਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਆਪਣੀ ਜੇਬ ਖਰਚੀ (ਪਾਕੇਟ ਮਨੀ) ਦਾਨ ਕੀਤੀ ਹੈ। ਇਹ ਨੇਕ ਕਾਰਜ ਬੁੱਧਵਾਰ ਨੂੰ ਸੈਂਟਰ ਵਿਖੇ ਕੀਤਾ ਗਿਆ। ਸੈਂਟਰ ਦੇ ਮੁਖੀ ਅਤੇ ਉੱਘੇ ਇਸਲਾਮਿਕ ਵਿਦਵਾਨ ਮੌਲਾਨਾ ਖਾਲਿਦ ਰਸ਼ੀਦ ਫਰੰਗੀ ਮਹਲੀ ਦੀ ਅਪੀਲ 'ਤੇ, ਵਿਦਿਆਰਥੀਆਂ ਨੇ ਅੱਗੇ ਵੱਧ ਕੇ ਹੜ੍ਹਾਂ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕਾਂ ਲਈ ਫੰਡ ਇਕੱਠਾ ਕੀਤਾ। ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੇ ਖ਼ਬਰਾਂ ਵਿੱਚ ਪੰਜਾਬ ਦੇ ਹਾਲਾਤ ਦੇਖੇ ਅਤੇ ਪੀੜਤਾਂ ਦਾ ਦਰਦ ਮਹਿਸੂਸ ਕਰਦੇ ਹੋਏ ਮਦਦ ਕਰਨ ਦਾ ਫੈਸਲਾ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਮੌਲਾਨਾ ਫਰੰਗੀ ਮਹਲੀ ਨੇ ਵਿਦਿਆਰਥੀਆਂ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ, 'ਇਸਲਾਮ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਆਪਣੇ ਗੁਆਂਢੀਆਂ ਅਤੇ ਲੋੜਵੰਦਾਂ ਦੀ ਮਦਦ ਕਰੀਏ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ। ਇਨ੍ਹਾਂ ਬੱਚਿਆਂ ਨੇ ਇਸਲਾਮ ਦੀ ਸੱਚੀ ਭਾਵਨਾ ਨੂੰ ਦਰਸਾਇਆ ਹੈ।'

ਇਕੱਠੀ ਹੋਈ ਦਾਨ ਰਾਸ਼ੀ ਨੂੰ ਜਲਦੀ ਹੀ ਇੱਕ ਡਰਾਫਟ ਦੇ ਰੂਪ ਵਿੱਚ ਪੰਜਾਬ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਿਆ ਜਾਵੇਗਾ ਤਾਂ ਜੋ ਇਸਦੀ ਵਰਤੋਂ ਰਾਹਤ ਕਾਰਜਾਂ ਅਤੇ ਪੁਨਰਵਾਸ ਲਈ ਕੀਤੀ ਜਾ ਸਕੇ। ਇਸ ਉਪਰਾਲੇ ਨੇ ਇਹ ਸੰਦੇਸ਼ ਦਿੱਤਾ ਹੈ ਕਿ ਸੰਕਟ ਦੀ ਘੜੀ ਵਿੱਚ ਪੂਰਾ ਦੇਸ਼ ਧਰਮ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਇੱਕਜੁੱਟ ਹੈ।



# 11 ਸਤੰਬਰ 2001 : ਕੁਝ ਕਾਇਰ ਕਿਸਮ ਦੇ ਦਹਿਸ਼ਤਗਰਦਾਂ ਨੇ ਇਸ ਦਿਨ ਇੱਕ ਐਸਾ ਵਹਿਸ਼ੀਆਨਾ ਕਾਰਨਾਮਾ ਕੀਤਾ ਜਿਹੜਾ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਜਿਸਨੇ ਸਿਰਫ ਅਮਰੀਕਾ ਹੀ ਨਹੀਂ ਪੂਰੀ ਦੁਨੀਆ ਦੀ ਸੋਚ ਬਦਲ ਦਿੱਤੀ।

**ਅਸੀਂ ਅਦਾਰਾ 'ਸਾਡੇ ਲੋਕ' ਦੇ ਸਮੂਹ ਪ੍ਰਵਾਰ ਵਲੋਂ ਅੱਜ ਸਤੰਬਰ 11 ਦੇ 25ਵੇਂ ਸਾਲ 'ਚ ਦਾਖਲ ਹੋਣ ਉਪਰ ਉਸ ਸਮੇਂ ਦਾਸ ਵਲੋਂ ਲਿਖੀ ਕਵਿਤਾ ਸਾਂਝੀ ਕਰਦੇ ਹੋਏ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਮਾਸੂਮ ਨਿਰਦੋਸ਼ ਲੋਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਅਤੇ ਉਨ੍ਹਾਂ ਦੀ ਆਤਮਾ ਨੂੰ ਸਦੀਵੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ। - ਸਤਨਾਮ ਸਿੰਘ ਖਾਲਸਾ**

## ਮਾਰੇ ਗਏ ਮਾਸੂਮ ਨਿਹੱਥੇ ਬੇਕਸੂਰ ਲੋਕਾਂ ਨੂੰ ਯਾਦ ਕਰਦਿਆਂ

**ਆਪਣੀ ਇਕ ਨਿਮਾਣੀ ਜਿਹੀ ਕਵਿਤਾ ਵਿਚੋਂ**

ਕੁਝ ਕਾਇਰਾਂ ਦੇ ਕਾਰੇ ਨਾਲ ਅੱਜ ਮੈਂ
ਕਹਿਰ ਟੁੱਟਿਆ ਦੇਖਿਆ
ਦੁਨੀਆ ਨੇ ਫੇਰ ਇਨਸਾਨ ਵਿਚ
ਸ਼ੈਤਾਨ ਲੁਕਿਆ ਦੇਖਿਆ
ਢੱਠੀਆਂ ਨਹੀਂ ਇਮਾਰਤਾਂ
ਇਕ ਦੂਜੇ 'ਚ ਸਾਂਝਾ ਢੱਠੀਆਂ
ਭੱਠੀਆਂ 'ਚ ਪੱਤਿਆਂ ਵਾਂਗਰਾਂ
ਅਸਮਾਨ ਬਲਦਾ ਦੇਖਿਆ
ਮੁਸਲਿਮ ਦਬਾਇਆ ਗਿਆ ਨਹੀਂ
ਹਿੰਦੂ ਜਲਾਇਆ ਗਿਆ ਨਹੀਂ
ਬੋਧੀ, ਯਹੂਦੀ, ਸਿੱਖ ਦਾ ਮਾਤਮ
ਮਨਾਇਆ ਗਿਆ ਨਹੀਂ
ਜਗਮਗਾਉਂਦਾ ਸ਼ਹਿਰ ਮੈਂ
ਸ਼ਮਸ਼ਾਨ ਬਣਦਾ ਦੇਖਿਆ
ਭੱਠੀਆਂ 'ਚ ਪੱਤਿਆਂ ਵਾਂਗਰਾਂ
ਅਸਮਾਨ ਬਲਦਾ ਦੇਖਿਆ
ਕੇਂਦਰ ਸੀ ਇਕ ਵਪਾਰ ਦਾ
ਸੀ ਸ਼ਹਿਰ ਸਭਿਆਚਾਰ ਦਾ
ਲਹਿਰਾਉਂਦਾ ਹਵਾਵਾਂ ਸੰਗ
ਉੱਚਾ ਬੁਰਜ ਸੀ ਸੰਸਾਰ ਦਾ
ਅੱਜ ਵੈਰਾਨ ਹਜ਼ਰਾਂ ਦਾ
ਕਬਰਸਤਾਨ ਬਣਦਾ ਦੇਖਿਆ
ਉਹਨਾਂ ਇਮਾਰਤਾਂ ਦੇ ਢੇਰ ਵਿਚ
ਉਸ ਦਰਦ ਭਰੀ ਸਵੇਰ ਵਿਚ
ਸੂਰਜ ਪਿਆਰ ਧਰਮ ਦਾ
ਸਤਨਾਮ ਢਲਦਾ ਦੇਖਿਆ
ਭੱਠੀਆਂ 'ਚ ਪੱਤਿਆਂ ਵਾਂਗਰਾਂ
ਅਸਮਾਨ ਬਲਦਾ ਦੇਖਿਆ।

**- ਸਤਨਾਮ ਸਿੰਘ ਖਾਲਸਾ**



11 ਸਤੰਬਰ ਦੀ ਤਾਰੀਖ, ਜਿਸ ਨੂੰ 9/11 ਵੀ ਕਿਹਾ ਜਾਂਦਾ ਹੈ, ਆਧੁਨਿਕ ਇਤਿਹਾਸ ਵਿੱਚ ਇੱਕ ਅਜਿਹੇ ਦਿਨ ਵਜੋਂ ਯਾਦ ਕੀਤੀ ਜਾਂਦੀ ਹੈ ਜਿਸਨੇ ਦੁਨੀਆ ਨੂੰ ਹਮੇਸ਼ਾ ਲਈ ਬਦਲ ਦਿੱਤਾ। ਸਾਲ 2001 ਵਿੱਚ ਇਸ ਦਿਨ ਸੰਯੁਕਤ ਰਾਜ ਅਮਰੀਕਾ ਉੱਤੇ ਹੋਏ ਭਿਆਨਕ ਅੱਤਵਾਦੀ ਹਮਲਿਆਂ ਨੇ ਨਾ ਸਿਰਫ ਅਮਰੀਕਾ ਨੂੰ, ਸਗੋਂ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਲੇਖ 11 ਸਤੰਬਰ ਦੀ ਘਟਨਾ, ਇਸਦੇ ਨਤੀਜਿਆਂ ਅਤੇ ਇਸਦੇ ਨਾਲ ਜੁੜੇ ਹੋਰ ਇਤਿਹਾਸਕ ਪਹਿਲੂਆਂ 'ਤੇ ਇੱਕ ਵਿਸਥਾਰਪੂਰਵਕ ਝਾਤ ਪਾਵੇਗਾ।

11 ਸਤੰਬਰ, 2001: ਅਮਰੀਕਾ 'ਤੇ ਹਮਲਾ

ਮੰਗਲਵਾਰ, 11 ਸਤੰਬਰ, 2001 ਦੀ ਸਵੇਰ ਨੂੰ, ਇਸਲਾਮਿਕ ਅੱਤਵਾਦੀ ਸਮੂਹ ਅਲ-ਕਾਇਦਾ ਦੇ 19 ਅੱਤਵਾਦੀਆਂ ਨੇ ਚਾਰ ਯਾਤਰੀ ਜਹਾਜ਼ਾਂ ਨੂੰ ਅਗਵਾ ਕਰ ਲਿਆ। ਇਹਨਾਂ ਹਮਲਿਆਂ ਨੂੰ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਅੰਜਾਮ ਦਿੱਤਾ ਗਿਆ ਸੀ:

- ਸਵੇਰੇ 8:46 ਵਜੇ: ਅਮੈਰੀਕਨ ਏਅਰਲਾਈਨਜ਼ ਦੀ ਫਲਾਈਟ 11, ਜੋ ਬੋਸਟਨ ਤੋਂ ਲਾਸ ਏਂਜਲਸ ਜਾ ਰਹੀ ਸੀ, ਨਿਊਯਾਰਕ ਸ਼ਹਿਰ ਵਿੱਚ ਸਥਿਤ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਨਾਲ ਟਕਰਾ ਗਈ।
- ਸਵੇਰੇ 9:03 ਵਜੇ: ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ 175, ਇਹ ਵੀ ਬੋਸਟਨ ਤੋਂ ਲਾਸ ਏਂਜਲਸ ਲਈ ਰਵਾਨਾ ਹੋਈ ਸੀ, ਵਰਲਡ ਟਰੇਡ ਸੈਂਟਰ ਦੇ ਦੱਖਣੀ ਟਾਵਰ ਨਾਲ ਜਾ ਟਕਰਾਈ।
- ਸਵੇਰੇ 9:37 ਵਜੇ: ਅਮੈਰੀਕਨ ਏਅਰਲਾਈਨਜ਼ ਦੀ ਫਲਾਈਟ 77, ਜੋ ਵਾਸ਼ਿੰਗਟਨ ਡੀ.ਸੀ. ਤੋਂ ਲਾਸ ਏਂਜਲਸ ਜਾ ਰਹੀ ਸੀ, ਨੂੰ ਅਰਲਿੰਗਟਨ, ਵਰਜੀਨੀਆ ਵਿੱਚ ਸਥਿਤ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ ਦਾ ਮੁੱਖ ਦਫ਼ਤਰ) ਦੀ ਇਮਾਰਤ ਨਾਲ ਟਕਰਾ ਦਿੱਤਾ ਗਿਆ।
- ਸਵੇਰੇ 10:03 ਵਜੇ: ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ 93, ਜੋ ਨੇਵਾਰਕ, ਨਿਊਜਰਸੀ ਤੋਂ ਸੈਨ ਫਰਾਂਸਿਸਕੋ ਜਾ ਰਹੀ ਸੀ, ਪੈਨਸਿਲਵੇਨੀਆ ਦੇ ਸ਼ੈਂਕਸਵਿਲੇ ਨੇੜੇ ਇੱਕ ਖੇਤ ਵਿੱਚ ਹਾਦਸਾਗ੍ਰਸਤ ਹੋ ਗਈ। ਮੰਨਿਆ ਜਾਂਦਾ ਹੈ ਕਿ ਇਸ ਜਹਾਜ਼ ਦੇ ਯਾਤਰੀਆਂ ਅਤੇ ਚਾਲਕ ਦਲ ਨੇ ਅੱਤਵਾਦੀਆਂ ਦਾ ਮੁਕਾਬਲਾ ਕੀਤਾ, ਜਿਸ ਕਾਰਨ ਅੱਤਵਾਦੀ ਆਪਣੇ ਨਿਸ਼ਾਨੇ, ਜੋ ਸ਼ਾਇਦ ਵਾਸ਼ਿੰਗਟਨ ਡੀ.ਸੀ. ਦੀ ਕੋਈ ਹੋਰ ਇਮਾਰਤ ਸੀ, ਤੱਕ ਪਹੁੰਚਣ ਵਿੱਚ ਅਸਫਲ ਰਹੇ।

ਇਹਨਾਂ ਹਮਲਿਆਂ ਵਿੱਚ 2,977 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ 90 ਤੋਂ ਵੱਧ ਦੇਸ਼ਾਂ ਦੇ ਨਾਗਰਿਕ ਸ਼ਾਮਲ ਸਨ। ਇਸ ਤੋਂ ਇਲਾਵਾ, ਹਜ਼ਾਰਾਂ ਲੋਕ ਜ਼ਖਮੀ ਹੋਏ ਅਤੇ ਬਾਅਦ ਵਿੱਚ ਬਚਾਅ ਕਾਰਜਾਂ ਦੌਰਾਨ ਜ਼ਹਿਰੀਲੇ ਧੂੰਏਂ ਅਤੇ ਮਲਬੇ ਦੇ ਸੰਪਰਕ ਵਿੱਚ ਆਉਣ ਕਾਰਨ ਕਈ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ।

**ਹਮਲਿਆਂ ਦੇ ਨਤੀਜੇ ਅਤੇ ਵਿਸ਼ਵ 'ਤੇ ਪ੍ਰਭਾਵ**

9/11 ਦੇ ਹਮਲਿਆਂ ਨੇ ਦੁਨੀਆ ਭਰ ਵਿੱਚ ਡੂੰਘੇ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵ ਛੱਡੇ:

- ਅੱਤਵਾਦ ਵਿਰੁੱਧ ਜੰਗ (War on Terror): ਇਹਨਾਂ ਹਮਲਿਆਂ ਦੇ ਜਵਾਬ ਵਿੱਚ, ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਨੇ 'ਅੱਤਵਾਦ ਵਿਰੁੱਧ ਜੰਗ' ਦਾ ਐਲਾਨ ਕੀਤਾ। ਇਸਦੇ ਤਹਿਤ ਅਕਤੂਬਰ 2001 ਵਿੱਚ ਅਫਗਾਨਿਸਤਾਨ ਵਿੱਚ ਤਾਲਿਬਾਨ ਸ਼ਾਸਨ ਦੇ ਖਿਲਾਫ ਫੌਜੀ ਕਾਰਵਾਈ ਸ਼ੁਰੂ ਕੀਤੀ ਗਈ, ਕਿਉਂਕਿ ਤਾਲਿਬਾਨ ਨੇ ਅਲ-ਕਾਇਦਾ ਦੇ ਨੇਤਾ ਓਸਾਮਾ ਬਿਨ ਲਾਦੇਨ ਨੂੰ ਪਨਾਹ ਦਿੱਤੀ ਹੋਈ ਸੀ।
- ਹਵਾਈ ਅੱਡਿਆਂ 'ਤੇ ਸੁਰੱਖਿਆ ਵਿੱਚ ਵਾਧਾ: ਦੁਨੀਆ ਭਰ ਦੇ ਹਵਾਈ ਅੱਡਿਆਂ 'ਤੇ ਸੁਰੱਖਿਆ ਪ੍ਰਕਿਰਿਆਵਾਂ ਨੂੰ ਬਹੁਤ ਸਖ਼ਤ ਕਰ ਦਿੱਤਾ ਗਿਆ। ਯਾਤਰੀਆਂ ਦੀ ਜਾਂਚ, ਸਮਾਨ ਦੀ ਸਕੈਨਿੰਗ ਅਤੇ ਜਹਾਜ਼ਾਂ ਦੇ ਅੰਦਰ ਸੁਰੱਖਿਆ ਦੇ ਨਿਯਮਾਂ ਵਿੱਚ ਵੱਡੇ ਬਦਲਾਅ ਕੀਤੇ ਗਏ।
- ਸਿਵਲ ਲਿਬਰਟੀਜ਼ 'ਤੇ ਬਹਿਸ: ਅੱਤਵਾਦ ਦਾ ਮੁਕਾਬਲਾ ਕਰਨ ਲਈ ਬਣਾਏ ਗਏ ਨਵੇਂ ਕਾਨੂੰਨਾਂ, ਜਿਵੇਂ ਕਿ ਯੂ.ਐਸ.ਏ. ਪੈਟ੍ਰੀਅਟ ਐਕਟ, ਨੇ ਨਾਗਰਿਕਾਂ ਦੀ ਨਿੱਜਤਾ ਅਤੇ ਆਜ਼ਾਦੀ ਦੇ ਅਧਿਕਾਰਾਂ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ।
- ਇਸਲਾਮੋਫੋਬੀਆ ਅਤੇ ਨਫ਼ਰਤੀ ਅਪਰਾਧ: 9/11 ਤੋਂ ਬਾਅਦ, ਦੁਨੀਆ ਦੇ ਕਈ ਹਿੱਸਿਆਂ ਵਿੱਚ ਮੁਸਲਮਾਨਾਂ ਅਤੇ ਦੱਖਣੀ ਏਸ਼ੀਆਈ ਲੋਕਾਂ, ਖਾਸ ਕਰਕੇ ਸਿੱਖਾਂ, ਵਿਰੁੱਧ ਨਫ਼ਰਤ ਅਤੇ ਹਿੰਸਾ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ।



**ਸਿੱਖ ਭਾਈਚਾਰੇ 'ਤੇ ਪ੍ਰਭਾਵ: ਬਲਬੀਰ ਸਿੰਘ ਸੋਢੀ ਦੀ ਸ਼ਹਾਦਤ**

9/11 ਦੇ ਹਮਲਿਆਂ ਤੋਂ ਬਾਅਦ ਪੈਦਾ ਹੋਏ ਨਫ਼ਰਤ ਦੇ ਮਾਹੌਲ ਦਾ ਸਭ ਤੋਂ ਦੁਖਦਾਈ ਸ਼ਿਕਾਰ ਸਿੱਖ ਭਾਈਚਾਰਾ ਹੋਇਆ। ਓਸਾਮਾ ਬਿਨ ਲਾਦੇਨ ਦੀ ਦਸਤਾਰ ਅਤੇ ਦਾੜ੍ਹੀ ਵਾਲੀ ਦਿੱਖ ਕਾਰਨ, ਕਈ ਅਣਜਾਣ ਲੋਕਾਂ ਨੇ ਸਿੱਖਾਂ ਨੂੰ ਗਲਤੀ ਨਾਲ ਅੱਤਵਾਦੀਆਂ ਨਾਲ ਜੋੜਨਾ ਸ਼ੁਰੂ ਕਰ ਦਿੱਤਾ।

ਇਸ ਨਫ਼ਰਤ ਦੀ ਪਹਿਲੀ ਅਤੇ ਸਭ ਤੋਂ ਚਰਚਿਤ ਘਟਨਾ 15 ਸਤੰਬਰ, 2001 ਨੂੰ ਵਾਪਰੀ, ਜਦੋਂ ਐਰੀਜ਼ੋਨਾ ਦੇ ਮੇਸਾ ਸ਼ਹਿਰ ਵਿੱਚ ਇੱਕ ਗੈਸ ਸਟੇਸ਼ਨ ਦੇ ਮਾਲਕ, ਬਲਬੀਰ ਸਿੰਘ ਸੋਢੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਮਲਾਵਰ, ਫਰੈਂਕ ਰੋਕ, ਨੇ 9/11 ਦਾ ਬਦਲਾ ਲੈਣ ਲਈ 'ਇੱਕ ਮੁਸਲਮਾਨ ਨੂੰ ਮਾਰਨ' ਦਾ ਇਰਾਦਾ ਬਣਾਇਆ ਸੀ ਅਤੇ ਉਸਨੇ ਬਲਬੀਰ ਸਿੰਘ ਸੋਢੀ ਨੂੰ ਉਹਨਾਂ ਦੀ ਦਸਤਾਰ ਕਾਰਨ ਨਿਸ਼ਾਨਾ ਬਣਾਇਆ।

ਇਹ 9/11 ਤੋਂ ਬਾਅਦ ਪਹਿਲਾ ਨਫ਼ਰਤੀ ਅਪਰਾਧ ਸੀ ਜਿਸ ਵਿੱਚ ਕਿਸੇ ਦੀ ਜਾਨ ਗਈ। ਇਸ ਘਟਨਾ ਨੇ ਅਮਰੀਕਾ ਵਿੱਚ ਸਿੱਖਾਂ ਦੀ ਪਛਾਣ ਅਤੇ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ।

ਸਿੱਟੇ ਵਜੋਂ, 11 ਸਤੰਬਰ ਦੀ ਤਾਰੀਖ ਮਨੁੱਖੀ ਇਤਿਹਾਸ ਵਿੱਚ ਦੁਖਾਂਤ, ਹਿੰਸਾ, ਬਹਾਦਰੀ ਅਤੇ ਬਦਲਾਅ ਦਾ ਪ੍ਰਤੀਕ ਬਣ ਗਈ ਹੈ। 2001 ਦੇ ਹਮਲਿਆਂ ਨੇ ਸਾਨੂੰ ਇਹ ਯਾਦ ਦਿਵਾਇਆ ਹੈ ਕਿ ਸ਼ਾਂਤੀ ਅਤੇ ਸਹਿਣਸ਼ੀਲਤਾ ਕਿੰਨੀ ਨਾਜ਼ੁਕ ਹੈ, ਅਤੇ ਨਫ਼ਰਤ ਅਤੇ ਅਗਿਆਨਤਾ ਦੇ ਨਤੀਜੇ ਕਿੰਨੇ ਭਿਆਨਕ ਹੋ ਸਕਦੇ ਹਨ। ਇਹ ਦਿਨ ਸਾਨੂੰ ਉਹਨਾਂ ਸਾਰੇ ਬੇਕਸੂਰ ਲੋਕਾਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੀਆਂ ਜਾਨਾਂ ਗਵਾਈਆਂ ਅਤੇ ਸਾਨੂੰ ਇੱਕ ਬਿਹਤਰ ਅਤੇ ਵਧੇਰੇ ਸ਼ਾਂਤੀਪੂਰਨ ਸੰਸਾਰ ਬਣਾਉਣ ਲਈ ਪ੍ਰੇਰਿਤ ਕਰਦਾ ਹੈ।

(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਸ਼੍ਰੀਨਗਰ ਦੇ ਹਜ਼ਰਤਬਲ ਦਰਗਾਹ ’ਤੇ ਸ਼ਰਧਾਲੂਆਂ ਨੇ ਨਮਾਜ਼ ਕੀਤੀ ਅਦਾ

ਸ਼੍ਰੀਨਗਰ : ਈਦ-ਮਿਲਾਦ-ਉਨ-ਨਬੀ ਦੇ ਮੌਕੇ ’ਤੇ ਸ਼੍ਰੀਨਗਰ ਦੇ ਹਜ਼ਰਤਬਲ ਦਰਗਾਹ ’ਤੇ ਇੱਕ ਲੱਖ ਤੋਂ ਵੱਧ ਸ਼ਰਧਾਲੂਆਂ ਦਾ ਭਾਰੀ ਇਕੱਠ ਹੋਇਆ, ਜਿੱਥੇ ਪੈਗੰਬਰ ਮੁਹੰਮਦ ਦਾ ਪਵਿੱਤਰ ਅਵਸ਼ੇਸ਼ ਸਥਿਤ ਹਨ।

ਜਦੋਂ ਕਿ ਆਖਰੀ ਇਸਲਾਮੀ ਪੈਗੰਬਰ ਦਾ ਜਨਮ ਦਿਹਾੜਾ ਪਿਛਲੇ ਐਤਵਾਰ ਮਨਾਇਆ ਗਿਆ ਸੀ, ਸ਼ੁੱਕਰਵਾਰ ਨੂੰ ਸ਼ਰਧਾਲੂ ਪੈਗੰਬਰ ਦੇ ਪਵਿੱਤਰ ਅਵਸ਼ੇਸ਼ ਦੀ ਝਲਕ ਦੇਖਣ ਲਈ ਹਜ਼ਰਤਬਲ ਦਰਗਾਹ ’ਤੇ ਇਕੱਠੇ ਹੋਏ।

ਦਰਗਾਹ ’ਤੇ ਇਕੱਠੇ ਹੋਏ ਸ਼ਰਧਾਲੂਆਂ ਨੇ ਕਿਹਾ ਕਿ ਡੱਲ ਝੀਲ ਦੇ ਕੰਢੇ ’ਤੇ ਸਥਿਤ ਹਜ਼ਰਤਬਲ ਦਰਗਾਹ ’ਤੇ ਪਵਿੱਤਰ ਅਵਸ਼ੇਸ਼ ਅੱਜ ਹਰ ਨਮਾਜ਼ ਤੋਂ ਬਾਅਦ ਪੰਜ ਵਾਰ ਪ੍ਰਦਰਸ਼ਿਤ ਕੀਤੇ ਗਏ ਸਨ।

ਵਾਦੀ ਭਰ ਵਿੱਚ ਕਈ ਸੈਮੀਨਾਰ ਅਤੇ ਸੀਰਤ ਕਾਨਫਰੰਸਾਂ ਦਾ ਆਯੋਜਨ ਕੀਤਾ ਗਿਆ ਸੀ ਜਦੋਂ ਕਿ ਇਸਲਾਮੀ ਮੌਲਵੀਆਂ ਨੇ ਸ਼ੁੱਕਰਵਾਰ ਦੀ ਨਮਾਜ਼ ਤੋਂ ਪਹਿਲਾਂ ਉਪਦੇਸ਼ਾਂ ਦੌਰਾਨ ਪੈਗੰਬਰ ਮੁਹੰਮਦ ਦੀਆਂ ਸਿੱਖਿਆਵਾਂ ’ਤੇ ਰੌਸ਼ਨੀ ਪਾਈ। ਰਿਪੋਰਟਾਂ ਦੇ ਅਨੁਸਾਰ, ਵਾਦੀ ਭਰ ਦੇ ਹੋਰ ਦਰਗਾਹਾਂ ਵਿੱਚ ਵੀ ਭਾਰੀ ਇਕੱਠ ਹੋਇਆ। ਉੱਤਰੀ ਕਸ਼ਮੀਰ ਵਿੱਚ ਖੀਰਮ ਸਿਰਹਾਮਾ ਅਨੰਤਨਾਗ, ਅਸਰੀਸ਼ਰੀਫ ਕਲਾਸ਼ਪੁਰਾ, ਜੇਨਾਬ ਸਾਹਿਬ ਸੌਰਾ, ਪਿੰਜੂਰ ਸ਼ੋਪੀਆਂ, ਸੀਰ ਹਮਦਾਨ, ਕਾਬਾ ਮਾਰਗ ਕੈਮੋਹ ਅਤੇ ਅਹਮ ਸ਼ਰੀਫ ਬਾਂਦੀਪੋਰਾ ਸਮੇਤ ਕਈ ਦਰਗਾਹਾਂ ’ਤੇ ਸਮੂਹਿਕ ਨਮਾਜ਼ਾਂ ਦਾ ਆਯੋਜਨ ਕੀਤਾ ਗਿਆ ਜਿੱਥੇ ਸ਼ਰਧਾਲੂਆਂ ਦਾ ਵੱਡਾ ਇਕੱਠ ਦੇਖਿਆ ਗਿਆ।

ਇਸ ਦੌਰਾਨ ਅਧਿਕਾਰੀਆਂ ਨੇ ਸ਼ਰਧਾਲੂਆਂ ਦੀ ਧਾਰਮਿਕ ਸਥਾਨ ਤੱਕ ਆਵਾਜਾਈ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਸਨ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਆਵਾਜਾਈ ਤੋਂ ਇਲਾਵਾ, ਲੋਕਾਂ ਦੀ ਸਹੂਲਤ ਲਈ ਬਿਜਲੀ, ਪੀਣ ਵਾਲੇ ਪਾਣੀ, ਡਾਕਟਰੀ ਸਹਾਇਤਾ ਕੈਂਪਾਂ ਅਤੇ ਸਫਾਈ ਦੇ ਪ੍ਰਬੰਧ ਕੀਤੇ ਗਏ ਸਨ। ਸ੍ਰੀਨਗਰ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਰਾਕੇਸ਼ ਬਲਵਾਲ ਨੇ ਕਿਹਾ ਕਿ ਵਿਸ਼ੇਸ਼ ਪ੍ਰਾਰਥਨਾਵਾਂ ਦੇ ਸ਼ਾਂਤੀਪੂਰਨ ਸਮਾਪਤੀ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਵੱਲੋਂ ਅੱਜ ਵਿਸ਼ੇਸ਼ ਸੁਰੱਖਿਆ ਅਤੇ ਆਵਾਜਾਈ ਦੇ ਪ੍ਰਬੰਧ ਕੀਤੇ ਗਏ ਸਨ। ਟਰੈਫਿਕ ਰੂਟ ਪਲਾਨ, ਸੁਰੱਖਿਆ ਯੋਜਨਾਵਾਂ, ਮੈਡੀਕਲ ਕੈਂਪ ਅਤੇ ਹੋਰ ਸਮੇਤ ਸਾਰੇ ਪ੍ਰਬੰਧ ਕੀਤੇ ਗਏ ਸਨ ਜਦੋਂ ਕਿ ਜਨਤਕ ਸਹਿਯੋਗ ਨੇ ਸ਼ਰਧਾਲੂਆਂ ਨੂੰ ਸੁਚਾਰੂ ਢੰਗ ਨਾਲ ਲੰਘਣ ਅਤੇ ਵਿਸ਼ੇਸ਼ ਸਮੂਹਿਕ ਪ੍ਰਾਰਥਨਾਵਾਂ ਦੇ ਸਮਾਪਤੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕੀਤੀ ਹੈ।



ਗੁਹਾਟੀ ਵਿੱਚ ਪੈਗੰਬਰ ਹਜ਼ਰਤ ਮੁਹੰਮਦ ਦੇ ਜਨਮ ਦਿਨ ’ਤੇ ਮਿਲਾਦ-ਉਨ-ਨਬੀ ਦੇ ਮੌਕੇ ’ਤੇ ਇੱਕ ਜਲੂਸ ਵਿੱਚ ਬੱਚੇ ਹਿੱਸਾ ਲੈਂਦੇ ਹੋਏ।



ਪ੍ਰਯਾਗਰਾਜ ਵਿੱਚ ਪੈਗੰਬਰ ਹਜ਼ਰਤ ਮੁਹੰਮਦ ਦੇ ਜਨਮ ਦਿਨ ’ਤੇ ਮਿਲਾਦ-ਉਨ-ਨਬੀ ਦੇ ਮੌਕੇ ’ਤੇ ਸ਼ਰਧਾਲੂ।



ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹਜ਼ਰਤਬਲ ਮਸਜਿਦ ’ਚ ਨਮਾਜ਼ ਕੀਤੀ ਅਦਾ



ਸ਼੍ਰੀਨਗਰ ਦੇ ਹਜ਼ਰਤਬਲ ਦਰਗਾਹ ’ਤੇ ਈਦ-ਏ-ਮਿਲਾਦ-ਉਨ-ਨਬੀ ਦੇ ਮੌਕੇ ’ਤੇ ਪੈਗੰਬਰ ਮੁਹੰਮਦ ਦੇ ਪਵਿੱਤਰ ਅਵਸ਼ੇਸ਼ ਦੀ ਝਲਕ ਦੇਖਣ ਲਈ ਸ਼ਰਧਾਲੂਆਂ ਦੀ ਭੀੜ।




ਕਾਨਪੁਰ ਵਿੱਚ ਮਿਲਾਦ-ਉਨ-ਨਬੀ ਦੇ ਮੌਕੇ ’ਤੇ ਇੱਕ ਜਲੂਸ ਦੌਰਾਨ ਸੰਯੁਕਤ ਕਮਿਸ਼ਨਰ ਆਸ਼ੂਤੋਸ਼ ਕੁਮਾਰ।





# ਪਵਿੱਤਰ ਵੇਈਂ ਕਿਨਾਰੇ ਗੂੰਜੀ ਅਰਦਾਸ ਤੇ ਨਮਾਜ਼ : ਹੜ੍ਹ ਪੀੜਤਾਂ ਲਈ ਉੱਠੇ ਸਾਂਝੇ ਹੱਥ







ਸੁਲਤਾਨਪੁਰ ਲੋਧੀ, (ਸਾਡੇ ਲੋਕ)- ਪੰਜਾਬ ਵਿੱਚ ਹੜ੍ਹਾਂ ਦੀ ਤ੍ਰਾਸਦੀ ਦੌਰਾਨ, ਜਿੱਥੇ ਚਾਰੇ ਪਾਸੇ ਪਾਣੀ ਦੀ ਮਾਰ ਹੇਠ ਆਏ ਲੋਕਾਂ ਦੀਆਂ ਦੁਖਦਾਈ ਕਹਾਣੀਆਂ ਹਨ, ਉੱਥੇ ਹੀ ਪਵਿੱਤਰ ਕਾਲੀ ਵੇਈਂ ਦੇ ਕਿਨਾਰੇ ਇੱਕ ਅਜਿਹਾ ਦ੍ਰਿਸ਼ ਦੇਖਣ ਨੂੰ ਮਿਲਿਆ ਜਿਸ ਨੇ ਪੰਜਾਬ ਦੀ ਸਾਂਝੀਵਾਲਤਾ ਦੀ ਭਾਵਨਾ ਨੂੰ ਮੁੜ ਸੁਰਜੀਤ ਕਰ ਦਿੱਤਾ। ਦੇਰ ਸ਼ਾਮ, ਕੁਦਰਤ ਦੀ ਗੋਦ ਵਿੱਚ, ਲੁਧਿਆਣਾ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਨੇ ਆਪਣੇ ਸੇਵਾਦਾਰਾਂ ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਲਾਮਤੀ ਲਈ ਨਮਾਜ਼ ਅਦਾ ਕੀਤੀ ਅਤੇ ਅੱਲਾ ਅੱਗੇ ਖੈਰ-ਸੁੱਖ ਦੀ ਦੁਆ ਮੰਗੀ।

ਇਹ ਦ੍ਰਿਸ਼ ਉਸ ਇਤਿਹਾਸਕ ਧਰਤੀ 'ਤੇ ਵਾਪਰਿਆ ਜਿੱਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਮਿਲ ਕੇ ਮਾਨਵਤਾ ਦੇ ਭਲੇ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ ਸੀ। ਇਸੇ ਪਵਿੱਤਰ ਵੇਈਂ ਵਿੱਚ ਡੁਬਕੀ ਲਗਾਉਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਸੀ। ਅੱਜ ਉਸੇ ਸਥਾਨ 'ਤੇ ਇੱਕੋ ਸਮੇਂ ਅਰਦਾਸ ਅਤੇ ਨਮਾਜ਼ ਦੀ ਭਾਵਨਾ ਨੇ ਮਾਹੌਲ ਨੂੰ ਰੂਹਾਨੀਅਤ ਨਾਲ ਭਰ ਦਿੱਤਾ।

ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ, ਜੋ ਕਿ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਲਗਾਤਾਰ ਸਰਗਰਮ ਹਨ, ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਉਹਨਾਂ ਦੀ ਅਗਵਾਈ ਹੇਠ ਕਈ ਸੇਵਾਦਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮੱਗਰੀ ਅਤੇ ਲੰਗਰ ਦੀ ਸੇਵਾ ਨਿਭਾ ਰਹੇ ਹਨ। ਪਵਿੱਤਰ ਵੇਈਂ ਕਿਨਾਰੇ ਨਮਾਜ਼ ਅਦਾ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮੌਲਾਨਾ ਉਸਮਾਨ ਰਹਿਮਾਨੀ ਨੇ ਕਿਹਾ, 'ਇਹ ਧਰਤੀ ਗੁਰੂਆਂ-ਪੀਰਾਂ ਦੀ ਹੈ, ਜਿਸ ਨੇ ਸਾਨੂੰ ਸਿਖਾਇਆ ਹੈ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਅੱਜ ਪੰਜਾਬ ਮੁਸ਼ਕਿਲ ਵਿੱਚ ਹੈ ਅਤੇ ਇਸ ਸਮੇਂ ਸਾਨੂੰ ਸਾਰੇ ਭੇਦਭਾਵ ਮਿਟਾ ਕੇ ਇੱਕ ਦੂਜੇ ਦਾ ਸਹਾਰਾ ਬਣਨ ਦੀ ਲੋੜ ਹੈ।' ਉਹਨਾਂ ਨੇ ਅੱਗੇ ਕਿਹਾ, 'ਜਿਸ ਧਰਤੀ ਤੋਂ ਗੁਰੂ ਨਾਨਕ ਸਾਹਿਬ ਨੇ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਦਾ ਸੰਦੇਸ਼ ਦਿੱਤਾ ਸੀ, ਅੱਜ ਉਸੇ ਥਾਂ 'ਤੇ ਅਸੀਂ ਸਾਰੇ ਮਿਲ ਕੇ ਉਸ ਪਰਮਾਤਮਾ, ਉਸ ਅੱਲਾ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕਰ ਰਹੇ ਹਾਂ। ਇਹੋ ਪੰਜਾਬੀਅਤ ਦੀ ਅਸਲ ਪਛਾਣ ਹੈ।'


ਇਸ ਮੌਕੇ 'ਤੇ ਮੌਜੂਦ ਸਥਾਨਕ ਲੋਕਾਂ ਅਤੇ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਦਾ ਕਹਿਣਾ ਸੀ ਕਿ ਅਜਿਹੇ ਸਮੇਂ ਵਿੱਚ ਜਦੋਂ ਲੋਕ ਆਪਣਾ ਘਰ-ਬਾਰ ਗੁਆ ਚੁੱਕੇ ਹਨ, ਧਾਰਮਿਕ ਆਗੂਆਂ ਵੱਲੋਂ ਦਿੱਤਾ ਗਿਆ ਇਹ ਸਾਂਝਾ ਸੁਨੇਹਾ ਉਹਨਾਂ ਦੇ ਹੌਸਲੇ ਨੂੰ ਵਧਾਉਂਦਾ ਹੈ।


ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਇਸ ਸਾਲ ਆਏ ਭਿਆਨਕ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਇਸ ਔਖੀ ਘੜੀ ਵਿੱਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਮਿਲ ਕੇ ਰਾਹਤ ਕਾਰਜ ਚਲਾਏ ਜਾ ਰਹੇ ਹਨ, ਜੋ ਕਿ ਪੰਜਾਬ ਦੇ ਭਾਈਚਾਰਕ ਸਾਂਝ ਦੀ ਇੱਕ ਮਿਸਾਲ ਪੇਸ਼ ਕਰਦੇ ਹਨ। ਪਵਿੱਤਰ ਵੇਈਂ ਦੇ ਕਿਨਾਰੇ ਅਦਾ ਕੀਤੀ ਗਈ ਇਹ ਨਮਾਜ਼ ਇਸੇ ਸਾਂਝ ਦੀ ਇੱਕ ਮਜ਼ਬੂਤ ਕੜੀ ਬਣ ਕੇ ਸਾਹਮਣੇ ਆਈ ਹੈ।

# ਪੋਰਟ ਆਫ਼ ਲਾਂਗ ਬੀਚ 'ਤੇ ਮਾਲਵਾਹਕ ਜਹਾਜ਼ (Cargo Ship) ਤੋਂ ਦਰਜਨਾਂ ਕੰਟੇਨਰ ਡਿੱਗੇ

ਲਾਂਗ ਬੀਚ, ਕੈਲੀਫੋਰਨੀਆ : ਬੀਤੇ ਦਿਨ ਪੋਰਟ ਆਫ਼ ਲਾਂਗ ਬੀਚ 'ਤੇ ਉਸ ਵੇਲੇ ਹਫੜਾ-ਦਫੜੀ ਮੱਚ ਗਈ ਜਦੋਂ 'ਮਿਸੀਸਿੱਪੀ' ਨਾਂ ਦਾ ਇੱਕ ਮਾਲਵਾਹਕ ਜਹਾਜ਼ ਤੋਂ ਦਰਜਨਾਂ ਕੰਟੇਨਰ ਪਾਣੀ ਵਿੱਚ ਡਿੱਗ ਗਏ। ਇਹ ਘਟਨਾ ਸਵੇਰੇ 9 ਵਜੇ ਦੇ ਕਰੀਬ ਪੀਅਰ ਜੀ (Pier G) ਕੰਟੇਨਰ ਟਰਮੀਨਲ 'ਤੇ ਵਾਪਰੀ।

ਯੂ.ਐਸ. ਕੋਸਟ ਗਾਰਡ ਦੇ ਅਨੁਸਾਰ, ਸ਼ੁਰੂਆਤੀ ਅੰਦਾਜ਼ਿਆਂ ਤੋਂ ਪਤਾ ਲੱਗਦਾ ਹੈ ਕਿ ਘੱਟੋ-ਘੱਟ 67 ਕੰਟੇਨਰ ਜਹਾਜ਼ ਤੋਂ ਹੇਠਾਂ ਡਿੱਗੇ। ਘਟਨਾ ਸਥਾਨ ਦੀ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਕੰਟੇਨਰਾਂ ਦਾ ਇੱਕ ਢੇਰ ਡਿੱਗਣ ਤੋਂ ਬਾਅਦ, ਵੱਡਾ ਜਹਾਜ਼ ਇੱਕ ਪਾਸੇ ਨੂੰ ਬੁਰੀ ਤਰ੍ਹਾਂ ਝੁਕ ਗਿਆ, ਜਿਸ ਤੋਂ ਤੁਰੰਤ ਬਾਅਦ ਇੱਕ ਹੋਰ ਢੇਰ ਵੀ ਡਿੱਗ ਪਿਆ। ਬਚਾਅ ਕਾਰਜ ਤੁਰੰਤ ਸ਼ੁਰੂ ਹੋ ਗਏ, ਜਿਸ ਵਿੱਚ ਇੱਕ ਟੱਗਬੋਟ





(tugboat) ਤੈਰਦੇ ਹੋਏ ਕੰਟੇਨਰਾਂ ਨੂੰ ਘਾਟ ਵੱਲ ਧੱਕਣ ਦੀ ਕੋਸ਼ਿਸ਼ ਕਰ ਰਹੀ ਸੀ।

ਪੋਰਟ ਆਫ਼ ਲਾਂਗ ਬੀਚ ਦੇ ਬੁਲਾਰੇ, ਆਰਟ ਮੈਰੋਕੁਇਨ (Art Marroquin) ਨੇ ਪੁਸ਼ਟੀ ਕੀਤੀ ਕਿ ਟਰਮੀਨਲ 'ਤੇ ਮਾਲ ਦੀ ਆਵਾਜਾਈ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ ਤਾਂ ਜੋ ਬਚਾਅ ਟੀਮਾਂ ਡਿੱਗੇ ਹੋਏ ਕੰਟੇਨਰਾਂ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਕੱਢ ਸਕਣ। ਖੁਸ਼ਕਿਸਮਤੀ ਨਾਲ, ਇਸ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਕੰਟੇਨਰਾਂ ਦੇ ਡਿੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਮਸ਼ਹੂਰ ਕੰਜ਼ਰਵੇਟਿਵ ਕਾਰਕੁਨ ਚਾਰਲੀ ਕਿਰਕ ਦੀ ਯੂਟਾ ਯੂਨੀਵਰਸਿਟੀ 'ਚ ਗੋਲੀ ਮਾਰ ਕੇ ਹੱਤਿਆ, ਸਿਆਸੀ ਹੱਤਿਆ ਦਾ ਖਦਸ਼ਾ

ਓਰੇਮ, ਯੂਟਾ : ਅਮਰੀਕਾ ਦੇ ਪ੍ਰਮੁੱਖ ਰੂੜੀਵਾਦੀ ਕਾਰਕੁਨ ਅਤੇ 'ਟਰਨਿੰਗ ਪੁਆਇੰਟ ਯੂਐਸਏ' (Turning Point USA) ਦੇ ਸੰਸਥਾਪਕ, 31 ਸਾਲਾ ਚਾਰਲੀ ਕਿਰਕ ਦੀ ਬੁੱਧਵਾਰ, 10 ਸਤੰਬਰ, 2025 ਨੂੰ ਯੂਟਾ ਵੈਲੀ ਯੂਨੀਵਰਸਿਟੀ (UVU) ਦੇ ਕੈਂਪਸ ਵਿੱਚ ਇੱਕ ਜਨਤਕ ਸਮਾਗਮ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਪੂਰੇ ਦੇਸ਼ ਵਿੱਚ ਸਿਆਸੀ ਗਲਿਆਰਿਆਂ ਵਿੱਚ ਸਦਮੇ ਦੀ ਲਹਿਰ ਪੈਦਾ ਕਰ ਦਿੱਤੀ ਹੈ।

ਘਟਨਾ ਦਾ ਵੇਰਵਾ ਚਾਰਲੀ ਕਿਰਕ ਯੂਨੀਵਰਸਿਟੀ ਵਿੱਚ ਆਪਣੇ 'ਦਿ ਅਮੈਰੀਕਨ ਕਮਬੈਕ ਟੂਰ' ਦੇ ਹਿੱਸੇ ਵਜੋਂ ਇੱਕ 'ਮੈਨੂੰ ਗਲਤ ਸਾਬਤ ਕਰੋ' (Prove Me Wrong) ਨਾਮਕ ਬਹਿਸ ਪ੍ਰੋਗਰਾਮ ਦੀ ਮੇਜ਼ਬਾਨੀ ਕਰ ਰਹੇ ਸਨ। ਰਿਪੋਰਟਾਂ ਅਨੁਸਾਰ, ਜਦੋਂ ਉਹ ਭਾਸ਼ਣ ਦੇ ਰਹੇ ਸਨ, ਇੱਕ ਅਣਪਛਾਤੇ ਹਮਲਾਵਰ ਨੇ ਉਨ੍ਹਾਂ 'ਤੇ ਨੇੜਿਓਂ ਗੋਲੀ ਚਲਾਈ। ਗੋਲੀ ਉਨ੍ਹਾਂ ਦੀ ਗਰਦਨ ਵਿੱਚ ਲੱਗੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰ ਉਨ੍ਹਾਂ ਨੂੰ ਬਚਾ ਨਹੀਂ ਸਕੇ।

ਜਾਂਚ ਅਤੇ ਪੁਲਿਸ ਦੀ ਕਾਰਵਾਈ ਸਥਾਨਕ ਪੁਲਿਸ ਅਤੇ ਐਫਬੀਆਈ (FBI) ਸਮੇਤ ਕਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਅਧਿਕਾਰੀ ਇਸ ਨੂੰ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਹਮਲਾ ਮੰਨ ਰਹੇ ਹਨ ਅਤੇ ਇਸ ਨੂੰ 'ਸਿਆਸੀ ਹੱਤਿਆ' ਵਜੋਂ ਦੇਖ ਰਹੇ ਹਨ। ਯੂਟਾ ਦੇ ਗਵਰਨਰ ਸਪੈਂਸਰ ਕੌਕਸ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ, 'ਇਹ ਇੱਕ ਘਿਨਾਉਣੀ ਕਾਰਵਾਈ ਹੈ ਅਤੇ ਅਸੀਂ ਦੋਸ਼ੀ ਨੂੰ ਲੱਭ ਕੇ ਕਾਨੂੰਨ ਦੇ ਹਵਾਲੇ ਕਰਨ ਲਈ ਕੋਈ ਕਸਰ ਨਹੀਂ ਛੱਡਾਂਗੇ।' ਹਮਲਾਵਰ ਦੀ ਭਾਲ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ।

ਸਿਆਸੀ ਪ੍ਰਤੀਕਰਮ ਇਸ ਘਟਨਾ ਦੀ ਹਰ ਪਾਸਿਓਂ ਸਖ਼ਤ ਨਿੰਦਾ ਹੋ ਰਹੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਾਰਲੀ ਕਿਰਕ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਨੂੰ ਇੱਕ 'ਮਹਾਨ, ਅਤੇ ਇੱਥੋਂ ਤੱਕ ਕਿ ਇੱਕ ਮਹਾਨ ਕਥਾ' (Great, and even Legendary) ਕਿਹਾ।

ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਹਿੰਸਕ ਕਾਰਵਾਈ ਦੀ ਨਿੰਦਾ ਕੀਤੀ ਹੈ ਅਤੇ ਦੇਸ਼ ਵਿੱਚ ਵੱਧ ਰਹੇ ਸਿਆਸੀ ਤਣਾਅ 'ਤੇ ਚਿੰਤਾ ਪ੍ਰਗਟਾਈ ਹੈ।

ਯੂਨੀਵਰਸਿਟੀ ਦਾ ਪ੍ਰਤੀਕਰਮ ਸੁਰੱਖਿਆ ਕਾਰਨਾਂ ਕਰਕੇ, ਯੂਟਾ ਵੈਲੀ ਯੂਨੀਵਰਸਿਟੀ ਨੂੰ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ



ਹੈ ਅਤੇ ਸਾਰੀਆਂ ਕਲਾਸਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕੈਂਪਸ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਹੈ ਅਤੇ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ।

# ਪ੍ਰਯਾਗਰਾਜ: ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ







ਪ੍ਰਯਾਗਰਾਜ, : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਪ੍ਰਯਾਗਰਾਜ ਦੀ ਸਿੱਖ ਸੰਗਤ ਵੱਲੋਂ ਬੁੱਧਵਾਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਧਰਮ ਦੀ ਚਾਦਰ' 'ਹਿੰਦ ਦੀ ਚਾਦਰ' ਵਜੋਂ ਜਾਣੇ ਜਾਂਦੇ ਨੌਵੇਂ ਪਾਤਸ਼ਾਹ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਇਹ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਦੀ ਹੋ ਕੇ ਗੁਜ਼ਰਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਸਾਹਿਬ ਖਿੱਚ ਦਾ ਕੇਂਦਰ ਬਣੀ ਹੋਈ ਸੀ। ਸੰਗਤਾਂ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀਆਂ ਅਤੇ ਗੁਰਬਾਣੀ ਦਾ ਕੀਰਤਨ ਕਰਦੀਆਂ ਹੋਈਆਂ ਨਗਰ ਕੀਰਤਨ ਦੇ ਨਾਲ-ਨਾਲ ਚੱਲ ਰਹੀਆਂ ਸਨ।






ਨਗਰ ਕੀਰਤਨ ਦੇ ਰਸਤੇ ਵਿੱਚ, ਵੱਖ-ਵੱਖ ਥਾਵਾਂ 'ਤੇ ਸਥਾਨਕ ਲੋਕਾਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਵੱਲੋਂ ਸ਼ਰਧਾਲੂਆਂ ਲਈ ਚਾਹ-ਪਾਣੀ ਅਤੇ ਲੰਗਰ ਦੇ ਸਟਾਲ ਲਗਾਏ ਗਏ ਸਨ। ਗੱਤਕਾ ਪਾਰਟੀਆਂ ਨੇ ਸਿੱਖ ਮਾਰਸ਼ਲ ਆਰਟ ਦੇ ਹੈਰਤਅੰਗੇਜ਼ ਜੌਹਰ ਦਿਖਾਏ, ਜਿਨ੍ਹਾਂ ਨੂੰ ਦੇਖ ਕੇ ਸੰਗਤਾਂ ਨਿਹਾਲ ਹੋ ਗਈਆਂ।

ਇਸ ਮੌਕੇ 'ਤੇ ਬੋਲਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨੇ ਕਿਹਾ, 'ਗੁਰੂ ਤੇਗ ਬਹਾਦਰ ਜੀ ਨੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ। ਉਨ੍ਹਾਂ ਦੀ ਸ਼ਹਾਦਤ ਸਾਨੂੰ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਸਰਬੱਤ ਦੇ ਭਲੇ ਲਈ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ।'

ਇਹ ਨਗਰ ਕੀਰਤਨ ਸ਼ਹਿਰ ਵਿੱਚ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

# ਮਸ਼ਹੂਰ ਕੰਜ਼ਰਵੇਟਿਵ ਕਾਰਕੁੰਨ ਚਾਰਲੀ ਕਿਰਕ ਦੀ ਯੂਟਾ ਯੂਨੀਵਰਸਿਟੀ 'ਚ ਗੋਲੀ ਮਾਰ ਕੇ ਹੱਤਿਆ, ਸਿਆਸੀ ਹੱਤਿਆ ਦਾ ਖਦਸ਼ਾ









ਓਰੇਮ, ਯੂਟਾ : ਅਮਰੀਕਾ ਦੇ ਪ੍ਰਮੁੱਖ ਰੂੜੀਵਾਦੀ ਕਾਰਕੁਨ ਅਤੇ 'ਟਰਨਿੰਗ ਪੁਆਇੰਟ ਯੂਐਸਏ' (Turning Point USA) ਦੇ ਸੰਸਥਾਪਕ, 31 ਸਾਲਾ ਚਾਰਲੀ ਕਿਰਕ ਦੀ ਬੁੱਧਵਾਰ, 10 ਸਤੰਬਰ, 2025 ਨੂੰ ਯੂਟਾ ਵੈਲੀ ਯੂਨੀਵਰਸਿਟੀ (UVU) ਦੇ ਕੈਂਪਸ ਵਿੱਚ ਇੱਕ ਜਨਤਕ ਸਮਾਗਮ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਪੂਰੇ ਦੇਸ਼ ਵਿੱਚ ਸਿਆਸੀ ਗਲਿਆਰਿਆਂ ਵਿੱਚ ਸਦਮੇ ਦੀ ਲਹਿਰ ਪੈਦਾ ਕਰ ਦਿੱਤੀ ਹੈ।

ਘਟਨਾ ਦਾ ਵੇਰਵਾ ਚਾਰਲੀ ਕਿਰਕ ਯੂਨੀਵਰਸਿਟੀ ਵਿੱਚ ਆਪਣੇ 'ਦਿ ਅਮੈਰੀਕਨ ਕਮਬੈਕ ਟੂਰ' ਦੇ ਹਿੱਸੇ ਵਜੋਂ ਇੱਕ 'ਮੈਨੂੰ ਗਲਤ ਸਾਬਤ ਕਰੋ' (Prove Me Wrong) ਨਾਮਕ ਬਹਿਸ ਪ੍ਰੋਗਰਾਮ ਦੀ ਮੇਜ਼ਬਾਨੀ ਕਰ ਰਹੇ ਸਨ। ਰਿਪੋਰਟਾਂ ਅਨੁਸਾਰ, ਜਦੋਂ ਉਹ ਭਾਸ਼ਣ ਦੇ ਰਹੇ ਸਨ, ਇੱਕ ਅਣਪਛਾਤੇ ਹਮਲਾਵਰ ਨੇ ਉਨ੍ਹਾਂ 'ਤੇ ਨੇੜਿਓਂ ਗੋਲੀ ਚਲਾਈ। ਗੋਲੀ ਉਨ੍ਹਾਂ ਦੀ ਗਰਦਨ ਵਿੱਚ ਲੱਗੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰ ਉਨ੍ਹਾਂ ਨੂੰ ਬਚਾ ਨਹੀਂ ਸਕੇ।

ਜਾਂਚ ਅਤੇ ਪੁਲਿਸ ਦੀ ਕਾਰਵਾਈ ਸਥਾਨਕ ਪੁਲਿਸ ਅਤੇ ਐਫਬੀਆਈ (FBI) ਸਮੇਤ ਕਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਅਧਿਕਾਰੀ ਇਸ ਨੂੰ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਹਮਲਾ ਮੰਨ ਰਹੇ ਹਨ ਅਤੇ ਇਸ ਨੂੰ 'ਸਿਆਸੀ ਹੱਤਿਆ' ਵਜੋਂ ਦੇਖ ਰਹੇ ਹਨ। ਯੂਟਾ ਦੇ ਗਵਰਨਰ ਸਪੈਂਸਰ ਕੌਕਸ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ, 'ਇਹ ਇੱਕ ਘਿਨਾਉਣੀ ਕਾਰਵਾਈ ਹੈ ਅਤੇ ਅਸੀਂ ਦੋਸ਼ੀ ਨੂੰ ਲੱਭ ਕੇ ਕਾਨੂੰਨ ਦੇ ਹਵਾਲੇ ਕਰਨ ਲਈ ਕੋਈ ਕਸਰ ਨਹੀਂ ਛੱਡਾਂਗੇ।' ਹਮਲਾਵਰ ਦੀ ਭਾਲ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ।

ਸਿਆਸੀ ਪ੍ਰਤੀਕਰਮ ਇਸ ਘਟਨਾ ਦੀ ਹਰ ਪਾਸਿਓਂ ਸਖ਼ਤ ਨਿੰਦਾ ਹੋ ਰਹੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਾਰਲੀ ਕਿਰਕ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਨੂੰ ਇੱਕ 'ਮਹਾਨ, ਅਤੇ ਇੱਥੋਂ ਤੱਕ ਕਿ ਇੱਕ ਮਹਾਨ ਕਥਾ' (Great, and even Legendary) ਕਿਹਾ।

ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਹਿੰਸਕ ਕਾਰਵਾਈ ਦੀ ਨਿੰਦਾ ਕੀਤੀ ਹੈ ਅਤੇ ਦੇਸ਼ ਵਿੱਚ ਵੱਧ ਰਹੇ ਸਿਆਸੀ ਤਣਾਅ 'ਤੇ ਚਿੰਤਾ ਪ੍ਰਗਟਾਈ ਹੈ।

ਯੂਨੀਵਰਸਿਟੀ ਦਾ ਪ੍ਰਤੀਕਰਮ ਸੁਰੱਖਿਆ ਕਾਰਨਾਂ ਕਰਕੇ, ਯੂਟਾ ਵੈਲੀ ਯੂਨੀਵਰਸਿਟੀ ਨੂੰ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ ਅਤੇ ਸਾਰੀਆਂ ਕਲਾਸਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕੈਂਪਸ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਹੈ ਅਤੇ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ

**ਧੰਨਵਾਦ ਸਹਿਤ ਫੋਟੋਆਂ ਸੋਸ਼ਲ ਮੀਡੀਆ ਤੋਂ**

# ਟਰੰਪ ਪ੍ਰਸ਼ਾਸਨ ਨੇ ਗੁੰਮਰਾਹਕੁੰਨ ਦਵਾਈਆਂ ਦੇ ਇਸ਼ਤਿਹਾਰਾਂ 'ਤੇ ਕੱਸਿਆ ਸ਼ਿਕੰਜਾ, ਪੀੜ੍ਹੀ ਦੀ ਸਭ ਤੋਂ ਮਹੱਤਵਪੂਰਨ ਕਾਰਵਾਈ

ਵਾਸ਼ਿੰਗਟਨ - ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਨੇ ਇੱਕ ਇਤਿਹਾਸਕ ਮੈਮੋਰੰਡਮ 'ਤੇ ਦਸਤਖਤ ਕੀਤੇ ਹਨ ਜਿਸਦਾ ਉਦੇਸ਼ ਦਵਾਈਆਂ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ 'ਤੇ ਲਗਾਮ ਲਗਾਉਣਾ ਹੈ। ਇਸ ਨੂੰ ਇੱਕ ਪੀੜ੍ਹੀ ਵਿੱਚ ਇਸ ਕਿਸਮ ਦੀ ਸਭ ਤੋਂ ਮਹੱਤਵਪੂਰਨ ਕਾਰਵਾਈ ਮੰਨਿਆ ਜਾ ਰਿਹਾ ਹੈ, ਜਿਸਦਾ ਮਕਸਦ ਖਪਤਕਾਰਾਂ ਨੂੰ ਦਵਾਈਆਂ ਦੇ ਸੰਭਾਵੀ ਖਤਰਿਆਂ ਅਤੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਪਾਰਦਰਸ਼ੀ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਨਾ ਹੈ।

ਇਹ ਨਵਾਂ ਨਿਰਦੇਸ਼ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (HHS) ਅਤੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (FDA) ਨੂੰ ਮੌਜੂਦਾ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਅਤੇ 1997 ਦੀ ਇੱਕ ਕਮਜ਼ੋਰੀ ਨੂੰ ਦੂਰ ਕਰਨ ਦਾ ਅਧਿਕਾਰ ਦਿੰਦਾ ਹੈ, ਜਿਸ ਨੂੰ 'ਢੁਕਵੀਂ ਵਿਵਸਥਾ' (adequate provision) ਵਜੋਂ ਜਾਣਿਆ ਜਾਂਦਾ ਹੈ। ਇਸ ਕਮਜ਼ੋਰੀ ਕਾਰਨ ਦਵਾਈ ਕੰਪਨੀਆਂ ਆਪਣੇ ਟੀਵੀ ਇਸ਼ਤਿਹਾਰਾਂ ਵਿੱਚ ਦਵਾਈਆਂ ਦੇ ਸਾਰੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕਰਨ ਤੋਂ ਬਚ ਜਾਂਦੀਆਂ ਸਨ ਅਤੇ ਦਰਸ਼ਕਾਂ ਨੂੰ ਵਧੇਰੇ ਜਾਣਕਾਰੀ ਲਈ ਕਿਸੇ ਵੈਬਸਾਈਟ ਜਾਂ ਟੋਲ-ਫ੍ਰੀ ਨੰਬਰ 'ਤੇ ਭੇਜ ਦਿੰਦੀਆਂ ਸਨ।

**ਮੈਮੋਰੰਡਮ ਦੇ ਮੁੱਖ ਨੁਕਤੇ:**

- **ਵਧੀ ਹੋਈ ਪਾਰਦਰਸ਼ਤਾ:** ਦਵਾਈ ਕੰਪਨੀਆਂ ਨੂੰ ਹੁਣ ਆਪਣੇ ਇਸ਼ਤਿਹਾਰਾਂ ਵਿੱਚ, ਖਾਸ ਕਰਕੇ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ 'ਤੇ, ਦਵਾਈਆਂ ਦੇ ਸੰਭਾਵੀ ਖਤਰਿਆਂ ਅਤੇ ਮਾੜੇ ਪ੍ਰਭਾਵਾਂ ਬਾਰੇ ਸਪੱਸ਼ਟ ਅਤੇ ਸੰਪੂਰਨ ਜਾਣਕਾਰੀ ਦੇਣੀ ਪਵੇਗੀ।
- **ਸਖ਼ਤ ਕਾਰਵਾਈ:** 641 ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਕਰਨ ਵਾਲੀਆਂ ਕੰਪਨੀਆਂ



ਵਿਰੁੱਧ ਸਖ਼ਤ ਕਾਰਵਾਈ ਕਰੇਗਾ। ਇਸ ਵਿੱਚ ਚੇਤਾਵਨੀ ਪੱਤਰ ਅਤੇ 'ਕੰਮ ਰੋਕੋ ਅਤੇ ਦੂਰ ਰਹੋ' (cease-and-desist) ਦੇ ਆਦੇਸ਼ ਜਾਰੀ ਕਰਨਾ ਸ਼ਾਮਲ ਹੈ।
- **ਸੋਸ਼ਲ ਮੀਡੀਆ 'ਤੇ ਨਿਗਰਾਨੀ:** ਇਹ ਨਿਯਮ ਸੋਸ਼ਲ ਮੀਡੀਆ ਪ੍ਰਭਾਵਕਾਂ (influencers) ਦੁਆਰਾ ਕੀਤੀ ਜਾਣ ਵਾਲੀ ਦਵਾਈਆਂ ਦੀ ਇਸ਼ਤਿਹਾਰਬਾਜ਼ੀ 'ਤੇ ਵੀ ਲਾਗੂ ਹੋਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਉਹੀ ਮਾਪਦੰਡਾਂ ਦੀ ਪਾਲਣਾ ਕਰਦੇ ਹਨ ਜੋ ਰਵਾਇਤੀ ਮੀਡੀਆ 'ਤੇ ਲਾਗੂ ਹੁੰਦੇ ਹਨ।
- **1997 ਦੀ ਕਮਜ਼ੋਰੀ ਨੂੰ ਬੰਦ ਕਰਨਾ:** ਸਰਕਾਰ ਉਸ 'ਢੁਕਵੀਂ ਵਿਵਸਥਾ' ਨਿਯਮ ਨੂੰ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰੇਗੀ, ਜਿਸ ਨਾਲ ਇਸ਼ਤਿਹਾਰਾਂ ਨੂੰ ਹੋਰ ਜਾਣਕਾਰੀ ਭਰਪੂਰ ਬਣਾਇਆ ਜਾਵੇਗਾ।

ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ, 'ਅਮਰੀਕੀ ਲੋਕਾਂ ਨੂੰ ਉਹਨਾਂ ਦਵਾਈਆਂ ਬਾਰੇ ਸੱਚਾਈ ਜਾਣਨ ਦਾ ਅਧਿਕਾਰ ਹੈ ਜਿਹਨਾਂ ਨੂੰ ਉਹ ਟੀਵੀ 'ਤੇ ਵੇਖਦੇ ਹਨ। ਇਹ ਕਾਰਵਾਈ ਇਹ ਯਕੀਨੀ ਬਣਾਏਗੀ ਕਿ ਦਵਾਈ ਕੰਪਨੀਆਂ ਲਾਭਾਂ ਨੂੰ ਵਧਾ-ਚੜ੍ਹਾ ਕੇ ਅਤੇ ਖ਼ਤਰਿਆਂ ਨੂੰ ਛੁਪਾ ਕੇ ਖਪਤਕਾਰਾਂ ਨੂੰ ਗੁੰਮਰਾਹ ਨਾ ਕਰ ਸਕਣ।'

ਇਸ ਕਦਮ ਦਾ ਸਿਹਤ ਸੰਭਾਲ ਵਕੀਲਾਂ ਦੁਆਰਾ ਸਵਾਗਤ ਕੀਤਾ ਗਿਆ ਹੈ, ਜਿਨ੍ਹਾਂ ਨੇ ਲੰਮੇ ਸਮੇਂ ਤੋਂ ਦਲੀਲ ਦਿੱਤੀ ਹੈ ਕਿ ਸਿੱਧੀ-ਖਪਤਕਾਰ ਨੂੰ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ ਦਵਾਈਆਂ ਦੀਆਂ ਕੀਮਤਾਂ ਵਿੱਚ ਵਾਧਾ ਕਰਦੀ ਹੈ ਅਤੇ ਮਰੀਜ਼ਾਂ ਨੂੰ ਅਜਿਹੀਆਂ ਮਹਿੰਗੀਆਂ ਦਵਾਈਆਂ ਦੀ ਮੰਗ ਕਰਨ ਲਈ ਉਤਸ਼ਾਹਿਤ ਕਰਦੀ ਹੈ ਜਿਨ੍ਹਾਂ ਦੀ ਸ਼ਾਇਦ ਉਨ੍ਹਾਂ ਨੂੰ ਲੋੜ ਨਾ ਹੋਵੇ।

ਇਸ ਮੈਮੋਰੰਡਮ ਦੇ ਲਾਗੂ ਹੋਣ ਨਾਲ ਆਉਣ ਵਾਲੇ ਸਮੇਂ ਵਿੱਚ ਦਵਾਈਆਂ ਦੇ ਇਸ਼ਤਿਹਾਰਾਂ ਦੇ ਤਰੀਕਿਆਂ ਵਿੱਚ ਵੱਡਾ ਬਦਲਾਅ ਦੇਖਣ ਨੂੰ ਮਿਲ ਸਕਦਾ ਹੈ, ਜਿਸ ਨਾਲ ਖਪਤਕਾਰਾਂ ਲਈ ਸਿਹਤ ਸੰਬੰਧੀ ਫੈਸਲੇ ਲੈਣ ਵਿੱਚ ਵਧੇਰੇ ਸਪੱਸ਼ਟਤਾ ਆਉਣ ਦੀ ਉਮੀਦ ਹੈ।

# ਹੈਦਰਾਬਾਦ ਵਿੱਚ ਜੰਗਲਾਤ ਸ਼ਹੀਦਾਂ ਨੂੰ ਐਫਆਰਓ ਸਿਖਿਆਰਥੀਆਂ ਨੇ ਸ਼ਰਧਾਂਜਲੀ ਦਿੱਤੀ








ਹੈਦਰਾਬਾਦ : ਵਣ ਰੇਂਜ ਅਫਸਰ (ਐਫਆਰਓ) ਸਿਖਿਆਰਥੀਆਂ ਨੇ ਵੀਰਵਾਰ ਨੂੰ ਹੈਦਰਾਬਾਦ ਦੇ ਨਹਿਰੂ ਜ਼ੂਲੋਜੀਕਲ ਪਾਰਕ ਵਿਖੇ ਸਥਿਤ ਜੰਗਲਾਤ ਸ਼ਹੀਦਾਂ ਦੇ ਪਾਇਲਨ ਵਿਖੇ ਜੰਗਲਾਤ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

# ਯੂਕਰੇਨ ਜੰਗ ਦਾ ਹੈਰਾਨ ਕਰਨ ਵਾਲਾ ਸੱਚ: ਬੱਚੇ ਬਣੇ ਹਥਿਆਰ



ਇੱਥੇ ਦਿੱਤੀ ਗਈ ਵੱਡੀ ਖ਼ਬਰ ਤੋਂ ਕੁਝ ਛੋਟੀਆਂ ਖ਼ਬਰਾਂ ਹਨ:

- **ਨੌਜਵਾਨਾਂ ਦੀ ਭਰਤੀ:** ਰੂਸ ਅਤੇ ਯੂਕਰੇਨ, ਦੋਵੇਂ ਦੇਸ਼ ਜੰਗ ਵਿੱਚ ਨੌਜਵਾਨਾਂ ਨੂੰ ਇੱਕ ਨਵੇਂ ਹਥਿਆਰ ਵਜੋਂ ਵਰਤ ਰਹੇ ਹਨ। ਉਹਨਾਂ ਨੂੰ ਟੈਲੀਗ੍ਰਾਮ ਅਤੇ ਗੇਮਿੰਗ ਐਪਸ ਰਾਹੀਂ ਪੈਸਿਆਂ ਦਾ ਲਾਲਚ ਦੇ ਕੇ ਜਾਂ ਬਲੈਕਮੇਲ ਕਰਕੇ ਤੋੜ-ਫੋੜ ਦੀਆਂ ਕਾਰਵਾਈਆਂ ਲਈ ਭਰਤੀ ਕੀਤਾ ਜਾ ਰਿਹਾ ਹੈ।
- **ਖਤਰਨਾਕ ਕੰਮ:** ਇਹਨਾਂ ਬੱਚਿਆਂ ਤੋਂ ਦੁਸ਼ਮਣ ਦੇਸ਼ ਵਿੱਚ ਫੌਜੀ ਜਹਾਜ਼ਾਂ, ਪੁਲਿਸ ਦੀਆਂ ਗੱਡੀਆਂ, ਅਤੇ ਰੇਲਵੇ ਲਾਈਨਾਂ ਨੂੰ ਅੱਗ ਲਗਾਉਣ ਵਰਗੇ ਖਤਰਨਾਕ ਕੰਮ ਕਰਵਾਏ ਜਾ ਰਹੇ ਹਨ।
- **ਗੰਭੀਰ ਨਤੀਜੇ:** ਫੜੇ ਜਾਣ 'ਤੇ, ਇਹਨਾਂ ਨੌਜਵਾਨਾਂ ਨੂੰ ਲੰਬੀਆਂ ਕੈਦਾਂ, ਮਾਨਸਿਕ ਤਸ਼ੱਦਦ, ਅਤੇ ਕਈ ਵਾਰ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟਾਂ ਅਨੁਸਾਰ, ਯੂਕਰੇਨ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਭ ਤੋਂ ਛੋਟੇ ਬੱਚੇ ਦੀ ਉਮਰ ਸਿਰਫ਼ 12 ਸਾਲ ਹੈ।
- **ਸੈਂਕੜੇ ਮਾਮਲੇ:** ਦੋਵਾਂ ਦੇਸ਼ਾਂ ਵਿੱਚ ਸੈਂਕੜੇ ਨਾਬਾਲਗਾਂ ਨੂੰ ਜਾਸੂਸੀ ਅਤੇ ਤੋੜ-ਫੋੜ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਇਸ ਜੰਗ ਦੇ ਇੱਕ ਭਿਆਨਕ ਅਤੇ ਅਣਮਨੁੱਖੀ ਪਹਿਲੂ ਨੂੰ ਦਰਸਾਉਂਦਾ ਹੈ।

# ਫਰਾਂਸ 'ਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ 295 ਗ੍ਰਿਫ਼ਤਾਰ

## ਬਜਟ ਤੇ ਭਲਾਈ ਪ੍ਰੋਗਰਾਮਾਂ 'ਚ ਕਟੌਤੀ ਖ਼ਿਲਾਫ਼ ਸੜਕਾਂ 'ਤੇ ਉਤਰੇ ਲੋਕ

ਪੈਰਿਸ : ਫਰਾਂਸ ਭਰ 'ਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਪੈਰਿਸ ਤੇ ਹੋਰ ਸ਼ਹਿਰਾਂ 'ਚ ਸੜਕਾਂ ਰੋਕ ਕੇ ਕਈ ਥਾਈਂ ਅੱਗ ਲਗਾ ਦਿੱਤੀ। ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਹੰਝੂ ਗੈਸ ਦੇ ਗੋਲੇ ਛੱਡੇ, ਬਜਟ 'ਚ ਕਟੌਤੀ ਦਾ ਵਿਰੋਧ ਕਰਨ ਤੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਅਸਤੀਫ਼ੇ ਦੀ ਮੰਗ ਲਈ 1 ਲੱਖ ਤੋਂ ਵੱਧ ਲੋਕ ਸੜਕਾਂ 'ਤੇ ਉਤਰ ਆਏ ਹਨ। ਫਰਾਂਸ ਦੇ ਗ੍ਰਹਿ ਮੰਤਰੀ ਬਰੂਨੋ ਰਿਟੇਲਿਓ ਨੇ ਕਿਹਾ ਕਿ ਲਗਭਗ 295 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੈਰਿਸ 'ਚ ਪੁਲਿਸ ਨੇ ਇਕ ਹਾਈ ਸਕੂਲ ਦੇ ਪ੍ਰਵੇਸ਼ ਦੁਆਰ 'ਤੇ ਖੜ੍ਹੇ ਨੌਜਵਾਨ ਪ੍ਰਦਰਸ਼ਨਕਾਰੀਆਂ ਵਿਰੁੱਧ ਅੱਥਰੂ ਗੈਸ ਦੀ ਵਰਤੋਂ ਕੀਤੀ। ਪੁਲਿਸ ਨੇ ਕਿਹਾ ਕਿ ਲਗਭਗ 1 ਹਜ਼ਾਰ ਪ੍ਰਦਰਸ਼ਨਕਾਰੀਆਂ ਦੇ ਇਕ ਵੱਡੇ ਸਮੂਹ ਨੂੰ ਪੈਰਿਸ ਦੇ ਗੈਰੇ ਡੂ ਨੋਰਡ ਰੇਲਵੇ ਸਟੇਸ਼ਨ 'ਚ ਦਾਖਲ ਹੋਣ ਤੋਂ ਰੋਕਿਆ ਹੈ। ਗ੍ਰਹਿ ਮੰਤਰੀ ਨੇ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਪੱਛਮੀ ਸ਼ਹਿਰ ਰੇਨੇਸ 'ਚ ਇਕ ਬੱਸ ਨੂੰ ਅੱਗ ਲਗਾ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਪ੍ਰਦਰਸ਼ਨਕਾਰੀਆਂ ਨੇ ਪੁਲਿਸ 'ਤੇ ਵੱਡੇ ਪੱਥਰਾਂ ਨਾਲ ਹਮਲਾ ਕੀਤਾ। ਪ੍ਰਦਰਸ਼ਨਕਾਰੀਆਂ ਦੇ ਸੜਕਾਂ 'ਤੇ ਉਤਰਨ ਕਾਰਨ ਟਰੈਫਿਕ ਜਾਮ ਹੋ ਗਿਆ, ਕੂੜੇ ਦੇ ਡੱਬੇ ਸਾੜ ਦਿੱਤੇ ਗਏ ਤੇ ਕਈ ਥਾਵਾਂ 'ਤੇ ਪੁਲਿਸ ਨਾਲ ਝੜਪਾਂ ਹੋਈਆਂ। ਪ੍ਰਦਰਸ਼ਨ ਦਾ ਉਦੇਸ਼ ਰਾਜਨੀਤਿਕ ਸਥਾਪਨਾ ਤੇ ਯੋਜਨਾਬੱਧ ਬਜਟ ਕਟੌਤੀ ਦਾ ਵਿਰੋਧ ਕਰਨਾ ਹੈ। ਅਧਿਕਾਰੀਆਂ ਨੇ ਸੜਕੀ ਆਵਾਜਾਈ ਬਹਾਲ ਕਰਨ ਲਈ ਦੇਸ਼ ਭਰ 'ਚ 80 ਹਜ਼ਾਰ ਸੁਰੱਖਿਆ ਬਲ ਤਾਇਨਾਤ ਕੀਤੇ ਹਨ। ਬਹੁਤ ਸਾਰੇ



ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ 'ਤੇ ਗੁੱਸਾ ਜ਼ਾਹਰ ਕੀਤਾ ਹੈ। ਸੰਸਦ 'ਚ ਵਿਰੋਧੀ ਧਿਰ ਵਲੋਂ ਸਰਕਾਰ ਵਿਰੁੱਧ ਵੋਟ ਪਾਉਣ ਲਈ ਇਕਜੁੱਟ ਹੋਣ ਤੋਂ ਇਕ ਦਿਨ ਬਾਅਦ ਮੈਕਰੋਨ ਪਹਿਲਾਂ ਹੀ ਰਾਜਨੀਤਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਪ੍ਰਦਰਸ਼ਨਾਂ ਪਿੱਛੇ ਕਈ ਕਾਰਨ ਮੰਨੇ ਜਾ ਰਹੇ ਹਨ, ਜਿਨ੍ਹਾਂ 'ਚੋਂ ਇਕ ਇਹ ਹੈ ਕਿ ਲੋਕ ਮੰਨਦੇ ਹਨ ਕਿ ਰਾਸ਼ਟਰਪਤੀ ਮੈਕਰੋਨ ਦੀਆਂ ਨੀਤੀਆਂ ਲੋਕ ਵਿਰੋਧੀ ਹਨ ਤੇ ਸਿਰਫ਼ ਅਮੀਰਾਂ ਨੂੰ ਹੀ ਲਾਭ ਪਹੁੰਚਾਉਂਦੀਆਂ ਹਨ। ਇਕ ਕਾਰਨ ਇਹ ਵੀ ਹੈ ਕਿ ਸਰਕਾਰ ਨੇ ਖਰਚਿਆਂ 'ਚ ਕਟੌਤੀ ਕੀਤੀ ਹੈ, ਭਲਾਈ ਪ੍ਰੋਗਰਾਮ ਘਟਾਏ ਹਨ ਤੇ ਆਰਥਿਕ ਸੁਧਾਰ ਲਾਗੂ ਕੀਤੇ ਹਨ, ਜਿਸ ਨਾਲ ਮੱਧ ਤੇ ਮਜ਼ਦੂਰ ਵਰਗ 'ਤੇ ਵਾਧੂ ਦਬਾਅ ਪਾਇਆ ਗਿਆ ਹੈ। ਇਸ ਤੋਂ ਇਲਾਵਾ ਸੇਬੇਸਟੀਅਨ ਲੇਕੋਰਨੂ ਦੀ ਹਾਲ ਹੀ 'ਚ ਪ੍ਰਧਾਨ ਮੰਤਰੀ ਵਜੋਂ ਨਿਯੁਕਤੀ, ਜੋ ਕਿ ਦੋ ਸਾਲਾਂ 'ਚ 5ਵੀਂ ਨਿਯੁਕਤੀ ਹੈ, ਨੇ ਜਨਤਕ ਗੁੱਸੇ ਨੂੰ ਹੋਰ ਵਧਾ ਦਿੱਤਾ ਹੈ। ਪ੍ਰਦਰਸ਼ਨਕਾਰੀ ਸ਼ੁਰੂ ਤੋਂ ਹੀ ਸਰਕਾਰ 'ਤੇ ਦਬਾਅ ਪਾਉਣਾ ਚਾਹੁੰਦੇ ਹਨ। ਖੱਬੇ-ਪੱਖੀ ਗੱਠਜੋੜ ਤੇ ਜ਼ਮੀਨੀ ਪੱਧਰ ਦੇ ਸੰਗਠਨਾਂ ਦੀ ਅਗਵਾਈ ਹੇਠ ਇਹ ਅੰਦੋਲਨ ਦੇਸ਼ ਵਿਆਪੀ ਹੜਤਾਲਾਂ ਰਾਹੀਂ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕਰਨ ਲਈ ਸਭ ਕੁਝ ਰੋਕੋ ਦੇ ਨਾਅਰੇ ਦੀ ਵਰਤੋਂ ਕਰ ਰਿਹਾ ਹੈ।

# ਹਰਿਆਣਾ ਵੱਲੋਂ ਪੰਜਾਬ ਅਤੇ ਹਿਮਾਚਲ ਲਈ ਮਦਦ, ਮੁੱਖ ਮੰਤਰੀ ਨਾਇਬ ਸੈਣੀ ਨੇ ਰਾਹਤ ਸਮੱਗਰੀ ਦੇ ਟਰੱਕ ਕੀਤੇ ਰਵਾਨਾ








ਪੰਚਕੂਲਾ : ਹਰਿਆਣਾ ਸਰਕਾਰ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਗੁਆਂਢੀ ਰਾਜਾਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਲਈ ਮਦਦ ਦਾ ਹੱਥ ਵਧਾਇਆ ਹੈ। ਐਤਵਾਰ ਨੂੰ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਤੋਂ ਰਾਹਤ ਸਮੱਗਰੀ ਨਾਲ ਭਰੇ ਕੁੱਲ 25 ਟਰੱਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ 'ਤੇ, 15 ਟਰੱਕ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਭੇਜੇ ਗਏ, ਜਦੋਂਕਿ 10 ਟਰੱਕ ਹਿਮਾਚਲ ਪ੍ਰਦੇਸ਼ ਲਈ ਰਵਾਨਾ ਕੀਤੇ ਗਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਸੈਣੀ ਨੇ ਕਿਹਾ, 'ਕੁਦਰਤੀ ਆਫ਼ਤ ਦੀ ਇਸ ਘੜੀ ਵਿੱਚ ਹਰਿਆਣਾ ਆਪਣੇ ਗੁਆਂਢੀ ਰਾਜਾਂ ਦੇ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹਾ ਹੈ। ਇਹ ਸਾਡਾ ਮਾਨਵਤਾਵਾਦੀ ਫਰਜ਼ ਹੈ ਕਿ ਅਸੀਂ ਪੰਜਾਬ ਅਤੇ ਹਿਮਾਚਲ ਦੇ ਆਪਣੇ ਭੈਣਾਂ-ਭਰਾਵਾਂ ਦੀ ਮਦਦ ਕਰੀਏ।'

ਉਨ੍ਹਾਂ ਦੱਸਿਆ ਕਿ ਇਨ੍ਹਾਂ ਟਰੱਕਾਂ ਵਿੱਚ ਪੀੜਤ ਲੋਕਾਂ ਲਈ ਜ਼ਰੂਰੀ ਵਸਤਾਂ ਜਿਵੇਂ ਕਿ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ, ਕੰਬਲ ਅਤੇ ਹੋਰ ਰੋਜ਼ਾਨਾ ਵਰਤੋਂ ਦਾ ਸਮਾਨ ਸ਼ਾਮਲ ਹੈ। ਹਰਿਆਣਾ ਸਰਕਾਰ ਲਗਾਤਾਰ ਦੋਵਾਂ ਰਾਜਾਂ ਦੇ ਪ੍ਰਸ਼ਾਸਨ ਨਾਲ ਸੰਪਰਕ ਵਿੱਚ ਹੈ ਅਤੇ ਭਵਿੱਖ ਵਿੱਚ ਵੀ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਇਹ ਕਦਮ ਹਾਲ ਹੀ ਵਿੱਚ ਭਾਰੀ ਬਾਰਸ਼ਾਂ ਕਾਰਨ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹੋਏ ਭਾਰੀ ਨੁਕਸਾਨ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜਿੱਥੇ ਹਜ਼ਾਰਾਂ ਲੋਕ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ।

# ਦਿੱਲੀ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਮਦਦ ਦਾ ਹੱਥ, ਮੁੱਖ ਮੰਤਰੀ ਰੇਖਾ ਗੁਪਤਾ ਨੇ 52 ਟਰੱਕ ਰਾਹਤ ਸਮੱਗਰੀ ਦੇ ਕੀਤੇ ਰਵਾਨਾ










ਨਵੀਂ ਦਿੱਲੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਐਤਵਾਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ 52 ਟਰੱਕਾਂ 'ਤੇ ਲੱਦੀ ਰਾਹਤ ਸਮੱਗਰੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸੰਕਟ ਦੀ ਇਸ ਘੜੀ ਵਿੱਚ ਦਿੱਲੀ ਦੇ ਲੋਕਾਂ ਵੱਲੋਂ ਪੰਜਾਬ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਇਹ ਕਦਮ ਚੁੱਕਿਆ ਗਿਆ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਨਾਲ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ, ਦਿੱਲੀ ਸਰਕਾਰ ਦੇ ਮੰਤਰੀ ਅਸ਼ੀਸ਼ ਸੂਦ ਅਤੇ ਹੋਰ ਸੀਨੀਅਰ ਆਗੂ ਵੀ ਮੌਜੂਦ ਸਨ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ, 'ਦਿੱਲੀ ਇਸ ਔਖੀ ਘੜੀ ਵਿੱਚ ਪੰਜਾਬ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਇਹ ਟਰੱਕ ਸਿਰਫ਼ ਸਮਾਨ ਨਹੀਂ, ਸਗੋਂ ਦਿੱਲੀ ਵਾਸੀਆਂ ਦਾ ਪਿਆਰ ਅਤੇ ਸਹਾਇਤਾ ਦਾ ਸੁਨੇਹਾ ਪੰਜਾਬ ਦੇ ਭੈਣਾਂ-ਭਰਾਵਾਂ ਤੱਕ ਲੈ ਕੇ ਜਾ ਰਹੇ ਹਨ।' ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨਾਲ ਗੱਲ ਕੀਤੀ ਹੈ ਅਤੇ ਹਰ ਸੰਭਵ ਮਦਦ ਦਾ ਵਾਅਦਾ ਕੀਤਾ ਹੈ।

ਭਾਜਪਾ ਪ੍ਰਧਾਨ ਵਰਿੰਦਰ ਸਚਦੇਵਾ ਨੇ ਕਿਹਾ ਕਿ ਪਾਰਟੀ ਵਰਕਰਾਂ ਅਤੇ ਦਿੱਲੀ ਦੇ ਨਾਗਰਿਕਾਂ ਦੇ ਸਹਿਯੋਗ ਨਾਲ ਇਹ ਰਾਹਤ ਸਮੱਗਰੀ ਇਕੱਠੀ ਕੀਤੀ ਗਈ ਹੈ ਤਾਂ ਜੋ ਪੀੜਤ ਪਰਿਵਾਰਾਂ ਦੀਆਂ ਤੁਰੰਤ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

ਇਨ੍ਹਾਂ ਟਰੱਕਾਂ ਵਿੱਚ ਹੜ੍ਹ ਪੀੜਤਾਂ ਲਈ ਜ਼ਰੂਰੀ ਵਸਤਾਂ ਜਿਵੇਂ ਕਿ ਅਨਾਜ, ਪੀਣ ਵਾਲਾ ਪਾਣੀ, ਦਵਾਈਆਂ, ਕੱਪੜੇ, ਤਰਪਾਲਾਂ ਅਤੇ ਰੋਜ਼ਾਨਾ ਵਰਤੋਂ ਦੀਆਂ ਹੋਰ ਚੀਜ਼ਾਂ ਸ਼ਾਮਲ ਹਨ। ਦਿੱਲੀ ਸਰਕਾਰ ਨੇ ਇਸ ਤੋਂ ਇਲਾਵਾ ਪੰਜਾਬ ਮੁੱਖ ਮੰਤਰੀ ਰਾਹਤ ਫੰਡ ਵਿੱਚ 5 ਕਰੋੜ ਰੁਪਏ ਦਾ ਯੋਗਦਾਨ ਵੀ ਦਿੱਤਾ ਹੈ ਤਾਂ ਜੋ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

# ਯੋਗੀ ਆਦਿੱਤਿਆਨਾਥ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ, ਹਿਮਾਚਲ ਅਤੇ ਉੱਤਰਾਖੰਡ ਲਈ ਵੱਡੀ ਮਦਦ ਦਾ ਐਲਾਨ









ਸਹਾਰਨਪੁਰ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਤਿੰਨ ਗੁਆਂਢੀ ਰਾਜਾਂ, ਪੰਜਾਬ, ਹਿਮਾਚਲ ਪ੍ਰਦੇਸ਼, ਅਤੇ ਉੱਤਰਾਖੰਡ, ਦੇ ਪੀੜਤ ਲੋਕਾਂ ਲਈ ਮਦਦ ਦਾ ਹੱਥ ਵਧਾਇਆ ਹੈ। ਸੋਮਵਾਰ ਨੂੰ ਸਹਾਰਨਪੁਰ ਵਿਖੇ ਇੱਕ ਸਮਾਗਮ ਦੌਰਾਨ, ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਲਈ 5-5 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਇਸਦੇ ਨਾਲ ਹੀ ਪੰਜਾਬ ਸਮੇਤ ਤਿੰਨਾਂ ਰਾਜਾਂ ਲਈ 48 ਟਰੱਕਾਂ 'ਤੇ ਲੱਦੀ ਰਾਹਤ ਸਮੱਗਰੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਪ੍ਰਾਪਤ ਜਾਣਕਾਰੀ ਅਨੁਸਾਰ, ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੁੱਲ 10 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਹੈ, ਜਿਸ ਵਿੱਚੋਂ 5 ਕਰੋੜ ਰੁਪਏ ਹਿਮਾਚਲ ਪ੍ਰਦੇਸ਼ ਅਤੇ 5 ਕਰੋੜ ਰੁਪਏ ਉੱਤਰਾਖੰਡ ਦੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਮ ?ਹਾਂ ਕਰਵਾਏ ਜਾਣਗੇ ਤਾਂ ਜੋ ਕੁਦਰਤੀ ਆਫ਼ਤ ਨਾਲ ਨਜਿੱਠਣ ਵਿੱਚ ਮਦਦ ਕੀਤੀ ਜਾ ਸਕੇ।

ਇਸ ਮੌਕੇ 'ਤੇ ਬੋਲਦਿਆਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ, 'ਸੰਕਟ ਦੀ ਇਸ ਘੜੀ ਵਿੱਚ ਉੱਤਰ ਪ੍ਰਦੇਸ਼ ਦੇ 25 ਕਰੋੜ ਲੋਕ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਭੈਣਾਂ-ਭਰਾਵਾਂ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ।' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਇੱਕ ਭਾਰਤ, ਸ੍ਰੇਸ਼ਠ ਭਾਰਤ' ਦੇ ਸੰਕਲਪ ਤਹਿਤ ਇਹ ਮਦਦ ਭੇਜੀ ਜਾ ਰਹੀ ਹੈ।

ਰਾਹਤ ਸਮੱਗਰੀ ਨਾਲ ਭਰੇ 48 ਟਰੱਕਾਂ ਵਿੱਚ ਹੜ੍ਹ ਪੀੜਤਾਂ ਲਈ ਲੋੜੀਂਦਾ ਸਮਾਨ ਜਿਵੇਂ ਕਿ ਆਟਾ, ਚਾਵਲ, ਦਾਲਾਂ, ਖੰਡ, ਤੇਲ, ਆਲੂ, ਬਿਸਕੁਟ, ਮੋਮਬੱਤੀਆਂ, ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਸ਼ਾਮਲ ਹਨ। ਉੱਤਰ ਪ੍ਰਦੇਸ਼ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਖੁਦ ਇਹ ਰਾਹਤ ਸਮੱਗਰੀ ਲੈ ਕੇ ਪ੍ਰਭਾਵਿਤ ਰਾਜਾਂ ਵਿੱਚ ਜਾਣਗੇ ਅਤੇ ਉੱਥੋਂ ਦੀਆਂ ਸਰਕਾਰਾਂ ਨੂੰ ਸੌਂਪਣਗੇ। ਸਹਾਰਨਪੁਰ ਦੇ ਵਿਧਾਇਕ ਰਾਜੀਵ ਗੁੰਬਰ ਰਾਹਤ ਸਮੱਗਰੀ ਪੰਜਾਬ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਣਗੇ।

# ਕਾਨੂੰਨ ਦੀਆਂ ਧੱਜੀਆਂ ਉਡਾਉਣ ਦੀ ਆਦਤ



ਬੰਬਈ ਹਾਈ ਕੋਰਟ ਦੇ ਔਰੰਗਾਬਾਦ ਬੈਂਚ ਨੇ ਬੀਤੇ ਦਿਨੀਂ (ਪਹਿਲਾਂ ਵਾਲੇ) ਭਾਰਤੀ ਸਜ਼ਾ ਜ਼ਾਬਤੇ (ਆਈਪੀਸੀ) ਦੀ ਧਾਰਾ 498 ਏ ਦੇ ਇਕ ਮਾਮਲੇ 'ਚ ਜਾਂਚ ਦੇ ਰਵੱਈਏ ਨੂੰ ਲੈ ਕੇ ਮਹਾਰਾਸ਼ਟਰ ਪੁਲਿਸ ਨੂੰ ਲੰਮੇ ਹੱਥੀਂ ਲਿਆ। ਦਾਜ ਸਬੰਧੀ ਸ਼ੋਸ਼ਣ ਨਾਲ ਜੁੜੀ ਇਸ ਧਾਰਾ ਨਾਲ ਸਬੰਧਤ ਮਾਮਲੇ 'ਚ ਅਦਾਲਤ ਨੇ ਕਿਹਾ ਕਿ ਪਤਾ ਲੱਗਦਾ ਹੈ ਕਿ ਪੁਲਿਸ ਧਾਰਾ 498 ਏ ਤਹਿਤ ਅਪਰਾਧ ਦੇ ਮਾਮਲੇ 'ਚ ਵਾਜਬ ਚੌਕਸੀ ਨਹੀਂ ਵਰਤ ਰਹੀ ਹੈ।

ਪੁਲਿਸ ਕਈ ਵਾਰ ਪਹਿਲੀ ਜਾਂਚ ਰਿਪੋਰਟ ਨਾਲ ਜਿਹੋ ਜਿਹਾ ਵਿਵਹਾਰ ਕਰਦੀ ਹੈ, ਉਹ ਗ਼ਲਤ ਹੈ ਤੇ ਇਹ ਦੁਰਵਰਤੋਂ ਦੀ ਇਕ ਮਿਸਾਲ ਹੈ। ਇਸ ਤਰ੍ਹਾਂ ਇਹ ਪੁਲਿਸ ਅਧਿਕਾਰੀ ਕੁਝ ਪਹਿਲਾਂ ਤੋਂ ਤੈਅ ਧਾਰਨਾਵਾਂ 'ਤੇ ਆਧਾਰਤ ਜਾਂ ਪੱਖਪਾਤੀ ਜਾਂਚ ਨੂੰ ਅੱਗੇ ਵਧਾ ਰਹੇ ਹਨ, ਇਹ ਰਵੱਈਆ ਖ਼ਤਰਨਾਕ ਹੈ। ਪਹਿਲਾਂ ਤੋਂ ਤੈਅ ਧਾਰਨਾਵਾਂ ਤਹਿਤ ਜਾਂਚ ਦਾ ਖ਼ਮਿਆਜ਼ਾ ਕਿਸੇ ਵੀ ਨਿਰਦੋਸ਼ ਨੂੰ ਭੁਗਤਣਾ ਪੈ ਸਕਦਾ ਹੈ।

ਇਹ ਦੁਖਦਾਈ ਸੱਚ ਹੈ ਕਿ ਪੁਲਿਸ ਵਿਵਸਥਾ 'ਚ ਵੀ ਇਹ ਮਾਨਸਿਕਤਾ ਕਾਇਮ ਹੈ ਕਿ ਮਰਦ ਦੀ ਭੂਮਿਕਾ ਸਦਾ ਸ਼ੋਸ਼ਣ ਕਰਨ ਵਾਲੀ ਹੁੰਦੀ ਹੈ। ਇਸ ਪਹਿਲਾਂ ਹੀ ਬਣਾਈ ਧਾਰਨਾ ਦਾ ਨਤੀਜਾ ਇਹ ਹੁੰਦਾ ਹੈ ਕਿ ਮਰਦ ਖ਼ਿਲਾਫ਼ ਜੇ ਕਿਸੇ ਮਹਿਲਾ ਵੱਲੋਂ ਦੋਸ਼ ਲਗਾਇਆ ਜਾਂਦਾ ਹੈ ਤਾਂ ਜਾਂਚ ਦਾ ਕੇਂਦਰ ਤੇ ਦਿਸ਼ਾ ਮਰਦ ਨੂੰ ਅਪਰਾਧੀ ਮੰਨਦੇ ਹੋਏ ਉਸ ਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਲਗਾਤਾਰ ਸਾਹਮਣੇ ਆਏ ਅਜਿਹੇ ਮਾਮਲਿਆਂ ਕਾਰਨ ਸੁਪਰੀਮ ਕੋਰਟ ਨੇ 2014 'ਚ 'ਅਰਨੇਸ਼ ਕੁਮਾਰ ਬਨਾਮ ਬਿਹਾਰ ਰਾਜ' ਮਾਮਲੇ 'ਚ ਧਾਰਾ 498 ਏ ਤਹਿਤ ਗ੍ਰਿਫ਼ਤਾਰੀ ਦੇ ਸਬੰਧ 'ਚ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਅਦਾਲਤ ਨੇ ਇਸ 'ਤੇ ਜ਼ੋਰ ਦਿੱਤਾ ਕਿ ਗ੍ਰਿਫ਼ਤਾਰੀ ਆਦਰਸ਼ ਦੀ ਥਾਂ ਅਪਵਾਦ ਹੋਣੀ ਚਾਹੀਦੀ ਹੈ, ਖ਼ਾਸ ਤੌਰ 'ਤੇ ਸੱਤ ਸਾਲ ਤੋਂ ਘੱਟ ਜੇਲ੍ਹ ਦੀ ਸਜ਼ਾ ਵਾਲੇ ਅਪਰਾਧਾਂ ਲਈ। ਉਕਤ ਮਾਮਲੇ 'ਚ ਅਦਾਲਤ ਨੇ ਪੁਲਿਸ ਨੂੰ ਸਜ਼ਾ ਪ੍ਰਕਿਰਿਆ ਜ਼ਾਬਤੇ ਦੀ ਧਾਰਾ 41 ਦੇ ਸਿਧਾਂਤਾਂ ਦੀ ਪਾਲਣਾ ਦਾ ਨਿਰਦੇਸ਼ ਦਿੱਤਾ ਤੇ ਗ੍ਰਿਫ਼ਤਾਰੀ 'ਤੇ ਵਿਚਾਰ ਲਈ ਨੌਂ-ਸੂਤਰੀ ਚੈੱਕ ਲਿਸਟ ਪ੍ਰਦਾਨ ਕੀਤੀ। ਮੈਜਿਸਟ ?ਰੇਟਾਂ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਹਿਰਾਸਤ ਨੂੰ ਅਧਿਕਾਰਤ ਕਰਨ ਤੋਂ ਪਹਿਲਾਂ ਉਸ ਦੀ ਲੋੜ ਦਾ ਮੁਲਾਂਕਣ ਕਰਨ। ਫ਼ੈਸਲੇ ਦਾ ਟੀਚਾ ਨਿੱਜੀ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਕਾਨੂੰਨ ਦੀ ਦੁਰਵਰਤੋਂ ਨੂੰ ਰੋਕਣਾ ਸੀ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ 'ਤੇ ਪੁਲਿਸ ਅਧਿਕਾਰੀਆਂ ਤੇ ਮੈਜਿਸਟ੍ਰੇਟਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਹਾਲਾਂਕਿ 2014 'ਚ ਹੀ ਅਜਿਹੀਆਂ ਰਿਪੋਰਟਾਂ ਆਈਆਂ ਕਿ ਅਰਨੇਸ਼ ਕੁਮਾਰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ।

ਮਈ 2021 'ਚ ਏਮਿਕਸ ਕਿਊਰੀ (ਅਦਾਲਤ ਦੇ ਨਿਰਪੱਖ ਸਲਾਹਕਾਰ) ਨੇ ਚਿੰਤਾ ਜ਼ਾਹਰ ਕੀਤੀ ਕਿ ਮੱਧ ਪ੍ਰਦੇਸ਼ ਪੁਲਿਸ ਅਰਨੇਸ਼ ਕੁਮਾਰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰ ਰਹੀ ਹੈ। ਤਦ ਮੱਧ ਪ੍ਰਦੇਸ਼ ਹਾਈ ਕੋਰਟ ਨੇ ਡੀਜੀਪੀ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਵਾਉਣ। ਜਿਨ੍ਹਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੇ ਬਿਨਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਉਨ੍ਹਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਦੇ ਆਧਾਰ 'ਤੇ ਰੈਗੂਲਰ ਜ਼ਮਾਨਤ ਲੈਣ ਦੀ ਇਜਾਜ਼ਤ ਦਿੱਤੀ ਗਈ। ਅਦਾਲਤ ਨੇ ਸੂਬਾ ਨਿਆਇਕ ਅਕੈਡਮੀ ਦੇ ਪੁਲਿਸ ਅਧਿਕਾਰੀਆਂ ਤੇ ਨਿਆਇਕ ਮੈਜਿਸਟ ?ਰੇਟਾਂ ਨੂੰ ਦਿਸ਼ਾ-ਨਿਰਦੇਸ਼ਾਂ ਬਾਰੇ ਸਿੱਖਿਅਤ ਕਰਨ ਦਾ ਵੀ ਮਸ਼ਵਰਾ ਦਿੱਤਾ। ਜ਼ਿਕਰਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ 'ਰਾਕੇਸ਼ ਕੁਮਾਰ ਬਨਾਮ ਵਿਜਯੰਤਾ ਆਰਿਆ ਡੀਸੀਪੀ ਤੇ ਹੋਰ' ਦੇ ਮਾਮਲੇ 'ਚ ਦਸੰਬਰ 2021 'ਚ ਇਕ ਪੁਲਿਸ ਅਧਿਕਾਰੀ ਨੂੰ ਅਰਨੇਸ਼ ਕੁਮਾਰ ਬਨਾਮ ਬਿਹਾਰ ਰਾਜ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਸਥਾਪਿਤ ਸਿਧਾਂਤਾਂ ਦੀ ਉਲੰਘਣਾ 'ਤੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਲਈ ਅਦਾਲਤ ਦੀ ਹੁਕਮ ਅਦੂਲੀ ਦਾ ਦੋਸ਼ੀ ਪਾਇਆ ਤੇ ਇਕ ਦਿਨ ਜੇਲ੍ਹ

**-ਰਿਤੂ ਸਾਰਸਵਤ**

ਦੀ ਸਜ਼ਾ ਵੀ ਸੁਣਾਈ। ਇਸੇ ਤਰ੍ਹਾਂ ਦੀ ਕਾਰਵਾਈ ਸੁਨੀਤ ਕੁਮਾਰ ਤੇ ਸਈਅਦ ਵਾਈਜ ਮੀਆਂ, ਜੱਜੇ ਦੇ ਡਵੀਜ਼ਨਲ ਬੈਂਚ ਨੇ ਕੀਤੀ ਤੇ ਅਰਨੇਸ਼ ਕੁਮਾਰ ਬਨਾਮ ਬਿਹਾਰ ਰਾਜ (2014) 8 ਐੱਸਸੀਸੀ 273 ਦੇ ਮਾਮਲੇ 'ਚ ਸੁਪਰੀਮ ਕੋਰਟ ਦੇ ਹੁਕਮ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕਰਨ ਲਈ ਇਕ ਪੁਲਿਸ ਅਧਿਕਾਰੀ ਨੂੰ ਹੁਕਮ ਅਦੂਲੀ ਦਾ ਦੋਸ਼ੀ ਮੰਨਦੇ ਹੋਏ ਉਸ ਨੂੰ 14 ਦਿਨਾਂ ਦੀ ਸਾਧਾਰਨ ਜੇਲ੍ਹ ਦੀ ਸਜ਼ਾ ਸੁਣਾਈ।

ਵੱਖ-ਵੱਖ ਅਦਾਲਤਾਂ ਦੇ ਅਜਿਹੇ ਫ਼ੈਸਲੇ ਦੱਸਦੇ ਹਨ ਕਿ ਨਿਆਇਕ ਵਿਵਸਥਾ ਇਹ ਉਮੀਦ ਕਰਦੀ ਹੈ ਕਿ ਪੁਲਿਸ ਸੰਵੇਦਨਸ਼ੀਲਤਾ ਨਾਲ ਅਰਨੇਸ਼ ਕੁਮਾਰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੇ ਪਰ ਹਾਲ ਹੀ ਵਿਚ ਬੰਬਈ ਹਾਈ ਕੋਰਟ ਦੀ ਟਿੱਪਣੀ ਦਰਸਾਉਂਦੀ ਹੈ ਕਿ ਅੱਜ ਵੀ ਪੁਲਿਸ ਵਿਵਸਥਾ ਆਪਣੀ ਪਹਿਲਾਂ ਬਣਾਈ ਧਾਰਨਾ ਤੋਂ ਮੁਕਤ ਨਹੀਂ ਹੋ ਪਾ ਰਹੀ ਹੈ। ਇਸ 'ਚ ਕੋਈ ਵੀ ਸ਼ੱਕ ਨਹੀਂ ਕਿ ਦਾਜ ਸਬੰਧੀ ਤੰਗ-ਪਰੇਸ਼ਾਨ ਕਰਨ ਦੇ ਮਾਮਲਿਆਂ 'ਚ ਅਨੇਕ ਸ਼ਿਕਾਇਤਾਂ ਸਹੀ ਮਿਲਦੀਆਂ ਹਨ ਪਰ ਇਸ ਦਾ ਇਹ ਵੀ ਮਤਲਬ ਨਹੀਂ ਕਿ ਦਾਜ ਲੈਣ ਦੇ ਹਰ ਦੋਸ਼ 'ਚ ਸੱਚਾਈ ਹੋਵੇ। ਅਨੇਕ ਅਜਿਹੇ ਮਾਮਲੇ ਹਨ ਜਿਨ੍ਹਾਂ ਤੋਂ ਸਪਸ਼ਟ ਹੋ ਚੁੱਕਾ ਹੈ ਕਿ ਪੀੜਤ ਮਹਿਲਾ ਨੇ ਦਾਜ ਮੰਗਣ ਦੇ ਝੂਠੇ ਦੋਸ਼ ਲਗਾ ਕੇ ਆਪਣੀ ਪਤੀ ਤੇ ਉਸ ਦੇ ਪਰਿਵਾਰ ਨੂੰ ਗਧੀ-ਗੇੜ ਵਿਚ ਪਾਈ ਰੱਖਿਆ ਤੇ ਅਖ਼ੀਰ ਤੰਗ ਆ ਕੇ ਪਤੀ ਨੇ ਖ਼ੁਦਕੁਸ਼ੀ ਕਰ ਲਈ। ਦਾਜ ਮੰਗਣ ਨਾਲ ਜੁੜੇ ਜ਼ਿਆਦਾਤਰ ਮਾਮਲੇ ਪੜ੍ਹੇ-ਲਿਖੇ ਤੇ ਅਮੀਰ ਜੋੜਿਆਂ ਨਾਲ ਸਬੰਧਤ ਹੁੰਦੇ ਹਨ।

ਅਜਿਹੇ ਕੇਸਾਂ ਕਾਰਨ ਲੜਕੇ ਤੇ ਉਸ ਦੇ ਪਰਿਵਾਰ ਨੂੰ ਸਮਾਜਿਕ ਤੌਰ 'ਤੇ ਬਹੁਤ ਜ਼ਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਤਰ੍ਹਾਂ ਨਾਲ ਜੇ ਇਹ ਕਹਿ ਲਿਆ ਜਾਵੇ ਕਿ ਦਾਜ ਮੰਗਣ ਦੇ ਸੱਚੇ-ਝੂਠੇ ਕੇਸ ਵਿਚ ਫਸ ਜਾਣ 'ਤੇ ਲੜਕੇ ਦੀ ਜ਼ਿੰਦਗੀ ਨਰਕ ਦੇ ਸਮਾਨ ਬਣ ਜਾਂਦੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦਾਜ ਮੰਗਣ ਦੇ ਮਾਮਲੇ ਵਿਚ ਪਤੀ ਲਈ ਮੁਸ਼ਕਲਾਂ ਖੜ੍ਹੀਆਂ ਕਰਨ ਵਾਲੀ ਮਹਿਲਾ ਦੀ ਜ਼ਿੰਦਗੀ ਵੀ ਲੀਹੋਂ ਲੱਥ ਜਾਂਦੀ ਹੈ।

ਅਜਿਹੇ ਜੋੜੇ ਦੇ ਜੇ ਬੱਚੇ ਹੋਣ ਤਾਂ ਉਨ੍ਹਾਂ ਦਾ ਭਵਿੱਖ ਅੰਧਕਾਰਮਈ ਬਣ ਜਾਂਦਾ ਹੈ। ਭਾਵੇਂ ਦਾਜ ਲੈਣ ਤੇ ਦੇਣ ਦੀ ਸਮੱਸਿਆ ਕਾਨੂੰਨਨ ਨਾਲੋਂ ਸਮਾਜਿਕ ਵੱਧ ਹੈ ਪਰ ਇਸ ਦੇ ਜਾਲ ਵਿਚ ਫਸੇ ਜੋੜਿਆਂ ਦੀ ਜ਼ਿੰਦਗੀ ਟਾਵੇਂ-ਟਾਵੇਂ ਮਾਮਲਿਆਂ ਵਿਚ ਹੀ ਲੀਹ 'ਤੇ ਆਉਂਦੀ ਹੈ। ਦਾਜ ਰੋਕੂ ਐਕਟ ਨੂੰ ਤਿਆਰ ਕਰਦੇ ਵਕਤ ਉਨ੍ਹਾਂ ਹਰ ਸੰਭਵ ਬਿੰਦੂਆਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਨਾਲ ਦਾਜ ਲੈਣ ਤੇ ਦੇਣ ਦੀ ਪ੍ਰਥਾ 'ਤੇ ਰੋਕ ਲੱਗੇ। ਦਾਜ ਰੋਕੂ ਐਕਟ, 1961 ਦੀ ਧਾਰਾ 8 ਬੀ (3) ਤਹਿਤ ਸੂਬਾ ਸਰਕਾਰ ਨੂੰ ਜੋ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਮੁੱਖ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਦਾਜ ਰੋਕੂ ਐਕਟ ਤੇ ਉਸ ਤਹਿਤ ਬਣਾਏ ਗਏ ਨਿਯਮਾਂ ਤਹਿਤ ਸ਼ਿਕਾਇਤਾਂ ਤੇ ਸਜ਼ਾ ਲਈ ਖ਼ਾਸ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਵੇ ਅਤੇ ਦਾਜ ਰੋਕੂ ਅਧਿਕਾਰੀ ਨੂੰ ਸਬੂਤ ਇਕੱਠੇ ਕਰਨ ਅਤੇ ਅਪਰਾਧੀ 'ਤੇ ਮੁਕੱਦਮਾ ਚਲਾਉਣ ਦਾ ਅਧਿਕਾਰ ਹਰ ਹਾਲਤ 'ਚ ਦਿੱਤਾ ਜਾਵੇ।

ਜ਼ਿਕਰਯੋਗ ਹੈ ਕਿ 'ਅੰਕਿਤ ਸਿੰਘ ਤੇ ਹੋਰ ਤਿੰਨ ਵਿਰੋਧੀ ਧਿਰਾਂ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਹੋਰ' ਦੇ ਮਾਮਲੇ 'ਚ ਇਲਾਹਾਬਾਦ ਹਾਈ ਕੋਰਟ ਨੇ 23 ਮਈ 2024 ਨੂੰ ਟਿੱਪਣੀ ਕੀਤੀ ਸੀ ਕਿ ਇਹ ਅਦਾਲਤ ਦੇਖ ਰਹੀ ਹੈ ਕਿ ਜਿਨ੍ਹਾਂ ਮਾਮਲਿਆਂ 'ਚ ਦਾਜ ਦੇ ਦੋਸ਼ ਲਾਏ ਜਾ ਰਹੇ ਹਨ, ਉਨ੍ਹਾਂ ਦੀ ਜਾਂਚ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ, ਦਾਜ ਰੋਕੂ ਅਧਿਕਾਰੀ ਵੱਲੋਂ ਨਹੀਂ। ਇਕ ਵਾਰ ਜਦ ਦਾਜ ਰੋਕੂ ਅਧਿਕਾਰੀ ਵੱਲੋਂ ਇਹ ਤੈਅ ਕਰ ਦਿੱਤਾ ਜਾਂਦਾ ਹੈ ਕਿ ਵਿਆਹ ਦੀਆਂ ਧਿਰਾਂ 'ਤੇ ਦਾਜ ਰੋਕੂ ਐਕਟ ਤਹਿਤ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ ਜਾਂ ਨਹੀਂ, ਤਾਂ ਫਿਰ ਪੁਲਿਸ ਅਧਿਕਾਰੀ ਉਪਰੋਕਤ ਖ਼ਾਸ ਪ੍ਰਕਿਰਿਆ ਤੇ ਦਾਜ ਰੋਕੂ ਅਧਿਕਾਰੀ ਦੇ ਅਧਿਕਾਰ ਖੇਤਰ ਨੂੰ ਨਜ਼ਰਅੰਦਾਜ਼ ਕਰ ਕੇ ਮੁੰਡੇ ਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਖ਼ਿਲਾਫ਼ ਦੋਸ਼ ਪੱਤਰ ਕਿਵੇਂ ਪੇਸ਼ ਕਰ ਰਹੇ ਹਨ?

ਇਲਾਹਾਬਾਦ ਹਾਈ ਕੋਰਟ ਦੀ ਉਕਤ ਟਿੱਪਣੀ ਇਹ ਦੱਸਣ ਲਈ ਕਾਫ਼ੀ ਹੈ ਕਿ ਦਾਜ ਰੋਕੂ ਐਕਟ ਦੀ ਪੁਲਿਸ-ਪ੍ਰਸ਼ਾਸਨ ਤੇ ਵੱਖ-ਵੱਖ ਸੂਬਾ ਸਰਕਾਰਾਂ ਵੱਲੋਂ ਮਨਮਰਜ਼ੀ ਵਾਲੇ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਔਰਤਾਂ ਦੇ ਹਿਤਾਂ ਦੀ ਰੱਖਿਆ ਲਈ ਦੇਸ਼ 'ਚ ਬਣਾਏ ਗਏ ਹੋਰ ਕਾਨੂੰਨਾਂ ਦੀ ਵੀ ਦੁਰਵਰਤੋਂ ਹੋ ਰਹੀ ਹੈ। ਇਸੇ ਤਰ੍ਹਾਂ ਹੋਰ ਵੀ ਅਜਿਹੇ ਕਾਨੂੰਨ ਹਨ ਜਿਨ੍ਹਾਂ ਦੀ ਸਮਰੱਥ ਲੋਕ ਜਾਂ ਭ੍ਰਿਸ਼ਟ ਅਧਿਕਾਰੀ ਦੁਰਵਰਤੋਂ ਕਰਦੇ ਹਨ। ਕਾਨੂੰਨ ਦੀ ਦੁਰਵਰਤੋਂ ਦੀ ਇਸ ਆਦਤ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਕਰਨੀ ਮੁਸ਼ਕਲ ਹੈ। ਇਸ 'ਚ ਤਾਂ ਜ਼ਿਆਦਾਤਰ ਉਹ ਗ਼ਰੀਬ ਤੇ ਬੇਸਹਾਰਾ ਲੋਕ ਹਨ ਜੋ ਹਾਈ ਕੋਰਟ ਦਾ ਦਰਵਾਜ਼ਾ ਨਹੀਂ ਖੜਕਾ ਸਕਦੇ। -(ਲੇਖਿਕਾ ਸਮਾਜ ਸ਼ਾਸਤਰੀ ਹੈ)।

# ਤੇਜ਼ੀ ਨਾਲ ਵਿਗੜ ਰਹੀ ਪੰਜਾਬ ਦੀ ਕਾਨੂੰਨ-ਵਿਵਸਥਾ



ਪੰਜਾਬ ਪਿਛਲੇ ਕੁਝ ਸਮੇਂ ਤੋਂ ਅਪਰਾਧਕ ਸਰਗਰਮੀਆਂ ਦੇ ਵਾਧੇ ਕਾਰਨ ਸੁਰਖੀਆਂ ਵਿਚ ਹੈ। ਲੰਘੇ ਕੱਲ੍ਹ ਅਬੋਹਰ ਵਿਚ ਵਾਪਰੀ ਇਕ ਘਟਨਾ ਨੇ ਪੂਰੇ ਸੂਬੇ 'ਚ ਸਨਸਨੀ ਫੈਲਾ ਦਿੱਤੀ ਹੈ। ਇੱਥੋਂ ਦੇ ਭਗਤ ਸਿੰਘ ਚੌਕ 'ਚ ਇਕ ਪ੍ਰਸਿੱਧ ਕੱਪੜਾ ਵਪਾਰੀ ਤੇ ਫੈਸ਼ਨ ਡਿਜ਼ਾਇਨਰ ਸੰਜੇ ਵਰਮਾ ਦੀ ਦਿਨ-ਦਿਹਾੜੇ ਗੋਲ ?ਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਨਾ ਸਿਰਫ਼ ਸਥਾਨਕ ਵਪਾਰੀ ਵਰਗ 'ਚ ਦਹਿਸ਼ਤ ਫੈਲਾਈ ਸਗੋਂ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਘਟਨਾ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਇਕ ਸਮੂਹ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਰਾਹੀਂ ਲਈ। ਹਾਲਾਂਕਿ, ਪੁਲਿਸ ਇਸ ਪੋਸਟ ਦੀ ਸੱਚਾਈ ਦੀ ਜਾਂਚ ਕਰ ਰਹੀ ਹੈ ਪਰ ਪੁਲਿਸ ਨੇ ਕੁਝ ਨੌਜਵਾਨਾਂ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲਿਆ ਹੈ। ਉਧਰ, ਪੁਲਿਸ ਨੇ ਇਸ ਮਾਮਲੇ 'ਚ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਇਕ ਅਪਰਾਧੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਮੰਗਲਵਾਰ ਨੂੰ ਮੁਕਾਬਲੇ 'ਚ ਦੋ ਹੋਰਾਂ ਨੂੰ ਢੇਰ ਕਰ ਦਿੱਤਾ, ਹਾਲਾਂਕਿ ਇਸ 'ਚ ਇਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਅਜਿਹਾ ਨਹੀਂ ਹੈ ਕਿ ਸੂਬੇ ਵਿਚ ਇਹ ਇਸ ਤਰ੍ਹਾਂ ਦੀ ਕੋਈ ਪਹਿਲੀ ਵਾਰਦਾਤ ਹੈ।

ਇਹ ਵਰਤਾਰਾ ਆਮ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਮੋਗਾ 'ਚ ਇਕ ਡਾਕਟਰ 'ਤੇ ਕਾਤਲਾਨਾ ਹਮਲਾ ਹੋਇਆ, ਜਲੰਧਰ 'ਚ ਇਕ ਘਰ 'ਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਅਤੇ ਅਜਿਹੀਆਂ ਹੋਰ ਵੀ ਕਈ ਮਿਲਦੀਆਂ-ਜੁਲਦੀਆਂ ਘਟਨਾਵਾਂ ਨੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਬਹੁਤ ਸਾਰੇ ਸ਼ੰਕੇ ਪੈਦਾ ਕਰ ਦਿੱਤੇ ਹਨ। ਅਜਿਹੀਆਂ ਘਟਨਾਵਾਂ ਸੂਬੇ ਦੀ ਸੁਰੱਖਿਆ ਤੇ ਸਮਾਜਿਕ ਢਾਂਚੇ ਲਈ ਚੁਣੌਤੀ ਬਣ ਰਹੀਆਂ ਹਨ। ਅਬੋਹਰ ਦੀ ਇਸ ਘਟਨਾ ਨੇ ਪੰਜਾਬ 'ਚ ਵਧ ਰਹੀਆਂ ਫਿਰੌਤੀ ਦੀਆਂ ਵਾਰਦਾਤਾਂ 'ਤੇ ਵੀ ਚਾਨਣਾ ਪਾਇਆ।

ਗੈਂਗਸਟਰ ਸਮੂਹਾਂ ਨੇ ਵਪਾਰੀਆਂ, ਉਦਯੋਗਪਤੀਆਂ ਤੇ ਪ੍ਰਸਿੱਧ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਅਪਰਾਧੀ ਸਮੂਹ ਆਪਣੀਆਂ ਸਰਗਰਮੀਆਂ ਦੀ ਜ਼ਿੰਮੇਵਾਰੀ ਲੈਂਦੇ ਹਨ ਅਤੇ ਫਿਰੌਤੀ ਦੀਆਂ ਮੰਗਾਂ ਭੇਜਦੇ ਹਨ ਜਿਸ ਨਾਲ ਸਮਾਜ ਵਿਚ ਡਰ ਵਾਲਾ ਮਾਹੌਲ ਬਣ ਰਿਹਾ ਹੈ। ਪੰਜਾਬ ਦੇ ਸਿਆਸੀ ਨੇਤਾਵਾਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਤੇ ਸੂਬੇ ਵਿਚ 'ਜੰਗਲ ਰਾਜ' ਦੀ ਸਥਿਤੀ ਦਾ ਦੋਸ਼ ਲਾਇਆ। ਇਸ ਦੇ ਨਾਲ ਹੀ ਉਨ੍ਹਾਂ ਗੈਂਗਸਟਰਾਂ ਦੀ ਵਧਦੀਆਂ ਸਰਗਰਮੀਆਂ ਤੇ ਨਸ਼ਿਆਂ ਦੀ ਸਮੱਸਿਆ ਨੂੰ ਉਜਾਗਰ ਕੀਤਾ।

ਵਿਰੋਧੀ ਧਿਰ ਨੇ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਤੱਕ ਕੀਤੀ ਹੈ। ਫਿਰੌਤੀ ਦੀਆਂ ਵਾਰਦਾਤਾਂ ਤੇ ਅਜਿਹੀਆਂ ਹੱਤਿਆਵਾਂ ਨੇ ਵਪਾਰੀਆਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਇਸ ਨਾਲ ਸੂਬੇ ਦੀ ਆਰਥਿਕ ਸਥਿਤੀ 'ਤੇ ਵੀ ਮਾੜਾ ਅਸਰ ਪੈ ਸਕਦਾ ਹੈ ਕਿਉਂਕਿ ਵਪਾਰੀ ਤੇ ਉਦਯੋਗਪਤੀ ਸੂਬੇ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ। ਪੰਜਾਬ ਵਿਚ ਵਧ ਰਹੀਆਂ ਫਿਰੌਤੀ ਦੀਆਂ ਵਾਰਦਾਤਾਂ ਸੂਬੇ ਦੀ ਸਮਾਜਿਕ ਤੇ ਆਰਥਿਕ ਸਥਿਰਤਾ ਲਈ ਵੱਡੀ ਪਰੇਸ਼ਾਨੀ ਪੈਦਾ ਕਰ ਰਹੀਆਂ ਹਨ।


ਇਸ ਸਿਲਸਿਲੇ ਵਿਚ ਵਧ ਰਹੀਆਂ ਅਜਿਹੀਆਂ ਵਾਰਦਾਤਾਂ ਦੀ ਡੂੰਘਾਈ ਨਾਲ ਪੜਚੋਲ ਕਰਨ ਦੀ ਲੋੜ ਹੈ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਸੂਬਾ ਸਰਕਾਰ ਅਪਰਾਧੀ ਸਮੂਹਾਂ ਵਿਰੁੱਧ ਸਖ਼ਤ ਕਾਰਵਾਈ ਕਰੇ। ਪੁਲਿਸ ਤੰਤਰ ਨੂੰ ਮਜ਼ਬੂਤ ਕਰਨ ਅਤੇ ਸਮਾਜ 'ਚ ਵਿਸ਼ਵਾਸ ਬਹਾਲ ਕਰਨ ਲਈ ਵੀ ਠੋਸ ਕਦਮ ਚੁੱਕਣ ਦੀ ਲੋੜ ਹੈ। ਇਸ ਦੇ ਨਾਲ ਹੀ ਸਮਾਜ ਤੇ ਸਰਕਾਰ ਨੂੰ ਮਿਲ ਕੇ ਕੰਮ ਕਰਨ ਦੀ ਵੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੀ ਸ਼ਾਂਤੀ ਤੇ ਖ਼ੁਸ਼ਹਾਲੀ ਨੂੰ ਬਰਕਰਾਰ ਰੱਖਿਆ ਜਾ ਸਕੇ।

# ਗਾਥਾ ਜੰਗੀ ਕੈਦੀਆਂ ਵੱਲੋਂ ਕੈਦਖ਼ਾਨਾ ਤੋੜਨ ਦੀ

ਲੈਮਜ਼ਡੌਰਫ਼ (ਪੋਲੈਂਡ) ਵਿਚਲੇ ਜੰਗੀ ਕੈਦੀਆਂ ਦੇ ਕੈਂਪ ਦੇ ਭਾਰਤੀ ਵਿਹੜੇ ਵਿੱਚ ਪਾਣੀ ਦੀ ਸਪਲਾਈ ਅਚਾਨਕ ਬੰਦ ਹੋ ਗਈ। ਪਾਣੀ ਭਰਨ ਗਿਆ ਇੱਕ ਸਿੱਖ ਫ਼ੌਜੀ ਚਾਰ ਖ਼ਾਲੀ ਬਾਲਟੀਆਂ ਚੁੱਕੀ ਵਾਪਸ ਆ ਰਿਹਾ ਸੀ। ਦੋਵਾਂ ਹੱਥਾਂ ਵਿੱਚ ਦੋ ਦੋ ਬਾਲਟੀਆਂ। ਇੱਕ ਬ੍ਰਿਟਿਸ਼ ਕਾਰਪੋਰਲ ਇਹ ਦ੍ਰਿਸ਼ ਦੇਖ ਰਿਹਾ ਸੀ। ਉਹ ਸਿੱਖ ਫ਼ੌਜੀਆਂ ਨੂੰ 'ਬ੍ਰਿਲਕ੍ਰੀਮ ਬੁਆਇਜ਼' ਕਿਹਾ ਕਰਦਾ ਸੀ (ਦਾੜ੍ਹੀ ਸੈੱਟ ਕਰਨ ਲਈ ਉਨ੍ਹਾਂ ਵੱਲੋਂ ਵਰਤੀ ਜਾਂਦੀ ਬ੍ਰਿਲਕ੍ਰੀਮ ਕਰ ਕੇ)। ਉਸ ਨੇ ਇਸ ਘਟਨਾ ਦਾ ਇੱਕ ਖ਼ਤ ਵਿੱਚ ਜ਼ਿਕਰ ਇਸ ਤਰ੍ਹਾਂ ਕੀਤਾ: "ਉਹ ਬ੍ਰਿਲਕ੍ਰੀਮ ਬੁਆਇ ਇੱਕ ਜਰਮਨ ਗਾਰਡ ਦੇ ਨੇੜੇ ਆਇਆ ਅਤੇ ਉਸ ਨੂੰ ਪਾਣੀ ਨਾ ਹੋਣ ਦੀ ਸ਼ਿਕਾਇਤ ਜਰਮਨ ਭਾਸ਼ਾ ਵਿੱਚ ਕੀਤੀ। ਸ਼ਿਕਾਇਤ ਸੁਣਨ ਦੀ ਥਾਂ ਜਰਮਨ ਗਾਰਡ ਉੱਚੀ ਆਵਾਜ਼ ਵਿੱਚ ਕੁਝ ਬੋਲਿਆ ਜੋ ਦਬਕਾ ਮਾਰਨ ਵਾਂਗ ਸੀ। ਬ੍ਰਿਲਕ੍ਰੀਮ ਬੁਆਇ ਨੇ ਜਵਾਬ ਵਿੱਚ ਉਸ ਤੋਂ ਦੂਣੀ ਉੱਚੀ ਆਵਾਜ਼ ਵਿੱਚ ਦਬਕਾ ਮਾਰਿਆ। ਗੁੱਸੇ ਵਿੱਚ ਆਏ ਗਾਰਡ ਨੇ ਆਪਣੀ ਰਾਈਫਲ ਦੀ ਬੱਟ ਜ਼ੋਰ ਨਾਲ ਸਿੱਖ ਫ਼ੌਜੀ ਦੇ ਖੱਬੇ ਮੋਢੇ ਵਿੱਚ ਮਾਰੀ। ਬੱਟ ਖਾ ਕੇ ਉਹ ਫ਼ੌਜੀ ਹਲਕਾ ਜਿਹਾ ਲੜਖੜਾਇਆ ਅਤੇ ਫਿਰ ਦੋਵਾਂ ਹੱਥਾਂ ਵਿੱਚ ਫੜੀਆਂ ਦੋ ਦੋ ਬਾਲਟੀਆਂ ਗਾਰਡ ਦੇ ਦੋਵੇਂ ਕੰਨਾਂ 'ਤੇ ਠਾਹ ਮਾਰੀਆਂ। ਗਾਰਡ ਨੇ ਉੱਚੀ ਸਾਰੀ ਚੀਕ ਮਾਰੀ। ਫਿਰ ਆਪਣੀ ਰਾਈਫਲ ਤਾਣ ਕੇ ਗੋਲੀ ਚਲਾਉਣ ਹੀ ਲੱਗਾ ਸੀ ਕਿ ਦਰਜਨ ਦੇ ਕਰੀਬ ਬ੍ਰਿਲਕ੍ਰੀਮ ਬੁਆਇਜ਼ ਦੌੜ ? ਕੇ ਉੱਥੇ ਆ ਗਏ। ਇਹ ਦੇਖ ਕੇ ਗਾਰਡ ਦੀ ਗੋਲੀ ਚਲਾਉਣ ਦੀ ਹਿੰਮਤ ਨਹੀਂ ਹੋਈ।"

* * *

ਐਪੀਨਲ ਤੋਂ ਪਹਿਲਾਂ ਕੈਂਪ ਤੋੜ ?ਨ ਦੀਆਂ ਕਈ ਵੱਡੀਆਂ ਛੋਟੀਆਂ ਘਟਨਾਵਾਂ ਹੋਈਆਂ ਸਨ। ਇਟਲੀ ਵਿੱਚ ਇੱਕ ਕੈਂਪ ਵਿੱਚੋਂ 575 ਭਾਰਤੀ ਬਚ ਨਿਕਲੇ ਸਨ। ਇਸੇ ਤਰ੍ਹਾਂ ਇੱਕ ਹੋਰ ਕੈਂਪ ਵਿੱਚੋਂ 30 ਕੈਦੀ ਖਿਸਕ ਗਏ ਸਨ। ਉਨ੍ਹਾਂ ਵਿੱਚੋਂ 17 ਸਵਿਟਜ਼ਰਲੈਂਡ ਪਹੁੰਚਣ ਵਿੱਚ ਕਾਮਯਾਬ ਹੋ ਗਏ ਸਨ। ਉੱਥੇ ਪੁੱਜਣ ਵਾਲੇ ਉਹ ਪਹਿਲੇ ਭਾਰਤੀ ਜੰਗੀ ਕੈਦੀ ਸਨ। ਇਸੇ ਤਰ੍ਹਾਂ ਫਰਾਂਸ ਵਿੱਚ ਇੱਕ ਚਲਦੀ ਗੱਡੀ ਵਿੱਚੋਂ ਲਾਂਸਰ ਮੁਹੰਮਦ ਸਿਦੀਕ ਖ਼ਾਨ ਤੇ ਮੁਹੰਮਦ ਗੁਲਸ਼ੇਰ ਖ਼ਾਨ ਛਾਲਾਂ ਮਾਰ ਕੇ ਬਚ ਨਿਕਲੇ। ਉਹ ਦੋ ਮਹੀਨੇ ਜੰਗਲਾਂ ਬੇਲਿਆਂ ਵਿੱਚੋਂ ਭਟਕਦੇ ਹੋਏ ਸਵਿਟਜ਼ਰਲੈਂਡ ਜਾ ਪਹੁੰਚੇ। ਉਨ੍ਹਾਂ ਦੀ ਕਹਾਣੀ ਨੂੰ ਕਈ ਸਵਿੱਸ ਅਖ਼ਬਾਰਾਂ ਨੇ ਛਾਪਿਆ। ਬ੍ਰਿਟਿਸ਼ ਫ਼ੌਜੀਆਂ ਲਈ ਬਚ ਨਿਕਲਣਾ ਆਸਾਨ ਸੀ; ਚਮੜੀ ਗੋਰੀ ਤੇ ਫਰੈਂਚ ਭਾਸ਼ਾ ਦਾ ਗਿਆਨ ਹੋਣ ਕਰਕੇ। ਭਾਰਤੀ ਤਾਂ ਦੂਰੋਂ ਹੀ ਪਛਾਣੇ ਜਾਂਦੇ ਸਨ: ਰੰਗ ਤੇ ਨਸਲੀ ਮੁਹਾਂਦਰੇ ਕਾਰਨ। ਸਭ ਤੋਂ ਪਹਿਲਾਂ ਸਵਿਟਜ਼ਰਲੈਂਡ ਪੁੱਜਣ ਵਾਲੇ ਛੋਟੇ ਰੈਂਕ ਦੇ ਫ਼ੌਜੀ ਸਨ ਲਾਂਸ ਨਾਇਕ ਉਮਰ ਸਿੰਘ, ਦੀਪ ਚੰਦ ਅਤੇ ਹਰਬਖ਼ਸ਼ ਸਿੰਘ। ਲਾਂਸ ਨਾਇਕ ਹਰਬਖ਼ਸ਼ ਸਿੰਘ ਦਰਸ਼ਨੀ ਫ਼ੌਜੀ ਸੀ। ਤੋਬਰੁਕ (ਅਲਜੀਰੀਆ) ਵਿੱਚ ਜਰਮਨ-ਇਤਾਲਵੀ ਫ਼ੌਜ ਵੱਲੋਂ ਕਾਬੂ ਕੀਤੇ ਜਾਣ ਸਮੇਂ ਉਹ 21 ਵਰ੍ਹਿਆਂ ਦਾ ਸੀ। ਉਸ ਨੇ ਕਈ ਕੈਂਪਾਂ ਵਿੱਚ ਅਣਮਨੁੱਖੀ ਹਾਲਾਤ ਝੱਲੇ ਹੋਏ ਸਨ ਪਰ 'ਚੜ੍ਹਦੀਆਂ ਕਲਾਂ' ਦਾ ਪੱਲਾ ਕਦੇ ਨਹੀਂ ਸੀ ਛੱਡਿਆ। ਐਲਟਨਬਰਗ (ਆਸਟਰੀਆ) ਵਿੱਚ ਪੁੱਜਣ 'ਤੇ ਉਸ ਨੇ ਉਮਰ ਤੇ ਦੀਪ ਨਾਲ ਮਿਲ ਕੇ ਕੈਂਪ ਤੋੜਨ ਦੀ ਯੋਜਨਾ ਬਣਾਈ। ਤਿੰਨੋਂ ਇੱਕੋ ਦਿਨ ਬਚ ਨਿਕਲੇ, ਪਰ ਹਰਬਖ਼ਸ਼ ਨੇ ਬਾਕੀ ਦੋਵਾਂ ਨੂੰ ਕਿਹਾ ਕਿ ਉਹ, ਉਸ ਨਾਲੋਂ ਅਲਹਿਦਾ ਹੋ ਜਾਣ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੀ ਸਿੱਖੀ ਨਿਆਰਤਾ ਬਾਕੀ ਦੋਵਾਂ ਦੇ ਫਸਣ ਦੀ ਵਜ ?ਹਾ ਬਣ ਜਾਵੇ। ਉਸ ਨੇ ਇੱਕ ਰਾਤ ਇੱਕ ਫਰਾਂਸੀਸੀ ਜ਼ਿਮੀਂਦਾਰ ਦੇ ਵਾੜੇ ਵਿੱਚ ਬਿਤਾਈ। ਇਸੇ ਜ਼ਿਮੀਂਦਾਰ ਨੇ ਉਸ ਨੂੰ 'ਕਿਸਾਨੀ ਟੋਪ' ਦਿੰਦਿਆਂ ਇਸ਼ਾਰਾ ਕੀਤਾ ਕਿ ਜੇ ਉਹ ਆਪਣੀ ਪੱਗ ਉਤਾਰ ਕੇ ਝੋਲੇ ਵਿੱਚ ਛੁਪਾ ਲਵੇ ਤਾਂ ਉਸ ਦਾ ਜੂੜਾ ਇਸ ਟੋਪ (ਹੈਟ) ਵਿੱਚ ਸਹਿਜੇ ਹੀ ਛੁਪ ਜਾਵੇਗਾ। ਇਸ ਭੇਸ ਵਿੱਚ ਉਹ ਕਿਸਾਨ ਹੀ ਲੱਗੇਗਾ। ਅਜਿਹਾ ਹੀ ਹੋਇਆ। ਉਹ



ਆਸਟਰੀਆ ਤੋਂ ਬਸ ਰਾਹੀਂ ਸਵਿਟਜ਼ਰਲੈਂਡ ਪਹੁੰਚ ਗਿਆ। ਤਿੰਨਾਂ ਦੋਸਤਾਂ ਨੇ ਬ੍ਰਿਟੇਨ ਭੇਜੇ ਜਾਣ ਤੋਂ ਪਹਿਲਾਂ 15 ਮਹੀਨੇ ਸਵਿਟਜ਼ਰਲੈਂਡ ਵਿੱਚ ਬਿਤਾਏ। ਹਰਬਖ਼ਸ਼ ਚੰਗਾ ਸਕੀਅਰ ਵੀ ਸਾਬਤ ਹੋਇਆ। ... ਤਿੰਨਾਂ ਦੋਸਤਾਂ ਦੀ ਇੱਕ ਸਾਂਝੀ ਫੋਟੋ ਬੋਵਮੈਨ ਨੂੰ ਦੇਖਣ ਨੂੰ ਮਿਲੀ। ਉਸ ਵਿੱਚ ਹਰਬਖ਼ਸ਼ ਦੀ ਗੋਦ ਵਿੱਚ ਇੱਕ ਸਵਿੱਸ ਮੁਟਿਆਰ ਬੈਠੀ ਹੋਈ ਸੀ। ਇਸ ਬਾਰੇ ਪੁੱਛੇ ਜਾਣ 'ਤੇ ਉਮਰ ਸਿੰਘ ਦੇ ਪਰਿਵਾਰ ਦੇ ਇੱਕ ਜੀਅ ਨੇ ਦੱਸਿਆ, "ਹਰਬਖ਼ਸ਼ ਉੱਨ ਨਾਲ ਸਵੈਟਰ ਬਹੁਤ ਚੰਗੇ ਬੁਣ ਲੈਂਦਾ ਸੀ। ਕੁੜੀਆਂ ਨੂੰ ਬੁਣਤੀ ਸਿਖਾਉਣ ਦੇ ਬਹਾਨੇ ਉਸ ਨੇ ਕਈ ਇਸ਼ਕ-ਪੇਚੇ ਕਾਮਯਾਬੀ ਨਾਲ ਪਾਏ।"

* * *

1943 ਦੀ ਪੱਤਝੜ ਦੌਰਾਨ ਇਟਲੀ ਤੋਂ ਬਚ ਨਿਕਲੇ ਜੰਗੀ ਕੈਦੀਆਂ ਦੀ ਸਵਿੱਸ ਭੂਮੀ 'ਤੇ ਵੱਡੀ ਗਿਣਤੀ ਵਿੱਚ ਆਮਦ ਸ਼ੁਰੂ ਹੋ ਗਈ। ਉਸ ਨਿਰਪੱਖ ਮੁਲਕ ਵਿੱਚ ਸ਼ਰਨ ਲੈਣ ਵਾਲੇ ਅਜਿਹੇ ਫ਼ੌਜੀਆਂ ਨੂੰ ਭਾਵੇਂ ਬਹੁਤ ਖੁੱਲ੍ਹਾਂ ਸਨ ਪਰ ਰਹਿਣਾ ਕੈਂਪਾਂ ਵਿੱਚ ਹੀ ਪੈਂਦਾ ਸੀ। ਉਨ੍ਹਾਂ ਨੂੰ ਕੰਮ ਵੀ ਕਰਨਾ ਪੈਂਦਾ ਸੀ। ਐਗਰਕਿੰਜਨ ਤੇ ਸੋਲੋਠਰਨ ਵਿੱਚ ਸਿੱਖ ਫ਼ੌਜੀਆਂ ਦੇ ਕੈਂਪ ਸਨ। ਇਨ੍ਹਾਂ ਫ਼ੌਜੀਆਂ ਨੇ ਖੇਤਾਂ ਵਿੱਚ ਕੰਮ ਕਰਨ ਅਤੇ ਸਬਜ਼ੀਆਂ ਉਗਾਉਣ ਵਿੱਚ ਰੁਚੀ ਦਿਖਾਈ। ਇਸ ਕੰਮ ਵਿੱਚ ਉਨ੍ਹਾਂ ਦੀ ਮੁਹਾਰਤ ਨੇ ਸਵਿੱਸ ਅਧਿਕਾਰੀਆਂ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਆਮ ਲੋਕਾਂ ਨੂੰ ਵੀ। ਰਾਮਗੜ੍ਹੀਆ ਸਿੱਖਾਂ ਨੇ ਫੈਕਟਰੀਆਂ ਵਿੱਚ ਵੀ ਆਪਣੀ ਕਾਰੀਗਰੀ ਦਿਖਾਈ। ਐਗਰਕਿੰਜਨ ਦੇ ਕੈਂਪ ਕਮਾਡੈਂਟ ਨੇ ਆਪਣੀ ਰਿਪੋਰਟ ਵਿੱਚ ਲਿਖਿਆ : 'ਕਈ ਭਾਰਤੀ ਨਸਲਾਂ ਕੰਮ ਕਰ ਕੇ ਰਾਜ਼ੀ ਨਹੀਂ, ਪਰ ਸਿੱਖ ਵੱਖਰੀ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਨੂੰ ਕੰਮ ਕਰ ਕੇ ਖ਼ੁਸ਼ੀ ਮਿਲਦੀ ਹੈ।' ਇਸੇ ਤਰ੍ਹਾਂ ਸੋਲੋਠਰਨ ਸਥਿਤ ਕੈਂਪ ਦਾ ਮੁਆਇਨਾ ਕਰਨ ਆਈ ਰੈੱਡ ਕਰਾਸ ਦੀ ਟੀਮ ਨੇ ਲਿਖਿਆ: 'ਸਭ ਤੋਂ ਸਵੱਛ ਸਿੱਖਾਂ ਦੇ ਕੈਂਪ ਨੇ। ਉਨ੍ਹਾਂ ਨੇ ਕਈ ਸੁੱਖ ਸਹੂਲਤਾਂ ਆਪੇ ਹੀ ਵਿਕਸਤ ਕਰ ਲਈਆਂ ਹਨ।' ਇਸੇ ਮੁਆਇਨਾ ਟੀਮ ਦੀ ਇੱਕ ਮਹਿਲਾ ਮੈਂਬਰ ਨੇ ਦਸੰਬਰ 1944 ਵਿੱਚ ਲਿਖਿਆ, "ਸਿੱਖ ਸੁਡੌਲ ਤੇ ਸੁਨੱਖੇ ਹਨ। ਦੇਖਣ ਵਿੱਚ ਵੀ ਹੁਸ਼ਿਆਰ ਜਾਪਦੇ ਹਨ। ਉਨ੍ਹਾਂ ਦੀਆਂ ਪੇਚਵੀਆਂ ਪੱਗਾਂ ਸਵਿੱਸ ਮੁਟਿਆਰਾਂ ਤੇ ਬੱਚਿਆਂ ਨੂੰ ਆਕਰਸ਼ਿਤ ਕਰਦੀਆਂ ਨੇ। ... ਇਸ ਇਲਾਕੇ ਦੇ ਕਈ ਮਾਪਿਆਂ ਨੇ ਫੈਡਰਲ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸਿੱਖ ਕੈਂਪ ਇੱਥੋਂ ਹਟਾਇਆ ਜਾਵੇ। ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀਆਂ ਬੇਟੀਆਂ ਦਾ ਸਿੱਖ ਫ਼ੌਜੀਆਂ ਨਾਲ ਮੇਲ-ਜੋਲ ਵਧੇ।' ਬੋਵਮੈਨ ਲਿਖਦਾ ਹੈ ਕਿ ਸਵਿਟਜ਼ਰਲੈਂਡ ਭਾਵੇਂ ਨਸਲਪ੍ਰਸਤੀ ਵਰਗੀ ਵਬਾਅ ਤੋਂ ਮੁਕਤ ਹੋਣ ਦਾ ਦਾਅਵਾ ਕਰਦਾ ਹੈ, ਪਰ ਅਸਲੀਅਤ ਇਹ ਹੈ ਕਿ ਇਹ ਵਬਾਅ ਹੁਣ ਵੀ ਬਹੁਤੇ ਪਰਿਵਾਰਾਂ ਵਿੱਚ ਮੌਜੂਦ ਹੈ। 1943-44 ਵਿੱਚ ਤਾਂ ਮਾਹੌਲ ਹੀ ਵੱਖਰਾ ਸੀ।

* * *

ਅਕਤੂਬਰ 1945 ਤਕ ਬਹੁਤ ਘੱਟ ਸਿੱਖ ਜੰਗੀ ਕੈਦੀ ਸਵਿਟਜ਼ਰਲੈਂਡ ਵਿੱਚ ਬਚੇ ਸਨ। ਬਹੁਤੇ ਬ੍ਰਿਟਿਸ਼-ਭਾਰਤ ਸਰਕਾਰ ਦੀ ਮਦਦ ਨਾਲ ਵਤਨ ਪਰਤਾਏ ਜਾ ਚੁੱਕੇ ਹਨ। ਪਰ ਜਿੰਨੇ ਕੁ ਬਚੇ ਸਨ, ਉਨ੍ਹਾਂ ਨੇ ਇਸ ਮਹੀਨੇ ਦੇ ਅਖ਼ੀਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸੋਲੋਠਰਨ ਵਿੱਚ ਇਕੱਠੇ ਹੋ ਕੇ ਮਨਾਇਆ। ਇਸ ਸਮਾਗਮ ਵਿੱਚ ਕਈ ਸਥਾਨਕ ਲੋਕ ਵੀ ਸ਼ਾਮਿਲ ਹੋਏ। ਲੰਗਰ ਵਰਤਣ ਤੇ ਛਕਣ ਦਾ ਉਨ੍ਹਾਂ ਲਈ ਇਹ ਪਹਿਲਾ ਤਜਰਬਾ ਸੀ। 'ਇੰਡੀਅਨ ਚਪਾਤੀਆਂ', 'ਵਾਟਰੀ (ਤਰਲ) ਦਾਲ ਤੇ 'ਸਵੀਟ ਪਰਸ਼ਾਦ' ਮੁਫ਼ਤ ਮਿਲਣ ਦੀ ਚਰਚਾ ਹੋਰਨਾਂ ਲੋਕਾਂ ਲਈ ਵੀ ਖਿੱਚ ਦਾ ਵਿਸ਼ਾ ਬਣ ਗਈ। ਅਗਲੇ ਦਿਨ ਸਵਿੱਸ ਅਖ਼ਬਾਰਾਂ ਵਿੱਚ ਇਸ ਘਟਨਾ ਦਾ ਖ਼ੂਬ

**ਸੁਰਿੰਦਰ ਸਿੰਘ ਤੇਜ**

ਜ਼ਿਕਰ ਹੋਇਆ।

ਫਰਾਂਸ ਦੇ ਉੱਤਰ ਪੂਰਬੀ ਖ਼ੱਤੇ ਲੌਰੇਨ ਵਿੱਚ ਐਪੀਨਲ ਨਾਂਅ ਦਾ ਇੱਕ ਕਮਿਊਨ ਵਸਿਆ ਹੋਇਆ ਹੈ। ਚਾਰ ਸੌ ਵਰ੍ਹੇ ਪੁਰਾਣੀ ਹੈ ਇਸ ਦੀ ਪੈਦਾਇਸ਼। ਸਵਿਟਜ਼ਰਲੈਂਡ ਦੀ ਸਰਹੱਦ ਤੋਂ ਇਹ 109 ਕਿਲੋਮੀਟਰ ਦੇ ਫ਼ਾਸਲੇ 'ਤੇ ਹੈ। ਜਰਮਨੀ ਦੀ ਸਰਹੱਦ ਤੋਂ ਇਸ ਦੀ ਦੂਰੀ 310 ਕਿਲੋਮੀਟਰ ਹੈ। ਦੂਜੇ ਵਿਸ਼ਵ ਯੁੱਧ ਵੇਲੇ ਇੱਥੇ ਜਰਮਨਾਂ ਨੇ ਜੰਗੀ ਕੈਦੀਆਂ ਦਾ ਕੈਂਪ ਕਾਇਮ ਕੀਤਾ ਸੀ। 1941 ਵਿੱਚ ਕਾਇਮ ਕੀਤੇ ਇਸ ਕੈਂਪ ਵਿੱਚ ਪਹਿਲਾਂ ਬੈਲਜੀਅਨ, ਡੱਚ ਤੇ ਫਰਾਂਸੀਸੀ ਜੰਗੀ ਕੈਦੀ ਸਨ। 1943 ਵਿੱਚ ਤਿੰਨ ਹਜ਼ਾਰ ਦੇ ਕਰੀਬ ਹੋਰ ਕੈਦੀ ਪਹੁੰਚੇ ਜੋ ਕਿ ਯੂਰੋਪੀਅਨ ਮੂਲ ਦੇ ਨਹੀਂ ਸਨ।

ਉਹ ਏਸ਼ਿਆਈ ਜਾਂ ਉੱਤਰ ਅਫਰੀਕੀ ਮੁਲਕਾਂ ਤੋਂ ਸਨ। ਇਨ੍ਹਾਂ ਵਿੱਚੋਂ ਵੀ ਬਹੁਤੇ ਬ੍ਰਿਟਿਸ਼ ਭਾਰਤ ਦੇ ਵਸਨੀਕ ਸਨ। ਵੱਖ ਵੱਖ ਮਜ਼ਹਬਾਂ, ਵੱਖ ਵੱਖ ਨਸਲੀ ਮੁਹਾਂਦਰਿਆਂ ਵਾਲੇ: ਪੰਜਾਬੀ ਮੁਸਲਿਮ, ਬਲੋਚ, ਮਰਹੱਟੇ (ਉਦੋਂ ਮਰਾਠਾ ਸ਼ਬਦ ਸਰਕਾਰੀ ਸ਼ਬਦਾਵਲੀ ਦਾ ਹਿੱਸਾ ਨਹੀਂ ਸੀ ਬਣਿਆ), ਮਦਰਾਸੀ, ਬੰਗਾਲੀ, ਗੋਰਖੇ, ਜਾਟ ਅਤੇ ਸਿੱਖ। ਸਿੱਖ ਵੀ ਬਹੁਤੇ ਸਿੱਖ ਰੈਜੀਮੈਂਟ ਤੋਂ; ਸਾਬਤ ਸੂਰਤ, ਕਕਾਰਾਂ ਦੇ ਧਾਰਨੀ।

ਫਰਾਂਸੀਸੀ ਲੋਕਾਂ ਨੇ ਸਿੱਖ ਫ਼ੌਜੀ ਪਹਿਲੇ ਵਿਸ਼ਵ ਯੁੱਧ ਦੌਰਾਨ ਦੇਖੇ ਹੋਏ ਸਨ। ਉਨ੍ਹਾਂ ਦੀਆਂ ਯਾਦਗਾਰਾਂ ਵੀ ਫਰਾਂਸ ਤੇ ਬੈਲਜੀਅਮ ਵਿੱਚ ਬਣੀਆਂ ਹੋਈਆਂ ਹਨ। ਪਰ ਨਵੀਂ ਪੀੜ੍ਹੀ, ਖ਼ਾਸ ਕਰ ਕੇ ਬੱਚਿਆਂ ਤੇ ਮੁਟਿਆਰਾਂ ਲਈ ਦਸਤਾਰਾਂ ਵਾਲੇ ਸਿੱਖ ਜੰਗੀ ਕੈਦੀ ਵਿਸ਼ੇਸ਼ ਆਕਰਸ਼ਣ ਦਾ ਵਿਸ਼ਾ ਸਨ। ਜੰਗੀ ਕੈਦੀਆਂ ਦੇ ਕੈਂਪ ਵਿੱਚ ਉਹ ਆਪਣੀ ਜਾਂਬਾਜ਼ੀ ਲਈ ਵੀ ਮਸ਼ਹੂਰ ਸਨ ਅਤੇ ਖ਼ੁਸ਼ਮਿਜ਼ਾਜੀ ਲਈ ਵੀ। ਫਰਾਂਸ ਸਥਿਤ ਜਰਮਨ ਮੋਰਚਿਆਂ ਉੱਪਰ ਮਿੱਤਰ ਦੇਸ਼ਾਂ ਦੀਆਂ ਫ਼ੌਜਾਂ (ਖ਼ਾਸ ਕਰ ਕੇ ਅਮਰੀਕਾ, ਬ੍ਰਿਟਿਸ਼ ਤੇ ਕੈਨੇਡੀਅਨ ਬਟਾਲੀਅਨਾਂ) ਦੇ ਫ਼ੈਸਲਾਕੁਨ ਧਾਵੇ ਤੋਂ ਚਾਰ ਹਫ਼ਤੇ ਪਹਿਲਾਂ 11 ਮਈ 1944 ਨੂੰ 67 ਅਮਰੀਕੀ ਬੰਬਾਰ ਜਹਾਜ਼ਾਂ ਨੇ ਐਪੀਨਲ ਕਸਬੇ ਉੱਪਰ ਦਿਨ ਦਿਹਾੜੇ ਜ਼ਬਰਦਸਤ ਧਾਵਾ ਬੋਲਿਆ। ਨਿਸ਼ਾਨਾ ਸੀ ਉੱਥੋਂ ਦਾ ਰੇਲਵੇ ਸਟੇਸ਼ਨ ਅਤੇ ਉਸ ਦੇ ਨੇੜਲੀਆਂ ਫ਼ੌਜੀ ਬੈਰਕਾਂ। ਇਸ ਬੰਬਾਰੀ ਨੇ ਰੇਲਵੇ ਸਟੇਸ਼ਨ ਜਾਂ ਜਰਮਨ ਬੈਰਕਾਂ ਨੂੰ ਤਾਂ ਘੱਟ ਨੁਕਸਾਨ ਪਹੁੰਚਾਇਆ; ਅਸਲ ਕਹਿਰ ਜੰਗੀ ਕੈਦੀਆਂ ਦੇ ਕੈਂਪਾਂ ਉੱਤੇ ਢਾਹਿਆ। ਕੈਂਪਾਂ ਦੀਆਂ ਬਹੁਤੀਆਂ ਇਮਾਰਤਾਂ ਫ਼ਨਾਹ ਹੋ ਗਈਆਂ। ਕਿੰਨੇ ਮਰੇ, ਇਸ ਬਾਰੇ ਸਪੱਸ਼ਟ ਜਾਣਕਾਰੀ ਅਜੇ ਵੀ ਉਪਲਬਧ ਨਹੀਂ। ਬੰਬਾਰੀ ਨੇ ਭਾਰਤੀ ਕੈਦੀਆਂ ਵਾਲੇ ਕੈਂਪ ਦੀ ਇੱਕ ਵਾੜ ਵੀ ਨਸ਼ਟ ਕਰ ਦਿੱਤੀ। ਵਾੜ ਦੇ ਨਸ਼ਟ ਹੋਣ ਅਤੇ ਜਰਮਨ ਰਾਖਿਆਂ ਵਿੱਚ ਫੈਲੇ ਸਹਿਮ ਨੇ ਭਾਰਤੀ ਜੰਗੀ ਕੈਦੀਆਂ ਦੀ ਵੱਡੀ ਗਿਣਤੀ ਨੂੰ ਬਚ ਨਿਕਲਣ ਦਾ ਮੌਕਾ ਪ੍ਰਦਾਨ ਕਰ ਦਿੱਤਾ। ਕੈਂਪ ਦਾ ਸਟੋਰ, ਬੰਬਾਰੀ ਦੀ ਮਾਰ ਤੋਂ ਬਚ ਗਿਆ ਸੀ। ਉਸ ਨੂੰ ਕੈਂਪ ਤੋੜਨ ਦੇ ਚਾਹਵਾਨਾਂ ਨੇ ਲੁੱਟ ਲਿਆ। ਤਕਰੀਬਨ 500 ਕੈਦੀ ਬਚ ਨਿਕਲੇ, ਪਰ ਏਨੇ ਕੁ ਹੀ ਪਿੱਛੇ ਰਹਿ ਗਏ। ਉਹ ਬੰਬਾਰੀ ਕਾਰਨ ਫੱਟੜ ਹੋਏ ਆਪਣੇ ਸਾਥੀਆਂ ਨੂੰ ਉਸੇ ਹਾਲਤ ਵਿੱਚ ਛੱਡ ਜਾਣ ਲਈ ਤਿਆਰ ਨਾ ਹੋਏ। ਇਨ੍ਹਾਂ ਵਿੱਚ ਦੋ ਭਾਰਤੀ ਡਾਕਟਰ - ਡਾ. ਸ਼ਾਮ ਚੰਦ ਸਿਆਲ ਤੇ ਡਾ. ਸਰਦਾਰ ਅਹਿਮਦ ਸ਼ਾਮਿਲ ਸਨ। ਇਨ੍ਹਾਂ ਵਿੱਚੋਂ ਇੱਕ ਮੁਸਲਮਾਨ ਸੀ ਅਤੇ ਦੂਜਾ ਪੰਜਾਬੀ। ਮੁਕੰਦਨ ਨਾਮ ਦਾ ਇੱਕ ਡਾਕੀਆ ਵੀ ਇਸ ਕਰ ਕੇ ਪਿੱਛੇ ਰਹਿ ਗਿਆ ਕਿ ਜੇ ਉਹ ਵੀ ਚਲਾ ਗਿਆ ਤਾਂ ਫੱਟੜਾਂ ਜਾਂ ਮ੍ਰਿਤਕਾਂ ਦੇ ਭਾਰਤ ਵਿਚਲੇ ਸਕੇ ਸਬੰਧੀਆਂ ਤਕ ਚੰਗੀ ਬੁਰੀ ਖ਼ਬਰ ਕੌਣ ਪਹੁੰਚਾਏਗਾ? ਜਿਹੜੇ ਬਚ ਨਿਕਲੇ, ਉਨ੍ਹਾਂ ਨੂੰ ਨਿਰਪੱਖ ਮੁਲਕ ਸਵਿਟਜ਼ਰਲੈਂਡ ਦੀ ਸਰਹੱਦ ਤਕ ਪੁੱਜਣ ਲਈ ਕੀ ਕੀ ਜਫ਼ਰ ਜਾਲਣੇ ਪਏ ਜਾਂ ਫਰਾਂਸੀਸੀ ਲੋਕਾਂ ਨੇ ਉਨ੍ਹਾਂ ਨੂੰ ਜਰਮਨਾਂ ਹਵਾਲੇ ਕਰ ਕੇ ਇਨਾਮ ਸਨਮਾਨ ਲੈਣ ਦੀ ਥਾਂ ਆਪਣੀ ਜਾਨ ਦੀ ਬਾਜ਼ੀ ਲਾ ਕੇ ਉਨ੍ਹਾਂ ਦੀ ਕੀ ਕੀ ਮਦਦ ਕੀਤੀ, ਇਹ ਸਾਰਾ ਬਿਰਤਾਂਤ ਦਿਲਚਸਪ ਅੰਦਾਜ਼ ਵਿੱਚ ਪੇਸ਼ ਕਰਦੀ ਹੈ ਬ੍ਰਿਟਿਸ਼ ਪ੍ਰੋਫੈਸਰ ਤੇ ਲੇਖਕ ਗ਼ੀਅ ਬੋਵਮੈਨ ਦੀ ਕਿਤਾਬ 'ਦਿ ਗ੍ਰੇਟ ਐਪੀਨਲ ਐਸਕੇਪ' (ਵੇਸਟਲੈਂਡ ਬੁੱਕਸ; 272 ਪੰਨੇ; 699 ਰੁਪਏ)। ਜਰਮਨ ਜਾਂ ਜਾਪਾਨੀ ਜਾਂ ਇਤਾਲਵੀ ਕੈਂਪਾਂ ਵਿੱਚ ਬ੍ਰਿਟਿਸ਼ ਜਾਂ ਫਰਾਂਸੀਸੀ ਫ਼ੌਜੀਆਂ ਦੇ ਬਚ ਨਿਕਲਣ ਦੀਆਂ ਕਹਾਣੀਆਂ ਪੇਸ਼ ਕਰਨ ਵਾਲੀਆਂ ਦਰਜਨਾਂ ਫਿਲਮਾਂ ਹੌਲੀਵੁੱਡ ਤੇ ਯੂਰੋਪ ਵਿੱਚ ਬਣ ਚੁੱਕੀਆਂ ਹਨ। ਇਨ੍ਹਾਂ ਵਿੱਚੋਂ 'ਗੰਨਜ਼ ਆਫ ਨਵਰੋਨ' (1961), 'ਦਿ ਗ੍ਰੇਟ ਐਸਕੇਪ' (1963; 2023) ਅਤੇ 'ਦਿ ਬ੍ਰਿਜ ਔਨ ਦਿ ਰਿਵਰ ਕਵਾਈ' (1957) ਨੂੰ ਕਲਟ ਕਲਾਸਿਕ ਦਾ ਦਰਜਾ ਵੀ ਹਾਸਿਲ ਹੈ। ਪਰ ਐਪੀਨਲ ਜੰਗੀ ਕੈਂਪ ਤੋੜਨ ਅਤੇ 1500 ਦੇ ਕਰੀਬ ਜੰਗੀ ਕੈਦੀਆਂ ਦੇ ਬਚ ਨਿਕਲਣ ਦੀ ਕਹਾਣੀ ਦੀ ਪੇਸ਼ਕਾਰੀ ਕਿਸੇ ਫਿਲਮ ਰਾਹੀਂ ਕੀ ਹੋਣੀ, ਇਸ ਬਾਰੇ ਕੋਈ ਕਿਤਾਬ ਵੀ ਪਹਿਲੀ ਵਾਰ ਛਪੀ ਹੈ। ਕਿਤਾਬ ਦੀ ਭੂਮਿਕਾ ਵਿੱਚ ਬੋਵਮੈਨ ਇਸੇ ਵਿਡੰਬਨਾ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ: "ਗੋਰੀ ਤੇ ਭੂਰੀ ਚਮੜੀ ਦਾ ਫ਼ਰਕ ਇਹੋ ਹੀ ਹੈ। ਗੋਰਿਆਂ ਦੀ ਨਿੱਕੀ ਜਹੀ ਬਹਾਦਰੀ ਵੀ ਸੋਹਲਿਆਂ ਦੀ ਹੱਕਦਾਰ ਬਣ ਜਾਂਦੀ ਹੈ; ਭੂਰਿਆਂ ਦੀ ਜਾਂਬਾਜ਼ੀ ਗੁੰਮਨਾਮੀ ਦੀਆਂ ਪਰਤਾਂ ਵਿੱਚ ਛੁਪੀ ਰਹਿੰਦੀ ਹੈ।"

ਬੜੀ ਮੁਸ਼ੱਕਤ ਕਰਨੀ ਪਈ ਬੋਵਮੈਨ ਨੂੰ ਇਸ ਕਿਤਾਬ ਲਈ। ਸੱਤ ਵਰ੍ਹੇ ਲੱਗ ਗਏ ਖੋਜ ਸਮੱਗਰੀ ਇਕੱਠੀ ਕਰਦਿਆਂ, ਬਚ ਨਿਕਲਣ ਵਾਲਿਆਂ ਦੇ ਪਰਿਵਾਰਾਂ ਨੂੰ ਭਾਰਤ, ਪਾਕਿਸਤਾਨ, ਨੇਪਾਲ ਜਾਂ ਬੰਗਲਾਦੇਸ਼ ਵਿੱਚ ਮਿਲਦਿਆਂ, ਦੂਜੇ ਵਿਸ਼ਵ ਯੁੱਧ ਦੇ ਸਮਿਆਂ ਦੀ ਨਿੱਜੀ ਖ਼ਤੋ-ਕਿਤਾਬਤ ਨੂੰ ਲੱਭਦਿਆਂ, ਜੰਗੀ ਕੈਦੀਆਂ ਦੇ ਆਪਣੇ ਜਾਂ ਉਨ੍ਹਾਂ ਦੇ ਪਰਿਵਾਰਾਂ ਦੇ ਦਾਅਵਿਆਂ ਦੀ ਤਸਦੀਕ ਕਰਦਿਆਂ। ਇਸ ਅਮਲ ਦੌਰਾਨ ਉਸ ਨੇ ਉਰਦੂ ਵੀ ਸਿੱਖੀ, ਹਿੰਦੀ ਵੀ, ਮਰਾਠੀ ਵੀ ਅਤੇ ਥੋੜ੍ਹੀ ਬਹੁਤ ਪੰਜਾਬੀ ਵੀ। ਫਰੈਂਚ ਤੇ ਜਰਮਨ ਤਾਂ ਉਸ ਨੇ ਪਹਿਲਾਂ ਹੀ ਸਿੱਖੀ ਹੋਈ ਸੀ। ਇਹੋ ਮੁਸ਼ੱਕਤ ਉਸ ਦੇ ਲੇਖਣ ਦਾ ਸ਼ਿੰਗਾਰ ਹੈ। ਹੋਰ ਤੱਤਾਂ-ਤੱਥਾਂ ਤੋਂ ਇਲਾਵਾ ਸਵਿਟਜ਼ਰਲੈਂਡ ਸੁਰੱਖਿਅਤ ਪੁੱਜਣ ਵਾਲਿਆਂ ਦੇ ਨਾਮ ਤੇ ਰੈਂਕ ਵੀ ਇਸ ਕਿਤਾਬ ਵਿੱਚ ਦਰਜ ਹਨ।

**ਕਿਵੇਂ ਸ਼ੁਰੂ ਹੋਈ ਸਮੁੱਚੀ ਕਹਾਣੀ:** 25 ਲੱਖ ਭਾਰਤੀ ਫ਼ੌਜੀਆਂ ਨੂੰ ਬ੍ਰਿਟਿਸ਼ ਭਾਰਤ ਦੀ ਸਰਕਾਰ ਨੇ ਉਸ ਜੰਗ ਵਿੱਚ ਝੋਕਿਆ ਜੋ ਭਾਰਤੀਆਂ ਦੀ ਲੜਾਈ ਨਹੀਂ ਸੀ। ਬ੍ਰਿਟਿਸ਼ ਸਾਮਰਾਜ ਆਪਣੀਆਂ ਤੇਲ ਕੰਪਨੀਆਂ ਦਾ ਪੱਛਮ ਏਸ਼ਿਆਈ ਕਾਰੋਬਾਰ ਸੁਰੱਖਿਅਤ ਰੱਖਣਾ ਚਾਹੁੰਦਾ ਸੀ। ਇਸ ਲਈ ਭਾਰਤੀ ਫ਼ੌਜੀ ਜਾਂ ਤਾਂ ਜਾਪਾਨ ਦੇ ਖ਼ ?ਲਾਫ਼ ਪੂਰਬੀ ਮੋਰਚਿਆਂ 'ਤੇ ਡਾਹੇ ਗਏ ਅਤੇ ਜਾਂ ਫਿਰ ਮੱਧ ਪੂਰਬ ਵਿੱਚ ਇਰਾਕ, ਅਰਬਿਸਤਾਨ ਤੇ ਫ਼ਲਸਤੀਨ ਵਿੱਚ। ਜਦੋਂ ਜਰਮਨ ਜਰਨੈਲ ਰੋਮੇਲ ਨੇ ਉੱਤਰੀ ਅਫਰੀਕਾ ਉੱਤੇ ਧਾਵਾ ਬੋਲਿਆ ਤਾਂ ਭਾਰਤੀ ਬਟਾਲੀਅਨਾਂ ਕਾਹਲ ਨਾਲ ਮਿਸਰ, ਅਲਜੀਰੀਆ, ਮੋਰੱਕੋ ਤੇ ਲਿਬੀਆ ਵੱਲ ਵੀ ਧੱਕ ਦਿੱਤੀਆਂ ਗਈਆਂ। ਬਹੁਤੇ ਫ਼ੌਜੀ ਜਵਾਨ ਉਹ ਸਨ ਜਿਨ੍ਹਾਂ ਨੂੰ ਮਹਿਜ਼ ਛੇ ਹਫ਼ਤੇ ਦੀ ਸਿਖਲਾਈ ਮਿਲੀ ਸੀ। ਉੱਤਰ ਅਫਰੀਕੀ ਮੋਰਚੇ 'ਤੇ ਘੱਟੋ-ਘੱਟ 15 ਹਜ਼ਾਰ ਭਾਰਤੀ ਫ਼ੌਜੀ ਜਰਮਨ, ਇਤਾਲਵੀ ਤੇ ਉਨ੍ਹਾਂ ਦੇ ਸਾਥੀ ਦੇਸ਼ਾਂ ਦੇ ਦਸਤਿਆਂ ਵੱਲੋਂ ਜੰਗੀ ਕੈਦੀ ਬਣਾ ਲਏ ਗਏ। ਇਨ੍ਹਾਂ ਨਾਲ ਪਸ਼ੂਆਂ ਵਾਲਾ ਸਲੂਕ ਕੀਤਾ ਗਿਆ। ਨਾ ਪੂਰਾ ਖਾਣਾ, ਨਾ ਤਨ ਢਕਣ ਲਈ ਕੱਪੜੇ, ਨਾ ਪੀਣ ਲਈ ਪਾਣੀ। ਨਹਾਉਣਾ ਜਾਂ ਕੱਪੜੇ ਧੋਣਾ ਤਾਂ ਦੂਰ ਦੀ ਗੱਲ। ਛੇ ਮਹੀਨੇ ਇਹ ਦਸ਼ਾ ਰਹੀ। ਸਾਰਿਆਂ ਦੇ ਸਿਰਾਂ ਵਿੱਚ ਜੂੰਆਂ ਅਤੇ ਜਿਸਮਾਂ 'ਤੇ ਚੰਮਜੂੰਆਂ। ਕੁਝ ਕੈਦੀ ਆਪੋ ਆਪਣੇ ਵਾੜਿਆਂ ਵਿੱਚੋਂ ਬਚ ਨਿਕਲੇ, ਪਰ ਮਗ਼ਰਬੀ ਰੇਗਿਸਤਾਨ ਦੀ ਕਹਿਰੀ ਤਪਸ਼ ਉਨ੍ਹਾਂ ਨੂੰ ਨਿਗ਼ਲ ਗਈ। ਛੇ ਮਹੀਨੇ ਬਾਅਦ ਤਿੰਨ ਹਜ਼ਾਰ ਤੋਂ ਵੱਧ ਕੈਦੀਆਂ ਨੂੰ ਪਹਿਲਾਂ ਯੂਨਾਨ ਤੇ ਉੱਥੋਂ ਇਟਲੀ ਭੇਜਣ ਦਾ ਹੁਕਮ ਆ ਗਿਆ। ਤਿੰਨ ਮਹੀਨੇ ਬਾਅਦ ਉਹ ਇਟਲੀ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਜੂੰਆਂ ਤੋਂ ਮੁਕਤ ਕਰਨ ਦਾ ਆਦੇਸ਼ ਹੋਇਆ। ਇਸ ਅਮਲ ਤੋਂ ਪਹਿਲਾਂ ਉਨ੍ਹਾਂ ਨੂੰ ਸਾਂਝੇ ਤੌਰ 'ਤੇ ਨਹਾਏ ਜਾਣ ਲਈ ਕਿਹਾ ਗਿਆ। ਇਹ ਕੰਮ ਜਬਰੀ ਕੀਤਾ ਗਿਆ ਪੂਰਾ ਨਿਰਵਸਤਰ ਕਰ ਕੇ। ਸਿੱਖ ਫ਼ੌਜੀਆਂ ਨੇ ਇਸ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਕਿ ਕਛਹਿਰਾ ਉਨ੍ਹਾਂ ਦੇ ਕਕਾਰਾਂ ਦਾ ਹਿੱਸਾ ਹੈ, ਉਹ ਇਹ ਨਹੀਂ ਲਾਹੁਣਗੇ। ਜਦੋਂ ਇਤਾਲਵੀ ਸਾਰਜੈਂਟ

ਨੇ ਜ਼ਬਰਦਸਤੀ ਕਰਨੀ ਚਾਹੀ ਤਾਂ ਦਫ਼ੇਦਾਰ ਬੇਅੰਤ ਸਿੰਘ ਨੇ ਉਸ ਨੂੰ ਗਿੱਚੀਓਂ ਫੜ ਲਿਆ ਅਤੇ ਹਵਾ ਵਿੱਚ ਲਟਕਾ ਦਿੱਤਾ। ਉਸ ਨੂੰ ਓਨੀ ਦੇਰ ਤਕ ਨਹੀਂ ਛੱਡਿਆ ਜਦੋਂ ਤੱਕ ਉਹ ਸਿੱਖ ਕੈਦੀਆਂ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਨਹਾਉਣ ਦੀ ਖੁੱਲ੍ਹ ਦੇਣ ਲਈ ਰਾਜ਼ੀ ਨਹੀਂ ਹੋ ਗਿਆ। ਤੀਹ ਵਰ੍ਹਿਆਂ ਦਾ ਬੇਅੰਤ ਸਿੰਘ ਪੰਜਾਬ ਦੇ ਮੌਂਟਗੁਮਰੀ (ਹੁਣ ਸਾਹੀਵਾਲ) ਜ਼ਿਲ੍ਹੇ ਦਾ ਵਸਨੀਕ ਸੀ। ਉਸ ਦਾ ਪਿਤਾ ਫ਼ੌਜਾ ਸਿੰਘ ਪਹਿਲਾ ਵਿਸ਼ਵ ਯੁੱਧ ਲੜਿਆ ਸੀ ਅਤੇ ਮਿਲਟਰੀ ਕਰਾਸ ਨਾਲ ਸਨਮਾਨਿਆ ਗਿਆ ਸੀ। ਉਹ ਸੂਬੇਦਾਰ ਮੇਜਰ ਵਜੋਂ ਰਿਟਾਇਰ ਹੋਇਆ ਸੀ। ਬੇਅੰਤ ਸਿੰਘ ਵੀ 1945 ਵਿੱਚ ਮਿਲਟਰੀ ਕਰਾਸ ਨਾਲ ਨਵਾਜ਼ਿਆ ਗਿਆ। ਉਹ ਦਫ਼ੇਦਾਰ ਮੇਜਰ (ਆਨਰੇਰੀ ਕੈਪਟਨ) ਵਜੋਂ ਰਿਟਾਇਰ ਹੋਇਆ। ਕਮਾਲ ਦੀ ਗੱਲ ਇਹ ਹੋਈ ਕਿ ਆਪਣੇ ਮਾਤਹਿਤਾਂ ਸਾਹਮਣੇ ਹੋਈ ਬੇਇੱਜ਼ਤੀ ਦੇ ਬਾਵਜੂਦ ਇਤਾਲਵੀ ਸਾਰਜੈਂਟ ਨੇ ਬੇਅੰਤ ਸਿੰਘ ਸੰਧੂ ਖ਼ਿਲਾਫ਼ ਕੋਈ ਸ਼ਿਕਾਇਤ ਨਹੀਂ ਕੀਤੀ। ਸਮਝਿਆ ਜਾਂਦਾ ਹੈ ਕਿ ਉਸ ਨੇ ਇਹ ਕਦਮ ਨਮੋਸ਼ੀ ਤੋਂ ਬਚਣ ਲਈ ਚੁੱਕਿਆ। ਸ਼ਿਕਾਇਤ ਕਰਨ 'ਤੇ ਪੜਤਾਲ ਦੌਰਾਨ ਇਹ ਗੱਲ ਸਭ ਪਾਸੇ ਫੈਲ ਜਾਣੀ ਸੀ ਕਿ ਭਾਰਤੀ ਜੰਗੀ ਕੈਦੀ ਨੇ ਇਤਾਲਵੀ ਸਾਰਜੈਂਟ ਡਰਾ ਲਿਆ। ਅਜਿਹੀ ਬਦਨਾਮੀ ਕੋਈ ਵੀ ਫ਼ੌਜੀ ਨਹੀਂ ਖੱਟਣਾ ਚਾਹੁੰਦਾ ਚਾਹੇ ਉਸ ਦੀ ਚਮੜੀ ਗੋਰੀ ਹੋਵੇ ਜਾਂ ਭੂਰੀ ਤੇ ਜਾਂ ਸਿਆਹ। ਦੂਜੇ ਪਾਸੇ, ਦਫ਼ੇਦਾਰ ਬੇਅੰਤ ਸਿੰਘ ਤਾਂ ਜੰਗੀ ਕੈਦੀਆਂ ਦੇ ਸਮੁੱਚੇ ਕੈਂਪ ਵਿੱਚ ਹੀਰੋ ਬਣਨਾ ਹੀ ਸੀ।

1943 ਵਿੱਚ ਸਥਿਤੀ ਪਲਟਣੀ ਸ਼ੁਰੂ ਹੋ ਗਈ। ਜਰਮਨ ਦਸਤਿਆਂ ਨੇ ਉੱਤਰੀ ਅਫਰੀਕੀ ਮੋਰਚੇ ਦੀ ਕਮਾਨ ਇਤਾਲਵੀ ਫ਼ੌਜ ਹਵਾਲੇ ਕਰ ਦਿੱਤੀ ਅਤੇ ਆਪ ਯੂਰੋਪ ਪਰਤਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਹਾਲਾਤ ਵਿੱਚ ਬ੍ਰਿਟਿਸ਼ ਭਾਰਤੀ ਫ਼ੌਜ ਨੇ ਉਸ ਮੋਰਚੇ 'ਤੇ ਪਹਿਲੀ ਜਿੱਤ ਪ੍ਰਾਪਤ ਕੀਤੀ ਅਤੇ ਸੈਂਕੜੇ ਇਤਾਲਵੀ ਸੈਨਿਕਾਂ ਨੂੰ ਬੰਦੀ ਬਣਾ ਲਿਆ। ਉਨ੍ਹਾਂ ਨਾਲ ਵੀ ਪਸ਼ੂਆਂ ਵਰਗਾ ਵਿਹਾਰ ਕਰਨ ਦੀਆਂ ਧਮਕੀਆਂ ਨੇ ਇਟਲੀ ਅੰਦਰਲੇ ਜੰਗੀ ਕੈਦੀ ਕੈਂਪਾਂ ਦੀ ਦਸ਼ਾ ਸੁਧਾਰਨ ਦਾ ਰਾਹ ਖੋਲ੍ਹ ਦਿੱਤਾ। ਭਾਰਤੀ ਜੇਸੀਓਜ਼ ਲਈ ਵੱਖਰੀ ਮੈੱਸ ਤੇ ਬਿਹਤਰ ਸਹੂਲਤਾਂ ਦਾ ਇੰਤਜ਼ਾਮ ਹੋ ਗਿਆ। ਹੇਠਲੇ ਰੈਂਕਾਂ ਲਈ ਚੰਗੇ ਕੱਪੜੇ ਵੀ ਆ ਗਏ ਅਤੇ ਸੌਣ ਲਈ ਬਿਹਤਰ ਚਟਾਈਆਂ ਵੀ। ਚਾਕਲੇਟ, ਸਿਗਰਟਾਂ, ਚਾਹ-ਪੱਤੀ ਆਦਿ ਵੀ ਰੈੱਡ ਕਰਾਸ ਦੇ ਜ਼ਰੀਏ ਆਉਣ ਲੱਗੇ। ਪਰਿਵਾਰਾਂ ਨੂੰ ਚਿੱਠੀਆਂ ਭੇਜਣ ਤੇ ਚਿੱਠੀਆਂ ਮੰਗਵਾਉਣ ਦਾ ਇੰਤਜ਼ਾਮ ਵੀ ਹੋ ਗਿਆ। ਧਰਮਾਂ ਮੁਤਾਬਿਕ ਹਲਾਲ ਤੇ ਝਟਕੇ ਦੀ ਆਮਦ ਵੀ ਸ਼ੁਰੂ ਹੋ ਗਈ। ਮਿੱਤਰ ਦੇਸ਼ਾਂ ਦੀਆਂ ਫ਼ੌਜਾਂ ਦੇ ਇਟਲੀ ਉੱਤੇ ਹਮਲੇ ਦੇ ਮੱਦੇਨਜ਼ਰ ਜੰਗੀ ਕੈਦੀਆਂ ਨੂੰ ਫਰਾਂਸ ਵਿੱਚ ਐਪੀਨਲ ਭੇਜਣ ਅਤੇ ਲੋੜ ਪੈਣ 'ਤੇ ਉੱਥੋਂ ਜਰਮਨੀ ਲਿਜਾਣ ਦਾ ਫ਼ੈਸਲਾ ਜਰਮਨ ਜਰਨੈਲਾਂ ਦੀ ਰਣਨੀਤੀ ਦਾ ਹਿੱਸਾ ਬਣ ਗਿਆ। ਇਹ ਵੀ ਚਰਚਾ ਹੋਈ ਕਿ ਏਸ਼ਿਆਈ ਮੁਹਾਜ਼ 'ਤੇ ਜੰਗੀ ਕੈਦੀਆਂ ਦੀ ਸ਼ਮੂਲੀਅਤ ਰਾਹੀਂ ਆਜ਼ਾਦ ਹਿੰਦ ਫ਼ੌਜ ਖੜ੍ਹੀ ਕਰਨ ਵਾਲੀ ਮਸ਼ਕ, ਯੂਰੋਪੀਅਨ ਮੋਰਚੇ ਉੱਤੇ ਵੀ ਅਜ਼ਮਾਈ ਜਾਵੇ। ਅਜ਼ਮਾਈ ਵੀ ਗਈ, ਖ਼ਾਸ ਕਰ ਕੇ ਐਪੀਨਲ ਕੈਂਪ ਦੇ ਜਰਮਨ ਕਮਾਂਡਰ ਵੱਲੋਂ। ਇਸ ਨੂੰ ਹੁੰਗਾਰਾ ਨਹੀਂ ਮਿਲਿਆ। ਇਹ ਮੰਨਿਆ ਜਾਂਦਾ ਹੈ ਕਿ ਸਿੰਗਾਪੁਰ ਵਾਂਗ ਨੇਤਾ ਜੀ ਸੁਭਾਸ਼ ਬੋਸ, ਜੇਕਰ ਐਪੀਨਲ ਵੀ ਆ ਜਾਂਦੇ ਤਾਂ ਹੁੰਗਾਰਾ ਵੱਖਰੀ ਕਿਸਮ ਦਾ ਹੋਣਾ ਸੀ।

* * *

ਜੰਗੀ ਕੈਦੀਆਂ ਦੇ ਇਤਾਲਵੀ ਕੈਂਪਾਂ ਵਿੱਚ ਇਹ ਪ੍ਰਭਾਵ ਪਕੇਰਾ ਹੋ ਗਿਆ ਕਿ ਭਾਰਤੀ ਮੁਸਲਮਾਨਾਂ ਵਾਂਗ ਸਿੱਖ ਵੀ ਆਪਣੇ ਧਾਰਮਿਕ ਅਕੀਦਿਆਂ ਦੇ ਪੱਕੇ ਪਾਬੰਦ ਹਨ। ਦਫ਼ੇਦਾਰ ਬੇਅੰਤ ਸਿੰਘ ਵਾਲੇ ਕੈਂਪ ਤੋਂ ਇੱਕ ਵੱਖਰੇ ਕੈਂਪ ਵਿੱਚ ਇੱਕ ਇਤਾਲਵੀ ਸਾਰਜੈਂਟ ਨੇ ਜੂੰਆਂ ਕਾਰਨ ਸਿੱਖ ਕੈਦੀਆਂ ਦੇ ਕੇਸ ਤੇ ਦਾੜ੍ਹੀਆਂ ਜਬਰੀ ਕਟਵਾ ਦਿੱਤੀਆਂ। ਇਸ 'ਤੇ ਬਹੁਤ ਰੌਲਾ ਪੈ ਗਿਆ। ਸਿੱਖ ਕੈਦੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਬਾਕੀ ਧਰਮਾਂ ਵਾਲੇ ਸੈਨਿਕ ਵੀ ਇਸ ਵਿੱਚ ਸ਼ਾਮਿਲ ਹੋ ਗਏ। ਬਾਅਦ ਵਿੱਚ ਇੱਕ ਕਰਨਲ ਨੇ ਆ ਕੇ ਮੁਆਫ਼ੀ ਮੰਗੀ। ਭਾਸ਼ਾਈ ਮੁਸ਼ਕਿਲਾਂ ਕਾਰਨ ਕੁਝ ਬ੍ਰਿਟਿਸ਼ ਕੈਦੀ ਅਫ਼ਸਰਾਂ ਦੀ ਵੀ ਮਦਦ ਲਈ ਗਈ। ਉਨ੍ਹਾਂ ਦੇ ਕਹਿਣ 'ਤੇ ਕੈਂਪ ਦੇ ਸਾਰੇ ਗਾਰਡ ਬਦਲ ਦਿੱਤੇ ਗਏ। ਬੇਅੰਤ ਸਿੰਘ ਵਾਲੇ ਕੈਂਪ ਵਿੱਚ ਕੁਝ ਵੱਖਰੀ ਕਿਸਮ ਦੇ ਮਸਲੇ ਪੈਦਾ ਹੋ ਗਏ। ਰੈੱਡ ਕਰਾਸ ਰਾਹੀਂ ਆਏ ਖ਼ੁਰਾਕੀ ਪੈਕੇਟ ਤੇ ਚਾਕਲੇਟਾਂ ਤਾਂ ਸਾਰੇ ਫ਼ੌਜੀ ਪਸੰਦ ਕਰਦੇ ਸਨ। ਸਿਗਰਟਾਂ ਦਾ ਕੋਟਾ ਸਿੱਖ ਫ਼ੌਜੀਆਂ ਲਈ ਵੀ ਆਉਣ ਲੱਗਾ। ਪਹਿਲਾਂ ਪਹਿਲ ਤਾਂ ਹੋਰਨਾਂ ਧਰਮਾਂ ਵਾਲਿਆਂ ਦੀ ਮੌਜ ਬਣੀ ਰਹੀ ਕਿਉਂਕਿ ਸਿੱਖ ਕੋਟੇ ਵਾਲੇ ਡੱਬੇ ਉਨ੍ਹਾਂ ਵਿੱਚ ਵੰਡ ਦਿੱਤੇ ਜਾਂਦੇ ਸਨ। ਫਿਰ ਸਿੱਖ ਫ਼ੌਜੀਆਂ ਨੂੰ ਗਿਆਨ ਹੋਇਆ ਕਿ ਇਹ ਡੱਬੇ ਇਤਾਲਵੀ ਨਾਰਾਂ ਨਾਲ ਰੋਮਾਂਸ ਦਾ ਸਾਧਨ ਬਣ ਸਕਦੇ ਹਨ। ਉਹ ਕਾਗਜ਼ਾਂ ਵਿੱਚ ਲਪੇਟ ਕੇ ਇਹ ਡੱਬੇ ਇਨ੍ਹਾਂ ਨਾਰਾਂ ਲਈ ਤੋਹਫ਼ਿਆਂ ਵਜੋਂ ਲੈ ਜਾਂਦੇ ਸਨ। ਕੈਂਪ ਦੀ ਕੰਡਿਆਲੀ ਵਾੜ ਇਕਹਿਰੀ ਸੀ। ਉਸ ਵਾੜ ਦੇ ਅੰਦਰੋਂ ਇਤਾਲਵੀ ਨਾਰਾਂ ਨਾਲ ਦਿਨ ਦਿਹਾੜੇ ਰੋਮਾਂਸ ਦੇ ਅਟਪਟੇ ਦ੍ਰਿਸ਼, ਕੈਂਪ ਦੇ ਗਾਰਡਾਂ ਦੇ ਮਨੋਰੰਜਨ ਦਾ ਵਿਸ਼ਾ ਤਾਂ ਬਣੇ ਹੀ ਰਹੇ, ਰੋਮਾਂਸ ਤੋਂ ਵਿਹੂਣੇ ਕੈਦੀਆਂ ਦੇ ਹਾਸੇ-ਠੱਠੇ ਤੇ ਕਿੱਸੇ-ਕਹਾਣੀਆਂ ਦਾ ਅੰਗ ਵੀ ਬਣ ਗਏ।

* * *

ਮਿੱਤਰ ਦੇਸ਼ਾਂ ਦੀਆਂ ਫ਼ੌਜਾਂ ਦੇ ਇਟਲੀ ਉੱਪਰ ਹਮਲੇ ਨੇ ਭਾਰਤੀ ਜੰਗੀ ਕੈਦੀਆਂ ਦੇ ਇੱਕ ਪੂਰੇ ਬ੍ਰਿਗੇਡ ਨੂੰ ਐਪੀਨਲ ਭੇਜੇ ਜਾਣ ਦਾ ਰਾਹ ਪੱਧਰਾ ਕਰ ਦਿੱਤਾ। ਇਹ ਕੈਦਖਾਨਾ ਇਨ੍ਹਾਂ ਕੈਦੀਆਂ ਨੂੰ 'ਐਸ਼ਖਾਨੇ' ਵਰਗਾ ਮਹਿਸੂਸ ਹੋਇਆ। ਹਰੇਕ ਲਈ ਵੱਖਰਾ ਬੰਕ, ਸੁਥਰੇ ਕੱਪੜੇ, ਸਾਂਝੇ ਡਾਈਨਿੰਗ ਹਾਲ, ਲਾਂਡਰੀ ਦਾ ਨਿਯਮਿਤ ਪ੍ਰਬੰਧ, ਮਨਪ੍ਰਚਾਵੇ ਵਾਲੇ ਕਮਰੇ ਵਿੱਚ ਰੇਡੀਓ, ਕਈ ਕੈਰਮ ਬੋਰਡ ਤੇ ਇੱਕ ਗ੍ਰਾਮੋਫੋਨ। ਇਸੇ ਗ੍ਰਾਮੋਫੋਨ 'ਤੇ ਰਿਕਾਰਡ ਵਜਾ ਕੇ ਉਹ ਯੂਰੋਪੀਅਨ ਨਾਚਾਂ ਦਾ ਅਭਿਆਸ ਕਰਨ ਲੱਗੇ ਅਤੇ ਨਾਲ ਹੀ ਮੌਕਾ ਮਿਲਣ 'ਤੇ ਫਰਾਂਸੀਸੀ ਨਾਰਾਂ ਦਾ ਸਾਥ ਦੇਣ ਦੇ ਸੁਪਨੇ ਵੀ ਬੁਣਨ ਲੱਗੇ। ਇਨ੍ਹਾਂ ਕੈਦੀਆਂ ਤੋਂ ਕੰਮ ਜ਼ਰੂਰ ਲਿਆ ਜਾਂਦਾ ਸੀ, ਪਰ ਬਹੁਤੀ ਸਖ਼ਤ ਕਿਸਮ ਦਾ ਨਹੀਂ। ਇਸ ਕੰਮ ਬਦਲੇ ਦਿਹਾੜੀ ਵੀ ਮਿਲਦੀ ਸੀ। ਇਸ ਮਿਹਨਤਾਨੇ ਰਾਹੀਂ ਜਮ੍ਹਾਂ ਹੋਈਆਂ ਰਕਮਾਂ, ਕੈਂਪ ਤੋੜਨ ਵਾਲੀ ਘਟਨਾਵਲੀ ਮਗਰੋਂ ਕਈ ਭਾਰਤੀਆਂ ਦੇ ਕੰਮ ਆਈਆਂ। ਕੈਂਪ ਦੇ ਅੰਦਰ ਫੁਟਬਾਲ ਦਾ ਮੈਦਾਨ ਵੀ ਸੀ ਅਤੇ ਕਈ ਵਾਲੀਬਾਲ ਕੋਰਟ ਵੀ। ਇਨ੍ਹਾਂ ਵਿੱਚ ਮੁਕਾਬਲੇ ਚੱਲਦੇ ਹੀ ਰਹਿੰਦੇ ਸਨ। ਦਰਅਸਲ, ਜਿਸ ਦਿਨ ਕੈਂਪ ਉੱਤੇ ਅਮਰੀਕੀ ਬੰਬਾਰੀ ਹੋਈ, ਉਸ ਸਮੇਂ ਸਿੱਖਾਂ ਤੇ ਮਰਹੱਟਿਆਂ ਦਰਮਿਆਨ ਫੁੱਟਬਾਲ ਮੈਚ ਚੱਲ ਰਿਹਾ ਸੀ। ਘੱਟੋ-ਘੱਟ ਇੱਕ ਹਜ਼ਾਰ ਕੈਦੀ ਇਹ ਮੈਚ ਦੇਖਣ ਲਈ ਮੈਦਾਨ ਦੇ ਬਾਹਰ ਜੁੜੇ ਹੋਏ ਸਨ। ਉਨ੍ਹਾਂ ਦੇ ਸ਼ੋਰ ਦੌਰਾਨ ਕਿਸੇ ਨੂੰ ਵੀ ਅਮਰੀਕੀ ਜਹਾਜ਼ਾਂ ਦੀ ਆਮਦ ਦਾ ਪਤਾ ਨਹੀਂ ਲੱਗਿਆ। ਪਹਿਲਾ ਬੰਬ ਡਿੱਗਣ ਨਾਲ ਜਿਹੜਾ ਧਮਾਕਾ ਹੋਇਆ, ਉਸ ਨੇ ਸਾਰਿਆਂ ਨੂੰ ਮੈਦਾਨ ਅੰਦਰ ਲੰਮਲੇਟ ਹੋਣ ਲਈ ਮਜਬੂਰ ਕਰ ਦਿੱਤਾ। ਇਹ ਮਸ਼ਕ ਉਨ੍ਹਾਂ ਦੀਆਂ ਜਾਨਾਂ ਬਚਾ ਗਈ। ਜਦੋਂ ਜਹਾਜ਼ਾਂ ਦੀ ਘੂੰ-ਘੂੰ ਬੰਦ ਹੋਈ ਤਾਂ ਕੈਂਪ ਦੀਆਂ ਇਮਾਰਤਾਂ ਵਾਲੇ ਪਾਸੇ ਦਾ ਹੌਲਨਾਕ ਮੰਜ਼ਰ ਬਹੁਤਿਆਂ ਦੇ ਦਿਲ ਹਿਲਾ ਗਿਆ। ਹਰ ਪਾਸੇ ਇਮਾਰਤੀ ਮਲਬੇ ਤੋਂ ਇਲਾਵਾ ਇਨਸਾਨੀ ਦੇਹਾਂ ਦੇ ਚੀਥੜੇ ਨਜ਼ਰ ਆ ਰਹੇ ਸਨ। ਪਹਿਲਾ ਪ੍ਰਤੀਕਰਮ ਤਾਂ ਜ਼ਖ਼ਮੀਆਂ ਦੀ ਸੰਭਾਲ ਕਰਨ ਅਤੇ ਉਨ੍ਹਾਂ ਨੂੰ ਕੈਂਪ ਦੇ ਹਸਪਤਾਲ ਪਹੁੰਚਾਉਣ ਵਾਲਾ ਸੀ। ਹਸਪਤਾਲ ਨੂੰ ਮਾਮੂਲੀ ਨੁਕਸਾਨ ਪਹੁੰਚਿਆ ਸੀ ਅਤੇ ਉੱਥੇ ਡਾ. ਸਰਦਾਰ ਅਹਿਮਦ ਮੌਜੂਦ ਸੀ। ਇਸ ਡਾਕਟਰ ਨੇ ਅਗਲੇ 28 ਘੰਟੇ 42 ਜ਼ਖ਼ਮੀਆਂ ਦੇ ਅੰਗ ਜੋੜਨ, ਉਨ੍ਹਾਂ ਦੇ ਜਿਸਮਾਂ ਵਿੱਚੋਂ ਛੱਰੇ ਕੱਢਣ, ਉਨ੍ਹਾਂ ਦੇ ਫੱਟ ਸਿਊਣ ਆਦਿ 'ਤੇ ਲਾਏ। ਉਹ ਓਨੀ ਦੇਰ ਤੱਕ ਇਹ ਕੰਮ ਕਰਦਾ ਰਿਹਾ ਜਦੋਂ ਤਕ ਖ਼ੁਦ ਨਿਢਾਲ ਹੋ ਕੇ ਡਿੱਗ ਨਹੀਂ ਪਿਆ।

ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਤੋਂ ਬਾਅਦ ਪੰਜ ਸੌ ਦੇ ਕਰੀਬ ਕੈਦੀਆਂ ਨੇ ਕੈਦ ਤੋਂ ਮੁਕਤੀ ਪਾਉਣ ਦੇ ਹੀਲੇ-ਵਸੀਲੇ ਸ਼ੁਰੂ ਕਰ ਦਿੱਤੇ। ਰਾਸ਼ਨ ਵਾਲੇ ਸਟੋਰ ਦਾ ਸਲਾਮਤ ਹੋਣਾ ਇਸ ਕੰਮ ਵਿੱਚ ਮਦਦਗਾਰ ਸਾਬਤ ਹੋਇਆ। ਕੈਂਪ ਤੋੜਨ ਦੀਆਂ ਇੱਕਾ-ਦੁੱਕਾ ਘਟਨਾਵਾਂ ਪਹਿਲਾਂ ਵੀ ਹੋ ਚੁੱਕੀਆਂ ਸਨ। ਉਨ੍ਹਾਂ ਵਿੱਚੋਂ ਬਹੁਤੀਆਂ ਨਾਕਾਮ ਰਹੀਆਂ ਸਨ। ਇਸੇ ਨਾਕਾਮੀ ਤੋਂ ਸਬਕ ਇਹੋ ਮਿਲਿਆ ਸੀ ਕਿ ਜੇਕਰ ਸਵਿਟਜ਼ਰਲੈਂਡ ਪਹੁੰਚਣਾ ਹੈ ਤਾਂ ਪੈਦਲ ਜਾਣਾ ਪਵੇਗਾ, ਉਹ ਵੀ ਖੇਤਾਂ ਤੇ ਜੰਗਲਾਂ ਦੇ ਰਸਤੇ। ਲਿਹਾਜ਼ਾ, ਬਹੁਤੇ ਜੰਗੀ ਕੈਦੀ ਨਿੱਕੀਆਂ ਨਿੱਕੀਆਂ ਟੋਲੀਆਂ ਦੇ ਰੂਪ ਵਿੱਚ ਨਿਕਲੇ। ਕੋਈ ਟੋਲੀ ਚਾਰ ਜਣਿਆਂ ਦੀ ਰਹੀ ਅਤੇ ਕੋਈ ਵੀਹ ਦੀ। ਕਈ ਟੋਲੀਆਂ ਭਟਕ ਗਈਆਂ ਅਤੇ ਜਰਮਨ ਫ਼ੌਜੀ ਟੁਕੜੀਆਂ ਵੱਲੋਂ ਫਿਰ ਬੰਦੀ ਬਣਾ ਲਈਆਂ ਗਈਆਂ। ਕੁਝ ਕੈਦੀ, ਜਰਮਨਾਂ ਦੇ ਫਰਾਂਸੀਸੀ ਦਸਤਗੀਰਾਂ (ਟੋਡੀਆਂ) ਨੇ ਜਾਂ ਤਾਂ ਕਾਬੂ ਕਰ ਲਏ ਅਤੇ ਜਾਂ ਬੰਦੂਕਾਂ ਨਾਲ ਫੁੰਡ ਦਿੱਤੇ। ਪਰ ਢਾਈ ਸੌ ਦੇ ਕਰੀਬ ਭਾਰਤੀ ਸਥਾਨਕ ਵਸੋਂ, ਖ਼ਾਸ ਕਰ ਕੇ ਮੁਕਾਮੀ ਕਿਸਾਨਾਂ ਤੇ ਮੁਕਤੀ ਯੋਧਿਆਂ (ਮਾਰਕੁਈਜ਼) ਦੀ ਮਦਦ ਨਾਲ ਸਵਿੱਸ ਬਾਰਡਰ ਤੱਕ ਸੁਰੱਖਿਅਤ ਪਹੁੰਚ ਗਏ। ਕਈਆਂ ਲਈ ਇਸ ਜੱਦੋਜਹਿਦ ਨੇ ਮਹਿਜ਼ 15 ਦਿਨ ਲਏ ਅਤੇ ਕਈ ਹੋਰਨਾਂ ਲਈ ਦੋ ਮਹੀਨੇ। ਜਿਨ੍ਹਾਂ ਫਰਾਂਸੀਸੀਆਂ ਨੇ ਇਹ ਮਦਦ ਕੀਤੀ, ਉਨ੍ਹਾਂ ਨੇ ਆਪਣੀ ਜਾਨ ਤਲੀ 'ਤੇ ਧਰ ਕੇ ਕੀਤੀ। ਬੋਵਮੈਨ ਦੇ ਦੱਸਣ ਅਨੁਸਾਰ ਮਦਦ ਕਰਨ ਵਾਲਿਆਂ ਨੂੰ ਇਹ ਪਤਾ ਸੀ ਕਿ ਜੇਕਰ ਉਹ ਜਰਮਨ ਗਸ਼ਤੀ ਟੁਕੜੀਆਂ ਦੇ ਕਾਬੂ ਆ ਗਏ ਤਾਂ ਭਾਰਤੀ ਕੈਦੀਆਂ ਨੂੰ ਤਾਂ ਵਾਪਸ 'ਕੈਦੀ ਕੈਂਪਾਂ' ਵਿੱਚ ਪਰਤਾ ਦਿੱਤਾ ਜਾਵੇਗਾ, ਪਰ ਉਨ੍ਹਾਂ ਦੇ ਫਰੈਂਚ ਮਦਦਗਾਰਾਂ ਨੂੰ ਚੌਰਾਹਿਆਂ ਵਿੱਚ ਖੜ੍ਹੇ ਕਰ ਕੇ ਗੋਲੀਆਂ ਨਾਲ ਉਡਾ ਦਿੱਤਾ ਜਾਵੇਗਾ। ਅਜਿਹੇ ਖ਼ਤਰਿਆਂ ਦੇ ਬਾਵਜੂਦ ਉਨ੍ਹਾਂ ਨੇ ਭਾਰਤੀ ਕੈਦੀਆਂ ਦੀ ਮਦਦ ਕਰਨ ਵਾਲਾ ਰਾਹ ਅਪਣਾਇਆ। ਉਹ ਵੀ ਪੂਰੀ ਅਪਣੱਤ ਨਾਲ। ਇਹ ਵੀ ਜ਼ਿਕਰਯੋਗ ਹੈ ਕਿ ਅਜਿਹੀ ਮਦਦ ਤੋਂ ਪ੍ਰਭਾਵਿਤ ਹੋਏ ਕਈ ਭਾਰਤੀ ਫ਼ੌਜੀਆਂ ਨੇ ਸਵਿਟਜ਼ਰਲੈਂਡ ਜਾਣ ਦੀ ਥਾਂ ਮੁਕਤੀ ਯੋਧਿਆਂ ਦਾ ਸਾਥ ਦੇਣਾ ਵਾਜਬ ਸਮਝਿਆ। ਇਨ੍ਹਾਂ ਵਿੱਚੋਂ ਇੱਕ ਗੋਰਖੇ ਹਰਕੇਸ਼ ਬਹਾਦਰ ਗੁਰੰਗ ਵੱਲੋਂ ਇੱਕ ਜਰਮਨ ਗਸ਼ਤੀ ਪਾਰਟੀ ਦਾ ਮੁਖ਼ਰੀ ਨਾਲ ਸਫ਼ਾਇਆ ਕਰਨ ਦੀ ਕਹਾਣੀ 'ਦਿ ਗ੍ਰੇਟ ਐਪੀਨਲ ਐਸਕੇਪ' ਦਾ ਅਹਿਮ ਅੰਗ ਹੈ। ਦਰਅਸਲ, ਕੈਂਪ ਦੇ 12 ਚੈਪਟਰਾਂ ਵਿੱਚੋਂ ਛੇ, ਭਾਰਤੀ ਕੈਦੀਆਂ ਦੀ ਫਰਾਂਸੀਸੀ ਲੋਕਾਂ ਵੱਲੋਂ ਮਦਦ ਨਾਲ ਜੁੜੀਆਂ ਗਾਥਾਵਾਂ 'ਤੇ ਹੀ ਆਧਾਰਿਤ ਹਨ।

ਆਪਣੇ ਬਿਰਤਾਂਤ ਦੇ ਆਖ਼ਰੀ ਤਿੰਨ ਪੈਰਿਆਂ ਵਿੱਚ ਬੋਵਮੈਨ ਲਿਖਦਾ ਹੈ ਕਿ ਉਸ ਦੀ ਕਿਤਾਬ "ਮਨੁੱਖੀ ਸਮਰੱਥਾ ਨਾਲ ਜੁੜੀਆਂ ਸੰਭਾਵਨਾਵਾਂ ਦੀ ਗਾਥਾ ਹੈ। ਇਹ ਉਨ੍ਹਾਂ ਯੋਧਿਆਂ ਦੀ ਗਾਥਾ ਹੈ ਜਿਨ੍ਹਾਂ ਨੇ ਮੌਕਾ ਮਿਲਦਿਆਂ ਹੀ ਕਾਰਵਾਈ ਕਰਨ ਦੀ ਜੁਰੱਅਤ ਦਿਖਾਈ; ਸਥਿਤੀ ਨੂੰ ਬੇਕਾਬੂ ਨਹੀਂ ਹੋਣ ਦਿੱਤਾ, ਬੇਤਕਦੀਰੇ ਹੋਣ ਦੇ ਬਾਵਜੂਦ ਉਨ੍ਹਾਂ ਨੇ ਤਕਦੀਰ ਨੂੰ ਮੁੜ ਆਪਣੇ ਕਾਬੂ 'ਚ ਕੀਤਾ ਅਤੇ ਕੈਦਖ਼ਾਨੇ ਦੇ ਮਲਬੇ ਵਿੱਚੋਂ ਆਜ਼ਾਦੀ ਦੇ ਸਰਹੱਦੀ ਥੰਮ੍ਹ ?ਹਲਿਆਂ ਤੱਕ ਪੁੱਜਣ ਦਾ ਸੁਪਨਾ ਸੰਜੋਇਆ। ਜਿਹੜੇ ਇਹ ਸੁਪਨਾ ਸਾਕਾਰ ਨਹੀਂ ਕਰ ਸਕੇ, ਉਹ ਵੀ ਕਿਸੇ ਤਰ੍ਹਾਂ ਊਣੇ ਨਹੀਂ ਸਨ। ਉਨ੍ਹਾਂ ਨੇ ਕੋਸ਼ਿਸ਼ ਤਾਂ ਕੀਤੀ। ... ਭਾਰਤੀ ਜੰਗੀ ਕੈਦੀਆਂ ਨੇ ਉਹ ਸਭ ਕੁਝ ਕੀਤਾ ਜੋ ਗੋਰੇ ਬ੍ਰਿਟਿਸ਼ ਕੈਦੀਆਂ ਨੇ ਕੀਤਾ; ਭਾਸ਼ਾਵਾਂ ਸਿੱਖੀਆਂ, ਸੰਗੀਤ ਨਾਲ ਸਾਂਝ ਪਾਈ, ਸੁਰੰਗਾਂ ਪੁੱਟੀਆਂ, ਵਾੜਾਂ ਤੇ ਕੰਧਾਂ ਵਿੱਚ ਸੰਨ੍ਹਾਂ ਲਾਉਣ ਦੀਆਂ ਵਿਧੀਆਂ ਅਜ਼ਮਾਈਆਂ ਅਤੇ ਇਸ ਤੋਂ ਵੀ ਵੱਧ, ਜੰਗਲਾਂ-ਬੇਲਿਆਂ ਵਿੱਚ ਲੁਕਣ ਅਤੇ ਬਰਫ਼ਾਨੀ ਨਦੀਆਂ-ਨਾਲਿਆਂ ਨਾਲ ਸਿੱਝਣ ਦੀ ਬਿਹਤਰ ਸਮਰੱਥਾ ਦਿਖਾਈ। ਅਜਿਹੇ ਯੋਧਿਆਂ ਦੀ ਦਾਸਤਾਂ, ਜੱਗ ਜ਼ਾਹਿਰ ਹੋਣੀ ਚਾਹੀਦੀ ਸੀ। ਮੈਂ ਜੋ ਵੀ ਲਿਖਿਆ ਹੈ, ਇਸੇ ਅਕੀਦੇ ਨੂੰ ਮੁੱਖ ਰੱਖ ਕੇ ਲਿਖਿਆ ਹੈ।" ਸਜਦੇ ਦਾ ਹੱਕਦਾਰ ਹੈ ਇਹ ਅਕੀਦਾ।

# ਅਮਰੀਕਾ 'ਚ ਵਾਪਰੇ ਭਿਆਨਕ ਸੜਕ ਹਾਦਸੇ

ਸੜਕ ਹਾਦਸਿਆਂ ਕਾਰਨ ਹਰ ਰੋਜ਼ ਬਹੁਤ ਲੋਕ ਆਪਣੀ ਜਾਨ ਗੁਆ ਬੈਠਦੇ ਹਨ। ਇਹ ਹਾਦਸੇ ਕਾਹਲੀ ਤੇ ਲਾਪਰਵਾਹੀ ਕਾਰਨ ਵਾਪਰਦੇ ਹਨ। ਇਨ੍ਹਾਂ ਨੂੰ ਘੱਟ ਕਰਨ ਲਈ ਸਰਕਾਰ ਦੁਆਰਾ ਕਈ ਸਾਵਧਾਨੀਆਂ ਵਰਤਣ ਲਈ ਕਿਹਾ ਜਾਂਦਾ ਹੈ। ਸੜਕ ਹਾਦਸਿਆਂ ਤੋਂ ਬਚਣ ਲਈ ਸਾਨੂੰ ਟਰੈਫਿਕ ਲਾਈਟਾਂ ਅਤੇ ਚਿੰਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਵਾਜਾਈ ਦੇ ਨਿਯਮਾਂ ਦੀ ਚੰਗੀ ਤਰ੍ਹਾਂ ਪਾਲਣਾ ਕਰਨ ਨਾਲ ਹੀ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ। ਕਈ ਵਿਅਕਤੀਆਂ ਨੂੰ ਟਰੈਫਿਕ ਨਿਯਮਾਂ ਅਤੇ ਟਰੈਫਿਕ ਚਿੰਨ੍ਹਾਂ ਦੀ ਜਾਣਕਾਰੀ ਨਹੀਂ ਹੁੰਦੀ ਜਿਸ ਕਾਰਨ ਉਹ ਹਾਦਸੇ ਦਾ ਸ਼ਿਕਾਰ ਬਣ ਜਾਂਦੇ ਹਨ। ਅਸੀਂ ਹਰ ਰੋਜ਼ ਭਿਆਨਕ ਹਾਦਸੇ ਹੁੰਦੇ ਦੇਖਦੇ ਤੇ ਸੁਣਦੇ ਹਾਂ।

ਇਹ ਹਾਦਸੇ ਹਰ ਜਗ੍ਹਾ, ਖੇਤਰ, ਪਿੰਡ, ਸ਼ਹਿਰ, ਦੇਸ਼ ਅਤੇ ਵਿਦੇਸ਼ ਵਿਚ ਹੁੰਦੇ ਹਨ ਜਿਨ੍ਹਾਂ ਵਿਚ ਹਰ ਰੋਜ਼ ਸੈਂਕੜੇ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਇਨ੍ਹਾਂ ਹਾਦਸਿਆਂ ਤੋਂ ਬਚਣ ਲਈ ਸਾਨੂੰ ਹਮੇਸ਼ਾ ਸਾਵਧਾਨੀ ਵਰਤਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿਚ ਟਰੱਕ ਹਾਦਸੇ ਵੀ ਵਧ ਗਏ ਹਨ। ਆਪਣੇ ਮੁਕਾਮ 'ਤੇ ਜਲਦੀ ਪੁੱਜਣ ਲਈ ਕਈ ਡਰਾਈਵਰ ਕਾਹਲੀ ਵਰਤਦੇ ਹਨ ਤੇ ਰਸਤੇ ਵਿਚ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ।

ਇੱਥੇ ਅਸੀਂ ਅਮਰੀਕਾ ਵਿਚ ਹੋ ਰਹੇ ਭਿਆਨਕ ਟਰੱਕ ਹਾਦਸਿਆਂ 'ਤੇ ਇਕ ਪੰਛੀ ਝਾਤ ਪਾ ਰਹੇ ਹਾਂ। ਸਾਲ 1963 ਵਿਚ ਕੈਲੀਫੋਰਨੀਆ ਦੀ ਸਾਲੀਨਸ ਵਾਦੀ 'ਚ ਇਕ ਟਰੇਨ ਦੁਆਰਾ ਫਲੈਟਬੈੱਡ ਟਰੱਕ, ਜਿਸ ਵਿਚ ਕਾਮੇ ਬੈਠੇ ਸਨ, ਨੂੰ ਰੇਲਵੇ ਕਰਾਸਿੰਗ 'ਤੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ 32 ਲੋਕਾਂ ਦੀ ਮੌਤ ਹੋਈ ਸੀ ਅਤੇ 25 ਜ਼ਖ਼ਮੀ ਹੋਏ ਸਨ। ਇਹ ਅਮਰੀਕਾ ਦਾ ਸਭ ਤੋਂ ਭਿਆਨਕ ਹਾਦਸਾ ਮੰਨਿਆ ਜਾਂਦਾ ਹੈ।

ਉਸ ਤੋਂ ਬਾਅਦ ਸਾਲ 1972 ਵਿਚ ਟੈਨੇਸੀ ਦੇ ਯੂਐੱਸ ਰੂਟ 11ਡਬਲਯੂ 'ਤੇ ਇਕ ਡੈਕਰ ਬੱਸ ਅਤੇ ਟਰੈਕਟਰ-ਟਰੇਲਰ ਵਿਚਕਾਰ ਸਿੱਧੀ ਟੱਕਰ ਹੋਈ ਸੀ। ਹਾਦਸੇ ਵਿਚ 14 ਲੋਕਾਂ ਦੀ ਮੌਤ ਹੋ ਗਈ ਸੀ। ਸਾਲ 1990 ਵਿਚ ਧੁੰਦ ਕਾਰਨ 99 ਵਾਹਨਾਂ ਦੀ ਟੱਕਰ ਹੋਈ ਸੀ ਜਿਸ ਵਿਚ 12 ਲੋਕਾਂ ਦੀ ਮੌਤ ਅਤੇ 42 ਜ਼ਖ਼ਮੀ ਹੋਏ ਸਨ। ਫਿਰ ਸਾਲ 1988 'ਚ ਕੈਂਟਕੀ ਵਿਚ ਨਸ਼ੇ ਵਿਚ ਡਰਾਈਵ ਕਰ ਰਹੇ ਪਿਕਅੱਪ ਡਰਾਈਵਰ ਨੇ ਚਰਚ ਯੂਥ ਗਰੁੱਪ ਦੀ ਬੱਸ ਨਾਲ ਸਿੱਧੀ ਟੱਕਰ ਮਾਰੀ ਸੀ। ਬੱਸ ਵਿਚ ਅੱਗ ਲੱਗਣ ਕਾਰਨ 27 ਲੋਕਾਂ ਦੀ ਮੌਤ ਅਤੇ 34 ਜ਼ਖ਼ਮੀ ਹੋਏ ਸਨ।

ਇਸ ਸੜਕ ਹਾਦਸੇ ਵਿਚ ਕਈ ਘਰ ਉੱਜੜ ਗਏ ਸਨ। ਸਾਲ 1991 ਵਿਚ ਇਕ ਭਿਆਨਕ ਤੂਫ਼ਾਨ ਕਾਰਨ ਬਹੁਤ ਸਾਰੇ ਵਾਹਨਾਂ ਦੀ ਟੱਕਰ ਹੋਈ ਸੀ ਜਿਸ ਵਿਚ 17 ਲੋਕਾਂ ਦੀਆਂ ਮੌਤ ਤੇ 150 ਫੱਟੜ ਹੋਏ ਸਨ। ਸਾਲ 2002 ਵਿਚ ਧੁੰਦ ਕਾਰਨ ਜਾਰਜੀਆ ਵਿਚ 125 ਵਾਹਨਾਂ ਦੀ ਟੱਕਰ ਹੋਈ ਸੀ। ਸੰਨ 2015 'ਚ 193 ਵਾਹਨਾਂ ਦੀ ਟੱਕਰ ਹੋਈ ਸੀ। ਟਰੱਕਾਂ ਵਿਚ ਐਸਿਡ ਹੋਣ ਕਾਰਨ 1 ਵਿਅਕਤੀ ਦੀ ਮੌਤ ਅਤੇ 23 ਗੰਭੀਰ ਜ਼ਖ਼ਮੀ ਹੋਏ ਸਨ। ਸਾਲ 2016 ਵਿਚ ਪਾਮ ਸਪ੍ਰਿੰਗਰ, ਕੈਲੀਫੋਰਨੀਆ ਵਿਚ ਇਕ ਟੂਰ ਬੱਸ ਨੇ ਇੰਟਰਸਟੇਟ 10 'ਤੇ ਇਕ ਸੈਮੀ-ਟਰੱਕ ਦੇ ਪਿੱਛੇ ਟੱਕਰ ਮਾਰੀ ਸੀ।

ਇਸ ਹਾਦਸੇ ਵਿਚ 13 ਲੋਕਾਂ ਦੀ ਮੌਤ ਹੋ ਗਈ ਸੀ ਅਤੇ 31 ਫੱਟੜ ਹੋਏ ਸਨ। ਸੰਨ 2018 'ਚ ਨਿਊ ਮੈਕਸੀਕੋ 'ਚ ਇਕ ਬੱਸ ਨਾਲ ਸੈਮੀ ਟਰੱਕ ਟਕਰਾਇਆ ਸੀ। ਇਹ ਹਾਦਸਾ 8 ਲੋਕਾਂ ਦੀ ਮੌਤ ਦਾ ਕਾਰਨ ਬਣਿਆ ਸੀ। ਪੱਛੀ ਅਪ੍ਰੈਲ 2019 ਨੇੜੇ ਲਕੇਵੁੱਡ ਕੋਲੋਰਾਡੋ 'ਚ ਇਕ ਸੈਮੀ ਟਰੱਕ ਹਾਦਸੇ ਦਾ ਸ਼ਿਕਾਰ ਹੋਇਆ। ਉਸ ਦੀ ਬ੍ਰੇਕ ਫੇਲ੍ਹ ਹੋ ਗਈ ਸੀ ਅਤੇ ਉਹ ਤੇਜ਼ੀ ਨਾਲ ਅੱਗੇ ਵਧਦਾ ਗਿਆ । ਇਸ ਵਿਚ 4 ਲੋਕਾਂ ਦੀ ਮੌਤ ਹੋ ਗਈ ਸੀ।

ਇਹ ਹਾਦਸਾ ਵੀ ਇਕ ਭਿਆਨਕ ਹਾਦਸਾ ਮੰਨਿਆ ਜਾਂਦਾ ਹੈ। ਸਾਲ 2020 ਵਿਚ 4,965

**-ਹਰਪ੍ਰੀਤ ਕੌਰ ਸੇਖੋਂ**

ਲੋਕ ਮਾਰੇ ਗਏ ਜੋ ਕਿ ਲਾਰਜ ਟਰੱਕ ਇਨਵੌਲਵਡ ਹਾਦਸਿਆ ਵਿਚ ਮੌਤਾਂ ਦੀ ਗਿਣਤੀ ਸੀ। ਬਾਰਾਂ ਅਗਸਤ 2025 ਨੂੰ ਅਮਰੀਕਾ ਵਿਚ ਇਕ ਵੱਡਾ ਹਾਦਸਾ ਵਾਪਰਿਆ ਹੈ ਜਿਸ ਵਿਚ ਇਕ ਪੰਜਾਬੀ ਨੌਜਵਾਨ



ਹਰਜਿੰਦਰ ਸਿੰਘ, ਜਿਹੜਾ 2018 ਵਿਚ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਇਆ ਸੀ ਤੇ ਅੱਜ-ਕੱਲ੍ਹ ਇਕ ਟਰੱਕ ਚਲਾ ਰਿਹਾ ਸੀ, ਉਸ ਦੁਆਰਾ ਗ਼ਲਤ ਯੂ-ਟਰਨ ਮਾਰਨ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ।

ਇਹ ਹਾਦਸਾ ਫਲੋਰੀਡਾ ਵਿਚ ਵਾਪਰਿਆ। ਉਸ ਤੋਂ ਬਾਅਦ ਹਰਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਤੋਂ ਕੁਝ ਸਵਾਲ ਜੋ ਕਿ ਅੰਗਰੇਜ਼ੀ ਵਿਚ ਸਨ ਅਤੇ ਸੜਕ ਚਿੰਨ੍ਹ ਦਿਖਾ ਕੇ ਪੁੱਛੇ ਗਏ, ਉਹ 12 ਸਵਾਲਾਂ ਵਿੱਚੋਂ ਸਿਰਫ਼ 2 ਦੇ ਜਵਾਬ ਹੀ ਦੇਣ ਵਿਚ ਸਮਰੱਥ ਹੋ ਸਕਿਆ ਅਤੇ ਇਕ ਸੜਕ ਚਿੰਨ੍ਹ ਦੀ ਹੀ ਪਛਾਣ ਉਸ ਦੁਆਰਾ ਸਹੀ ਕੀਤੀ ਗਈ। ਇਸ ਹਾਦਸੇ ਤੋਂ ਬਾਅਦ ਅਮਰੀਕਾ ਦੀ ਸਰਕਾਰ ਦੁਆਰਾ ਭਾਰਤੀ ਟਰੱਕ ਡਰਾਈਵਰਾਂ 'ਤੇ ਕਾਫ਼ੀ ਸਖ਼ਤੀ ਕਰ ਦਿੱਤੀ ਗਈ ਹੈ। ਉਨ੍ਹਾਂ ਲਈ ਅੰਗਰੇਜ਼ੀ ਆਉਣੀ ਲਾਜ਼ਮੀ ਕਰ ਦਿੱਤੀ ਗਈ ਹੈ। ਜੇਕਰ ਹਰਜਿੰਦਰ ਸਿੰਘ 'ਤੇ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ ਲੰਬੀ ਕੈਦ ਹੋ ਸਕਦੀ ਹੈ ਤੇ ਸਜ਼ਾ ਭੁਗਤਣ ਮਗਰੋਂ ਡਿਪੋਰਟ ਕਰ ਦਿੱਤਾ ਜਾਵੇਗਾ।

# ਖ਼ਤਰੇ ਦੇ ਨਿਸ਼ਾਨ : ਸਮੁੱਚਾ ਪੰਜਾਬ ਹੜ੍ਹਾਂ ਦੀ ਮਾਰ ਹੇਠ

ਭਿਆਨਕ ਹੜ੍ਹਾਂ ਨੇ ਹੁਣ ਸਮੁੱਚਾ ਪੰਜਾਬ ਆਪਣੀ ਲਪੇਟ 'ਚ ਲੈ ਲਿਆ ਹੈ। ਪਹਿਲਾਂ ਪਹਾੜਾਂ ਦੇ ਪਾਣੀ ਨੇ ਮਾਰ ਕੀਤੀ ਸੀ ਅਤੇ ਹੁਣ ਸੂਬੇ 'ਚ ਪਏ ਭਾਰੀ ਮੀਂਹ ਕਾਰਨ ਸੂਬੇ ਦਾ ਹਰ ਜ਼ਿਲ੍ਹਾ ਹੜ੍ਹਾਂ ਤੋਂ ਪ੍ਰਭਾਵਿਤ ਹੋ ਗਿਆ ਹੈ। ਸੂਬੇ 'ਚ 1400 ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਜਦੋਂ ਕਿ ਗੁਰਦਾਸਪੁਰ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਜਿੱਥੋਂ ਦੇ 324 ਪਿੰਡ ਲਪੇਟ 'ਚ ਆਏ ਹਨ। ਅੰਮ੍ਰਿਤਸਰ ਦੇ 135 ਪਿੰਡ ਅਤੇ ਹੁਸ਼ਿਆਰਪੁਰ ਦੇ 119 ਪਿੰਡ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਸਰਕਾਰੀ ਰਿਪੋਰਟ ਅਨੁਸਾਰ ਹੜ੍ਹਾਂ ਕਾਰਨ ਹੁਣ ਤੱਕ 30 ਜਾਨਾਂ ਚਲੀਆਂ ਗਈਆਂ ਹਨ। ਲੁਧਿਆਣਾ ਜ਼ਿਲ੍ਹੇ 'ਚ ਅੱਜ ਤਿੰਨ ਬੱਚੇ ਕਰੰਟ ਲੱਗਣ ਅਤੇ ਛੱਤ ਡਿੱਗਣ ਕਾਰਨ ਮੌਤ ਦੇ ਮੂੰਹ ਜਾ ਪਏ ਹਨ।

ਸੂਬੇ ਦੇ 3.54 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ। ਹੁਣ ਤੱਕ ਪਾਣੀ 'ਚ ਫਸੇ 19,597 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ ਅਤੇ 171 ਰਾਹਤ ਕੈਂਪਾਂ 'ਚ 5,167 ਲੋਕ ਪਹੁੰਚਾਏ ਗਏ ਹਨ। ਸੂਬੇ 'ਚ ਹੜ੍ਹਾਂ ਦਾ ਖ਼ਤਰਾ ਹਾਲੇ ਘਟਿਆ ਨਹੀਂ ਹੈ ਕਿਉਂਕਿ ਘੱਗਰ ਦਾ ਪਾਣੀ ਹੁਣ ਖ਼ਤਰੇ ਦੇ ਨਿਸ਼ਾਨ ਨੇੜੇ ਪਹੁੰਚ ਗਿਆ ਹੈ ਜਦੋਂ ਕਿ ਸਤਲੁਜ ਦਰਿਆ 'ਚ ਵਧੇ ਪਾਣੀ ਨੇ ਸੈਂਕੜੇ ਪਿੰਡਾਂ ਦੇ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ।

ਬੇਸ਼ੱਕ ਮੀਂਹ ਦੀ ਤੇਜ਼ ਰਫ਼ਤਾਰ ਨੂੰ ਠੱਲ੍ਹ ਪਈ ਹੈ ਪ੍ਰੰਤੂ ਕਪੂਰਥਲਾ ਤੇ ਰੋਪੜ ਜ਼ਿਲ੍ਹੇ 'ਚ ਸਤਲੁਜ ਨੇੜਲੇ ਖ਼ਿੱਤਿਆਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਸਿਵਲ ਤੇ ਪੁਲੀਸ ਪ੍ਰਸ਼ਾਸਨ ਸਤਲੁਜ 'ਤੇ ਬਣੇ ਬੰਨ੍ਹਾਂ 'ਤੇ ਨਜ਼ਰ ਰੱਖ ਰਹੇ ਹਨ। ਮੌਸਮ ਵਿਭਾਗ ਨੇ ਭਲਕੇ ਪਠਾਨਕੋਟ ਤੇ ਗੁਰਦਾਸਪੁਰ 'ਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਪਹਾੜਾਂ ਤੋਂ ਇਲਾਵਾ ਪੰਜਾਬ 'ਚ ਪਈ ਬਾਰਸ਼ ਨੇ ਸਤਲੁਜ ਤੇ ਘੱਗਰ 'ਚ ਪਾਣੀ ਦੀ ਮਾਤਰਾ ਇਕਦਮ ਵਧਾ ਦਿੱਤੀ ਹੈ। ਵੇਰਵਿਆਂ ਅਨੁਸਾਰ ਘੱਗਰ 'ਚ ਮੀਂਹ ਦੇ ਪਾਣੀ ਅਤੇ ਟਾਂਗਰੀ-ਮਾਰਕੰਡਾ ਦੇ ਪਾਣੀ ਨੇ ਉਛਾਲ ਲਿਆਂਦਾ ਹੈ। ਜਲ ਸਰੋਤ ਵਿਭਾਗ ਨੇ ਘੱਗਰ 'ਤੇ 24 ਘੰਟੇ ਲਈ ਮੁਲਾਜ਼ਮਾਂ ਤੇ ਅਫ਼ਸਰਾਂ ਦੀ ਤਾਇਨਾਤੀ ਕਰ ਦਿੱਤੀ ਹੈ।

ਘੱਗਰ 'ਚ 8,722 ਕਿਊਸਕ ਪਾਣੀ ਆਇਆ ਸੀ ਪ੍ਰੰਤੂ ਪਿਛਲੇ ਦਿਨਾਂ 'ਚ 70 ਹਜ਼ਾਰ ਕਿਊਸਕ ਪਾਣੀ ਚੱਲਣ ਕਰਕੇ ਖਨੌਰੀ ਲਾਗੇ ਪਾਣੀ ਖ਼ਤਰੇ ਦੇ ਨਿਸ਼ਾਨ ਨੂੰ ਛੂਹ ਗਿਆ ਹੈ। ਖਨੌਰੀ 'ਚ 748 ਫੁੱਟ 'ਤੇ ਖ਼ਤਰੇ ਦਾ ਨਿਸ਼ਾਨ ਹੈ ਅਤੇ ਇਸ ਵੇਲੇ ਪਾਣੀ 747.8 ਫੁੱਟ 'ਤੇ ਪਹੁੰਚ ਗਿਆ ਹੈ। ਸਰਦੂਲਗੜ੍ਹ ਕੋਲ ਖ਼ਤਰੇ ਦਾ ਨਿਸ਼ਾਨ 20 ਫੁੱਟ 'ਤੇ ਹੈ ਅਤੇ ਪਾਣੀ 19.3 ਫੁੱਟ ਤੱਕ ਚੜ੍ਹ ਗਿਆ ਹੈ। ਘੱਗਰ ਲਈ ਵੱਡਾ ਖ਼ਤਰਾ ਟਾਂਗਰੀ ਤੇ ਮਾਰਕੰਡਾ ਨਦੀ ਬਣੀ ਹੈ। ਟਾਂਗਰੀ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈ ਹੈ ਅਤੇ ਇਸ ਵੇਲੇ 41,396 ਕਿਊਸਕ ਪਾਣੀ ਚੱਲ ਰਿਹਾ ਹੈ। ਮਾਰਕੰਡਾ 'ਚ ਖ਼ਤਰੇ ਦੇ ਨਿਸ਼ਾਨ 22 ਫੁੱਟ ਦੀ ਥਾਂ 'ਤੇ ਇਸ ਵੇਲੇ 21.4 ਫੁੱਟ ਪਾਣੀ ਚੱਲ ਰਿਹਾ ਹੈ। ਕੈਬਨਿਟ ਮੰਤਰੀਆਂ ਬਰਿੰਦਰ ਕੁਮਾਰ ਗੋਇਲ ਅਤੇ ਅਮਨ ਅਰੋੜਾ ਨੇ ਅੱਜ ਘੱਗਰ ਦੇ ਖ਼ਤਰੇ ਦੇ ਮੱਦੇਨਜ਼ਰ ਪਿੰਡ ਮਕਰੋੜ ਸਾਹਿਬ ਕੋਲ ਘੱਗਰ ਦੇ ਪਾਣੀ ਦਾ ਜਾਇਜ਼ਾ ਲਿਆ।

ਪਟਿਆਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ 'ਚ ਘੱਗਰ ਨੇ ਲੋਕਾਂ ਦੇ ਸਾਹ ਸੂਤ ਦਿੱਤੇ ਹਨ। ਮਾਲਵਾ ਖ਼ਿੱਤਾ ਇਸ ਵੇਲੇ ਘੱਗਰ ਕਾਰਨ ਜੋਖ਼ਮ 'ਚੋਂ ਗੁਜ਼ਰ ਰਿਹਾ ਹੈ। ਸਤਲੁਜ ਦਰਿਆ ਦਾ ਪਾਣੀ ਵੀ ਖ਼ਤਰੇ ਦੇ ਨਿਸ਼ਾਨ 'ਤੇ ਚੱਲ ਰਿਹਾ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1677.29 ਫੁੱਟ ਹੈ ਅਤੇ ਪਹਾੜਾਂ 'ਚੋਂ ਹਾਲੇ ਵੀ ਇੱਕ ਲੱਖ ਕਿਊਸਕ ਪਾਣੀ ਦੀ ਡੈਮ 'ਚ ਆਮਦ ਹੈ। ਭਾਖੜਾ 'ਚੋਂ ਸਤਲੁਜ 'ਚ ਇਸ ਵੇਲੇ 65 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ। ਕੰਢੀ ਖੇਤਰ 'ਚ ਮੀਂਹ ਪੈਣ ਕਾਰਨ ਚੋਆਂ ਦਾ ਪਾਣੀ 24 ਘੰਟੇ ਤੋਂ ਇਕੱਠਾ ਹੋ ਕੇ ਸਤਲੁਜ ਵਿੱਚ ਪੈ ਰਿਹਾ ਹੈ ਜਿਸ ਨਾਲ ਸਤਲੁਜ 'ਚ ਪਾਣੀ 80 ਹਜ਼ਾਰ ਕਿਊਸਕ ਹੋ ਗਿਆ ਹੈ। ਚਿੱਟੀ ਵੇਈਂ ਤੇ ਕਾਲੀ ਵੇਈਂ ਵੀ ਓਵਰਫਲੋਅ ਹੋ ਗਈ ਹੈ ਅਤੇ ਚਿੱਟੀ ਵੇਈਂ ਦਾ ਪਾਣੀ ਵੀ ਗਿੱਦੜਪਿੰਡੀ ਕੋਲ ਸਤਲੁਜ 'ਚ ਪਿਆ ਹੈ। ਗਿੱਦੜਪਿੰਡੀ ਕੋਲ ਸਤਲੁਜ 'ਚ ਡੇਢ ਲੱਖ ਕਿਊਸਕ ਪਾਣੀ ਚੱਲ ਰਿਹਾ ਹੈ।



*ਪਹਿਲੀ ਅਕਤੂਬਰ ਤੋਂ ਝੋਨੇ ਦੀ ਫ਼ਸਲ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ ਅਤੇ ਇਸ ਵੇਲੇ ਝੋਨੇ ਦੀ ਫ਼ਸਲ ਜੋਬਨ 'ਤੇ ਸੀ। ਇਸੇ ਤਰ੍ਹਾਂ 21,545 ਏਕੜ ਗੰਨੇ ਦੀ ਫ਼ਸਲ ਮਾਰ ਹੇਠ ਆਈ ਹੈ ਜਦੋਂ ਕਿ 49,496 ਏਕੜ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ। ਨਰਮਾ ਪੱਟੀ ਲਈ ਇਹ ਬਾਰਸ਼ ਘਾਤਕ ਸਾਬਤ ਹੋਈ ਹੈ। ਮੱਕੀ ਦੀ 11,417 ਏਕੜ ਫ਼ਸਲ ਮਾਰ ਹੇਠ ਆਈ ਹੈ।*

ਦੂਜੇ ਪਾਸੇ ਪੌਂਗ ਡੈਮ ਤੋਂ ਪਾਣੀ ਘਟਾਏ ਜਾਣ ਦੇ ਬਾਵਜੂਦ ਬਿਆਸ ਦਰਿਆ 'ਚ ਪਾਣੀ ਪੌਣੇ ਦੋ ਲੱਖ ਕਿਊਸਕ ਹੋ ਗਿਆ ਹੈ। ਪੰਜਾਬ ਸਰਕਾਰ ਦੀ ਬੇਚੈਨੀ ਵਧਣੀ ਸ਼ੁਰੂ ਹੋ ਗਈ ਹੈ ਕਿਉਂਕਿ ਹਰੀਕੇ ਕੋਲ ਬਿਆਸ ਤੇ ਸਤਲੁਜ ਦਾ ਪਾਣੀ ਮਿਲ ਕੇ ਤਿੰਨ ਲੱਖ ਕਿਊਸਕ ਨੂੰ ਪਾਰ ਕਰ ਚੁੱਕਾ ਹੈ। ਸਤਲੁਜ ਦਰਿਆ 'ਤੇ ਰੋਪੜ ਦੇ ਚਮਕੌਰ ਸਾਹਿਬ ਕੋਲ ਅਤੇ ਇਸੇ ਤਰ੍ਹਾਂ ਨਵਾਂਸ਼ਹਿਰ ਵਿੱਚ ਇੱਕ ਥਾਂ ਤੋਂ ਪੱਥਰਾਂ ਦੀ ਕੰਧ ਵਹਿਣ ਲੱਗ ਪਈ ਹੈ ਜਿਸ ਨੂੰ ਰੋਕਣ ਲਈ ਕੰਮ ਚੱਲ ਰਿਹਾ ਹੈ। ਰੋਪੜ ਦੇ ਪਿੰਡ ਦਾਊਦਪੁਰ ਕੋਲ ਪਾੜ ਪੈਣ ਦਾ ਖ਼ਤਰਾ ਬਣ ਗਿਆ ਹੈ ਜਿਸ ਕਾਰਨ ਫ਼ੌਜ ਸੱਦਣੀ ਪਈ ਹੈ। ਪੰਜਾਬ ਸਰਕਾਰ ਲਈ ਹੁਣ ਘੱਗਰ ਤੇ ਸਤਲੁਜ ਪ੍ਰੀਖਿਆ ਵਾਂਗ ਹਨ। ਇਸੇ ਤਰ੍ਹਾਂ ਮੁੜ ਬਾਰਸ਼ ਪੈਣ ਕਾਰਨ ਰਾਵੀ ਦਰਿਆ ਦਾ ਪਾਣੀ ਵੀ ਮੁੜ ਡਰਾਉਣ ਲੱਗ ਪਿਆ ਹੈ। ਇਹ ਫ਼ਿਕਰ ਵਾਲੀ ਗੱਲ ਹੈ ਕਿ ਰਾਵੀ ਦਰਿਆ ਦੇ ਕਈ ਬੰਨ੍ਹ ਪਾਣੀ 'ਚ ਰੁੜ੍ਹ ਗਏ ਹਨ ਅਤੇ ਇਸ ਵੇਲੇ ਪੌਣੇ ਦੋ ਲੱਖ ਕਿਊਸਕ ਪਾਣੀ ਰਾਵੀ ਵਿੱਚ ਵਹਿ ਰਿਹਾ ਹੈ। ਅਜਨਾਲਾ ਨੇੜਲੇ ਸੱਕੀ ਨਾਲੇ ਦਾ ਪਾਣੀ ਹੁਣ ਅੱਗੇ ਨਿਕਲਣ ਕਰਕੇ ਇਲਾਕੇ 'ਚ ਪਾਣੀ ਦਾ ਫਲੋਅ ਘਟਿਆ ਹੈ। ਹੜ੍ਹਾਂ ਦੀ ਕਰੋਪੀ ਦਾ ਸਭ ਤੋਂ ਵੱਧ ਸਾਹਮਣਾ ਪਠਾਨਕੋਟ, ਡੇਰਾ ਬਾਬਾ ਨਾਨਕ ਅਤੇ ਅਜਨਾਲਾ ਨੂੰ ਕਰਨਾ ਪਿਆ ਹੈ। ਫ਼ਾਜ਼ਿਲਕਾ ਦੇ ਦਰਜਨ ਪਿੰਡ ਸਤਲੁਜ ਦਰਿਆ ਤੇ ਪਿੰਡ ਕਾਵਾਂਵਾਲੀ ਕੋਲ ਪੁਲ ਓਵਰਫਲੋਅ ਹੋ ਗਿਆ ਹੈ ਜਿਸ ਨਾਲ ਦਰਜਨਾਂ ਪਿੰਡਾਂ ਦਾ ਸੰਪਰਕ ਪੰਜ-ਛੇ ਦਿਨਾਂ ਤੋਂ ਕੱਟਿਆ ਹੋਇਆ ਹੈ। ਰਣਜੀਤ ਸਾਗਰ ਡੈਮ 'ਚੋਂ ਵੀ ਪਾਣੀ ਸੰਜਮ ਨਾਲ ਹੀ 42,089 ਕਿਊਸਕ ਛੱਡਿਆ ਜਾ ਰਿਹਾ ਹੈ।

ਬੀਬੀਐੱਮਬੀ ਨਵੇਂ ਹਾਲਾਤ 'ਚ ਮੁੜ ਮੀਟਿੰਗ ਬੁਲਾ ਸਕਦਾ ਹੈ। ਸਮੁੱਚੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਿਆਸੀ ਧਿਰਾਂ ਤੋਂ ਇਲਾਵਾ ਆਮ ਲੋਕਾਂ ਅਤੇ ਸਮਾਜ ਸੇਵੀਆਂ ਵੱਲੋਂ ਰਾਹਤ ਕਾਰਜ ਕੀਤੇ ਜਾ ਰਹੇ ਹਨ। ਫ਼ੌਜ, ਐੱਨ ਡੀ ਆਰ ਐੱਫ ਅਤੇ ਪੁਲੀਸ ਦੀਆਂ ਟੀਮਾਂ ਵੀ

ਚਰਨਜੀਤ ਭੁੱਲਰ



ਰਾਹਤ ਕੰਮਾਂ 'ਚ ਜੁੱਟੀਆਂ ਹੋਈਆਂ ਹਨ। ਪੰਜਾਬ ਸਰਕਾਰ ਨੇ ਪੂਰੇ ਸੂਬੇ ਦੇ ਹੜ੍ਹ ਦੀ ਮਾਰ ਹੇਠ ਆਉਣ ਮਗਰੋਂ ਆਫ਼ਤ ਪ੍ਰਬੰਧਨ ਐਕਟ, 2025 ਤਹਿਤ ਐਮਰਜੈਂਸੀ ਪ੍ਰਕਿਰਿਆਵਾਂ ਨੂੰ ਸਰਗਰਮ ਕਰ ਦਿੱਤਾ ਹੈ। ਮੁੱਖ ਸਕੱਤਰ ਕੇ ਏ ਪੀ ਸਿਨਹਾ ਵੱਲੋਂ ਅੱਜ ਦੇਰ ਰਾਤ ਜਾਰੀ ਕੀਤੇ ਗਏ ਹੁਕਮ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਕਿਸੇ ਵੀ ਖ਼ਤਰਨਾਕ ਆਫ਼ਤ ਦੀ ਸਥਿਤੀ ਵਿੱਚ ਆਪਣੇ ਆਪ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਪੀਡਬਲਿਊਡੀ, ਜਲ ਸਰੋਤ ਅਤੇ ਬਿਜਲੀ ਵਿਭਾਗਾਂ ਨੂੰ ਜੰਗੀ ਪੱਧਰ 'ਤੇ ਮੁਰੰਮਤ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

**ਕਿਸਾਨਾਂ ਨੂੰ 3000 ਕਰੋੜ ਦਾ ਨੁਕਸਾਨ**

ਪੰਜਾਬ 'ਚ ਹੜ੍ਹਾਂ ਦੀ ਮਾਰ ਨੇ ਸਭ ਤੋਂ ਵੱਡਾ ਝਟਕਾ ਕਿਸਾਨੀ ਨੂੰ ਦਿੱਤਾ ਹੈ, ਜਿਨ੍ਹਾਂ ਦੀ ਹੁਣ ਤੱਕ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦੀ ਫ਼ਸਲ ਨੁਕਸਾਨੀ ਜਾ ਚੁੱਕੀ ਹੈ। ਗੈਰ-ਸਰਕਾਰੀ ਤੌਰ 'ਤੇ ਦੇਖੀਏ ਤਾਂ ਇਹ ਵਿੱਤੀ ਸੱਟ ਹੋਰ ਵੀ ਕਿਤੇ ਵੱਡੀ ਹੈ। ਪੰਜਾਬ ਸਰਕਾਰ ਵੱਲੋਂ ਫ਼ਸਲੀ ਨੁਕਸਾਨ ਦਾ ਮੁੱਢਲਾ ਜਾਇਜ਼ਾ ਲਿਆ ਗਿਆ ਹੈ ਜਿਸ ਮੁਤਾਬਕ ਹੁਣ ਤੱਕ ਹੜ੍ਹਾਂ ਨਾਲ 4.33 ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ। ਸਿਰਫ਼ ਚਾਰ ਜ਼ਿਲ੍ਹੇ ਮਾਲੇਰਕੋਟਲਾ, ਫ਼ਰੀਦਕੋਟ, ਨਵਾਂਸ਼ਹਿਰ ਅਤੇ ਫ਼ਤਿਹਗੜ੍ਹ ਸਾਹਿਬ 'ਚ ਹਾਲੇ ਤੱਕ ਫ਼ਸਲੀ ਨੁਕਸਾਨ ਸਾਹਮਣੇ ਨਹੀਂ ਆਇਆ ਹੈ। ਵੇਰਵਿਆਂ ਅਨੁਸਾਰ ਹੜ੍ਹਾਂ ਕਾਰਨ ਸਭ ਤੋਂ ਵੱਧ ਜ਼ਿਲ੍ਹਾ ਗੁਰਦਾਸਪੁਰ 'ਚ ਇੱਕ ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਹੈ।

ਜ਼ਿਲ੍ਹਾ ਅੰਮ੍ਰਿਤਸਰ 'ਚ 70,537 ਏਕੜ, ਜ਼ਿਲ੍ਹਾ ਮਾਨਸਾ 'ਚ 55,707 ਏਕੜ ਅਤੇ ਜ਼ਿਲ੍ਹਾ ਫ਼ਾਜ਼ਿਲਕਾ 'ਚ 41,548 ਏਕੜ ਫ਼ਸਲ ਨੁਕਸਾਨੀ ਗਈ ਹੈ। ਕਿਸਾਨਾਂ ਮੁਤਾਬਕ ਪ੍ਰਭਾਵਿਤ ਰਕਬਾ ਕਿਤੇ ਜ਼ਿਆਦਾ ਹੈ। ਮੁੱਢਲੇ ਜਾਇਜ਼ੇ ਅਨੁਸਾਰ ਹੜ੍ਹਾਂ ਤੇ ਮੀਂਹ ਕਾਰਨ ਸਭ ਤੋਂ ਵੱਧ ਝੋਨੇ ਦੀ 3.31 ਲੱਖ ਏਕੜ ਫ਼ਸਲ ਦਾ ਨੁਕਸਾਨ ਹੋ ਚੁੱਕਿਆ ਹੈ। ਪਹਿਲੀ ਅਕਤੂਬਰ ਤੋਂ ਝੋਨੇ ਦੀ ਫ਼ਸਲ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ ਅਤੇ ਇਸ ਵੇਲੇ ਝੋਨੇ ਦੀ ਫ਼ਸਲ ਜੋਬਨ 'ਤੇ ਸੀ। ਇਸੇ ਤਰ੍ਹਾਂ 21,545 ਏਕੜ ਗੰਨੇ ਦੀ ਫ਼ਸਲ ਮਾਰ ਹੇਠ ਆਈ ਹੈ ਜਦੋਂ ਕਿ 49,496 ਏਕੜ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ। ਨਰਮਾ ਪੱਟੀ ਲਈ ਇਹ ਬਾਰਸ਼ ਘਾਤਕ ਸਾਬਤ ਹੋਈ ਹੈ। ਮੱਕੀ ਦੀ 11,417 ਏਕੜ ਫ਼ਸਲ ਮਾਰ ਹੇਠ ਆਈ ਹੈ।

ਬਾਕੀ ਫ਼ਸਲਾਂ ਹੇਠਲਾ 19,101 ਏਕੜ ਰਕਬਾ ਵੀ ਲਪੇਟ ਵਿੱਚ ਆਇਆ ਹੈ। ਪੰਜਾਬ ਸਰਕਾਰ ਨੇ ਫ਼ਸਲਾਂ ਦੇ ਸਰਕਾਰੀ ਭਾਅ ਦੇ ਹਿਸਾਬ ਨਾਲ ਨੁਕਸਾਨੇ ਗਏ ਰਕਬੇ ਦਾ ਹਿਸਾਬ-ਕਿਤਾਬ ਲਗਾਇਆ ਹੈ ਜੋ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਿਆ ਹੈ। ਸਰਹੱਦੀ ਜ਼ਿਲ੍ਹਿਆਂ ਦੇ ਖੇਤਾਂ 'ਚ ਕਾਫ਼ੀ ਰੇਤ ਵੀ ਇਕੱਠੀ ਹੋ ਗਈ ਹੈ ਜਿੱਥੇ ਹੁਣ ਦੁਬਾਰਾ ਫ਼ਸਲ ਦੀ ਬਿਜਾਂਦ ਕਰਨੀ ਔਖੀ ਹੋ ਸਕਦੀ ਹੈ। ਨਿਯਮਾਂ ਅਨੁਸਾਰ ਕਿਸਾਨਾਂ ਨੂੰ ਸੌ ਫ਼ੀਸਦੀ ਫ਼ਸਲੀ ਖ਼ਰਾਬਾ ਹੋਣ ਦੀ ਸੂਰਤ ਵਿੱਚ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਮਿਲਣਾ ਹੈ। ਕਿਸਾਨ ਆਗੂ ਮੰਗ ਕਰ ਰਹੇ ਹਨ ਕਿ ਅਸਲ ਨੁਕਸਾਨ ਦੇ ਲਿਹਾਜ਼ ਨਾਲ ਹੀ ਮੁਆਵਜ਼ਾ ਦਿੱਤਾ ਜਾਵੇ।

ਪ੍ਰਾਪਤ ਵੇਰਵਿਆਂ ਅਨੁਸਾਰ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਹੁਣ ਤੱਕ 365 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਜ਼ਿਲ੍ਹੇ 'ਚ 57 ਹਜ਼ਾਰ ਪਸ਼ੂ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ ਜ਼ਿਲ੍ਹੇ 'ਚ 17,900 ਮੁਰਗੀਆਂ ਅਤੇ ਹੋਰਾਂ ਦੀ ਮੌਤ ਦਾ ਸਮਾਚਾਰ ਹੈ। ਜ਼ਿਲ੍ਹੇ 'ਚ 254 ਪਸ਼ੂਆਂ ਦੀ ਮੌਤ ਹੋਈ ਹੈ ਜਦੋਂ ਕਿ ਪਠਾਨਕੋਟ ਜ਼ਿਲ੍ਹੇ 'ਚ 89 ਪਸ਼ੂ ਮਾਰੇ ਗਏ ਹਨ।

**ਕੇਂਦਰ ਫ਼ਸਲੀ ਨੁਕਸਾਨ ਦੀ ਭਰਪਾਈ ਕਰੇ: ਖੁੱਡੀਆਂ**

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਫ਼ਸਲੀ ਨੁਕਸਾਨ ਦਾ ਇਹ ਮੁੱਢਲਾ ਅੰਕੜਾ ਹੈ ਅਤੇ ਨੁਕਸਾਨ ਦੀ ਅਸਲ ਜਾਣਕਾਰੀ ਵਿਸ਼ੇਸ਼ ਗਿਰਦਾਵਰੀ ਮਗਰੋਂ ਹੀ ਪਤਾ ਲੱਗੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਇਸ ਫ਼ਸਲੀ ਨੁਕਸਾਨ ਦੀ ਭਰਪਾਈ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਲਗਾਤਾਰ ਵਧ ਰਹੀ ਹੈ ਅਤੇ ਫ਼ਸਲਾਂ ਪ੍ਰਭਾਵਿਤ ਹੋ ਰਹੀਆਂ ਹਨ।



# ਬੇਹਾਲ ਪੰਜ-ਆਬ : ਦਰਿਆ ਤੇ ਡੈਮ ਨੱਕੋ-ਨੱਕ

ਚਰਨਜੀਤ ਭੁੱਲਰ





ਪਹਾੜਾਂ 'ਚੋਂ ਡੈਮਾਂ 'ਚ ਅਣਕਿਆਸੇ ਪਾਣੀ ਦੀ ਆਮਦ, ਡੈਮਾਂ ਦਾ ਨੱਕੋ ਨੱਕ ਭਰਨਾ ਅਤੇ ਘੱਗਰ ਤੇ ਸਤਲੁਜ ਦਾ 'ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗਣਾ', ਇਹ ਸਭ ਪੰਜਾਬ 'ਚ ਮੁੜ ਤਬਾਹੀ ਦਾ ਮੁੱਢ ਬੰਨ੍ਹੇ ਜਾਣ ਦੇ ਸੰਕੇਤ ਹਨ। ਪਹਾੜਾਂ 'ਚੋਂ ਆਏ ਪਾਣੀ ਨੇ ਮੌਸਮ ਵਿਭਾਗ ਦੀ ਸਭ ਗਿਣਤੀ-ਮਿਣਤੀ ਫ਼ੇਲ੍ਹ ਕਰ ਦਿੱਤੀ ਹੈ। ਪੂਰਾ ਪੰਜਾਬ ਹੜ੍ਹਾਂ ਦੀ ਲਪੇਟ 'ਚ ਆਉਣ ਮਗਰੋਂ ਨਵੇਂ ਖ਼ਤਰੇ ਦੇ ਬੂਹੇ 'ਤੇ ਆ ਖੜ੍ਹਾ ਹੋਇਆ ਹੈ। ਘੱਗਰ ਚਾਰੇ ਪਾਸਿਓਂ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵਗਣ ਲੱਗੀ ਹੈ ਅਤੇ ਘੱਗਰ ਦੇ ਖ਼ਤਰੇ ਦੇ ਮੱਦੇਨਜ਼ਰ ਭਾਰਤੀ ਫ਼ੌਜ, ਐੱਨ ਡੀ ਆਰ ਐੱਫ ਅਤੇ ਪੁਲੀਸ ਦੀਆਂ ਟੀਮਾਂ ਪਟਿਆਲਾ ਤੇ ਸੰਗਰੂਰ ਪੁੱਜ ਗਈਆਂ ਹਨ। ਪੰਜਾਬ ਸਰਕਾਰ ਨੇ ਹੜ੍ਹਾਂ ਕਾਰਨ ਬਣੀ ਗੰਭੀਰ ਸਥਿਤੀ ਨੂੰ ਦੇਖਦਿਆਂ ਸਾਰੇ ਸਕੂਲਾਂ, ਕਾਲਜਾਂ, 'ਵਰਸਿਟੀਆਂ, ਬਹੁ-ਤਕਨੀਕੀ ਕਾਲਜਾਂ, ਸੀ ਪਾਇਟ ਕੈਂਪਾਂ, ਆਰਮਡ ਫੋਰਸਜ਼ ਇੰਸਟੀਚਿਊਟਸ 'ਚ 7 ਸਤੰਬਰ ਤੱਕ ਛੁੱਟੀਆਂ ਵਧਾ ਦਿੱਤੀਆਂ ਸਨ। ਜਿਵੇਂ ਦਰਿਆਵਾਂ 'ਚ ਪਾਣੀ ਵੱਧ ਰਿਹਾ ਹੈ, ਉਵੇਂ ਰਾਹਤ ਕਾਰਜਾਂ 'ਚ ਜੁਟੇ ਆਮ ਤੇ ਖ਼ਾਸ ਲੋਕਾਂ ਨੇ ਵੀ ਆਪਣੀ ਰਫ਼ਤਾਰ ਤੇਜ਼ ਕਰ ਦਿੱਤੀ ਹੈ।

ਪੰਜਾਬ 'ਚ ਹੜ੍ਹਾਂ ਨੇ ਹੁਣ ਤੱਕ 1655 ਪਿੰਡਾਂ ਨੂੰ ਲਪੇਟ 'ਚ ਲੈ ਲਿਆ ਹੈ ਅਤੇ ਹੜ੍ਹਾਂ 'ਚ ਹੋਣ ਵਾਲੀਆਂ ਮੌਤਾਂ ਦਾ ਅੰਕੜਾ 37 ਹੋ ਗਿਆ ਹੈ। ਬਰਨਾਲਾ ਦੇ ਪਿੰਡ ਮੌੜ ਨਾਭਾ 'ਚ ਘਰ ਦੀ ਛੱਤ ਡਿੱਗਣ ਕਾਰਨ ਇੱਕ ਬਜ਼ੁਰਗ ਜੋੜੇ ਦੀ ਮੌਤ ਹੋ ਗਈ। ਪੰਜਾਬ 'ਚ ਤਿੰਨ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ 3.55 ਲੱਖ ਲੋਕ ਪ੍ਰਭਾਵਿਤ ਹੋ ਗਏ ਹਨ ਅਤੇ ਹੁਣ ਤੱਕ 4.37 ਲੱਖ ਏਕੜ ਫ਼ਸਲ ਪ੍ਰਭਾਵਿਤ ਹੋ ਚੁੱਕੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਦਾ ਕਹਿਣਾ ਹੈ ਕਿ ਪਾਣੀ 'ਚ ਫਸੇ 19,474 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁੱਕਿਆ ਹੈ ਅਤੇ 167 ਰਾਹਤ ਕੈਂਪਾਂ 'ਚ ਹੁਣ ਤੱਕ 5,304 ਲੋਕ ਪਹੁੰਚ ਚੁੱਕੇ ਹਨ। ਫ਼ਿਰੋਜ਼ਪੁਰ ਖੇਤਰ 'ਚ ਰੇਲ ਮਾਰਗ ਪਾਣੀ 'ਚ ਡੁੱਬ ਗਏ ਹਨ ਜਿਸ ਕਰਕੇ ਫ਼ ?ਰੋਜ਼ਪੁਰ 'ਚ ਰੇਲ ਸੇਵਾਵਾਂ ਰੱਦ ਕਰ ਦਿੱਤੀਆਂ ਹਨ। ਪੰਜਾਬ ਦੀ ਸੜਕੀ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਮੌਸਮ ਵਿਭਾਗ ਨੇ ਭਲਕ ਲਈ ਹਾਲੇ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਪੌਂਗ ਡੈਮ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਚਾਰ ਫੁੱਟ ਉਪਰ ਚਲਾ ਗਿਆ ਹੈ ਅਤੇ ਲੰਘੀ ਰਾਤ ਤੋਂ ਪੌਣੇ ਤਿੰਨ ਲੱਖ ਕਿਊਸਿਕ ਪਾਣੀ ਪੌਂਗ ਡੈਮ 'ਚ ਆਇਆ ਹੈ। ਬਿਆਸ ਦਰਿਆ 'ਚ ਹੁਣ ਪੌਂਗ ਡੈਮ ਤੋਂ ਕਰੀਬ ਇੱਕ ਲੱਖ ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੂੰ ਛੂਹਣ ਲੱਗਿਆ ਹੈ। ਰਣਜੀਤ ਸਾਗਰ ਡੈਮ 'ਚ ਵੱਧ ਤੋਂ ਵੱਧ 1.31 ਲੱਖ ਕਿਊਸਿਕ ਪਾਣੀ ਪਹਾੜਾਂ 'ਚੋਂ ਆਇਆ ਹੈ ਅਤੇ ਇਸ ਡੈਮ 'ਚੋਂ ਰਾਵੀ 'ਚ 70 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਮਹਿਜ਼ ਡੇਢ ਫੁੱਟ ਹੇਠਾਂ ਰਹਿ ਗਿਆ ਹੈ ਅਤੇ ਭਾਖੜਾ 'ਚ ਪਹਾੜਾਂ 'ਚੋਂ ਵੱਧ ਤੋਂ ਵੱਧ 1.15 ਲੱਖ ਕਿਊਸਿਕ ਪਾਣੀ ਆਇਆ ਹੈ ਅਤੇ 75 ਹਜ਼ਾਰ ਕਿਊਸਿਕ ਪਾਣੀ ਹੁਣ ਸਤਲੁਜ 'ਚ ਛੱਡਿਆ ਜਾ ਰਿਹਾ ਹੈ। ਘੱਗਰ 'ਚ 29 ਅਗਸਤ ਨੂੰ ਇਕਦਮ 70,607 ਕਿਊਸਿਕ ਪਾਣੀ ਆਉਣ ਮਗਰੋਂ ਮੁਹਾਲੀ, ਪਟਿਆਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਾ ਅਲਰਟ ਹੋ ਗਿਆ ਸੀ।

ਦੋ ਦਿਨ ਘੱਗਰ 'ਚ ਪਾਣੀ ਘਟ ਆਇਆ ਅਤੇ ਮੁੜ 1 ਸਤੰਬਰ ਨੂੰ ਘੱਗਰ 'ਚ 45,343 ਕਿਊਸਿਕ ਪਾਣੀ ਪਹੁੰਚ ਗਿਆ। ਅੱਜ ਮੁੜ 91,555 ਕਿਊਸਿਕ ਪਾਣੀ ਆਉਣ ਮਗਰੋਂ ਘੱਗਰ ਆਪ ਮੁਹਾਰਾ ਹੋ ਗਿਆ ਹੈ। ਲੰਘੇ ਛੇ ਦਿਨਾਂ 'ਚ ਘੱਗਰ 'ਚ 4.30 ਲੱਖ ਕਿਊਸਿਕ ਪਾਣੀ ਆ ਚੁੱਕਾ ਹੈ। ਘੱਗਰ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ ਅਤੇ ਰਾਜਪੁਰਾ ਇਲਾਕੇ 'ਚ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਹਿ ਦਿੱਤਾ ਹੈ। ਪੰਜਾਬ ਸਰਕਾਰ ਨੇ ਵੀ ਹੁਣ ਘੱਗਰ ਤੇ ਫੋਕਸ ਕਰਨਾ ਸ਼ੁਰੂ ਕੀਤਾ ਹੈ। ਘੱਗਰ ਬਾਂਕਰਪੁਰ, ਖਨੌਰੀ ਅਤੇ ਸਰਦੂਲਗੜ੍ਹ 'ਚ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਚਲੀ ਗਈ ਹੈ। ਟਾਂਗਰੀ ਅਤੇ ਮਾਰਕੰਡਾ ਦਰਿਆ ਵੀ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਹੈ ਜਿਨ੍ਹਾਂ ਦਾ ਪਾਣੀ ਘੱਗਰ 'ਚ ਮਿਲ ਕੇ ਤਬਾਹੀ ਮਚਾ ਸਕਦਾ ਹੈ। ਰੋਪੜ ਤੇ ਮੁਹਾਲੀ ਦੇ ਇਲਾਕੇ 'ਚ ਭਾਰੀ ਮੀਂਹ ਪੈਣ ਕਰਕੇ 94 ਹਜ਼ਾਰ ਕਿਊਸਿਕ ਪਾਣੀ ਸਤਲੁਜ 'ਚ ਪਿਆ ਹੈ ਅਤੇ ਗਿੱਦੜਪਿੰਡੀ ਕੋਲ ਸਤਲੁਜ 'ਚ ਪਾਣੀ 1.96 ਲੱਖ ਕਿਊਸਿਕ 'ਤੇ ਪੁੱਜ ਗਿਆ ਹੈ। ਚਿੱਟੀ ਵੇਈਂ ਦਾ ਪਾਣੀ ਲੋਹੀਆਂ ਦੇ ਇਲਾਕੇ 'ਚ ਮਾਰ ਕਰਨ ਲੱਗਿਆ ਹੈ। ਹਰੀਕੇ ਕੋਲ ਹੁਣ 3.30 ਲੱਖ ਕਿਊਸਿਕ ਪਾਣੀ ਵਹਿ ਰਿਹਾ ਹੈ ਅਤੇ ਹੁਸੈਨੀਵਾਲਾ ਕੋਲ 3.26 ਲੱਖ ਕਿਊਸਿਕ ਚੱਲ ਰਿਹਾ ਹੈ। ਰੋਪੜ ਪ੍ਰਸ਼ਾਸਨ ਨੇ ਸਤਲੁਜ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਚੌਕਸ ਕਰ ਦਿੱਤਾ ਹੈ। ਪਿੰਡਾਂ ਦੇ ਲੋਕ ਆਪੋ ਆਪਣੇ ਖੇਤਰਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਜੁਟ ਗਏ ਹਨ। ਰਾਵੀ ਦਰਿਆ 'ਚ ਮੁੜ ਪਾਣੀ ਦਾ ਪੱਧਰ ਵਧਣ ਕਰਕੇ ਅਜਨਾਲਾ ਖੇਤਰ ਦੇ ਲੋਕਾਂ 'ਚ ਮੁੜ ਖ਼ੌਫ਼ ਪੈਦਾ ਹੋ ਗਿਆ ਹੈ। ਪੰਜਾਬ ਦੇ ਸੈਂਕੜੇ ਪਿੰਡ ਪੂਰੀ ਤਰ੍ਹਾਂ ਪਾਣੀ 'ਚ ਘਿਰੇ ਹੋਏ ਹਨ ਅਤੇ ਫ਼ ?ਰੋਜ਼ਪੁਰ ਦੇ ਕੁਝ ਪਿੰਡਾਂ ਵਿੱਚ 9-9 ਫੁੱਟ ਪਾਣੀ ਚੜ੍ਹ ਗਿਆ ਹੈ। ਸਮੁੱਚੇ ਪੰਜਾਬ 'ਚ ਤਿੰਨ ਦਿਨਾਂ ਤੋਂ ਪਏ ਮੀਂਹ ਕਾਰਨ ਕੱਚੇ ਘਰ ਡਿੱਗਣੇ ਸ਼ੁਰੂ ਹੋ ਗਏ ਹਨ। ਕੋਈ ਟਾਵਾਂ ਪਿੰਡ ਬਚਿਆ ਹੋਵੇਗਾ ਜਿੱਥੇ ਘਰ ਜਾਂ ਕੰਧ ਨਾ ਡਿੱਗੀ ਹੋਵੇ। ਮੋਗਾ ਦੇ ਪਿੰਡ ਨੱਥੂਵਾਲਾ ਗਰਬੀ ਵਿੱਚ ਤਿੰਨ ਘਰਾਂ ਦੀਆਂ ਛੱਤਾਂ ਡਿੱਗੀਆਂ ਹਨ। ਰਾਹਤ ਕਾਰਜਾਂ ਵਿੱਚ ਸਿਆਸੀ ਆਗੂਆਂ ਤੋਂ ਇਲਾਵਾ ਖਿਡਾਰੀ, ਕਲਾਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਵੀ ਕੁੱਦੀਆਂ।

**ਪੰਜਾਬ ਸਰਕਾਰ ਵੱਲੋਂ 71 ਕਰੋੜ ਰੁਪਏ ਜਾਰੀ**

ਪੰਜਾਬ ਸਰਕਾਰ ਨੇ ਹੜ੍ਹ ਰਾਹਤ ਤੇ ਮੁੜ-ਵਸੇਬੇ ਲਈ 71 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਦੌਰਾਨ ਪਹਿਲੇ ਪੜਾਅ ਵਿੱਚ ਸਾਰੇ ਜ਼ਿਲ੍ਹਿਆਂ ਨੂੰ 35.50 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਹੁਣ ਸਭ ਤੋਂ ਵੱਧ ਹੜ੍ਹ ਪ੍ਰਭਾਵਿਤ 12 ਜ਼ਿਲ੍ਹਿਆਂ ਲਈ 35.50 ਕਰੋੜ ਰੁਪਏ ਦੀ ਹੋਰ ਰਾਸ਼ੀ ਮਨਜ਼ੂਰ ਕਰ ਦਿੱਤੀ ਗਈ ਹੈ।

# ਹੜ੍ਹਾਂ ਦਾ ਪਾਣੀ ਘਟਿਆ, ਮੁਸੀਬਤਾਂ ਨਹੀਂ

## ਘੱਗਰ ਦਾ ਖ਼ਤਰਾ ਹਾਲੇ ਟਲਿਆ ਨਹੀਂ; ਮਾਝੇ-ਦੁਆਬੇ 'ਚ ਜ਼ਿੰਦਗੀ ਲੀਹ 'ਤੇ ਆਉਣੀ ਸ਼ੁਰੂ



ਚੰਡੀਗੜ੍ਹ : ਭਿਆਨਕ ਹੜ੍ਹਾਂ ਦੀ ਮਾਰ ਮਗਰੋਂ ਹੁਣ ਡੈਮਾਂ 'ਚ ਪਾਣੀ ਦਾ ਪੱਧਰ ਘਟਣ ਲੱਗ ਪਿਆ ਹੈ ਜਿਸ ਕਾਰਨ ਸਤਲੁਜ ਅਤੇ ਬਿਆਸ ਦਰਿਆਵਾਂ 'ਚ ਪਾਣੀ ਛੱਡਣ 'ਚ ਕਟੌਤੀ ਹੋਣ ਲੱਗ ਪਈ ਹੈ। ਸਤਲੁਜ 'ਚ ਅੱਜ ਪੰਜ ਹਜ਼ਾਰ ਕਿਊਸਿਕ ਜਦਕਿ ਬਿਆਸ ਦਰਿਆ 'ਚ 15 ਹਜ਼ਾਰ ਕਿਊਸਿਕ ਪਾਣੀ ਘੱਟ ਕਰ ਦਿੱਤਾ ਗਿਆ। ਪਹਾੜਾਂ 'ਚੋਂ ਵੀ ਡੈਮਾਂ 'ਚ ਪਾਣੀ ਆਉਣਾ ਘਟ ਗਿਆ ਹੈ। ਪੰਜਾਬ ਸਰਕਾਰ ਅਤੇ ਆਮ ਲੋਕਾਂ ਦਾ ਹੁਣ ਸਾਰਾ ਧਿਆਨ ਘੱਗਰ ਅਤੇ ਸਤਲੁਜ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ 'ਤੇ ਕੇਂਦਰਿਤ ਹੋ ਗਿਆ ਹੈ। ਘੱਗਰ ਦਾ ਖ਼ਤਰਾ ਹਾਲੇ ਟਲਿਆ ਨਹੀਂ ਹੈ ਜਿਸ ਕਾਰਨ ਲੋਕਾਂ ਦੇ ਫ਼ ?ਕਰ ਵੀ ਜਿਉਂ ਦੇ ਤਿਉਂ ਹਨ। ਭਾਖੜਾ ਡੈਮ 'ਚ ਪਾਣੀ ਦਾ ਪੱਧਰ ਹੁਣ 1677.59 ਫੁੱਟ ਅਤੇ ਪੌਂਗ ਡੈਮ 'ਚ 1392.06 ਫੁੱਟ 'ਤੇ ਆ ਗਿਆ ਹੈ। ਇਸੇ ਤਰ੍ਹਾਂ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ 524.683 ਮੀਟਰ 'ਤੇ ਆ ਗਿਆ ਹੈ। ਹਰੀਕੇ ਕੋਲ ਹੁਣ ਪਾਣੀ 2.60 ਲੱਖ ਕਿਊਸਿਕ ਹੀ ਰਹਿ ਗਿਆ ਹੈ ਜੋ ਪਹਿਲਾਂ ਸਵਾ ਤਿੰਨ ਲੱਖ ਕਿਊਸਿਕ ਤੱਕ ਪੁੱਜ ਗਿਆ ਸੀ। ਬੇਸ਼ੱਕ ਹਾਲੇ ਚਿੰਤਾਵਾਂ ਘਟੀਆਂ ਨਹੀਂ ਹਨ ਪ੍ਰੰਤੂ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਮੋੜਾ ਪੈਣ ਲੱਗ ਪਿਆ ਹੈ। ਖ਼ਾਸ ਕਰਕੇ ਰਾਵੀ ਤੇ ਬਿਆਸ ਦੀ ਮਾਰ ਤੋਂ ਰਾਹਤ ਮਿਲਣੀ ਸ਼ੁਰੂ ਹੋ ਗਈ ਹੈ। ਰਾਹਤ ਕਾਰਜ ਹੋਰ ਜ਼ਿਆਦਾ ਤੇਜ਼ ਹੋ ਗਏ ਹਨ। ਮੌਸਮ ਵਿਭਾਗ ਨੇ ਸੋਮਵਾਰ ਨੂੰ ਸੂਬੇ ਦੀਆਂ ਅਲੱਗ ਅਲੱਗ ਥਾਵਾਂ 'ਤੇ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਜਿਨ੍ਹਾਂ ਪਿੰਡਾਂ 'ਚ ਪਾਣੀ ਘਟਿਆ ਹੈ, ਉਨ੍ਹਾਂ ਪਿੰਡਾਂ ਦੇ ਲੋਕ ਆਪੋ-ਆਪਣੇ ਘਰਾਂ ਨੂੰ ਪਰਤਣ ਲੱਗ ਪਏ ਹਨ। ਘੱਗਰ ਦਾ ਸਹਿਮ ਬਣਿਆ ਹੋਇਆ ਹੈ। ਪਹਾੜਾਂ 'ਚੋਂ ਘੱਗਰ 'ਚ ਪਾਣੀ ਦੀ ਆਮਦ ਬਹੁਤ ਥੋੜ੍ਹੀ ਰਹਿ ਗਈ ਹੈ ਪ੍ਰੰਤੂ ਟਾਂਗਰੀ ਅਤੇ ਮਾਰਕੰਡਾ ਦੇ ਪਾਣੀ ਨੇ ਸੰਗਰੂਰ, ਪਟਿਆਲਾ ਅਤੇ ਮਾਨਸਾ ਦੇ ਲੋਕਾਂ ਦੇ ਸਾਹ ਸੂਤ ਰੱਖੇ ਹਨ। ਹਰਿਆਣਾ ਦਾ ਇਹ ਪਾਣੀ ਘੱਗਰ 'ਚ ਸ਼ਾਮਲ ਹੋ ਰਿਹਾ ਹੈ। ਟਾਂਗਰੀ 'ਚੋਂ 56 ਹਜ਼ਾਰ ਕਿਊਸਿਕ ਅਤੇ ਮਾਰਕੰਡਾ 'ਚੋਂ 45 ਹਜ਼ਾਰ ਕਿਊਸਿਕ ਪਾਣੀ ਘੱਗਰ 'ਚ ਮਿਲ ਰਿਹਾ ਹੈ। ਘੱਗਰ 'ਤੇ ਅੱਜ ਹਰਚੰਦਪੁਰਾ ਬੰਨ੍ਹ ਦੇ ਖੁਰਨ ਦਾ ਖ਼ਤਰਾ ਬਣ ਗਿਆ ਸੀ ਪਰ ਫ਼ੌਜ ਦੇ ਜਵਾਨਾਂ ਅਤੇ ਆਮ ਲੋਕਾਂ ਨੇ ਫ਼ੌਰੀ ਬੰਨ੍ਹ ਮਜ਼ਬੂਤ ਕਰ ਦਿੱਤਾ। ਜੇ ਆਉਂਦੇ ਦਿਨਾਂ 'ਚ ਮੀਂਹ ਨਾ ਪਿਆ ਤਾਂ ਘੱਗਰ ਦੀ ਸਥਿਤੀ ਕੰਟਰੋਲ 'ਚ ਆ ਸਕਦੀ ਹੈ। ਸਤਲੁਜ ਦਰਿਆ 'ਤੇ ਅੱਜ ਲਾਡੋਵਾਲ ਨੇੜੇ ਬੰਨ੍ਹ ਨੂੰ ਖ਼ਤਰਾ ਬਣ ਗਿਆ ਸੀ ਜਿਸ ਨੂੰ ਫ਼ੌਰੀ ਮਜ਼ਬੂਤ ਕਰਨ ਲਈ ਲੋਕ ਪੁੱਜ ਗਏ। ਇਸੇ ਤਰ੍ਹਾਂ ਮੱਤੇਵਾੜਾ ਨੇੜੇ ਬੰਨ੍ਹ ਨੂੰ ਢਾਹ ਲਾਉਣ ਵਾਸਤੇ ਵਧ ਰਹੇ ਪਾਣੀ ਦੇ ਮੱਦੇਨਜ਼ਰ ਫ਼ੌਰੀ ਪ੍ਰਸ਼ਾਸਨ ਤੇ ਲੋਕਾਂ ਨੇ ਬੰਨ੍ਹ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਕੋਲ ਪਿੰਡ ਖਿਜਰਪੁਰ ਕੋਲ ਵੀ ਬੰਨ੍ਹ ਨੂੰ ਖੋਰਾ ਲੱਗਣ ਦਾ ਡਰ ਪੈਦਾ ਹੋ ਗਿਆ ਸੀ। ਨਵਾਂ ਸ਼ਹਿਰ ਜ਼ਿਲ੍ਹੇ 'ਚ ਬੁਰਜ ਟਹਿਲ ਕੋਲ ਵੀ ਬੰਨ੍ਹ ਨੂੰ ਖ਼ਤਰਾ ਬਣਨ ਦਾ ਸਮਾਚਾਰ ਹੈ। ਘੱਗਰ 'ਤੇ ਫ਼ੌਜ, ਐਨਡੀਆਰਐੱਫ ਅਤੇ ਪੁਲੀਸ ਵੱਲੋਂ ਨਿਗਰਾਨੀ ਰੱਖੀ ਜਾ ਰਹੀ ਹੈ। ਜਲ ਸਰੋਤ ਵਿਭਾਗ ਤਰਫ਼ੋਂ ਇਸ ਵਾਰ ਲੱਖਾਂ ਗੱਟਿਆਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਸੈਂਕੜੇ ਮਜ਼ਦੂਰ ਵੀ ਰੱਖੇ ਹਨ। ਘੱਗਰ 'ਚ ਸਰਦੂਲਗੜ੍ਹ ਕੋਲ ਪਾਣੀ ਦਾ ਪੱਧਰ ਬਣਿਆ ਹੋਇਆ ਹੈ। ਹਲਕਾ ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਵੱਲੋਂ ਦਿਨ-ਰਾਤ ਘੱਗਰ 'ਤੇ ਨਜ਼ਰ ਰੱਖੀ ਜਾ ਰਹੀ ਹੈ। ਰਾਵੀ ਦਰਿਆ 'ਤੇ ਮਾਛੀਵਾਲ ਦੇ ਬੰਨ੍ਹ ਨੂੰ ਭਰਨ ਲਈ ਬਾਬਾ ਜਗਤਾਰ ਸਿੰਘ ਜੀ ਤਰਨ ਤਰਨ ਵਾਲਿਆਂ ਨੇ ਕਾਰ ਸੇਵਾ ਸ਼ੁਰੂ ਕੀਤੀ ਜਿਸ 'ਚ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਹਿੱਸਾ ਲਿਆ।

# ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣਾ ਹੀ ਹੋਵੇ ਸਭ ਦੀ ਮੁੱਖ ਤਰਜੀਹ

**ਸਤਨਾਮ ਸਿੰਘ ਮਾਣਕ**



ਜੇਕਰ ਪੰਜਾਬ ਦੇ ਲੰਮੇ ਇਤਿਹਾਸ ਨੂੰ ਦੇਖੀਏ ਤਾਂ ਇਸ ਨੇ ਸਮੇਂ-ਸਮੇਂ ਵੱਡੇ ਉਤਰਾਅ ਚੜ੍ਹਾਅ ਦੇਖੇ ਹਨ। ਇਸ ਦੇ ਵਸਨੀਕਾਂ ਨੇ ਵੱਡੇ-ਵੱਡੇ ਘੱਲੂਘਾਰਿਆਂ ਦਾ ਸਾਹਮਣਾ ਕੀਤਾ ਹੈ। ਪਰ ਆਪਣੀ ਹਿੰਮਤ, ਹੌਸਲੇ ਅਤੇ ਲਗਨ ਨਾਲ ਇਸ ਧਰਤੀ ਦੇ ਲੋਕਾਂ ਨੇ ਵਾਰ-ਵਾਰ ਆਪਣੇ ਜੀਵਨ ਦੀ ਤੋਰ ਨੂੰ ਆਮ ਵਾਂਗ ਬਣਾਇਆ ਹੈ। ਜੇ ਹੜ੍ਹਾਂ ਦੀ ਗੱਲ ਕਰੀਏ ਤਾਂ 1988 ਦਾ ਸਾਲ ਬੇਹੱਦ ਅਹਿਮ ਸੀ। ਜਦੋਂ ਪੰਜਾਬ ਦਾ ਹੜ੍ਹਾਂ ਕਾਰਨ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਹੋਰ ਨੁਕਸਾਨ ਤੋਂ ਇਲਾਵਾ 600 ਲੋਕ ਵੀ ਮਾਰੇ ਗਏ ਸਨ। ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਲੋਕ ਫਿਰ ਤੋਂ ਪੈਰਾਂ 'ਤੇ ਆ ਗਏ। ਪਿਛਲੇ ਕੁਝ ਦਿਨਾਂ ਵਿਚ ਰਾਜ ਵਿਚ ਜਿੰਨੀ ਵੱਡੀ ਪੱਧਰ 'ਤੇ ਨਿਰੰਤਰ ਬਾਰਿਸ਼ਾਂ ਹੋਈਆਂ ਹਨ ਅਤੇ ਇਸ ਦੇ ਗੁਆਂਢੀ ਸੂਬੇ ਹਿਮਾਚਲ ਵਿਚ ਵੀ ਭਾਰੀ ਮੀਂਹ ਪੈਣ ਅਤੇ ਬੱਦਲ ਫਟਣ ਕਾਰਨ ਪਹਾੜਾਂ ਤੋਂ ਜਿੰਨਾ ਪੰਜਾਬ ਦੇ ਡੈਮਾਂ ਤੋਂ ਹੁੰਦਾ ਹੋਇਆ ਪਾਣੀ ਦਰਿਆਵਾਂ ਵਿਚ ਵਗਿਆ ਹੈ, ਉਸ ਨੇ ਪੰਜਾਬ ਦੇ ਲੋਕ ਜੀਵਨ ਵਿਚ ਉਥਲ-ਪੁਥਲ ਮਚਾ ਦਿੱਤੀ ਹੈ।

ਹੁਣ ਤੱਕ ਪ੍ਰਾਪਤ ਹੋਏ ਵੇਰਵਿਆਂ ਅਨੁਸਾਰ ਰਾਜ ਦੇ 2000 ਤੋਂ ਵੱਧ ਪਿੰਡ ਪਾਣੀ ਵਿਚ ਡੁੱਬ ਗਏ ਹਨ। 4 ਹਜ਼ਾਰ ਏਕੜ ਵਿਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਨੂੰ ਨੁਕਸਾਨ ਪੁੱਜਿਆ ਹੈ। ਸਿੱਧੇ ਤੌਰ 'ਤੇ 3.75 ਲੱਖ ਤੋਂ ਵੱਧ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। 39 ਦੇ ਲਗਭਗ ਵਿਅਕਤੀ ਰਾਜ ਦੇ ਵੱਖ-ਵੱਖ ਕੋਨਿਆਂ ਵਿਚ ਹੜ੍ਹ ਦਾ ਸ਼ਿਕਾਰ ਹੋ ਕੇ ਆਪਣਾ ਜੀਵਨ ਗੁਆ ਬੈਠੇ ਹਨ। ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕਿਸਾਨਾਂ ਅਤੇ ਦਿਹਾਤੀ ਲੋਕਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਜਿਹੜੇ ਦਿਹਾਤੀ ਜਾਂ ਸ਼ਹਿਰੀ ਇਲਾਕਿਆਂ ਵਿਚ ਲੋਕਾਂ ਦੇ ਘਰਾਂ ਜਾਂ ਦੁਕਾਨਾਂ ਵਿਚ ਪਾਣੀ ਭਰਿਆ ਹੈ, ਉਨ੍ਹਾਂ ਦਾ ਹਰ ਤਰ੍ਹਾਂ ਦਾ ਕੀਮਤੀ ਸਮਾਨ ਬਰਬਾਦ ਹੋ ਗਿਆ ਹੈ। ਦਿਹਾਤੀ ਖੇਤਰਾਂ ਵਿਚ ਤਾਂ ਲੋਕਾਂ ਦੇ ਮਾਲ ਡੰਗਰ ਦਾ ਵੀ ਵੱਡਾ ਨੁਕਸਾਨ ਹੋਇਆ ਹੈ। ਇਹ ਚੰਗੀ ਗੱਲ ਹੈ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਸਮਾਜ ਸੇਵੀ ਸੰਗਠਨਾਂ ਨੇ ਸਮੇਂ ਸਿਰ ਸਰਗਰਮ ਹੋ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਦੀ ਵੱਡੀ ਸੇਵਾ ਕੀਤੀ ਹੈ। ਰਾਸ਼ਨ ਤੇ ਹੋਰ ਲੋੜੀਂਦੀਆਂ ਵਸਤਾਂ ਤੋਂ ਇਲਾਵਾ ਪਸ਼ੂਆਂ ਲਈ ਚਾਰਾ ਵੀ ਮੁਹਈਆ ਕੀਤਾ ਹੈ। ਰਾਹਤ ਦੇ ਇਹ ਕਾਰਜ ਅਜੇ ਵੀ ਜਾਰੀ ਹਨ। ਇਨ੍ਹਾਂ ਸਮਾਜ ਸੇਵੀ ਸੰਗਠਨਾਂ ਦੀਆਂ ਸਰਗਰਮੀਆਂ ਕਾਰਨ ਹੀ ਹੜ੍ਹ ਗ੍ਰਸਤ ਖੇਤਰਾਂ ਵਿਚ ਕੁਝ ਹੱਦ ਤਕ ਲੋਕਾਂ ਦਾ ਮਨੋਬਲ ਬਣਿਆ ਰਿਹਾ ਹੈ। ਬਿਨਾਂ ਸ਼ੱਕ ਲੋਕਾਂ ਦੇ ਜੀਵਨ ਨੂੰ ਮੁੜ ਤੋਂ ਆਮ ਵਾਂਗ ਬਣਾਉਣ ਲਈ ਸਰਕਾਰੀ ਤੇ ਗੈਰ ਸਰਕਾਰੀ ਸੰਗਠਨਾਂ ਨੂੰ ਲੰਮੇ ਸਮੇਂ ਤੱਕ ਕੰਮ ਕਰਨਾ ਪਵੇਗਾ। ਖ਼ਾਸ ਕਰ ਕੇ ਸਰਕਾਰਾਂ ਨੂੰ ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਕਰਨ ਲਈ ਅਤੇ ਰਾਜ ਦੇ ਬੁਨਿਆਦੀ ਢਾਂਚੇ ਨੂੰ ਪੁੱਜੇ ਨੁਕਸਾਨ ਨੂੰ ਠੀਕ ਕਰਨ ਲਈ ਵੱਡੇ ਯਤਨਾਂ ਦੇ ਨਾਲ-ਨਾਲ ਚੋਖੇ ਵਿੱਤੀ ਸਾਧਨਾਂ ਦਾ ਪ੍ਰਬੰਧ ਕਰਨਾ ਪਵੇਗਾ। ਨੁਕਸਾਨ ਏਨਾ ਵੱਡਾ ਹੈ ਕਿ ਰਾਜ ਸਰਕਾਰ ਆਪਣੇ ਸੀਮਤ ਵਿੱਤੀ ਸਾਧਨਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਨਹੀਂ ਕਰ ਸਕਦੀ। ਇਸ ਨੂੰ ਕੇਂਦਰ ਸਰਕਾਰ ਤੋਂ ਵੱਡੀ ਸਹਾਇਤਾ ਦੀ ਲੋੜ ਹੈ।

ਪਰ ਹੁਣ ਤੱਕ ਪੰਜਾਬ ਸਮੇਤ ਹਿਮਾਚਲ, ਜੰਮੂ-ਕਸ਼ਮੀਰ ਤੇ ਉੱਤਰਾਖੰਡ ਆਦਿ ਹੜ੍ਹ ਪੀੜਤ ਰਾਜਾਂ ਦੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਕੇਂਦਰ ਸਰਕਾਰ ਵਲੋਂ ਜਿਸ ਤਰ੍ਹਾਂ ਦੀ ਵੱਡੀ ਪਹਿਲਕਦਮੀ ਦੀ ਲੋੜ ਸੀ, ਉਹ ਅਜੇ ਠੋਸ ਰੂਪ ਵਿਚ ਹੋਈ ਨਜ਼ਰ ਨਹੀਂ ਆਈ। ਭਾਵੇਂ ਕਿ ਕੇਂਦਰੀ ਟੀਮਾਂ ਨੂੰ ਹੜ੍ਹ ਪ੍ਰਭਾਵਿਤ ਰਾਜਾਂ ਵਿਚ ਸਥਿਤੀ ਦਾ ਜਾਇਜ਼ਾ ਲੈਣ ਲਈ ਭੇਜਿਆ ਗਿਆ ਹੈ। ਇਨ੍ਹਾਂ ਹੜ੍ਹ ਪ੍ਰਭਾਵਿਤ ਰਾਜਾਂ ਨੂੰ ਸਹਾਇਤਾ ਦੇਣ ਲਈ ਨੁਕਸਾਨ ਦੀ ਮੁਕੰਮਲ ਰਿਪੋਰਟ ਤਿਆਰ ਕਰਨ ਦੇ ਨਾਲ-ਨਾਲ ਅੰਤਰਿਮ ਰਾਹਤ ਪੈਕੇਜ ਵੀ ਤੁਰੰਤ ਐਲਾਨੇ ਜਾਣ ਦੀ ਲੋੜ ਹੈ।

ਜੇਕਰ ਪੰਜਾਬ ਪ੍ਰਤੀ ਕੇਂਦਰ ਸਰਕਾਰ ਦੇ ਵਤੀਰੇ ਨੂੰ ਦੇਖੀਏ ਤਾਂ ਨਿਰਾਸ਼ਾ ਹੀ ਹੱਥ ਲਗਦੀ ਹੈ। ਪਿਛਲੇ ਦਿਨੀਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਰਾਜ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ ਅਤੇ ਲੋਕਾਂ ਨੂੰ ਮੀਡੀਆ ਰਾਹੀਂ ਇਹ ਭਰੋਸਾ ਦਿਵਾਇਆ ਸੀ ਕਿ ਕੇਂਦਰ ਸਰਕਾਰ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਦੇ ਨੁਕਸਾਨ ਦੀ ਪੂਰਤੀ ਲਈ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ ਜਾਵੇਗੀ। ਪਰ ਇਸ ਤੋਂ ਅਗਲੇ ਦਿਨ ਹੀ ਦਿੱਲੀ ਜਾ ਕੇ ਉਨ੍ਹਾਂ ਨੇ ਇਹ ਬਿਆਨ ਦਾਗ਼ ਦਿੱਤਾ ਕਿ ਪੰਜਾਬ ਵਿਚ ਹੜ੍ਹ ਦਰਿਆਵਾਂ ਵਿਚੋਂ ਰੇਤੇ ਦੀ ਹੋਈ ਗੈਰ ਕਾਨੂੰਨੀ ਨਿਕਾਸੀ ਕਾਰਨ ਆਏ ਹਨ। ਇਕ ਤਰ੍ਹਾਂ ਨਾਲ ਉਨ੍ਹਾਂ ਨੇ ਹੜ੍ਹਾਂ ਦੀ ਜ਼ਿੰਮੇਵਾਰੀ ਪੰਜਾਬ ਦੇ ਸਿਰ ਹੀ ਪਾ ਦਿੱਤੀ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਸਮੇਤ ਬਹੁਤੇ ਭਾਰਤੀ ਰਾਜਾਂ, ਜਿਨ੍ਹਾਂ ਵਿਚ ਨਦੀਆਂ-ਨਾਲੇ ਵਹਿੰਦੇ ਹਨ, ਉਥੇ ਰੇਤ ਮਾਫੀਆ ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਨਾਲ ਮਿਲੀਭਗਤ ਕਰ ਕੇ ਦਰਿਆਵਾਂ ਵਿਚੋਂ ਰੇਤੇ ਦੀ ਅਤੇ ਪਹਾੜੀ ਇਲਾਕਿਆਂ ਵਿਚੋਂ ਪੱਥਰਾਂ ਦੀ ਗ਼ੈਰ ਕਾਨੂੰਨੀ ਢੰਗ ਨਾਲ ਨਿਕਾਸੀ ਕਰਦਾ ਹੈ। ਇਸ ਨਾਲ ਵਾਤਾਵਰਨ ਸੰਬੰਧੀ ਵੱਡੀਆਂ ਚੁਣੌਤੀਆਂ ਪੈਦਾ ਹੁੰਦੀਆਂ ਹਨ। ਪਰ ਇਹ ਵਰਤਾਰਾ ਇਕੱਲਾ ਪੰਜਾਬ ਤੱਕ ਸੀਮਤ ਨਹੀਂ ਹੈ। ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਤਾਂ ਗ਼ੈਰ ਕਾਨੂੰਨੀ ਰੇਤ ਅਤੇ ਪੱਥਰ ਮਾਫੀਆ ਵਲੋਂ ਪੁਲਿਸ ਮੁਲਾਜ਼ਮਾਂ ਨੂੰ ਵਾਹਨਾਂ ਥੱਲੇ ਦੇ ਕੇ ਕੁਚਲਣ ਤੱਕ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਬਿਨਾਂ ਸ਼ੱਕ ਰੇਤ ਤੇ ਪੱਥਰ ਮਾਫੀਏ ਨੂੰ ਸਖ਼ਤ ਕਾਰਵਾਈ ਕਰਕੇ ਨਕੇਲ ਪਾਉਣ ਦੀ ਜ਼ਰੂਰਤ ਹੈ। ਪਰ ਕੇਂਦਰੀ ਖੇਤੀਬਾੜੀ ਮੰਤਰੀ ਨੇ ਜੇ ਕੋਈ ਅਜਿਹਾ ਬਿਆਨ ਦੇਣਾ ਸੀ, ਤਾਂ ਉਸ ਨੂੰ ਇਹ ਉੱਤਰਾਖੰਡ, ਹਿਮਾਚਲ, ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼ ਤੇ ਹਰਿਆਣਾ ਦੇ ਹਵਾਲੇ ਨਾਲ ਵੀ ਦੇਣਾ ਚਾਹੀਦਾ ਸੀ। ਉਨ੍ਹਾਂ ਵਲੋਂ ਇਸ ਸੰਬੰਧੀ ਜ਼ਿਕਰ ਸਿਰਫ਼ ਪੰਜਾਬ ਦਾ ਕੀਤਾ ਗਿਆ ਹੈ, ਭਾਵੇਂ ਕਿ ਇਹ ਮਸਲਾ ਪੰਜਾਬ ਸਮੇਤ ਹੋਰ ਕਈ ਰਾਜਾਂ ਨਾਲ ਵੀ ਜੁੜਿਆ ਹੋਇਆ ਹੈ। ਇਸੇ ਕਾਰਨ ਰਾਜ ਵਿਚ ਖੇਤੀਬਾੜੀ ਮੰਤਰੀ ਦੇ ਬਿਆਨ 'ਤੇ ਕਈ ਹਲਕਿਆਂ ਵਲੋਂ ਇਤਰਾਜ਼ ਵੀ ਪ੍ਰਗਟ ਕੀਤਾ ਗਿਆ ਹੈ।

ਇਸੇ ਤਰ੍ਹਾਂ ਬੀਤੇ ਦਿਨੀਂ ਲੰਮੀ ਖ਼ਾਮੋਸ਼ੀ ਤੋਂ ਬਾਅਦ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਵਲੋਂ ਇਕ ਪ੍ਰੈੱਸ ਕਾਨਫਰੰਸ ਕਰਕੇ ਪੰਜਾਬ ਦੇ ਹੜ੍ਹਾਂ ਦੀ ਜ਼ਿੰਮੇਵਾਰੀ ਵੀ ਪੰਜਾਬ ਸਰਕਾਰ ਦੇ ਸਿਰ ਪਾ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਗਰਮੀਆਂ ਦੇ ਸੀਜ਼ਨ ਵਿਚ ਜੇਕਰ ਹਰਿਆਣਾ ਦੀ ਮੰਗ ਅਨੁਸਾਰ ਉਸ ਨੂੰ ਵਾਧੂ ਪਾਣੀ ਦੇ ਦਿੱਤਾ ਜਾਂਦਾ ਤਾਂ ਰਾਜ ਕਾਫੀ ਹੱਦ ਤੱਕ ਹੜ੍ਹਾਂ ਤੋਂ ਬਚ ਸਕਦਾ ਸੀ। ਇਸ ਸੰਬੰਧ ਵਿਚ ਜਦੋਂ ਅਸੀਂ ਰਾਜ ਦੇ ਸਿੰਚਾਈ ਵਿਭਾਗ ਦੇ ਕੁਝ ਸਾਬਕ ਸੀਨੀਅਰ ਅਧਿਕਾਰੀਆਂ ਨਾਲ ਗੱਲ ਕੀਤੀ, ਤਾਂ ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਕੋਈ ਖ਼ਾਸ ਫ਼ਰਕ ਪੈਣ ਵਾਲਾ ਨਹੀਂ ਸੀ। ਉਨ੍ਹਾਂ ਦੀ ਰਾਇ ਹੈ ਕਿ ਇਸ ਖੇਤਰ ਵਿਚ ਅਗਸਤ ਦੇ ਮਹੀਨੇ ਵਿਚ ਹੋਈਆਂ ਭਾਰੀ ਬਾਰਿਸ਼ਾਂ ਅਤੇ ਡੈਮਾਂ ਸਮੇਤ ਪੰਜਾਬ ਦੇ ਦਰਿਆਵਾਂ ਵਿਚ ਜੰਮੀ ਹੋਈ ਗਾਰ ਇਸ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਨੇ ਵੀ ਖ਼ੁਦ ਮੰਨਿਆ ਹੈ ਕਿ 1963 ਵਿਚ ਬਣੇ ਭਾਖੜਾ ਡੈਮ ਵਿਚ ਗਾਰ ਜੰਮਣ ਕਾਰਨ ਇਸ ਵਿਚ ਪਾਣੀ ਜਮ ?ਹਾਂ ਕਰਨ ਦੀ ਸਮਰੱਥਾ 19 ਫ਼ੀਸਦੀ ਤੱਕ ਘਟ ਚੁੱਕੀ ਹੈ। ਉਨ੍ਹਾਂ ਨੇ ਭਾਵੇਂ ਬਿਆਸ ਦਰਿਆ 'ਤੇ ਬਣੇ ਪੌਂਗ ਡੈਮ ਅਤੇ ਰਾਵੀ 'ਤੇ ਬਣੇ ਰਣਜੀਤ ਸਾਗਰ ਡੈਮ ਦਾ ਜ਼ਿਕਰ ਨਹੀਂ ਕੀਤਾ ਪਰ ਸੁਭਾਵਿਕ ਹੈ, ਕਿ ਉਨ੍ਹਾਂ ਡੈਮਾਂ ਵਿਚ ਵੀ ਗਾਰ ਜੰਮਣ ਨਾਲ ਪਾਣੀ ਭੰਡਾਰ ਕਰਨ ਦੀ ਸਮਰੱਥਾ ਵਿਚ ਕਮੀ ਆਈ ਹੈ। ਜਿਸ ਦੀ ਸਮੀਖਿਆ ਕਰਨ ਦੀ ਜ਼ਰੂਰਤ ਹੈ। ਇਸ ਸੰਬੰਧ ਵਿਚ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਕਾਰਗੁਜ਼ਾਰੀ ਬੇਹੱਦ ਢਿੱਲੀ ਹੈ। ਉਸ ਨੇ ਇਨ੍ਹਾਂ ਡੈਮਾਂ, ਖ਼ਾਸ ਕਰਕੇ ਭਾਖੜਾ ਡੈਮ ਵਿਚੋਂ ਗ਼ਾਰ ਕਢਵਾਉਣ ਲਈ ਏਨੇ ਸਾਲਾਂ ਬਾਅਦ ਵੀ ਅਜੇ ਤੱਕ ਕੋਈ ਕਦਮ ਨਹੀਂ ਚੁੱਕੇ। ਇਸ ਸਮੇਂ ਵੀ ਟੈਂਡਰ ਦੇਣ ਬਾਰੇ ਹੀ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਅਤੇ ਦੂਜੇ ਪਾਸੇ ਦੋਸ਼ ਉਸ ਵਲੋਂ ਪੰਜਾਬ ਸਿਰ ਮੜ੍ਹੇ ਜਾ ਰਹੇ ਹਨ। ਪੰਜਾਬ ਦੇ ਲੋਕਾਂ ਵਿਚ ਵੱਡੀ ਹੱਦ ਤਕ ਇਹ ਵੀ ਧਾਰਨਾ ਪਾਈ ਜਾ ਰਹੀ ਹੈ ਕਿ ਅੱਜ ਵਿਗਿਆਨਕ ਅਤੇ ਤਕਨੀਕੀ ਯੁੱਗ ਵਿਚ ਮੌਸਮ ਸੰਬੰਧੀ ਵੱਖ-ਵੱਖ ਕੌਮੀ ਤੇ ਕੌਮਾਂਤਰੀ ਏਜੰਸੀਆਂ ਵਲੋਂ ਜੋ ਭਵਿੱਖਬਾਣੀਆਂ ਕੀਤੀਆਂ ਜਾਂਦੀਆਂ ਹਨ, ਉਹ ਕਾਫੀ ਹੱਦ ਤਕ ਸਹੀ ਸਾਬਤ ਹੁੰਦੀਆਂ ਹਨ। ਇਸ ਵਾਰ ਉੱਤਰੀ ਭਾਰਤ ਵਿਚ ਚੋਖੀ ਬਾਰਿਸ਼ ਹੋਣ ਦੀ ਮੌਸਮ ਸੰਬੰਧੀ ਏਜੰਸੀਆਂ ਨੇ ਪਹਿਲਾਂ ਹੀ ਪੇਸ਼ੀਨਗੋਈ ਕੀਤੀ ਹੋਈ ਸੀ। ਇਸ ਦੇ ਬਾਵਜੂਦ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਖਿੱਤੇ ਵਿਚ ਹੋਣ ਵਾਲੀਆਂ ਇਨ੍ਹਾਂ ਅਸਾਧਾਰਨ ਬਾਰਿਸ਼ਾਂ ਬਾਰੇ ਕੋਈ ਸਹੀ ਮੁੱਲਾਂਕਣ ਕਰਨ ਵਿਚ ਫੇਲ੍ਹ ਹੋਇਆ ਜਾਪਦਾ ਹੈ ਅਤੇ ਉਸ ਨੇ ਲੋੜੀਂਦੀ ਮਾਤਰਾ ਵਿਚ ਡੈਮਾਂ ਵਿਚੋਂ ਪਹਿਲਾਂ ਸਮੇਂ ਸਿਰ ਪਾਣੀ ਛੱਡ ਕੇ ਬਾਅਦ ਵਿਚ ਵਧੇਰੇ ਬਾਰਿਸ਼ਾਂ ਨਾਲ ਜਮ ?ਹਾਂ ਹੋਣ ਵਾਲੇ ਪਾਣੀ ਲਈ ਥਾਂ ਨਹੀਂ ਬਣਾਈ ਅਤੇ ਜਦੋਂ ਡੈਮ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪੁੱਜਣੇ ਸ਼ੁਰੂ ਹੋ ਗਏ ਤਾਂ ਉਸ ਨੇ ਡੈਮਾਂ ਵਿਚੋਂ ਵੱਡੀ ਪੱਧਰ 'ਤੇ ਦਰਿਆਵਾਂ ਵਿਚ ਪਾਣੀ ਛੱਡ ਦਿੱਤਾ। ਭਾਵੇਂ ਕਿ ਭਾਖੜਾ-ਬਿਆਸ ਮੈਨੇਜਮੈਂਟ ਦੇ ਚੇਅਰਮੈਨ ਨੇ ਇਸ ਸੰਬੰਧ ਵਿਚ ਸਫਾਈ ਦਿੰਦਿਆਂ ਇਹ ਕਿਹਾ ਹੈ ਕਿ ਬੋਰਡ ਨੇ ਕੇਂਦਰੀ ਵਾਟਰ ਕਮਿਸ਼ਨ ਅਤੇ ਭਾਖੜਾ ਮੈਨੇਜਮੈਂਟ ਬੋਰਡ ਦੇ ਭਾਈਵਾਲ ਰਾਜਾਂ ਅਤੇ ਤਕਨੀਕੀ ਕਮੇਟੀ ਦੀ ਸਹਿਮਤੀ ਨਾਲ ਹੀ ਪਾਣੀ ਛੱਡਿਆ ਹੈ। ਪਰ ਬੋਰਡ ਦੇ ਚੇਅਰਮੈਨ ਦੀ ਇਹ ਸਫ਼ਾਈ ਪੰਜਾਬ ਦੇ ਬਹੁਤੇ ਲੋਕਾਂ ਦੇ ਗਲੇ ਤੋਂ ਹੇਠਾਂ ਨਹੀਂ ਉੱਤਰ ਰਹੀ। ਉਨ੍ਹਾਂ ਵਿਚ ਵੱਡੀ ਹੱਦ ਤੱਕ ਇਹ ਧਾਰਨਾ ਪਾਈ ਜਾ ਰਹੀ ਹੈ, ਕਿ 1988 ਵਿਚ ਵੀ ਪੰਜਾਬ ਦੇ ਲੋਕਾਂ ਨੂੰ ਬਿਨਾਂ ਸੂਚਿਤ ਕੀਤਿਆਂ ਵੱਡੀ ਮਾਤਰਾ ਵਿਚ ਪਾਣੀ ਛੱਡ ਕੇ ਰਾਜ ਦਾ ਭਾਰੀ ਨੁਕਸਾਨ ਕੀਤਾ ਗਿਆ ਸੀ। ਇਸ ਵਾਰ ਵੀ ਭਾਖੜਾ-ਮੈਨੇਜਮੈਂਟ ਬੋਰਡ ਡੈਮਾਂ 'ਚੋਂ ਪਾਣੀ ਛੱਡਣ ਦੇ ਮਾਮਲੇ ਵਿਚ ਆਗਾਮੀ ਤੌਰ 'ਤੇ ਸੁਚੱਜੀ ਯੋਜਨਾਬੰਦੀ ਕਰਨ ਵਿਚ ਅਸਫਲ ਰਿਹਾ ਹੈ। ਬਿਨਾਂ ਸ਼ੱਕ ਇਸ ਸੰਬੰਧੀ ਮਾਹਿਰਾਂ ਦੀ ਇਕ ਸੁਤੰਤਰ ਕਮੇਟੀ ਤੋਂ ਜਾਂਚ ਕਰਵਾ ਕੇ ਲੋਕਾਂ ਦੀ ਸੰਤੁਸ਼ਟੀ ਕਰਵਾਈ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਚਾਹੇ ਕੇਂਦਰੀ ਸਰਕਾਰ ਦੇ ਮੰਤਰੀ ਹੋਣ ਜਾਂ ਕੇਂਦਰੀ ਵਿਭਾਗਾਂ ਦੇ ਅਧਿਕਾਰੀ, ਉਨ੍ਹਾਂ ਨੂੰ ਇਸ ਸਮੇਂ ਆਪਣੀ ਬਿਆਨਬਾਜ਼ੀ ਕਰਨ ਸੰਬੰਧੀ ਵਧੇਰੇ ਸਾਵਧਾਨੀ ਵਰਤਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉਨ੍ਹਾਂ ਦਾ ਮਨੋਬਲ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਹੜ੍ਹਾਂ ਕਾਰਨ ਦਿਹਾਤੀ ਖੇਤਰ ਦੇ ਲੋਕਾਂ ਦੀ ਹਾਲਤ ਇਹ ਬਣੀ ਹੋਈ ਹੈ ਕਿ ਸ਼ਮਸ਼ਾਨਘਾਟਾਂ ਵਿਚ ਪਾਣੀ ਭਰ ਜਾਣ ਕਾਰਨ ਉਹ ਹੜ੍ਹਾਂ ਵਿਚ ਮਾਰੇ ਗਏ ਆਪਣੇ ਪਰਿਵਾਰ ਦੇ ਜੀਆਂ ਦਾ ਸਸਕਾਰ ਵੀ ਆਪਣੇ ਪਿੰਡਾਂ ਵਿਚ ਨਹੀਂ ਕਰ ਸਕੇ। ਉਨ੍ਹਾਂ ਨੂੰ ਕਈ ਕੇਸਾਂ ਵਿਚ 20-25 ਕਿਲੋਮੀਟਰ ਦੂਰ ਜਾ ਕੇ ਸਸਕਾਰ ਕਰਨੇ ਪਏ ਹਨ ਜਾਂ ਮਾਰੇ ਗਏ ਜੀਆਂ ਨੂੰ ਦਫ਼ਨਾਉਣਾ ਪਿਆ ਹੈ। ਅਜਿਹੇ ਵੱਡੇ ਸਦਮਿਆਂ ਵਿਚ ਘਿਰੇ ਲੋਕਾਂ ਨੂੰ ਢੁਕਵੀਂ ਸਹਾਇਤਾ ਦੇ ਕੇ ਉਨ੍ਹਾਂ ਦਾ ਢਾਰਸ ਬੰਨ੍ਹਾਉਣ ਦੀ ਥਾਂ 'ਤੇ ਪੰਜਾਬ ਦੇ ਲੋਕਾਂ ਨੂੰ ਹੀ ਹੜ੍ਹਾਂ ਲਈ ਸਿੱਧੇ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਣਾ, ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ। ਹਾਂ ਜੇਕਰ ਰਾਜ ਸਰਕਾਰ ਨੇ ਹੜ੍ਹਾਂ ਨਾਲ ਨਿਪਟਣ ਲਈ ਸਮੇਂ ਸਿਰ ਤਿਆਰੀਆਂ ਨਾ ਕੀਤੀਆਂ ਜਾਂ ਨਜਾਇਜ਼ ਰੇਤਾ, ਬਜਰੀ ਦੀ ਖੁਦਾਈ ਆਦਿ ਕਾਰਨ ਵੀ ਹੜ੍ਹ ਲਈ ਜ਼ਿੰਮੇਵਾਰ ਹਨ, ਤਾਂ ਕੇਂਦਰ ਸਰਕਾਰ ਢੁਕਵੇਂ ਸਮੇਂ ਤੇ ਰਾਜ ਸਰਕਾਰ ਨਾਲ ਇਹ ਮੁੱਦਾ ਉਠਾ ਸਕਦੀ ਹੈ। ਇਸ ਲਈ ਰਾਜ ਸਰਕਾਰ ਦੀ ਜਵਾਬਦੇਹੀ ਕਰ ਸਕਦੀ ਹੈ। ਪਰ ਇਸ ਸਮੇਂ ਹੜ੍ਹਾਂ ਨੂੰ ਲੈ ਕੇ ਨਾ ਤਾਂ ਕੇਂਦਰ ਸਰਕਾਰ ਵਲੋਂ, ਨਾ ਪੰਜਾਬ ਸਰਕਾਰ ਵਲੋਂ ਅਤੇ ਨਾ ਹੀ ਵਿਰੋਧੀ ਪਾਰਟੀਆਂ ਅਤੇ ਹੋਰ ਸੰਬੰਧਿਤ ਵਰਗਾਂ ਵਲੋਂ ਸੌੜੀ ਸਿਆਸਤ ਹੋਣੀ ਚਾਹੀਦੀ ਹੈ। ਇਸ ਸਮੇਂ ਸਭ ਦਾ ਨਿਸ਼ਾਨਾ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਹਰ ਢੰਗ ਨਾਲ ਸਹਾਇਤਾ ਦੇ ਕੇ ਉਨ੍ਹਾਂ ਦਾ ਜੀਵਨ ਆਮ ਵਾਂਗ ਬਣਾਉਣਾ ਅਤੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣਾ ਹੀ ਹੋਣਾ ਚਾਹੀਦਾ ਹੈ।



# ਧਰਮ ਦੀ ਆੜ ’ਚ ਸਰਗਰਮ ਪਾਖੰਡੀਆਂ ਤੋਂ ਸਾਵਧਾਨ ਰਹਿਣ ਦੀ ਲੋੜ



ਸਾਡਾ ਦੇਸ਼ ਆਦਿ ਕਾਲ ਤੋਂ ਸੰਤਾਂ, ਮਹਾਤਮਾ, ਆਚਾਰੀਆ ਤੇ ਗੁਰੂਆਂ ਪ੍ਰਤੀ ਹਮੇਸ਼ਾ ਵਿਸ਼ਵਾਸ, ਸਮਰਪਣ, ਆਦਰ ਤੇ ਸਤਿਕਾਰ ਦਿਖਾਉਂਦਾ ਰਿਹਾ ਹੈ। ਸਾਡੇ ਮਹਾਪੁਰਸ਼ਾਂ ਦੁਆਰਾ ਕਹੇ ਗਏ ਉਚਿਤ, ਅਣਚਿਤ ਕਥਨਾਂ ਬਾਰੇ ਕੋਈ ਕਿੰਤੂ ਕਰਨ ਬਗੈਰ ਉਨ੍ਹਾਂ ਨੂੰ ਸਵੀਕਾਰ ਕਰ ਲੈਣ ਦੀ ਪਰੰਪਰਾ ਬਣੀ ਹੋਈ ਸੀ। ਉਹ ਵੀ ਬਹੁਤ ਸੋਚ-ਵਿਚਾਰ ਕੇ ਸਾਰਿਆਂ ਦੇ ਹਿੱਤ ਵਾਲੀ ਹੀ ਗੱਲ ਕਰਦੇ ਸਨ ਅਤੇ ਸਮਾਜ ’ਚ ਸੰਤੁਲਨ ਬਣਿਆ ਰਹਿੰਦਾ ਸੀ। ਪਰ ਵਰਤਮਾਨ ਸਮੇਂ ਵਿਚ ਤਰਕ ਦੀ ਕਸੌਟੀ ’ਤੇ ਪਰਖੇ ਬਿਨਾਂ ਸਵਾਮੀਆਂ, ਸ਼ੰਕਰਾਚਾਰੀਆਂ ਤੇ ਮੰਡਲੇਸ਼ਵਰਾਂ ਦੇ ਕਥਨਾਂ ’ਤੇ ਅੱਖਾਂ ਬੰਦ ਕਰ ਕੇ ਯਕੀਨ ਕਰ ਲੈਣਾ ਖ਼ਤਰੇ ਤੋਂ ਖਾਲੀ ਨਹੀਂ ਹੈ।

**ਸਨਾਤਨ ਪ੍ਰਮਾਣਿਕ ਸੱਚ ਹੈ :** ਸਭ ਤੋਂ ਪਹਿਲਾਂ ਤਾਂ ਉਨ੍ਹਾਂ ਲੋਕਾਂ ਤੋਂ ਸਾਵਧਾਨ ਹੋ ਜਾਓ, ਜੋ ਕਹਿੰਦੇ ਹਨ ਕਿ ਸਨਾਤਨ ਖ਼ਤਰੇ ਵਿਚ ਹੈ ਤੇ ਅਸੀਂ ਉਸ ਨੂੰ ਬਚਾਉਣ ਲਈ ਨਿਕਲੇ ਹਾਂ। ਸਨਾਤਨ ਤਾਂ ਆਦਿ ਤੇ ਅੰਤ ਦੋਵੇਂ ਹੈ, ਉਸ ਦੀ ਰੱਖਿਆ ਕਰਨ ਦੀਆਂ ਗੱਲਾਂ ਕਰਨ ਵਾਲੇ ਬਹਰੂਪੀਏ ਹਨ। ਅਜਿਹੇ ਵਿਚ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕਰਨ ਲਈ ਨਿਕਲਣ ਵਾਲੇ ਖ਼ੁਦ ਢੋਂਗੀ ਹਨ। ਜੋ ਇਸ ਦੇ ਬਚਾਅ ਲਈ ਯੱਗ ਕਰਨ ਦੀਆਂ ਗੱਲਾਂ ਕਰਦੇ ਹਨ, ਉਹ ਪਾਖੰਡੀ ਹਨ ਅਤੇ ਜੋ ਆਪਣਾ ਸਭ ਕੁਝ ਕੁਰਬਾਨ ਕਰਨ ਦੀਆਂ ਗੱਲਾਂ ਕਰਦੇ ਹਨ, ਉਹ ਚਾਲਬਾਜ਼ ਹਨ। ਹੁਣ ਉਹ ਸਮਾਂ ਨਹੀਂ ਰਿਹਾ ਜਦੋਂ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ, ਵਿਵੇਕਾਨੰਦ, ਸ਼ਰਧਾਨੰਦ, ਸ਼ਿਵਾਨੰਦ, ਮਹਾਰਿਸ਼ੀ ਅਰਵਿੰਦ ਤੇ ਮਾਂ ਅਮ੍ਰਿਤਾਨੰਦਮਈ ਜਿਹੀਆਂ ਮਹਾਨ ਆਤਮਾਵਾਂ ਸਮਾਜ ਦਾ ਮਾਰਗਦਰਸ਼ਨ ਕਰਦੀਆਂ ਸਨ, ਪਰ ਹੁਣ ਗੁੰਮਰਾਹ ਕਰਨ ਵਾਲਿਆਂ ਦੀ ਇਕ ਲੰਬੀ ਸੂਚੀ ਹੈ। ਹੁਣ ਤਾਂ ਇਕ ਗੁਰੂ ਲੱਭੋ ਹਜ਼ਾਰਾਂ ਮਿਲ ਜਾਂਦੇ ਹਨ। ਜੋ ਲੋਕਾਂ ਨੂੰ ਆਪਣੇ ਪ੍ਰਵਚਨਾਂ ਨਾਲ ਇੰਨਾ ਪ੍ਰਭਾਵਿਤ ਕਰ ਲੈਂਦੇ ਹਨ ਕਿ ਲੋਕ ਉਨ੍ਹਾਂ ਦੀਆਂ ਮਿੱਠੀਆਂ ਗੱਲਾਂ ਵੱਲ ਖਿੱਚੇ ਜਾਂਦੇ ਹਨ। ਇਨ੍ਹਾਂ ਦੇ ਮਹੱਲਨੁਮਾ ਆਸ਼ਰਮਾਂ ਦੀ ਝਲਕ ਇਕ ਵੈੱਬਸੀਰੀਜ਼ ਵਿਚ ਦਿਖਾਈ ਜਾ ਚੁੱਕੀ ਹੈ। ਇਨ੍ਹਾਂ ਬਾਬਿਆਂ ਦੀ ਪੈਂਠ ਵੱਖ-ਵੱਖ ਟੀ.ਵੀ. ਚੈਨਲਾਂ ਦੇ ਸੰਪਾਦਕੀ ਵਿਭਾਗ ਤੱਕ ਹੁੰਦੀ ਹੈ ਅਤੇ ਇਹ ਆਪਣੀ ਰੋਣਹਾਕੀ ਸ਼ਕਲ ਬਣਾ ਕੇ ਦੇਸ਼ ’ਤੇ ਆਏ ਕਥਿਤ ਸੰਕਟਾਂ ਨੂੰ ਦੂਰ ਕਰਨ ਅਤੇ ਸਨਾਤਨ ਦੀ ਮੁੜ ਸਥਾਪਤੀ ਦੇ ਸੰਕਲਪ ਨੂੰ ਅਕਸਰ ਦੁਹਰਾਉਂਦੇ ਰਹਿੰਦੇ ਹਨ। ਅਖਬਾਰਾਂ ਤੇ ਚੈਨਲਾਂ ਦੇ ਸੰਪਾਦਕ ਤੇ ਪੱਤਰਕਾਰ ਵੀ ਇਨ੍ਹਾਂ ਕਥਿਤ ਧਰਮ ਗੁਰੂਆਂ ਦੀ ਕਿਰਪਾ ਤੇ ਤਸਵੀਰਾਂ ਬਦੌਲਤ ਆਪਣੀ ਮੰਤਰੀਆਂ, ਮੁੱਖ ਮੰਤਰੀਆਂ ਤੱਕ ਪਹੁੰਚ ਬਣਾ ਲੈਂਦੇ ਹਨ। ਇਸ ਦੇ ਬਾਅਦ ਆਪਸੀ ਮਿਲੀਭੁਗਤ ਨਾਲ ਇਹ ਲੋਕ ਝੌਂਪੜੀਆਂ ਤੋਂ ਮਹੱਲਾਂ ਤੱਕ ਪਹੁੰਚ ਜਾਂਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਸੰਤਾਂ ਮਹਾਂਪੁਰਸ਼ਾਂ ਵਿਚ ਭਾਰਤ ਦੀ ਅਧਿਆਤਮਿਕਤਾ, ਸਨਾਤਨ ਦੀ ਵਿਆਖਿਆ ਤੇ ਜੀਵਨ ਦੀ ਸੰਪੂਰਨਤਾ ਲਈ ਗੰਭੀਰ ਗਿਆਨ, ਆਤਮਿਕ ਸ਼ਕਤੀ ਤੇ ਅਗਵਾਈ ਦੀ ਸਮਰੱਥਾ ਹੋਣੀ ਚਾਹੀਦੀ ਸੀ, ਜਦਕਿ ਇਹ ਗੂੜ੍ਹੇ ਰੰਗੀਨ ਬਸਤਰਧਾਰੀ ਆਪਣੀ ਅਪਮਾਨਜਨਕ ਭਾਸ਼ਾ ਨਾਲ ਔਰਤਾਂ ਬਾਰੇ ਮਾੜਾ ਬੋਲਦੇ ਹਨ ਅਤੇ ਆਪਣੀਆਂ ਵਿਲਾਸਤਾ ਵਾਲੀਆਂ ਵਸਤੂਆਂ ਨੂੰ ਭਗਤਾਂ ਦਾ ਪ੍ਰੇਮ ਦੱਸਦੇ ਹਨ। ਇਨ੍ਹਾਂ ਦੀ ਟੌਹਰ ਤੇ ਸ਼ਾਨ ਆਮ ਲੋਕਾਂ ਦੀ ਮਿਹਨਤ ਦੀ ਕਮਾਈ ’ਤੇ ਨਿਰਭਰ ਹੈ ਅਤੇ ਇਹ ਅੰਧਵਿਸ਼ਵਾਸ ਨੂੰ ਭਗਤੀ ਦਾ ਚੋਲਾ ਪਹਿਨਾ ਕੇ ਬੇਸ਼ੁਮਾਰ ਧਨ ਇਕੱਠਾ ਕਰਦੇ ਹਨ। ਇਹ ਬਾਬੇ ਲੋਕਾਂ ਨੂੰ ਸੁਪਨੇ ਵੇਚ ਕੇ ਆਪਣੇ ਹਰ ਤਰ੍ਹਾਂ ਦੇ ਸ਼ੌਕ ਪੂਰੇ ਕਰਦੇ ਹਨ। ਲੜਕੀਆਂ ਦਾ ਜਿਨਸੀ ਸ਼ੋਸ਼ਣ ਤੇ ਬਾਲ ਮਜ਼ਦੂਰੀ ਇਨ੍ਹਾਂ ਵਲੋਂ ਹੀ ਚਲਾਈਆਂ ਕੁਪ੍ਰਥਾਵਾਂ ਹਨ। ਜਦੋਂ ਕਿਤੇ ਇਹ ਫਸ ਜਾਂਦੇ ਹਨ ਤਾਂ ਆਪਣੀ ਰਾਜਸੀ ਪਹੁੰਚ ਨਾਲ ਆਪਣੇ ਕੁਕਰਮਾਂ ਨੂੰ ਛੁਪਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ, ਹਾਲਾਂਕਿ ਕਾਨੂੰਨ ਦੇ ਲੰਬੇ ਹੱਥਾਂ ਦੇ ਚਲਦਿਆਂ ਇਨ੍ਹਾਂ ਦੀਆਂ ਕਰਤੂਤਾਂ ਅਕਸਰ ਸਮਾਜ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।

**ਪੂਰਨ ਚੰਦ ਸਰੀਨ**

**ਅਨਪੜ੍ਹਤਾ ਤੇ ਰਾਜਨੀਤੀ ਦਾ ਵਰਦਾਨ :** ਆਜ਼ਾਦੀ ਤੋਂ ਪਹਿਲਾਂ ਵੀ ਸਮਾਜ ਵਿਚ ਇਹ ਕੁਰੀਤੀ ਮੌਜੂਦ ਸੀ, ਪਰ 60ਵੇਂ ਦੇ ਦਹਾਕੇ ਇਸ ਵਿਚ ਬਹੁਤ ਵਾਧਾ ਹੋਇਆ। ਜਦੋਂ ਸਭ ਪਾਰਟੀਆਂ ਦੇ ਸਿਆਸੀ ਖਿਡਾਰੀ ਆਪਣਾ ਭਵਿੱਖ ਬਣਾਉਣ ਲਈ ਬਾਬਿਆਂ ਮਗਰ ਘੁੰਮਣ ਲੱਗੇ ਤਾਂ ਦੇਸ਼ ’ਚ ਆਸ਼ਰਮ ਤੇ ਮੱਠ ਖੁੱਲ੍ਹਣ ਲੱਗੇ। ਸਰਕਾਰਾਂ ਨੇ ਇਨ੍ਹਾਂ ਦੁਆਰਾ ਗ਼ੈਰਕਾਨੂੰਨੀ ਤੌਰ ’ਤੇ ਜ਼ਮੀਨਾਂ ’ਤੇ ਕੀਤੇ ਕਬਜ਼ਿਆਂ ਵਲੋਂ ਅੱਖਾਂ ਬੰਦ ਹੀ ਨਹੀਂ ਕੀਤੀਆਂ, ਸਗੋਂ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਮਦਦ ਵੀ ਕੀਤੀ। ਫਿਰ 70, 80 ਦੇ ਦਹਾਕੇ ਵਿਚ ਇਨ੍ਹਾਂ ਦੇ ਕਾਰਨਾਮੇ ਉਜਾਗਰ ਹੋਣ ਲੱਗ ਪਏ। ਸਨਾਤਨ ਧਰਮ, ਭਾਰਤੀ ਸੰਸਕ੍ਰਿਤੀ, ਪ੍ਰਾਚੀਨ ਸੱਭਿਅਤਾ ਤੇ ਪਰੰਪਰਾਵਾਂ ਦਾ ਭਰਮਾਊ ਪ੍ਰਚਾਰ ਕਰਕੇ ਫ਼ਾਇਦਾ ਉਠਾਇਆ ਜਾਣ ਲੱਗਿਆ। ਇਹ ਠੱਗ ਵਿੱਦਿਆ ਦਾ ਸ਼ੁਰੂਆਤੀ ਦੌਰ ਸੀ, ਜਿਸ ਦੌਰਾਨ ਲੁੱਟ-ਖਸੁੱਟ ਤੇ ਲਾਲਚ ਦੀ ਕੋਈ ਹੱਦ ਨਹੀਂ ਰਹੀ। ਜਿਸ ’ਤੇ ਵੀ ਲੋਕਾਂ ਨੇ ਭਰੋਸਾ ਕੀਤਾ, ਉਹੀ ਦਾਗਦਾਰ ਨਿਕਲਿਆ ਅਤੇ ਸੱਚ ਤੇ ਝੂਠ ਵਿਚਾਲੇ ਫ਼ਰਕ ਕਰਨਾ ਮੁਸ਼ਕਿਲ ਹੋ ਗਿਆ। ਮੀਡੀਆ ਦਾ ਇਕ ਵੱਡਾ ਹਿੱਸਾ ਆਪਣੀਆਂ ਮਜਬੂਰੀਆਂ ਦੇ ਚਲਦਿਆਂ ਇਸ ਗੋਰਖਧੰਦੇ ਵਿਚ ਸ਼ਾਮਿਲ ਹੋ ਕੇ ਆਪਣਾ ਹਿੱਸਾ ਲੈਣ ਲੱਗ ਪਿਆ। ਉਸ ਸਮੇਂ ਕਿਵੇਂ ਦਾ ਮਹਿਸੂਸ ਹੁੰਦਾ ਹੋਵੇਗਾ, ਜਦੋਂ ਉਹ ਲੋਕ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ, ਜਿਨ੍ਹਾਂ ਦੇ ਦਰਬਾਰ ਵਿਚ ਦੇਸ਼ ਦੀ ਪਹਿਲੀ ਕਤਾਰ ਦੇ ਨੇਤਾ, ਵਪਾਰੀ, ਉਦਯੋਗਪਤੀ ਕਦੇ ਉਨ੍ਹਾਂ ਦੇ ਪੈਰ ਛੂੰਹਦੇ ਸਨ ਅਤੇ ਉਨ੍ਹਾਂ ਦੀ ਕ੍ਰਿਪਾ ਪ੍ਰਾਪਤ ਕਰਨ ਲਈ ਲੋਕਾਂ ਵਿਚ ਦੌੜ ਲੱਗੀ ਰਹਿੰਦੀ ਸੀ।

**ਕਿਵੇਂ ਨਜਿੱਠਿਆ ਜਾਵੇ :** ਹੁਣ ਤਾਂ ਸਭ ਕੁਝ ਸੋਸ਼ਲ ਮੀਡੀਆ ’ਤੇ ਸੰਚਾਰ ਅਤੇ ਸੰਵਾਦ ਦੇ ਅਨੇਕਾਂ ਮਾਧਿਆਮਾਂ ਰਾਹੀਂ ਮੱਠਾਂ, ਪੀਠਾਂ, ਮੰਡਲਾਂ, ਅਖਾੜਿਆਂ ਤੇ ਹੋਰ ਧਾਰਮਿਕ ਸਥਾਨਾਂ, ਸੰਸਕ੍ਰਿਤਕ ਧਰੋਹਰਾਂ ਤੇ ਆਸਥਾ ਦੇ ਕੇਂਦਰਾਂ ’ਤੇ ਕਬਜ਼ਾ ਬਣਾਈ ਰੱਖਣ ਦੀ ਲਾਲਸਾ ਦਰਮਿਆਨ ਸਾਰਿਆਂ ਦੇ ਪਾਪ ਦਾ ਘੜਾ ਚੌਰਾਹੇ ਵਿਚ ਫੁਟਣ ਲੱਗਾ ਹੈ। ਅਦਾਲਤਾਂ ’ਚ ਚੱਲ ਰਹੇ ਮੁਕੱਦਮਿਆਂ ਨੇ ਸ਼ਰਧਾਲੂਆਂ ਨੂੰ ਦੁਚਿੱਤੀ ’ਚ ਪਾਇਆ ਹੋਇਆ ਹੈ ਕਿ ਜਿਸ ਨੂੰ ਉਨ੍ਹਾਂ ਭਗਵਾਨ ਸਮਝਿਆ, ਉਹ ’ਜਬਰ ਜਨਾਹ’ ਕਰਨ ਵਾਲਾ ਨਿਕਲਿਆ ਅਜਿਹਾ ਦੇਖ ਕੇ ਬਹੁਤ ਗੁੱਸਾ ਆਉਂਦਾ ਹੈ। ਜੋ ਲੋਕ ਆਪਣੇ ਮਾਤਾ-ਪਿਤਾ ਦੀ ਕੋਈ ਇੱਜ਼ਤ ਨਹੀਂ ਕਰਦੇ, ਉਹ ਇਨ੍ਹਾਂ ਢੋਂਗੀਆਂ ਨੂੰ ਝੁਕ-ਝੁਕ ਕੇ ਪ੍ਰਣਾਮ ਕਰਦਿਆਂ ਇਨ੍ਹਾਂ ਦੀ ਹਰ ਚੰਗੀ-ਮਾੜੀ ਗੱਲ ਪੂਰੀ ਕਰਨ ਲਈ ਆਪਣਾ ਸਮਾਂ, ਪੈਸਾ ਤੇ ਪੂਰਾ ਜ਼ੋਰ ਲਗਾ ਦਿੰਦੇ ਹਨ। ਅਜਿਹੀ ਸਥਿਤੀ ਦਾ ਇਕੋ ਹੀ ਉਪਾਅ ਹੈ ਕਿ ਆਪਣੇ ਆਪ ਨੂੰ ਸਿੱਖਿਅਤ ਕੀਤਾ ਜਾਵੇ ਅਤੇ ਬੱਚਿਆਂ ਦੇ ਸਕੂਲੀ ਪਾਠਕ੍ਰਮ ਵਿਚ ਅਜਿਹੇ ਵਿਸ਼ੇ ਸ਼ਾਮਿਲ ਕੀਤੇ ਜਾਣ, ਜੋ ਉਨ੍ਹਾਂ ਨੂੰ ਬਚਪਨ ਤੋਂ ਹੀ ਚੰਗੇ-ਮਾੜੇ ਛੂਹਣ (ਗੁੱਡ ਜਾਂ ਬੈਡ ਟੱਚ) ਬਾਰੇ ਜਾਣਕਾਰੀ ਦੇਣ। ਇਸੇ ਤਰ੍ਹਾਂ ਸਨਾਤਨ ਦੀ ਆੜ ਵਿਚ ਧਰਮ ਦੀ ਦੁਹਾਈ ਦੇ ਕੇ ਜੋ ਭਰਮ ਫੈਲਾਇਆ ਜਾਂਦਾ ਹੈ, ਉਸ ਝੂਠ ਤੇ ਸੱਚ ਦਾ ’ਵਿਵੇਕ’ ਨਾਲ ਨਿਤਾਰਾ ਕੀਤਾ ਜਾਵੇ। ਭਾਵੇਂ ਕੋਈ ਤੁਹਾਨੂੰ ਨਾਸਤਕ ਤੱਕ ਆਖੇ, ਸੱਚ ਲਈ ਕਦੇ ਕਿਸੇ ਦੀ ਪ੍ਰਵਾਹ ਨਾ ਕਰੋ। ਅਜਿਹਾ ਕਰਕੇ ਤੁਸੀਂ ਗੰਭੀਰ ਸੰਕਟ ਤੋਂ ਬਚ ਜਾਓਗੇ। ਬੱਚੇ ਅਕਸਰ ਆਪਣੇ ਅਧਿਆਪਕਾਂ ਦਾ ਕਹਿਣਾ ਮਾਤਾ-ਪਿਤਾ ਨਾਲੋਂ ਵਧੇਰੇ ਮੰਨਦੇ ਹਨ, ਇਸ ਲਈ ਪੜ੍ਹਾਉਂਦੇ ਸਮੇਂ ਅਧਿਆਪਕ ਜੇਕਰ ਬੱਚਿਆਂ ਨੂੰ ਠੀਕ ਤੇ ਗ਼ਲਤ ਵਿਚ ਅੰਤਰ ਕਰਨਾ ਸਿਖਾ ਦੇਵੇ ਤਾਂ ਇਹ ਵੀ ਨਵੇਂ ਭਾਰਤ ਦੀ ਸਹੀ ਪਛਾਣ ਹੋਵੇਗੀ।

# ‘ਟਰੰਪ ਦੀਆਂ ਨੀਤੀਆਂ ਵਿਰੁੱਧ’ ਅਮਰੀਕਾ ’ਚ ਲੋਕਾਂ ਵਲੋਂ ਮੁਜ਼ਾਹਰੇ !

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ’ਤੇ ਲਗਾਏ ਗਏ ਟੈਰਿਫ ਨੂੰ ਜਿਥੇ ਇਕ ਪਾਸੇ ਅਮਰੀਕੀ ਫੈਡਰਲ ਕੋਰਟ ਨੇ ਨਾਜਾਇਜ਼ ਠਹਿਰਾ ਦਿੱਤਾ ਹੈ, ਉਥੇ ਹੀ ਦੂਜੇ ਪਾਸੇ ਟਰੰਪ ਦੀਆਂ ਟੈਰਿਫ ਸੰਬੰਧੀ ਨੀਤੀਆਂ ਦਾ ਅਮਰੀਕਾ ਦੇ ਅੰਦਰ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਤੋਂ ਇਲਾਵਾ ਉਨ੍ਹਾਂ ਦੀ ਆਪਣੀ ਹੀ ਰਿਪਬਲਿਕਨ ਪਾਰਟੀ ਦੇ ਨੇਤਾ ਵੀ ਵਿਰੋਧ ਕਰ ਰਹੇ ਹਨ। ਇਸ ਤੋਂ ਇਲਾਵਾ ਟਰੰਪ ਦੀਆਂ ਹੋਰ ਨੀਤੀਆਂ ਵਿਰੁੱਧ ਵੀ ਅਮਰੀਕਾ ’ਚ ਲੋਕ ਸੜਕਾਂ ’ਤੇ ਉਤਰ ਕੇ ਮੁਜ਼ਾਹਰੇ ਕਰ ਰਹੇ ਹਨ।

ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ‘ਟੈਡ ਕਰੂਜ਼’ ਨੇ ‘ਡੋਨਾਲਡ ਟਰੰਪ’ ਦੇ ਟੈਰਿਫ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਟੈਰਿਫ ਖਪਤਕਾਰਾਂ ’ਤੇ ਟੈਕਸ ਹਨ। ਇਸ ਨਾਲ ਕਾਰਾਂ ਦੀਆਂ ਕੀਮਤਾਂ 4,500 ਡਾਲਰ ਤਕ ਵਧਣਗੀਆਂ ਅਤੇ ਲੰਬੇ ਸਮੇਂ ਤਕ ਜੀ. ਡੀ. ਪੀ. ਨੂੰ ਨੁਕਸਾਨ ਹੋਵੇਗਾ।

ਰਿਪਬਲਿਕਨ ਪਾਰਟੀ ਦੇ ਇਕ ਹੋਰ ਸੰਸਦ ਮੈਂਬਰ ‘ਰੈਂਡ ਪੌਲ’ ਨੇ ਕਿਹਾ ਕਿ ਟੈਰਿਫ ਗਲਤ ਟੈਕਸ ਨੀਤੀ ਹੈ। ਵਪਾਰ ਸਾਰੀਆਂ ਧਿਰਾਂ ਲਈ ਫਾਇਦੇਮੰਦ ਹੁੰਦਾ ਹੈ। ਉਨ੍ਹਾਂ ਦੇ ਸੰਸਦੀ ਖੇਤਰ ਕੇਂਟਕੀ ਦੇ ਉਦਯੋਗਾਂ ਨੇ ਟੈਰਿਫ ’ਤੇ ਵਿਰੋਧ ਪ੍ਰਗਟਾਇਆ ਅਤੇ ਕਿਹਾ ਹੈ ਕਿ ‘ਡੋਨਾਲਡ ਟਰੰਪ’ ਦਾ ਆਦੇਸ਼ ‘ਸ਼ਾਹੀ ਆਦੇਸ਼’ ਵਰਗਾ ਹੈ। ‘ਡੋਨਾਲਡ ਟਰੰਪ’ ਦੀ ਹੀ ਪਾਰਟੀ ਦੇ ਇਕ ਹੋਰ ਸੰਸਦ ਮੈਂਬਰ ‘ਡਾਨ ਬੇਕਨ’ ਨੇ ਕਿਹਾ ਹੈ ਕਿ ਅਮਰੀਕੀ ਸੰਸਦ ਨੂੰ ਰਾਸ਼ਟਰਪਤੀ ‘ਡੋਨਾਲਡ ਟਰੰਪ’ ਤੋਂ ਟੈਰਿਫ ਅਧਿਕਾਰ ਵਾਪਸ ਲੈਣੇ ਚਾਹੀਦੇ ਹਨ ਕਿਉਂਕਿ ਰਾਸ਼ਟਰਪਤੀ ਕੋਲ ਇੰਨੀ ਵਿਆਪਕ ਸ਼ਕਤੀ ਨਹੀਂ ਹੋਣੀ ਚਾਹੀਦੀ ਕਿ ਉਹ ਕਿਸੇ ਵੀ ਦੇਸ਼ ’ਤੇ ਮਨਮਾਨੇ ਟੈਰਿਫ ਲਗਾ ਦੇਣ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ‘ਡੋਨਾਲਡ ਟਰੰਪ’ ਨੂੰ ਵੋਟ ਦੇਣ ਲਈ 2026 ਦੀਆਂ ਮਿਡ ਟਰਮ ਚੋਣਾਂ ’ਚ ਹਿੱਸਾ ਨਹੀਂ ਲੈਣਗੇ।

ਯੂ. ਐੱਸ.-ਇੰਡੀਆ ਕਾਕਸ ਦੇ ਸਹਿ-ਪ੍ਰਧਾਨ ਅਤੇ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ‘ਰੋ ਖੰਨਾ’ ਨੇ ਚਿਤਾਵਨੀ ਦਿੱਤੀ ਹੈ ਕਿ ਟਰੰਪ ਦੀਆਂ ਨੀਤੀਆਂ ਭਾਰਤ-ਅਮਰੀਕਾ ਰਣਨੀਤਿਕ ਸਾਂਝੇਦਾਰੀ ਨੂੰ ਕਮਜ਼ੋਰ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ‘ਡੋਨਾਲਡ ਟਰੰਪ’ ਦੇ ‘ਹੰਕਾਰ’ ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਨਾਲ ਦਹਾਕਿਆਂ ’ਚ ਬਣੇ ਰਿਸ਼ਤਿਆਂ ਨੂੰ ਤਬਾਹ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਉਥੇ ਹੀ ਅਮਰੀਕਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ. ਐੱਸ. ਏ.) ‘ਜੇਕ ਸੁਲਿਵਨ’ ਨੇ ਕਿਹਾ ਹੈ ਕਿ ‘ਡੋਨਾਲਡ ਟਰੰਪ’ ਨੇ ਪਾਕਿਸਤਾਨ ਨਾਲ ਫੈਮਿਲੀ ਬਿਜ਼ਨੈੱਸ ਵਧਾਉਣ ਲਈ ਭਾਰਤ ਨਾਲ ਅਮਰੀਕਾ ਦੇ ਰਿਸ਼ਤਿਆਂ ਨੂੰ ਖਰਾਬ ਕੀਤਾ ਹੈ। ‘ਜੇਕ ਸੁਲਿਵਨ’ ਨੇ ਕਿਹਾ ਕਿ ‘ਡੋਨਾਲਡ ਟਰੰਪ’ ਅਮਰੀਕਾ ਦੀ ਵਿਦੇਸ਼ ਨੀਤੀ ਤੋਂ ਵੱਖ ਹਟ ਕੇ ਪਾਕਿਸਤਾਨ ਅਤੇ ਉਨ੍ਹਾਂ ਦੇ ਸੈਨਾ ਮੁਖੀ ‘ਆਸਿਮ ਮੁਨੀਰ’ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਅਮਰੀਕਾ ਹਮੇਸ਼ਾ ਤੋਂ ਭਾਰਤ ਦੇ ਨਾਲ ਚੰਗੇ ਰਿਸ਼ਤੇ ਰੱਖਣਾ ਚਾਹੁੰਦਾ ਹੈ।

ਇਸੇ ਦੌਰਾਨ ‘ਡੋਨਾਲਡ ਟਰੰਪ’ ਵਲੋਂ ਫਾਰਮਾ ਕੰਪਨੀਆਂ ’ਤੇ 200 ਫੀਸਦੀ ਟੈਰਿਫ ਲਗਾਉਣ ਦੀ ਚਿਤਾਵਨੀ ਦੇਣ ਤੋਂ ਬਾਅਦ ਅਮਰੀਕਾ ’ਚ ਜ਼ਰੂਰੀ ਦਵਾਈਆਂ ਮਹਿੰਗੀਆਂ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਇਸ ਨਾਲ ਜਿਥੇ ਭਾਰਤ ਦੇ ਫਾਰਮਾ ਸੈਕਟਰ ’ਤੇ ਅਸਰ ਪਵੇਗਾ ਉਥੇ ਹੀ ਅਮਰੀਕਾ ’ਚ ਮਰੀਜ਼ਾਂ ਨੂੰ ਦਵਾਈਆਂ ਲਈ ਜ਼ਿਆਦਾ ਕੀਮਤ ਚੁਕਾਉਣੀ ਪਵੇਗੀ। ਟਰੰਪ ਦੀ ਇਸ ਨੀਤੀ ਦਾ ਵੀ ਅਮਰੀਕਾ ’ਚ ਵਿਰੋਧ ਹੋ ਰਿਹਾ ਹੈ।

ਅਮਰੀਕਾ ’ਚ ਮਜ਼ਦੂਰ ਦਿਵਸ ’ਤੇ ਕਈ ਸ਼ਹਿਰਾਂ ’ਚ ਟਰੰਪ ਦੀਆਂ ਨੀਤੀਆਂ ਦਾ ਜੰਮ ਕੇ ਵਿਰੋਧ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਉਨ੍ਹਾਂ ਦੀ ਮਿਹਨਤ ਦੇ ਹਿਸਾਬ ਨਾਲ ਤਨਖਾਹ ਮਿਲਣੀ ਚਾਹੀਦੀ ਹੈ। ਵਿਰੋਧ ਪ੍ਰਦਰਸ਼ਨ ਦੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ‘ਟਰੰਪ ਨੂੰ ਹੁਣ ਜਾਣਾ ਹੋਵੇਗਾ’ ਦੇ ਨਾਅਰੇ ਲਗਾਏ।




ਭਾਰਤ ਅਤੇ ਅਮਰੀਕਾ ਵਿਚਾਲੇ ਟ੍ਰੇਡ ਡੀਲ ਨੂੰ ਲੈ ਕੇ ਚੱਲ ਰਹੀ ਖਿੱਚੋਤਾਣ ਦੇ ਵਿਚਾਲੇ ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ‘ਪਿਊਸ਼ ਗੋਇਲ’ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਮੱਧ ਨਵੰਬਰ ਤੱਕ ਵਪਾਰ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਜਲਦਬਾਜ਼ੀ ’ਚ ਸਮਝੌਤੇ ਕਰਨ ਲਈ ਦਬਾਅ ’ਚ ਕੰਮ ਨਹੀਂ ਕਰਦਾ ਅਤੇ ਆਪਸੀ ਤੌਰ ’ਤੇ ਲਾਭਕਾਰੀ ਸਮਝੌਤਿਆਂ ’ਤੇ ਹੀ ਗੱਲਬਾਤ ਕਰੇਗਾ।

ਇਸੇ ਦੌਰਾਨ ਅਮਰੀਕਾ ਦੀਆਂ ਮੁੱਖ ਅਖਬਾਰਾਂ ‘ਨਿਊਯਾਰਕ ਟਾਈਮ’ ਅਤੇ ‘ਵਾਸ਼ਿੰਗਟਨ ਪੋਸਟ’ ਨੇ ਲਿਖਿਆ ਹੈ ਕਿ ‘ਡੋਨਾਲਡ ਟਰੰਪ’ ਅਤੇ ‘ਨਰਿੰਦਰ ਮੋਦੀ’ ਦੀ ਗੂੜ੍ਹੀ ਦੋਸਤੀ ਰਹੀ ਹੈ ਅਤੇ ਪ੍ਰਧਾਨ ਮੰਤਰੀ ‘ਮੋਦੀ’ ਨੇ ‘ਡੋਨਾਲਡ ਟਰੰਪ’ ਲਈ ‘ਹਾਊਡੀ ਮੋਦੀ’ ਅਤੇ ‘ਨਮਸਤੇ ਟਰੰਪ’ ਵਰਗੇ ਪ੍ਰੋਗਰਾਮ ਕਰਵਾਏ ਪਰ ‘ਡੋਨਾਲਡ ਟਰੰਪ’ ਨੇ ਭਾਰਤ ਦੇ ਵਿਰੁੱਧ 50 ਫੀਸਦੀ ਟੈਰਿਫ ਲਗਾ ਕੇ ਭਾਰਤ ਨੂੰ ਚੀਨ ਅਤੇ ਰੂਸ ਦੇ ਪਾਲੇ ’ਚ ਧੱਕਣ ਲਈ ਮਜਬੂਰ ਕਰ ਦਿੱਤਾ ਹੈ। ਇਹ ਅਮਰੀਕਾ ਦੀ ਕੂਟਨੀਤਿਕ ਗਲਤੀ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ‘ਡੋਨਾਲਡ ਟਰੰਪ’ ਆਪਣੇ ਦੇਸ਼ ’ਚ ਆਪੋਜ਼ੀਸ਼ਨ ਤੋਂ ਇਲਾਵਾ ਆਪਣੀ ਹੀ ਪਾਰਟੀ ਦੇ ਅੰਦਰ ਹੋ ਰਹੇ ਵਿਰੋਧ ਨੂੰ ਸਮਝਣਗੇ ਅਤੇ ਹੰਕਾਰ ਛੱਡ ਕੇ ਭਾਰਤ ਦੇ ਨਾਲ ਸੰਬੰਧ ਆਮ ਬਣਾਉਣ ਦੀ ਦਿਸ਼ਾ ’ਚ ਕੰਮ ਕਰਨਗੇ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



ਜੇ ਹਰਿਮੰਦਰ ਇਕ ਸ਼ਮਾ ਹੈ ਤਾਂ ਸਿੱਖ ਪਰਵਾਨਾ ਹੈ ਜੋ ਸ਼ਮਾ ਤੇ ਹੱਸ ਹੱਸ ਕੇ ਕੁਰਬਾਨ ਹੁੰਦਾ ਹੈ ਤੇ ਕਦੇ ਵੀ ਆਪਣਿਆਂ ਇਰਾਦਿਆਂ ਵਿਚ ਡੋਲਦਾ ਨਹੀਂ।

ਜੇ ਹਰਿਮੰਦਰ ਸਾਹਿਬ ਸਿੱਖ ਕੌਮ ਲਈ ਧਾਰਮਿਕ ਆਨ ਸ਼ਾਨ ਅਤੇ ਗੌਰਵ ਦਾ ਪ੍ਰਤੀਕ ਹੈ ਤਾਂ ਸਿੱਖ ਇਸ ਗੌਰਵ ਦਾ ਅਨਿੱਖੜਵਾਂ ਅੰਗ ਹੈ, ਅਟੁੱਟ ਭਾਗ ਹੈ। ਸਿੱਖ ਦੀ ਹਰਿਮੰਦਰ ਤੋਂ ਬਿਨਾ ਸੋਚ ਅਧੂਰੀ ਹੈ, ਸਰੀਰ ਨਿਰਜਿੰਦ ਹੈ, ਮਨ ਬੇਚੈਨ ਹੈ, ਆਤਮਾ ਬੇਬਲ ਹੈ ਤੇ ਹਸਤੀ ਨੇਸਤੋ ਨਾਬੂਦ ਹੈ, ਨਕਾਰਾ ਹੈ ਤੇ ਉਹ ਕਿਸੇ ਕੰਮ ਦੀ ਨਹੀਂ। ਹਰਿਮੰਦਰ ਨੂੰ ਆਪਣੇ ਮਨ ਅੰਦਰ ਟਿਕਾ ਕੇ ਜਿਥੇ ਕਿਧਰੇ ਵੀ ਕੋਈ ਸਿੱਖ ਰਹਿੰਦਾ ਜਾਂ ਵਿਚਰਦਾ ਹੈ ਉਹ ਆਪਣੇ ਆਪ ਨੂੰ ਬਾ-ਬਰਕਤ ( ਭਾਗਾਂ ਵਾਲਾ ) ਇਨਸਾਨ ਸਮਝਦਾ ਹੈ। ਹਰਮਿੰਦਰ ਕਿਸੇ ਨੂੰ ਕੁਝ ਵੀ ਬੁਰਾ ਕਰਨ ਤੋਂ ਹੋੜਦਾ ਹੈ ਅਤੇ ਸਭ ਕੁਝ ਚੰਗਾ ਕਰਨ ਲਈ ਪ੍ਰੇਰਦਾ ਹੈ, ਉਤਸ਼ਾਹਿਤ ਕਰਦਾ ਹੈ ਤੇ ਗੁਰਬਾਣੀ ਦੇ ਅਧਾਰਤ ਜੀਵਨ ਜੀਣ ਲਈ ਉਭਾਰਦਾ ਹੈ।

ਪਿਛਲੇ ਕੁਝ ਅਰਸੇ ਤੋਂ ਕੁਝ ਪ੍ਰਚਾਰਕਾਂ ਵਲੋਂ ਲਗਾਤਾਰ ਝੂਠ ਦੀ ਪੰਡ ਸਿਰ ਤੇ ਅਜਿਹੀ ਉਠਾਈ ਲਗਾਤਾਰ ਉਸ ਪੰਡ ਵਿੱਚ ਝੂਠ ਮਤੇ ਝੂਠ ਬੋਲ ਕੇ ਵਾਧਾ ਹੀ ਕੀਤਾ ਗਿਆ ਜਿਸ ਤੋਂ ਸਾਫ ਸਪਸ਼ਟ ਹੈ ਕਿ ਪਿੱਛੇ ਕੋਈ ਨਾ ਕੋਈ ਜ਼ਰੂਰ ਮੂੰਹ ਛੁਪਾ ਕੇ ਖਲੋਤਾ ਹੈ ਤੇ ਕਿਸੇ ਨਾ ਕਿਸੇ ਲਾਲਚ ਵਿੱਚ ਸੇਧ ਦੇ ਰਿਹਾ ਹੈ। ਅੱਜ ਮੇਰੀ ਮੁਰਾਦ ਨਾਨਕਸਰ ਦੀ ਜੋ ਦਰਗਾਹੀ ਮਰਿਆਦਾ ਧੰਨ ਬਾਬਾ ਨੰਦ ਸਿੰਘ ਜੀ ਨੇ ਉਚਾਰੀ ਸੀ ਤੇ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਨੇ ਉਸ ਮਰਯਾਦਾ ਵਿੱਚ ਇੱਕ ਸਪੁੱਤਰ ਬਣ ਕੇ ਸਾਰੇ ਸਿੱਖ ਜਗਤ ਵਿੱਚ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਤੋ ਬਾਦ 7 ਲੱਖ 60 ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਦੇ ਨਿਸਰਦੇ ਬੂਟੇ ਦੀਆਂ ਜੜਾਂ ਵਿੱਚ ਇੱਕ ਅਜਿਹਾ ਗੁਰੂ ਨਾਨਕ ਨਾਮ ਲੇਵਾ ਪਾਣੀ ਪਾਇਆ ਜਿਸ ਨਾਲ ਸਿੱਖੀ ਦਾ ਬੂਟਾ ਅਜਿਹਾ ਫੈਲਿਆ ਕਿ ਨਾਨਕਸਰ ਤੇ ਸਿੱਖ ਪੰਥ ਦੇ ਦੋਖੀਆਂ ਕੋਲ ਸਿਵਾਏ ਨਿੰਦਾ ਕਰਨ ਦੇ ਹੋਰ ਕੁਝ ਨਹੀਂ ਸੀ। ਨਿੰਦਿਆ ਵਾਰੇ ਤਾਂ ਗੁਰੂ ਸਾਹਿਬ ਵਿੱਚ ਵਰਜਿਆ ਹੋਇਆ ਹੈ ਪਰ ਲੱਗਦਾ ਗੁਰੂ ਦੀ ਬਾਣੀ ਨੂੰ ਮੰਨਣਾ ਇਹਨਾਂ ਲਈ ਇਕ ਅਜਿਹੀ ਬਿਮਾਰੀ ਦੇ ਤੁੱਲ ਹੈ ਜਿਸ ਦਾ ਇਲਾਜ ਕਿਸੇ ਪਾਸ ਨਹੀਂ।

"ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥"( ਅੰਗ ੩੮੧ )

ਹੁਣ ਆਪਾਂ ਗਲ ਕਰੀਏ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਨੇ ਜਦ ਨਾਨਕਸਰ ਦਾ ਨਿਰਮਾਣ ਕੀਤਾ ਸੀ ਤਦ ਉਹਨਾਂ ਨੇ ਜੋ ਮਰਿਆਦਾ ਇਕੱਲੀ ਲਾਗੂ ਹੀ ਨਹੀਂ ਕੀਤੀ ਬਲਕਿ ਲਿਖ ਕੇ ਵੀ ਲਾਈ। ਬਾਬਾ ਜੀ ਦੇ ਬਚਨ ਅੱਜ ਵੀ ਰਿਕਾਰਡ ਹਨ ਕਿ ਜੋ ਗੁਰੂ ਨਾਨਕ ਸਾਹਿਬ ਵੇਲੇ ਦੀ ਪੁਰਾਤਨ ਮਰਯਾਦਾ ਸੀ ਉਹ ਦਰਬਾਰ ਸਾਹਿਬ ਦੀ ਤਰਜ਼ ਤੇ ਨਾਨਕਸਰ ਲਾਗੂ ਕੀਤੀ ਹੈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਨਾਨਕਸਰ ਠਾਠ ਕਲੇਰਾਂ ਦੀ ਮਰਿਆਦਾ ਵਿੱਚ ਸੁਮੇਲ (SIMILARITIES) ਕਿਸ ਤਰਾਂ ਹੈ।

ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਨਾਨਕਸਰ ਵਾਲਿਆਂ ਦੇ ਬਚਨ ਜੋ ਦਾਸ ਦੇ ਪਿਤਾ ਜੀ (ਸਵਰਗੀ Principal Balbir Singh Ji MA ) ਤੇ ਭੂਆ ਜੀ ( ਸਵਰਗੀ Mrs. Harjit Kaur Brar Head Mistress) ਨੇ ਹਮੇਸ਼ਾਂ ਬਾਬਾ ਈਸ਼ਰ ਸਿੰਘ ਜੀ ਦੇ ਬਚਨ ਆਪੋ ਆਪਣੀਆਂ ਡਾਇਰੀਆਂ ਵਿਚ ਲਿਖਦੇ ਸਨ। ਸਾਡੇ ਪ੍ਰੀਵਾਰ ਨਾਲ ਵੀ ਸਾਡੇ ਪਿਤਾ ਜੀ ਨੇ ਬਚਨ ਸਾਂਝੇ ਕੀਤੇ ਸਨ। ਉਸ ਵਿਚ ਲਿਖਿਆ ਸੀ ਕਿ ਬਾਬਾ ਈਸ਼ਰ ਸਿੰਘ ਜੀ ਨੇ ਬਚਨ ਕੀਤਾ ਕਿ ਜੋ ਬਾਬਾ ਜੀ (ਭਾਵ ਬਾਬਾ ਨੰਦ ਸਿੰਘ ਜੀ ) ਸੁਮੱਤ ਦਿੰਦੇ ਸਨ ਕਿ ਅਗਰ ਤੁਹਾਨੂੰ ਕੋਈ ਪੁੱਛੇ ਕਿ ਨਾਨਕਸਰ ਦੀ ਮਰਿਆਦਾ ਦਾ ਅਰੰਭ ਕਿੱਥੋਂ ਹੋਇਆ ਸੀ ਤਾਂ ਕਹਿ ਦੇਣਾ ਕਿ ਸਾਡੀ ਟਕਸਾਲ ਭਾਈ ਮਨੀ ਸਿੰਘ ਜੀ ਤੋ ਸ਼ੁਰੂ ਹੋਈ ਹੈ। ਉਸ ਮੌਕੇ ਇਹਨਾਂ ਬਚਨਾਂ ਦੀ ਕੋਈ ਸਮਝ ਨਹੀਂ ਸੀ। ਫਿਰ ਜਦ ਕੁਝ ਮਿਸ਼ਨਰੀ ਪ੍ਰਚਾਰਕਾਂ (ਸਾਰੇ ਨਹੀਂ ) ਸਟੇਜਾਂ ਉੱਪਰ ਨਾਨਕਸਰ ਦਾ ਨਾਮ ਲੈ ਕੇ ਕਿਹਾ ਗਿਆ ਕਿ ਗੁਰੂ ਘਰ ਦੀਆਂ ਪੰਜ ਨਿਸ਼ਾਨੀਆਂ ਹੁੰਦੀਆਂ ਹਨ। ਜਿਸ ਤਰ੍ਹਾਂ

੧- ਨਿਸ਼ਾਨ ਸਾਹਿਬ ਲਗਿਆ ਹੋਵੇ।
੨- ਗੋਲਕ ਚਾਹੀਦੀ ਹੈ।
੩- ਲੰਗਰ ਪੱਕਣਾ ਚਾਹੀਦਾ ਹੈ।
੪- ਅਰਦਾਸ ਤੋ ਬਾਦ ਦੋਹਰਾ ਪੜ੍ਹਨਾ ਜ਼ਰੂਰੀ ਹੈ।
੫- ਸਿੱਖ ਰਹਿਤ ਮਰਿਆਦਾ ਅਨੁਸਾਰ ਜੋਤ ਪ੍ਰਕਾਸ਼ ਕਰਨ ਦੀ ਮਨਾਹੀ ਹੈ।

ਉਪਰੋਕਤ ਗੱਲਾਂ ਸੁਣ ਕੇ ਦਾਸ ਨੇ ਪਿਛਲੇ ਡੇਢ ਸਾਲ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਕਿਤਾਬਾਂ ਦਾ ਸਹਾਰਾ ਲਿਆ ਤਾਂ ਵਾਕਿਆ ਹੀ ਧੰਨ ਬਾਬਾ ਈਸ਼ਰ ਸਿੰਘ ਜੀ ਦਾ ਉਚਾਰਨ ਕੀਤਾ ਬਚਨ ਸਮਝ ਆਇਆ ਕਿ ਬਾਬਾ ਈਸ਼ਰ ਸਿੰਘ ਜੀ ਤਾਂ ਸਮਝਾ ਗਏ ਸੀ ਪਰ ਅਸੀਂ ਇਤਿਹਾਸ ਦੇ ਅੰਗ ਨਹੀਂ ਉਲਟਾ ਸਕੇ। (ਚਲਦਾ)

# ਅਫਗਾਨਿਸਤਾਨ 'ਚ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 2200 ਤੋਂ ਪਾਰ

## ਹੁਣ ਤੱਕ 3640 ਲੋਕਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ

ਅਫਗਾਨਿਸਤਾਨ ਵਿਚ ਭੂਚਾਲ ਦੇ ਕਾਰਨ ਮਰਨ ਵਾਲਿਆਂ ਦੀ ਗਿਣਤੀ 2,200 ਤੋਂ ਵੱਧ ਹੋ ਗਈ ਹੈ। ਤਾਲਿਬਾਨ ਪ੍ਰਸ਼ਾਸਨ ਨੇ ਦੱਸਿਆ ਕਿ ਤਬਾਹ ਹੋਏ ਘਰਾਂ ਦੇ ਮਲਬੇ ਵਿੱਚੋਂ ਵੀਰਵਾਰ ਨੂੰ ਬਚਾਅ ਕਰਮੀਆਂ ਨੇ ਹੋਰ ਲਾਸ਼ਾਂ ਕੱਢੀਆਂ। ਭੂਚਾਲ ਪ੍ਰਭਾਵਿਤ ਪੂਰਬੀ ਪਹਾੜੀ ਖੇਤਰਾਂ ਵਿਚ ਖੋਜ ਮੁਹਿੰਮ ਜਾਰੀ ਹੈ। ਇਸ ਕੁਦਰਤੀ ਆਫ਼ਤ ਵਿਚ ਹੁਣ ਤੱਕ 3,640 ਲੋਕਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਹੈ।



ਅਫਗਾਨਿਸਤਾਨ ਵਿਚ 6.1 ਦੀ ਤੀਬਰਤਾ ਵਾਲਾ ਪਹਿਲਾ ਭੂਚਾਲ ਐਤਵਾਰ ਨੂੰ ਕੁਨਾਰ ਅਤੇ ਨਾਂਗਰਹਾਰ ਸੂਬਿਆਂ ਵਿਚ ਵੱਡਾ ਨੁਕਸਾਨ ਅਤੇ ਤਬਾਹੀ ਲੈ ਕੇ ਆਇਆ। ਇਸ ਦਾ ਕੇਂਦਰ ਜ਼ਮੀਨ ਤੋਂ 10 ਕਿਲੋਮੀਟਰ ਹੇਠਾਂ ਸੀ। ਬਚਾਅ ਅਤੇ ਰਾਹਤ ਕਾਰਜ ਜਾਰੀ ਸੀ ਕਿ ਮੰਗਲਵਾਰ ਨੂੰ 5.5 ਰਿਐਕਟਰ ਤੀਬਰਤਾ ਵਾਲਾ ਦੂਜਾ ਭੂਚਾਲ ਆ ਗਿਆ। ਇਸ ਕਾਰਨ ਬਚਾਅ ਕਾਰਜ ਵਿਚ ਰੁਕਾਵਟ ਆਈ, ਕਿਉਂਕਿ ਇਸ ਨਾਲ ਪਹਾੜਾਂ ਤੋਂ ਚੱਟਾਨਾਂ ਖਿਸਕ ਗਈਆਂ ਅਤੇ ਦੂਰਦਰਾਜ ਦੇ ਖੇਤਰਾਂ ਦੇ ਪਿੰਡਾਂ ਦੀਆਂ ਸੜਕਾਂ ਕੱਟੀਆਂ ਗਈਆਂ।

ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ ਮਲਬੇ ਵਿਚ ਦੱਬੇ ਲੋਕਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਇੰਟਰਨੈਸ਼ਨਲ ਫੈਡਰੇਸ਼ਨ ਆਫ ਰੈੱਡ ਕ੍ਰਾਸ ਐਂਡ ਰੈੱਡ ਕ੍ਰੀਸੈਂਟ ਸੁਸਾਇਟੀਜ਼ ਨੇ ਕਿਹਾ ਕਿ ਮਨੁੱਖੀ ਜ਼ਰੂਰਤਾਂ ਬਹੁਤ ਵੱਡੀਆਂ ਹਨ ਅਤੇ ਤੇਜ਼ੀ ਨਾਲ ਵਧ ਰਹੀਆਂ ਹਨ। 84,000 ਲੋਕ ਸਿੱਧੇ ਅਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਹਨ। ਇਸ ਦੇ ਨਾਲ ਹੀ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਬ੍ਰਿਟੇਨ ਵਿਚ ਸਥਿਤ ਚੈਰਿਟੀ ਇਸਲਾਮਿਕ ਰਿਲੀਫ ਵਰਲਡਵਾਈਡ ਦੇ ਇਕ ਅੰਦਾਜ਼ੇ ਦੇ ਅਨੁਸਾਰ, ਕੁਨਾਰ ਸੂਬੇ ਦੇ ਕੁਝ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਪਿੰਡਾਂ ਵਿਚ 98 ਫ਼ੀਸਦੀ ਇਮਾਰਤਾਂ ਜਾਂ ਤਾਂ ਤਬਾਹ ਹੋ ਗਈਆਂ ਹਨ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ ਹੈ। ਬਚੇ ਹੋਏ ਲੋਕ ਮਲਬੇ ਵਿਚ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਭਾਲ ਕਰ ਰਹੇ ਹਨ। ਬਚਾਅ ਮੁਹਿੰਮ ਜਾਰੀ ਹੈ। ਅਧਿਕਾਰੀਆਂ ਨੇ ਉਨ੍ਹਾਂ ਸਥਾਨਾਂ 'ਤੇ ਦਰਜਨਾਂ ਕਮਾਂਡੋਜ਼ ਨੂੰ ਵੀ ਹਵਾਈ ਰਸਤੇ ਰਾਹੀਂ ਉਤਾਰਿਆ ਹੈ, ਜਿੱਥੇ ਹੈਲੀਕਾਪਟਰ ਨਹੀਂ ਉਤਰ ਸਕਦੇ ਸਨ।

# ਵਿਲੱਖਣ ਬਿਰਤੀ ਵਾਲਾ ਬੰਦਾ ਬਿਲਬਰਟ !

ਵਿਲੱਖਣ ਸੁਭਾਅ ਵਾਲਾ ਰੱਬੀ ਬੰਦਾ ਮੇਰਾ ਦੋਸਤ ਬਿਲਬਰਟ ਕੈਨੇਡਾ ਵਿਚ ਮੇਰੇ ਨਾਲ ਹੀ ਕੰਮ ਕਰਦਾ ਹੈ। ਗੱਲਬਾਤ ਕਰਨ ਦਾ ਇਹਦਾ ਅੰਦਾਜ਼ ਥੋੜਾ ਵੱਖਰਾ ਜਿਹਾ ਹੈ। ਜਿਵੇ ਅਸਟਰੇਲੀਆ ਦੇ ਲੋਕ ਅੰਗਰੇਜ਼ੀ ਹੋਰ ਤਰਾਂ ਬੋਲਦੇ ਤੇ ਕੈਨੇਡਾ ਜਾਂ ਅਮਰੀਕਾ ਵਾਲੇ ਹੋਰ ਤਰਾਂ। ਪਾਕਿਸਤਾਨੀ ਤੇ ਭਾਰਤੀ ਪੰਜਾਬੀ ਵੀ ਵੱਖਰੇ ਵੱਖਰੇ ਢੰਗਾਂ ਨਾਲ ਪੰਜਾਬੀ ਬੋਲਦੇ ਹਨ। ਵੈਸੇ ਵੀ ਇਹ ਗੱਲਾਂ ਘੱਟ ਹੀ ਕਰਦਾ ਹੈ ਤੇ ਬਹੁਤਾ ਆਪਣੇ ਕੰਮ ਵਿਚ ਹੀ ਮਸਤ ਰਹਿੰਦਾ ਹੈ ਅਕਸਰ।

ਇੱਕ ਦਿਨ ਅਸੀਂ ਦੋਵੇਂ ਜਣੇ ਬੱਸਾਂ ਦੇ ਇੱਕੋ ਰੂਟ 'ਤੇ ਸੀ ਅਤੇ ਸਾਡੇ ਕੋਲ ਘੰਟੇ ਤੋ ਉੱਪਰ ਵਿਹਲਾ ਸਮਾਂ ਹੈਗਾ ਸੀ। ਮੌਕਾ ਤਾੜ ਕੇ ਮੈਂ ਬਿਲਬਰਟ ਨੂੰ ਉਹਦਾ ਦੇਸ਼ ਪੁਛਿਆ ਤੇ ਨਾਲ? ਕਿਹਾ ਕਿ ਤੈਨੂੰ ਕਿੰਨਾ ਕੁ ਚਿਰ ਹੋ ਗਿਆ ਕੈਨੇਡਾ ਆਏ ਨੂੰ ਮੈਂ ਹੈਰਾਨ ਹੋਇਆ ਕਿ ਉਹ ਆਪ ਦੀ ਸਾਰੀ ਕਹਾਣੀ ਇੰਜ ਦੱਸਣ ਲੱਗ ਪਿਆ ਜਿਵੇਂ ਉਹ ਪਹਿਲੋਂ ਹੀ ਚਾਹੁੰਦਾ ਹੋਵੇ ਕਿ ਉਹਨੂੰ ਕੋਈ ਪੁੱਛੇ ਤਾਂ ਸਹੀ! ਉਸਨੇ ਦੱਸਿਆ ਕਿ ਉਹ Haiti ਦੇਸ਼ ਦਾ ਰਹਿਣ ਵਾਲਾ ਹੈ। ਉਹਨੇ ਮੈਨੂੰ ਇਹ ਵੀ ਦੱਸਿਆ ਕਿ ਉਹ ਇਕ ਸਮੇਂ ਯੂਨੀਸਿਫ (UNICEF) ਲਈ ਕੰਮ ਕਰਦਾ ਰਿਹਾ ਹੈ। ਉੱਥੇ ਉਹਨੇ 12 ਸਾਲ ਕੰਮ ਕੀਤਾ। ਉਸਨੇ ਵੱਡੇ ਮਾਣ ਨਾਲ ਦੱਸਿਆ ਕਿ ਆਪਣੇ ਦੇਸ਼ ਵਿੱਚ ਉਸਦਾ ਦੂਸਰਾ ਰੈਂਕ ਸੀ। ਸਿਰਫ ਇੱਕੋ ਅਫਸਰ ਉਸਤੋਂ ਸੀਨੀਅਰ ਹੁੰਦਾ ਸੀ।



ਬਿਲਬਰਟ ਕਹਿੰਦਾ ਸਾਡੀ ਆਰਗੇਨਾਈਜੇਸ਼ਨ ਜਿਨ੍ਹਾਂ ਵੀ ਖਰਚਾ ਕਰਦੀ ਸੀ ਉਹ ਸਾਰਾ ਮੇਰੇ ਹੱਥੀਂ ਹੀ ਜਾਂਦਾ ਹੁੰਦਾ ਸੀ। ਉਨਾ ਨੂੰ ਮੇਰੇ ਉੱਤੇ ਇੰਨਾ ਭਰੋਸਾ ਸੀ ਕਿ ਉਹ ਮੈਨੂੰ ਲੱਖਾਂ ਡਾਲਰਾਂ ਦੇ ਚੈੱਕ ਮੇਰੇ ਨਾਮ 'ਤੇ ਹੀ ਕੱਟ ਦਿੰਦੇ ਸਨ ਅਤੇ ਅੱਗੇ ਉਹ ਮੈਂ ਹੀ ਖਰਚਣੇ ਹੁੰਦੇ ਸਨ। ਜੇ ਉਦੋਂ ਮੇਰੇ ਮਨ 'ਚ ਮਾੜਾ ਜਿਹਾ ਵੀ ਲੋਭ ਲਾਲਚ ਆਇਆ ਹੁੰਦਾ ਤਾਂ ਮੈਂ ਲੱਖਾਂ ਡਾਲਰ



ਸੁਰਜੀਤ ਸਿੰਘ
1 (604) 618-1799

ਹਰ ਸਾਲ 'ਪਾਸੇ' ਕਰ ਸਕਦਾ ਸੀ। ਪਰ ਅਜਿਹਾ ਪਾਪ ਕਰਨ ਨਾਲ ਮੇਰਾ 'ਕਿਰਦਾਰ ਦਾਗੀ' ਹੋ ਜਾਣਾ ਸੀ। ਇੱਕ ਦਿਨ ਸਾਡਾ CEO ਖੁਸ਼ ਹੋ ਕੇ ਕਹਿੰਦਾ ਕਿ ਅੱਜ ਤੂੰ ਮੰਗ ਲੈ ਕੀ ਮੰਗਣਾ ਹੈ? ਤੂੰ ਇੰਨਾ ਸੱਚਾ ਸੁੱਚਾ ਤੇ ਇਮਾਨਦਾਰ ਮਨੁੱਖ ਹੈਂ ਮੈਂ ਤੇਰੇ 'ਤੇ ਬਹੁਤ ਪ੍ਰਸੰਨ ਹਾਂ! ਮੈਂ ਕਿਹਾ ਜੀ ਮੈਨੂੰ ਇੱਕ ਮਕਾਨ ਬਣਾਉਣ ਜੋਗੇ ਪੈਸੇ ਦੇ ਦਿਉ। CEO ਕਹਿੰਦਾ ਕਿ ਇਹ ਪੈਸੇ ਤਾਂ ਲੋਕਾਂ ਵਲੋਂ ਦਿੱਤਾ ਹੋਇਆ ਦਾਨ ਹੈ, ਤੂੰ ਹੋਰ ਕੁਝ ਮੰਗ? ਮੈਂ ਕਿਹਾ ਮੈਨੂੰ ਨਹੀਂ ਪਤਾ ਤੁਸੀਂ ਆਪੇ ਜੋ ਦੇਣਾ ਚਾਹੁੰਦੇ ਹੋ ਦੇ ਦਿਉ! ਕੁੱਝ ਚਿਰ ਸੋਚ ਕੇ ਉਹ ਮੈਨੂੰ ਕਹਿੰਦਾ ਕਿ ਤੂੰ ਆਪਣਾ ਤੇ ਆਪਣੀ ਘਰ ਵਾਲੀ ਦਾ ਪਾਸਪੋਰਟ ਲੈ ਕੇ ਆਈਂ!

ਦੂਜੇ ਦਿਨ ਉਹਨੇ ਅਮਰੀਕਾ ਆਪਣੇ ਇਕ Ambassador ਦੋਸਤ ਨੂੰ ਫੋਨ ਕੀਤਾ ਕਿ ਇਹ ਪਾਸਪੋਰਟਾਂ ਦੀ ਕਾਪੀ ਭੇਜ ਰਿਹਾਂ। ਇਸ ਪਰਿਵਾਰ ਦਾ ਵੀਜ਼ਾ ਲਗਾ ਕੇ ਭੇਜ ਦਿਉ। ਬਿਲਬਰਟ ਕਹਿੰਦਾ ਹਫ਼ਤੇ ਦੇ ਅੰਦਰ ਅੰਦਰ ਸਾਡੇ ਗਰੀਨ ਕਾਰਡ ਆ ਗਏ ਤੇ ਫੇਰ ਅਸੀਂ ਅਮਰੀਕਾ ਚਲੇ ਗਏ। ਉੱਥੇ ਮੈਂ 12 ਸਾਲ ਰਿਹਾਂ ਤੇ ਮੁੜਕੇ ਫੇਰ ਅਸੀਂ ਕੈਨੇਡਾ ਸ਼ਿਫਟ ਕਰ ਆਏ ਸਾਂ!

ਹੁਣ ਉਹ ਮੇਰੇ ਨਾਲ ਬੱਸ ਚਲਾਉਂਦਾ ਹੈ। ਮੈਂ ਹੱਸਦੇ ਨੇ ਉਸਨੂੰ ਪੁੱਛ ਲਿਆ ਕਿ ਹੁਣ ਤੂੰ ਇੱਥੇ ਖੁਸ਼ ਹੈਂ? ਉਹਨੇ ਜਵਾਬ ਦਿੱਤਾ ਕਿ ਖੁਸ਼ੀ ਦਾ ਸਭ ਤੋਂ ਵੱਡਾ ਕਾਰਨ ਤਾਂ ਕਿਰਤ ਕਮਾਈ ਦੀ ਰੋਟੀ ਹੀ ਹੈ ਉਹਦੇ ਵਰਗਾ ਸੁਆਦ ਹੋਰ ਕਿਸੇ ਚੀਜ਼ ਵਿਚ ਵੀ ਨਹੀਂ ਹੈ! ਹੁਣ ਤੱਕ ਮੈਂ ਜੋ ਸੱਚਾਈ 'ਤੇ ਪਹਿਰਾ ਦਿੱਤਾ ਹੈ ਅਤੇ ਕਦੇ ਇੱਕ ਪੈਸੇ ਦੀ ਬੇਈਮਾਨੀ ਨਹੀਂ ਕੀਤੀ, ਇਹਦਾ ਵੀ ਮੈਂ ਕਦੇ ਮਾਣ ਨਹੀਂ ਕੀਤਾ। (ਉਹਦੀ ਇਹ ਗੱਲ ਸੁਣਕੇ ਮੇਰਾ ਦਿਲ ਕਰੇ ਇਹਨੂੰ ਦੱਸਾਂ ਕਿ ਭਰਾਵਾ ਸਾਡੇ ਲੋਕ ਤਾਂ ਹੱਥੀਂ ਲੈ ਕੇ ਵੀ ਮੁੱਕਰ ਜਾਂਦੇ ਨੇ)

ਅਖੀਰ ਜਦੋਂ ਮੈਂ ਉਸਨੂੰ ਪੁੱਛਿਆ ਕਿ ਬਿਲਬਰਟ ਹੁਣ ਤੂੰ ਇੱਥੇ ਹੀ ਰਹਿਣਾ ਬਾਕੀ ਦੀ ਉਮਰ ਕਹਿੰਦਾ ਨਹੀਂ ਮੈਂ 13 ਸਾਲ ਹੀ ਹੋਰ ਇੱਥੇ ਰਹਾਂਗਾ। ਫਿਰ ਮਾਦਰੇ ਵਤਨ ਜਾ ਕੇ ਰਹਿੰਦੀ ਜ਼ਿੰਦਗੀ ਆਪਣੇ ਲੋਕਾਂ ਦੀ ਸੇਵਾ 'ਚ ਗੁਜ਼ਾਰਨੀ ਹੈ!

# ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)





ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਅਕਾਲ ਪੁਰਖ ਜੀ ਦੀ ਉਸਤਿਤ ਵਿਚ ਰਚੀ ਆਪਣੀ ਬਾਣੀ ਸ੍ਰੀ ਅਕਾਲ ਉਸਤਤਿ ਦੀ ਅਰੰਭਤਾ ਕਰਦੇ ਹਨ,

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਭਗਉਤੀ ਜੀ ਸਹਾਇ॥
ਉਤਾਰ ਖਾਸੇ ਦਸਖਤ ਕਾ॥
ਪਾਤਿਸਾਹੀ ੧੦॥ ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਕੀ ਰਛਿਆ ਹਮਨੈ॥
ਸਰਬ ਕਾਲ ਜੀ ਦੀ ਰਛਿਆ ਹਮਨੈ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਇੱਥੇ ਅਕਾਲ ਪੁਰਖ ਦਾ ਮੰਗਲ ਕਰਨ ਉਪਰੰਤ ਸਤਿਗੁਰੂ ਜੀ ਅਕਾਲ ਪੁਰਖ ਦੇ ਪਰਾਵਾਚੀ ਸ਼ਬਦ ਸਰਬ ਲੋਹ ਜੀ ਦੀ ਰਛਿਆ, ਸਰਬ ਲੋਹ ਜੀ ਦੀ ਸਦਾ ਰਛਿਆ ਦੀ ਯਾਚਨਾ ਕਰਦੇ ਹਨ। ਸਾਰ, ਸਰਬ ਲੋਹ ਨਾਲ ਗੁਰੂ ਸਾਹਿਬ ਜੀ ਨੂੰ ਇਤਨਾ ਨੇਹ ਕਿਉਂ? ਕਲਗੀਧਰ ਪਿਤਾ ਨੇ ਜਦੋਂ ਵੀ ਵਾਹਿਗੁਰੂ ਦੀ ਸੰਘਾਰਨ ਵਾਲੀ ਸ਼ਕਤੀ ਦਾ ਜ਼ਿਕਰ ਕੀਤਾ ਹੈ ਤਾਂ ਉਸ ਵਿਚ ਸ੍ਰੀ ਭਗਉਤੀ ਜੀ, ਸਰਬ ਲੋਹ, ਖੜਗ ਧੁਜ, ਖੜਗ ਕੇਤ, ਅਸਿ ਧੁਜ, ਅਸਿ ਕੇਤੁ ਕਹਿ ਕੇ ਨਮਸਕਾਰ ਕੀਤਾ ਹੈ।

ਇਸ ਦੇ ਪਿਛੇ ਵੀ ਖਾਲਸੇ ਨੂੰ ਨਿਆਰਾਪਨ ਬਖਸ਼ਣ ਦਾ ਨਿਸ਼ਾਨਾ ਸੀ। ਸਤਿਗੁਰੂ ਜੀ ਸਰਬਲੋਹ ਨੂੰ ਅਕਾਲ ਪੁਰਖ ਦੀ ਇਕ ਸੰਗਯਾ ਵਜੋਂ ਉਚਾਰਦੇ ਹਨ। ਇਹ ਬਚਨ ਕਰਦੇ ਹਨ ਕਿ ਅਕਾਲ ਪੁਰਖ ਨੇ ਸਭ ਤੋਂ ਪਹਿਲਾਂ ਖੰਡਾ ਸਾਜਿਆ। ਉਪਰੰਤ ਇਸ ਖੰਡੇ ਵਿਚੋਂ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ। ਹਿੰਦੂ ਪ੍ਰੰਪਰਾ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਕ੍ਰਮਵਾਰ ਸ੍ਰਿਸ਼ਟੀ ਦੇ ਰਚਨਹਾਰ, ਪਾਲਣ ਹਾਰ ਅਤੇ ਨਾਸ਼ਕਰਨ ਵਾਲੇ ਮੰਨੇ ਜਾਂਦੇ ਹਨ ਪਰ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਇਹ ਤਿੰਨੋਂ ਵੀ ਇਸ ਖੰਡੇ ਵਿਚੋਂ ਹੀ ਉਪਜੇ ਹਨ,

**ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ॥**
**ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇਆ॥**

ਸਰਬਲੋਹ ਦੀ ਖਾਲਸੇ ਦੇ ਜੀਵਨ ਜਾਚ ਵਿਚ ਅਸੀਮ ਮਹੱਤਤਾ ਹੈ। ਇਸ ਬਿਨਾਂ ਖਾਲਸਾ ਮੁੰਕਮਲ ਹੀ ਨਹੀਂ ਹੁੰਦਾ। ਜਿਵੇਂ ਅੰਮ੍ਰਿਤ ਦੀ ਦਾਤ ਲਈ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ,

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਅੰਮ੍ਰਿਤ ਤਿਆਰ ਕਰਨ ਲਈ ਬਾਟਾ ਚਾਹੀਦਾ ਹੈ। ਇਹ ਬਾਟਾ ਕੇਵਲ ਸਰਬਲੋਹ ਦਾ ਹੀ ਹੋ ਸਕਦਾ ਹੈ ਅਤੇ ਕਿਸੇ ਹੋਰ ਧਾਤ ਜਾਂ ਕਿਸਮ ਦਾ ਭਾਂਡਾ ਜਾਂ ਬਰਤਨ ਪ੍ਰਵਾਨ ਨਹੀਂ ਹੈ। ਪੱਥਰ ਯੁੱਗ ਤੋਂ ਬਾਅਦ ਲੋਹ ਯੁੱਗ ਆਇਆ। ਭਾਰਤੀ ਸੰਸਕ੍ਰਿਤੀ ਨੇ ਕਈ ਭਰਮਾਂ ਅਤੇ ਵਹਿਮਾਂ ਨੂੰ ਲੋਹੇ ਦੇ ਨਾਲ ਜੋੜ ਲਿਆ। ਇਸ ਵਿਚ ਲੋਹੇ ਤੋਂ ਨਫ਼ਰਤ ਅਤੇ ਹਿਕਾਰਤ ਦੇ ਨਾਲ ਇਸ ਤੋਂ ਡਰ ਵੀ ਸ਼ਾਮਲ ਸੀ। ਲੋਕ ਮਾਨਤਾਵਾਂ ਮੁਤਾਬਕ ਲੋਹੇ ਦੀ ਬਣੀ ਹੋਈ ਘੋੜੇ ਦੀ ਨਾਲ (horse shoe) ਨੂੰ ਨਵੇਂ ਘਰ ਦੇ ਬੂਹੇ ਦੀ ਚੁਗਾਠ 'ਤੇ ਕਿੱਲਾਂ ਨਾਲ ਠੋਕਿਆ ਜਾਂਦਾ ਸੀ ਤਾਂ ਕਿ ਪ੍ਰੇਤ ਆਤਮਾਵਾਂ ਨੇੜੇ ਨਾ ਆਉਣ। ਇਸ ਦੇ ਨਾਲ ਹੀ ਨਵੇਂ ਜਨਮੇ ਬੱਚੇ ਦੇ ਸਿਰ੍ਹਾਣੇ ਵੀ ਲੋਹੇ ਦੀ ਕਰਦ ਰਖੀ ਜਾਂਦੀ ਸੀ ਤਾਂ ਕਿ ਉਸ 'ਤੇ ਭੈੜਾ ਸਾਇਆ ਨਾ ਪਵੇ। ਇਕ ਹੋਰ ਮਾਨਤਾ ਮੁਤਾਬਕ ਲੋਹੇ ਦੇ ਭਾਂਡੇ ਖੜਕਾਉਣਾ ਅਸ਼ੁਭ ਮੰਨਿਆ ਜਾਂਦਾ ਸੀ।

ਸਰਬਲੋਹ ਦੀ ਮਹਾਨਤਾ ਬਾਰੇ ਪ੍ਰਚੀਨ ਪੰਥ ਪ੍ਰਕਾਸ਼ ਵਿਚ ਅੰਕਤ ਹੈ,

**ਸਰਬ ਲੋਹ ਕੀ ਪੂਜਾ ਕਰੈ।**
**ਨਮਸਕਾਰ ਕਰ ਸ਼ਸਤਰ ਫੜੈ।।੩।।**
**ਸਰਬ ਲੋਹ ਗਲ ਮਾਲਾ ਪਾਵੈ।**
**ਕੰਗਣ ਸਿਮਰਨ ਲੋਹ ਸੁਹਾਵੈ।**
**ਲੋਹ ਚਕ੍ਰ ਲੋਹ ਤੋੜੇ ਧਾਰੈ।**
**ਸਰਬ ਲੋਹ ਕੀ ਰਖਯ ਉਚਾਰੈ।।੪।।**
(ਸ੍ਰੀ ਗੁਰ ਪੰਥ ਪ੍ਰਕਾਸ਼ ਭੰਗੂ ੫੧੪)

ਇਕ ਪਾਸੇ ਸਰਬਲੋਹ ਨੂੰ ਪੂਜਨੀਕ ਕਿਹਾ ਪਰ ਦੂਸਰੇ ਪਾਸੇ ਹਿੰਦੂ ਸ਼ਾਸਤ੍ਰਾਂ ਨੇ ਲੋਹੇ ਨੂੰ ਬਹੁਤ ਹੀ ਨੀਵੇਂ ਦਰਜੇ ਤੇ ਰਖਿਆ। ਸ਼ਾਸਤ੍ਰਾਂ ਮੁਤਾਬਕ ਬ੍ਰਾਹਮਣ ਲਈ ਲੋਹੇ ਦੇ ਭਾਂਡਿਆਂ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਹੈ। ਬ੍ਰਾਹਮਣ ਦੇ ਗ੍ਰੰਥ 'ਅਤ੍ਰੀ ਸੰਹਿਤਾ' ਦਾ ਸਪਸ਼ਟ ਆਦੇਸ਼ ਕਿ ਜਿਹੜਾ ਅੰਨ ਲੋਹੇ ਦੇ ਬਰਤਨ 'ਚੋਂ ਖਾਧਾ ਜਾਂਦਾ ਹੈ ਉਹ ਵਿਸ਼ਟਾ ਖਾਣ ਦੇ ਤੁਲ ਅਤੇ ਤਿਆਗਣਯੋਗ ਹੈ। ਇਤਨਾ ਹੀ ਨਹੀਂ ਇਸ ਵਿਚੋਂ ਖਾਧ ਪਧਾਰਥ ਦੇਣ ਵਾਲਾ ਦਾਤਾ ਵੀ ਨਰਕ ਵਿਚ ਜਾਂਦਾ ਹੈ।

आयसेन तु पात्रेण यदन्नमुपदीयते ।।
श्वानविष्ठासमं भुंक्ते दांता च नरकं व्रजेत्।।150।।
(ਅਤ੍ਰੀ ਸੰਹਿਤਾ, ਸ਼ਲੋਕ ੧੫੦)
ਆਯਸੇਨ ਪਾਣ ਯਦਨਮੁਪਦੀਯਤੇ ॥
ਸ਼ਵਾਨਵਿਸ਼ਠਾਸ ਭੁਕਤੇ ਦਾਤਾ ਚ ਨਰਕੰ ਵਜੇਤ ॥੧੫੦॥
(ਅਤ੍ਰੀ ਸੰਹਿਤਾ, ਸ਼ਲੋਕ ੧੫੦)

ਇਕ ਪਾਸੇ ਬ੍ਰਾਹਮਣੀ ਗ੍ਰੰਥਾਂ ਨੇ ਲੋਹੇ ਦੇ ਭਾਂਡੇ ਵਿਚੋਂ ਖਾਣ ਵਾਲੇ ਨੂੰ ਵਿਸ਼ਟਾ ਖਾਣ ਦੇ ਤੁਲ ਕਰਾਰ ਦਿੱਤਾ ਅਤੇ ਲੋਹੇ ਦੇ ਬਰਤਨ ਵਿਚੋਂ ਕਿਸੇ ਨੂੰ ਦੇਣ ਵਾਲੇ ਨੂੰ ਨਰਕਭਾਗੀ ਕਿਹਾ। ਉੱਥੇ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਤਨੀ ਦ੍ਰਿੜ੍ਹਤਾ ਨਾਲ ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥" (ਮ:੫ ੧੦੦੨) ਦੇ ਗੁਰਵਾਕ ਅਨੁਸਾਰ ਭਰਮ ਦੇ ਗੜ੍ਹ ਨੂੰ ਚੂਰ ਚੂਰ ਕਰਦਿਆਂ ਨਿਜ ਕਰ ਕਮਲਾਂ ਨਾਲ ਸਭ ਤੋਂ ਕੀਮਤੀ ਅਤੇ ਜਨਮ-ਮਰਨ ਦੂਰ ਕਰਨ ਵਾਲੀ ਵਸਤੂ ਅੰਮ੍ਰਿਤ ਦੀ ਦਾਤ ਸਰਬਲੋਹ ਦੇ ਭਾਂਡੇ ਵਿਚ, ਸਰਬਲੋਹ ਦੇ ਖੰਡੇ ਨਾਲ ਤਿਆਰ ਕਰ ਕੇ ਬਖਸ਼ਿਸ਼ ਕੀਤੀ।

ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬਲੋਹ ਦਾ ਖੰਡਾ ਖੜਕਾਇਆ, ਸਰਬਲੋਹ ਦੇ ਬਾਟੇ ਵਿਚ ਅੰਮ੍ਰਿਤ ਦੀ ਦਾਤ ਬਖਸ਼ ਕੇ, ਲੋਹੇ ਦੇ ਆਭੂਸ਼ਣ ਪਵਾ ਕੇ ਅਤੇ ਲੋਹੇ ਦੇ ਸ਼ਸਤ੍ਰਾਂ ਨੂੰ ਨਮਸਕਾਰ ਕਰ ਕੇ ਇਸ ਨੂੰ ਅਤਿ ਪਵਿਤ੍ਰਤਾ ਪ੍ਰਦਾਨ ਕਰ ਦਿੱਤੀ। ਇਸ ਰਾਹੀਂ ਸਤਿਗੁਰੂ ਜੀ ਨੇ ਖਾਲਸੇ ਨੂੰ ਨਿਆਰਾਪਨ ਬਖਸ਼ਿਆ ਅਤੇ ਭਰਮ ਗੜ੍ਹ ਤੋੜਿਆ। ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥" (ਮ:੫ ੫੨੨)

ਜਿਸ ਨੇ ਲੋਹੇ ਦੇ ਆਭੂਸ਼ਣ ਪਹਿਨ ਲਏ, ਜਿਸ ਨੇ ਲੋਹੇ ਦੇ ਬਾਟੇ ਨੂੰ ਮੂੰਹ ਲਾ ਲਿਆ ਉਹ ਤਾਂ ਬਿਪ੍ਰਨ ਕੀ ਰੀਤ ਤੋਂ ਆਪਣੇ ਆਪ ਹੀ ਬਾਹਰ ਹੋ ਗਿਆ। ਕਿਤਨਾ ਨਿਵੇਕਲਾ ਅਤੇ ਅਮਲੀ ਰੂਪ ਸੀ ਗੁਰੂ ਸਾਹਿਬ ਦਾ ਨਿਆਰਾਪਨ ਬਖਸ਼ਣ ਦਾ। ਪੰਜਾਂ ਕਕਾਰਾਂ ਵਿਚ ਇਕ ਕਕਾਰ ਹੈ ਸਰਬਲੋਹ ਦਾ ਕੜਾ। ਰਹਿਤ ਮਰਯਾਦਾ ਵਿਚ ਇਸ ਬਾਰੇ ਵੀ ਫ਼ੁੱਟ ਨੋਟ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕੜਾ ਸਰਬ-ਲੋਹ ਦਾ ਹੋਵੇ । ਸੋਨੇ ਦੇ ਜ਼ੇਵਰ ਭਾਵੇਂ ਪਾ ਲਓ ਪਰ ਇਹ ਕਕਾਰ ਨਹੀਂ ਅਖਵਾ ਸਕਦੇ। ਕੜਾ ਲੋਹੇ ਦਾ ਹੀ ਪ੍ਰਵਾਨ ਹੈ। ਸਰਬ-ਲੋਹ ਦੇ ਕੜੇ ਦੀ ਚੋਣ ਦੇ ਪਿੱਛੇ ਬਹੁਤ ਵੱਡਾ ਕਾਰਨ ਸੀ। ਜਾਤ ਵਰਣ ਵੰਡ ਵਿਚ ਅੰਕਤ ਨੀਵੀਂ ਜਾਤ ਵਾਲਿਆਂ ਬਾਰੇ ਧਰਮ ਸ਼ਾਸਤ੍ਰ ਮਨੁ ਸਿਮਰਤੀ ਦੇ ਅਧਿਆਇ ੧੦ ਸ਼ਲੋਕ ੫੨ ਵਿਚ ਅੰਕਤ ਹੈ,

वासासि मृतचैलानि भिन्नभाण्डेषु भोजनम्।
कार्ष्णायसमलंकार: परिव्रज्या च नित्यत:।।52।।
ਵਾਸਾਸਿ ਮ੍ਰਿਤਚੈਲਾਨਿ ਭਿੰਨ ਭਾਂਡੇਸ਼ ਭੋਜਨਮ
ਕਾਰਣਾਯਸਮਲੰਕਾਰ: ਪਰਿਵ੍ਰਜਯਾ ਚ ਨਿਤਯਤ: ॥੫੨॥
(ਇਹ ਮੁਰਦਿਆਂ ਦੇ ਉਤਰੇ ਕੱਪੜੇ ਪਾਉਣ। ਇਹ ਮਿੱਟੀ ਦੇ ਪੁਰਾਣੇ ਭਾਂਡਿਆਂ ਵਿਚ ਭੋਜਨ ਕਰਨ। ਇਹ ਲੋਹੇ ਦੇ ਗਹਿਣੇ ਪਾਉਣ। ਅਤੇ ਇਕ ਥਾਂ ਤੋਂ ਦੂਜੀ ਥਾਂ ਭ੍ਰਮਣ ਕਰਦੇ ਰਹਿਣ।)

ਸਮਾਜ ਨੇ ਜਿੱਥੇ ਇਹਨਾਂ ਅਖੌਤੀ ਨੀਵੀਆਂ ਜਾਤੀਆਂ ਨੂੰ ਕੇਵਲ ਲੋਹੇ ਦੇ ਆਭੂਸ਼ਣ ਪਾਉਣ ਦੀ ਇਜਾਜ਼ਤ ਦਿੱਤੀ ਸੀ ਉੱਥੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਲੋਹੇ ਦਾ ਕੜਾ ਬਖਸ਼ ਕੇ ਕਿਤਨਾ ਵੱਡਾ ਇਨਕਲਾਬੀ ਸੰਦੇਸ਼ ਦਿੱਤਾ। ਲੋਹੇ ਦੇ ਕੜੇ ਨਾਲ ਸ਼ਿੰਗਾਰਿਆ ਸਿੱਖ ਦਾ ਗੁੱਟ ਹਰ ਸਮੇਂ ਉਸ ਚੋਜੀ ਪ੍ਰੀਤਮ ਦੀ ਯਾਦ ਦਿਵਾਉਂਦਾ ਹੈ। ਇਹ ਭਰਮ ਵਹਿਮ, ਕਰਮ ਕਾਂਡ ਤੋਂ ਆਜ਼ਾਦੀ ਦੀਆਂ ਹਥਕੜੀਆਂ ਹਨ,

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥**
**(ਮਾਰੂ ਰਵਿਦਾਸ ਜੀ, ਅੰਗ ੧੧੦੬)**

ਰਹਿਤਨਾਮਾ ਭਾਈ ਦਯਾ ਸਿੰਘ ਜੀ ਵੀ ਸਰਬਲੋਹ ਪਹਿਨਣ ਦੀ ਗਵਾਹੀ ਦਿੰਦੇ ਹਨ,

**ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਰਾਇ**
**ਜਪੇ ਜਾਪੁ ਗੁਰਬਰ ਅਕਾਲ, ਸਰਬਲੋਹ ਪਹਿਰਾਇ।੧।.....**
**ਕੱਛ ਸ੍ਵੇਤ ਔ ਨੀਲ ਪਟ, ਜਪੁ ਅਰੁ ਜਾਪੁ ਉਚਾਰ**
**ਸ੍ਰੀ ਅਕਾਲ ਉਸਤਤਿ ਕਰੈ, ਚੰਡੀ ਕੰਠ ਸੁਧਾਰਿ।**
(ਪੰਨਾ ੭੮)

ਸਰਬਲੋਹ ਦੀ ਸਾਰਥਕਤਾ ਅਤੇ ਵਰਤੋਂ ਬਾਰੇ ਬਹੁਤ ਸੁੰਦਰ ਹਵਾਲਾ ਪ੍ਰਸੰਗ ਬਾਬਾ ਗੁਰਬਖਸ਼ ਸਿੰਘ ਦਾ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦਰਜ ਹੈ,

ਸਵਾ ਪਹਿਰ ਨਿਸ ਕਰੈ ਸਨਾਨ। ਬਾਣੀ ਪੜ੍ਹੇ ਖੜ੍ਹ ਪੱਗ ਬਧਾਨ।
**ਸਰਬ ਲੋਹ ਗਲ ਮਾਲਾ ਪਾਵੈ।**
**ਕੰਗਣ ਸਿਮਰਨ ਲੋਹ ਸੁਹਾਵੈ।**
**ਲੋਹ ਚਕ੍ਰ ਲੋਹ ਤੋੜੇ ਧਾਰੇ।**
**ਸਰਬ ਲੋਹ ਕੀ ਰਖਯ ਉਚਾਰੈ।।੪।।**
**ਦਸਤ ਦਸਤਾਨੈ ਲਕ ਸੋਟਨ ਸਿਉਂ ਹੇਤ।**
**ਸਵਾ ਗਜ ਕੁ ਕਛ ਪਹਿਰੈ ਸੇਤ।**
**ਸੰਜੋਇ ਲੋਹ ਕੀ ਪਹਰ ਸੁ ਅੰਗ।**
**ਇਮ ਲਾਇ ਦਿਵਾਨ ਨਿਤ ਬਹੈ ਨਿਹੰਗ।।੫।।**

ਕਲਗੀਧਰ ਪਿਤਾ ਦੀ ਪਾਵਨ ਬਖਸ਼ਿਸ਼ ਸ੍ਰੀ ਸਰਬ ਲੋਹ ਸਾਹਿਬ ਜੀ ਪੰਥ ਦਾ ਸਦਾ ਸਹਾਈ ਹੋਵੇ।

editor@santsipahi.org
www.santsipahi.org;
www.patshah10@.org

# ਪੰਜਾਬ ਦੀ ਅਗਲੀ ਪੀੜ੍ਹੀ ਨੂੰ ਕਿਸ ਹੱਦ ਤੱਕ ਗੈਰ ਪੰਜਾਬੀ ਅਤੇ ਹਿੰਦੂਤਵੀ ਮਾਨਸਿਕਤਾ ਵਾਲੀ ਬਣਾਇਆ ਜਾ ਰਿਹੈ


ਡਾ. ਪਰਮਿੰਦਰ ਸਿੰਘ ਸ਼ੌਂਕੀ

**ਇੱਕ ਦਿਲਚਸਪ ਨਿਤਾਰਾ ਇਨ੍ਹਾਂ ਹੜ੍ਹਾਂ ਦੌਰਾਨ ਇਹ ਵੀ ਹੋਇਆ ਹੈ ਕਿ ਪੰਜਾਬ ਦੀਆਂ ਜਿਹੜੀਆਂ ਕਮਿਊਨਿਸਟ ਕਿਸਾਨ ਜਥੇਬੰਦੀਆਂ ਇਤਿਹਾਸਿਕ ਕਿਸਾਨ ਅੰਦੋਲਨ ਨੂੰ ਧਰਮ ਤੋਂ ਵੱਖ ਐਲਾਨ ਕੇ ਇਸ ਨੂੰ ਸਿੱਖਾਂ ਦਾ ਅੰਦੋਲਨ ਕਹਿਣ ਮਾਤਰ ਤੇ ਸੜ-ਬਲ ਜਾਂਦੀਆਂ ਸਨ, ਉਸੇ ਅੰਦੋਲਨ ਨੂੰ ਹੁਣ ਹਰਿਆਣਾ, ਰਾਜਸਥਾਨ, ਯੂਪੀ ਆਦਿ ਦੇ ਲੋਕਾਂ ਦੁਆਰਾ ਸਿੱਖਾਂ ਦਾ ਅੰਦੋਲਨ ਸਵੀਕਾਰ ਕਰ ਲਿਆ ਗਿਆ ਹੈ। ਤੁਹਾਨੂੰ ਇਸ ਸੰਬੰਧੀ ਸੈਂਕੜੇ ਵੀਡੀਓਜ ਤੇ ਬਿਆਨ ਮਿਲ ਜਾਣਗੇ, ਜਿੱਥੇ ਲੋਕ ਆਖ ਰਹੇ ਹਨ ਕਿ ਸਾਨੂੰ ਨਾ ਤਾਂ ਸੇਵਾ ਦਾ ਪਤਾ ਸੀ, ਨਾ ਕਿਸੇ ਨਾਲ ਸਹਿਯੋਗ ਕਰਕੇ ਅੰਦੋਲਨ ਕਰਨ ਦੀ ਸਮਝ ਸੀ. ਇਹ ਸਭ ਸਾਨੂੰ ਸਿੱਖਾਂ ਨੇ ਸਿਖਾਇਆ ਹੈ। ਇਹੀ ਕਿਸਾਨ ਅੰਦੋਲਨ ਦਾ ਸੱਚ ਸੀ. ਜਿਸ ਨੂੰ ਪੰਜਾਬ ਦੀਆਂ ਨਪੁੰਸਕ ਕਮਿਊਨਿਸਟ ਕਿਸਾਨ ਜਥੇਬੰਦੀਆਂ ਤੇ ਮਾਰਕਸੀ ਧਿਰਾਂ ਨੇ ਸਿਰਫ ਕਿਸਾਨੀ ਤੱਕ ਸੀਮਤ ਰੱਖਣ ਦਾ ਬੱਜਰ ਗੁਨਾਹ ਕੀਤਾ ਸੀ। ਹੁਣ ਇਹੀ ਅੰਦੋਲਨ ਸਿੱਖ ਆਦਰਸ਼ ਦਾ ਮੁੱਖ ਪ੍ਰਚਾਰਕ ਬਣ ਕੇ ਸਾਡੇ ਸਾਹਮਣੇ ਆਇਆ ਹੈ ਤੇ ਕਿਸੇ ਇਕ ਵੀ ਗੈਰ ਪੰਜਾਬੀ ਬੰਦੇ ਨੇ ਇਸ ਇਤਿਹਾਸਿਕ ਦੇਣ ਨੂੰ ਕਮਿਊਨਿਸਟ ਧਿਰਾਂ ਦੀ ਦੇਣ ਨਹੀਂ ਸਮਝਿਆ। ਸਿਰਫ ਇਹੀ ਇੱਕ ਤੱਥ ਦੱਸਦਾ ਹੈ ਕਿ ਪੰਜਾਬ ਦੀਆਂ ਮਾਰਕਸੀ ਧਿਰਾਂ ਦਰਅਸਲ ਪੰਜਾਬ ਦੇ ਸਿੱਖ ਫ਼ਲਸਫ਼ੇ ਦੀਆਂ ਅੰਨ੍ਹੀਆਂ ਵਿਰੋਧੀ ਹਨ। ਜਿਨ੍ਹਾਂ ਤੋਂ ਬਚਣ ਦੀ ਲੋੜ ਹੈ।**

ਪੰਜਾਬ ਦੇ ਤਾਜ਼ਾ ਹੜ੍ਹਾਂ ਦੌਰਾਨ ਕਈ ਗੱਲਾਂ ਬਹੁਤ ਹੀ ਸ਼ਾਜਿਸ਼ਾਨਾ ਰੂਪ ਵਿੱਚ ਸਾਹਮਣੇ ਲਿਆਂਦੀਆਂ ਗਈਆਂ ਹਨ। ਜਿਨ੍ਹਾਂ ਵਿੱਚ ਸਭ ਤੋਂ ਪਹਿਲੀ ਤੇ ਖ਼ੈਰ ਹੜ੍ਹਾਂ ਨੂੰ ਲਿਆਉਣ ਦੀ ਘਟਨਾ ਹੀ ਹੈ, ਪਰ ਇਸ ਵਿੱਚ ਕਈ ਹੋਰ ਗੱਲਾਂ ਵੀ ਧਿਆਨ ਮੰਗਦੀਆਂ ਹਨ-

1. ਪਿਛਲੇ ਦਿਨੀਂ ਜਦ ਹਿਮਾਚਲ ਵਿੱਚ ਹੜ ਆਏ ਸਨ, ਉਦੋਂ ਪੰਜਾਬ ਦੇ ਸਮੂਹ ਹਿੰਦੂ ਮਾਨਸਿਕਤਾ ਵਾਲੇ ਸਰਵਹਿਤਕਾਰੀ ਸਕੂਲਾਂ ਅੰਦਰ ਕਥਿਤ ਤੌਰ ਤੇ ਅਧਿਆਪਕਾਂ ਰਾਹੀਂ ਬੱਚਿਆਂ ਤੋਂ ਇਕੱਠਾ ਕਰਕੇ ਫੰਡ ਜਮ੍ਹਾ ਕੀਤਾ ਗਿਆ। ਜੋ ਹਿਮਾਚਲ ਵਿੱਚ ਭੇਜਿਆ ਗਿਆ। ਪਰ ਜਦ ਪੰਜਾਬ ਵਿੱਚ ਹੜ੍ਹ ਆਏ ਤੇ ਇਨ੍ਹਾਂ ਸਕੂਲਾਂ ਵਿੱਚੋਂ ਪੰਜਾਬ ਦੇ ਕੁਝ ਅਧਿਆਪਕਾਂ ਨੇ ਫੰਡ ਇਕੱਠਾ ਕਰਨ ਦੀ ਗੱਲ ਕੀਤੀ ਤਾਂ ਸਰਵਹਿਤਕਾਰੀ ਸਕੂਲਾਂ ਦੇ ਜ਼ਿਆਦਾਤਰ ਹਿਮਾਚਲੀ ਪ੍ਰਿੰਸੀਪਲਾਂ ਨੇ ਇਸ ਤੋਂ ਸਾਫ ਮਨ੍ਹਾ ਕਰ ਦਿੱਤਾ। ਜੋ ਸਪੱਸ਼ਟ ਕਰਦਾ ਹੈ ਕਿ ਸਰਵਹਿਤਕਾਰੀ ਸਕੂਲਾਂ ਦੇ ਨਾਮ ਤੇ ਪੰਜਾਬ ਦੀ ਅਗਲੀ ਪੀੜ੍ਹੀ ਨੂੰ ਕਿਸ ਹੱਦ ਤੱਕ ਗੈਰ ਪੰਜਾਬੀ ਅਤੇ ਹਿੰਦੂਤਵੀ ਮਾਨਸਿਕਤਾ ਵਾਲੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿੱਚ ਪੰਜਾਬ ਬਾਰੇ, ਸਿੱਖੀ ਬਾਰੇ ਜੋ ਜ਼ਹਿਰ ਫੈਲਾਇਆ ਜਾਂਦਾ ਹੈ, ਉਸ ਵੱਲ ਧਿਆਨ ਦੇਣਾ ਸਮੇਂ ਦੀ ਲੋੜ ਹੈ।

2. ਪੰਜਾਬ ਅੰਦਰ ਨਕਲੀ ਜਿਹੀ ਕਿਸਮ ਦੇ ਇਸਾਈ ਮੱਤ ਸੰਚਾਲਕਾਂ/ਪਾਸਟਰਾਂ ਨੇ ਪੰਜਾਬ ਦੀ ਦਮਿਤ ਜਾਤੀਆਂ ਤੇ ਲੋਕਾਂ ਨੂੰ ਇਸ ਹੱਦ ਤੱਕ ਗੁੰਮਰਾਹ ਕਰ ਲਿਆ ਹੈ ਕਿ ਉਹ ਹੁਣ ਸਿਰਫ ਅਨਮਤੀ ਹੀ ਨਹੀਂ ਰਹੀਆਂ, ਬਲਕਿ ਸਿੱਖ ਵਿਰੋਧੀ ਬਣ ਚੁੱਕੀਆਂ ਹਨ। ਇਹ ਮਸਲਾ ਇਸਾਈਅਤ ਬਨਾਮ ਸਿੱਖੀ ਦਾ ਨਹੀਂ, ਬਲਕਿ ਦਲਿਤ ਬਨਾਮ ਸਿੱਖੀ ਦਾ ਬਣਾਇਆ ਜਾ ਰਿਹਾ ਹੈ। ਜਿਸ ਵਿਚ ਜਾਤੀਵਾਦ ਸ਼ਾਮਲ ਕਰਕੇ ਇਸਾਈ ਧਰਮ ਦੇ ਨਾਮ ਤੇ ਇਕੱਠੇ ਹੋਏ ਸੱਤਾ ਦੇ ਸੰਦ ਸਿੱਖੀ ਖਿਲਾਫ ਜਮੀਨੀ ਪੱਧਰ ਤੇ ਮੰਚ ਤਿਆਰ ਕਰ ਚੁੱਕੇ ਹਨ। ਇਸ ਪਾਸੇ ਹੁਣ ਧਿਆਨ ਦੇਣਾ ਇਕ ਬੇਹੱਦ ਜ਼ਰੂਰੀ ਲੋੜ ਹੈ।

3. ਪੰਜਾਬ ਦੇ ਇਨ੍ਹਾਂ ਹੜ੍ਹਾਂ ਦੌਰਾਨ ਸੰਸਥਾਗਤ ਤੌਰ 'ਤੇ ਜਿੰਨੀ ਮਦਦ ਮੁਸਲਮਾਨਾਂ ਨੇ ਕੀਤੀ ਹੈ, ਓਨੀ ਹਿੰਦੂਆਂ ਦੀਆਂ ਸੰਸਥਾਵਾਂ ਵੱਲੋਂ ਨਹੀਂ ਹੋਈ। ਬੇਸ਼ੱਕ ਹਰਿਆਣਾ ਅਤੇ ਰਾਜਸਥਾਨ ਦੇ ਬਹੁਤ ਸਾਰੇ ਇਲਾਕਿਆਂ ਵਿੱਚੋਂ ਲੋਕਾਂ ਨੇ ਮਦਦ ਦੀ ਕੋਈ ਕਮੀ ਨਹੀਂ ਛੱਡੀ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਪੰਜਾਬ ਦੀਆਂ ਕਥਿਤ ਸ਼ਿਵ ਸੈਨਿਕ ਜਥੇਬੰਦੀਆਂ ਇਸ ਤ੍ਰਾਸਦੀ ਦੌਰਾਨ ਪੰਜਾਬ ਵਿੱਚੋਂ ਲਗਭਗ ਗਾਇਬ ਹੀ ਰਹੀਆਂ ਹਨ। ਇਹੀ ਨਹੀਂ, ਇਸ ਮਦਦ ਦੌਰਾਨ ਜੋ ਭਾਵ ਮੁਸਲਮਾਨਾਂ ਦਾ ਪੰਜਾਬ ਤੇ ਸਿੱਖੀ ਪ੍ਰਤੀ ਸਾਹਮਣੇ ਆਇਆ ਹੈ, ਉਹ ਹਿੰਦੂਆਂ ਦੇ ਕਿਸੇ ਵੀ ਇੱਕ ਹਿੱਸੇ ਵੱਲੋਂ ਪੂਰੀ ਤਰ੍ਹਾਂ ਅਣਦੇਖਿਆ ਕੀਤਾ ਗਿਆ ਹੈ। ਮਸਲਨ ਤੁਸੀਂ ਇਸ ਮਦਦ ਵਿੱਚ ਹਿੰਦੂ ਵਰਗ ਦੇ ਕਿਸੇ ਵੀ ਹਿੱਸੇ ਵੱਲੋਂ ਸਿੱਖੀ ਜਾਂ ਕਿਸਾਨ ਅੰਦੋਲਨ ਦੀ ਪ੍ਰੇਰਨਾ ਮਨਫੀ ਪਾਉਗੇ।

4. ਪੰਜਾਬ ਅੰਦਰ ਇਨ੍ਹਾਂ ਹੜ੍ਹਾਂ ਦੌਰਾਨ ਜਿੰਨੀ ਮਦਦ ਆਈ ਹੈ, ਉਸ ਦਾ ਵੇਰਵਾ ਰੱਖਣ, ਪ੍ਰਬੰਧ ਕਰਨ, ਵਰਤੋਂ ਕਰਨ ਆਦਿ ਵਿੱਚ ਓਨੀ ਹੀ ਵੱਡੀ ਪ੍ਰਬੰਧਨ ਯੋਗਤਾ ਦੀ ਕਮੀ ਦਿਖਾਈ ਦਿੱਤੀ ਹੈ। ਜਿਸ ਕਾਰਨ ਕਈ ਥਾਵਾਂ ਤੇ ਅਣਲੋੜੀਂਦੀ ਸ਼ਬਦਾਵਲੀ ਤੋਂ ਲੈ ਕੇ ਹਿੰਸਾ ਤੱਕ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਭਵਿੱਖ ਵਿੱਚ ਅਜਿਹੀ ਕਿਸੇ ਵੀ ਤ੍ਰਾਸਦੀ ਜਾਂ ਘਟਨਾ ਨਾਲ ਨਜਿੱਠਣ ਲਈ ਜ਼ਰੂਰੀ ਹੈ ਕਿ ਪਹਿਲੇ ਹੀ ਦਿਨੋਂ ਇੱਕ ਸੰਸਥਾਗਤ ਪ੍ਰਬੰਧ ਸਿਰਜਿਆ ਜਾਏ। ਜਿਸ ਅਧੀਨ ਸਾਰੇ ਕਾਰਜ ਹੋਣ।

5. ਇਹ ਵੀ ਧਿਆਨ ਮੰਗਦੀ ਗੱਲ ਹੈ ਕਿ ਪੰਜਾਬ ਦੇ ਹੜ੍ਹਾਂ ਦੌਰਾਨ ਖੁਸ਼ੀ ਮਨਾਉਣ, ਪੰਜਾਬ ਨੂੰ ਤਾਅਨੇ ਦੇਣ, ਚਿੜਾਉਣ, ਸੋਸ਼ਲ ਮੀਡੀਆ ਤੇ ਪੰਜਾਬ ਖਿਲਾਫ ਲਿਖਣ ਵਾਲੀ ਇੱਕੋ ਇੱਕ ਜਮਾਤ "ਹਿੰਦੂ" ਹੀ ਉੱਭਰੀ ਹੈ। ਜਿਸ ਨੇ ਸਿੱਧੂ ਮੂਸੇਵਾਲਾ ਦੇ ਗੀਤ ਦੀਆਂ ਸਤਰਾਂ "ਤੁਪਕਾ ਨਹੀਂ ਦਿੰਦੇ" ਤੋਂ ਲੈ ਕੇ ਖਾਲਿਸਤਾਨ ਦੀ ਮੰਗ ਨੂੰ ਕੇਂਦਰ ਵਿੱਚ ਰੱਖ ਕੇ ਪੰਜਾਬ ਦੇ ਡੁੱਬਣ ਦਾ ਜੇਕਰ ਜਸ਼ਨ ਨਹੀਂ ਮਨਾਇਆ ਤਾਂ ਇਸ ਤੋਂ ਘੱਟ ਖ਼ੁਸ਼ ਵੀ ਨਹੀਂ ਹੋਈ। ਪੰਜਾਬ ਦੇ ਕਈ ਹਿੰਦੂਆਂ ਨੇ ਤਾਂ ਸਗੋਂ ਇਸ ਬਾਰੇ ਵੀ ਗੱਲ ਕੀਤੀ ਕਿ ਪੰਜਾਬ ਦੇ ਮੁਕਾਬਲੇ ਲੋਕਾਂ, ਖਿਡਾਰੀਆਂ, ਕਲਾਕਾਰਾਂ ਆਦਿ ਨੇ ਹਿਮਾਚਲ ਦੇ ਹੜ੍ਹਾਂ ਵਿੱਚ ਮਦਦ ਕਿਉਂ ਨਹੀਂ ਕੀਤੀ. ਇਹ ਕਰਨ ਵਾਲੇ ਸਿਰਫ "ਹਿੰਦੂ" ਸਨ।

ਸੋ ਸਾਡੇ ਕੋਲ ਹੁਣ ਹਿੰਦੂ, ਮੁਸਲਮਾਨ, ਇਸਾਈ ਇਹ ਤਿੰਨ ਮੁੱਖ ਧਾਰਮਿਕ ਵੰਡਾਂ ਹਨ, ਜਿਨ੍ਹਾਂ ਨੇ ਪੰਜਾਬ ਦੇ ਹੜ੍ਹਾਂ ਨੂੰ ਜਿਵੇਂ ਵੇਖਿਆ ਉਹ ਆਪਾਂ ਸੰਖੇਪ ਵਿੱਚ ਸਮਝਣ ਦਾ ਯਤਨ ਕੀਤਾ ਹੈ। ਬੇਸ਼ੱਕ ਇਹ ਨਾ ਸਭ ਦੀ ਗੱਲ ਹੈ ਨਾ ਅਜਿਹਾ ਕਦੀ ਹੁੰਦਾ ਹੈ. ਇਹ ਬਹੁਗਿਣਤੀ ਮਾਨਸਿਕਤਾ ਦੀ ਉਦਾਹਰਨ ਹੈ, ਜੋ ਸਾਨੂੰ ਭਵਿੱਖ ਵਿੱਚ ਆਪਣੇ ਖ਼ਿਆਲ ਤੇ ਪੈਂਤੜੇ ਘੜਨ ਵਿੱਚ ਮਦਦ ਕਰ ਸਕਦੀ ਹੈ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ





**ਡਾ. ਜਸਬੀਰ ਸਿੰਘ ਸਰਨਾ**

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਭਵਤੇਜ ਸਿੰਘ (1960)**

ਭਵਤੇਜ ਸਿੰਘ (ਜਨਮ: 1960, ਅੰਮ੍ਰਿਤਸਰ) ਅੰਮ੍ਰਿਤਸਰ ਵਿੱਚ ਪ੍ਰੋਫੈਸਰ ਪ੍ਰਕਾਸ਼ ਸਿੰਘ ਅਤੇ ਮਾਤਾ ਜੋਗਿੰਦਰ ਕੌਰ ਦੇ ਘਰ 1960 ਵਿੱਚ ਜਨਮੇ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਅਧਿਆਪਨ ਨਾਲ ਜੁੜੇ ਹੋਏ ਹਨ। ਗੁਰਮਤਿ ਅਤੇ ਕਰਮ ਸਿਧਾਂਤ ਉੱਤੇ ਉਨ੍ਹਾਂ ਦੀ ਮਹੱਤਵਪੂਰਨ ਕਿਤਾਬ ਪੰਜਾਬੀ ਵਿੱਚ ਗੁਰਮਤਿ ਅਤੇ ਕਰਮ ਸਿਧਾਂਤ (1998) ਪ੍ਰਕਾਸ਼ਿਤ ਹੋਈ ਹੈ।

**ਡਾ. ਗੁਰਸ਼ਰਨਜੀਤ ਸਿੰਘ (1960)**

ਪੂਰਨ ਰੂਪ ਵਿਚ ਵਿਦਵਾਨ ਅਤੇ ਗੁਰਮਤਿ ਅਧਿਐਨਕਾਰੀ, 28 ਅਪ੍ਰੈਲ 1960 ਨੂੰ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਗਿਆਨੀ ਹਰਨਾਮ ਸਿੰਘ ਚਾਕਰ ਤੇ ਸ੍ਰੀਮਤੀ ਚਰਨਜੀਤ ਕੌਰ ਦੇ ਘਰ ਜਨਮੇ। ਬੀ.ਐਸਸੀ., ਐਮ.ਏ. (ਧਰਮ ਅਧਿਐਨ), ਐਮ.ਫਿਲ, ਪੀਐਚ.ਡੀ. ਦੀ ਉੱਚਤਮ ਵਿਦਿਆ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐਸੋਸੀਏਟ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੀਆਂ ਵਿਸ਼ੇਸ਼ ਰਚਨਾਵਾਂ ਵਿੱਚ ਗੁਰੂ ਨਾਨਕ ਬਾਣੀ ਵਿਚ ਨੈਤਿਕਤਾ, ਗੁਰੂ ਗ੍ਰੰਥ ਸਾਹਿਬ : ਪ੍ਰੰਪਰਾ ਅਤੇ ਇਤਿਹਾਸ ਅਤੇ ਗੁਰਮਤਿ ਨਿਰਣੈ ਕੋਸ਼ ਆਦਿ ਸ਼ਾਮਲ ਹਨ। ਉਨ੍ਹਾਂ ਦੀ ਵਿਦਵਤਾ ਅਤੇ ਆਦਰਸ਼ਿਕਤਾ ਉਨ੍ਹਾਂ ਦੇ ਪਿਤਾ ਦੀ ਸੰਘਰਸ਼ਮਈ ਜੀਵਨ-ਯਾਤਰਾ ਅਤੇ ਸੰਸਕਾਰਾਂ ਦੀ ਠੋਸ ਬੁਨਿਆਦ ਤੇ ਅਧਾਰਤ ਹੈ।

**ਡਾ ਜਤਿੰਦਰਪਾਲ ਸਿੰਘ ਜੌਲੀ (1960-2009)**

ਜਤਿੰਦਰਪਾਲ ਸਿੰਘ ਜੌਲੀ ਇੱਕ ਉਚ ਕੋਟੀ ਦਾ ਰੂਹਾਨੀ ਚੇਤਨਾ ਵਾਲਾ, ਨਿਸ਼ਠਾਵਾਨ ਅਦੀਬ ਅਤੇ ਅਕਾਦਮਿਕ ਸੀ। 22 ਸਤੰਬਰ 1960 ਨੂੰ ਅੰਮ੍ਰਿਤਸਰ ਵਿੱਚ ਜਨਮਿਆ, ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਅਧਿਆਪਕ ਸੀ। ਪੂਰਨ ਗੁਰਸਿੱਖ, ਨਿਤਨੇਮੀ ਤੇ ਸਰਬ ਪੱਖੀ ਜੌਲੀ ਨੇ ਪੰਜਾਬੀ ਸਾਹਿਤ ਪ੍ਰਤੀ ਅਦਭੁਤ ਲਗਨ ਰੱਖੀ। ਉਸ ਦੀਆਂ ਰਚਨਾਵਾਂ ਵਿੱਚ ਪੂਰਨ ਅਪੂਰਨ, ਤੇਰਾ ਬਿਖਮੁ ਭਾਵਨ, ਇਹ ਅੰਤ ਨਹੀਂ ਵਰਗੀਆਂ ਕਿਤਾਬਾਂ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਅਨੁਵਾਦ ਤੇ ਸੰਪਾਦਨ ਖਾਸ ਹਨ। ਉਹ ਪੰਜਾਬੀ-ਪਾਕਿਸਤਾਨੀ ਸਾਹਿਤ ਦੇ ਸਾਝੇ ਸੰਬੰਧਾਂ ਦਾ ਵਿਸ਼ੇਸ਼ ਅਭਿਲਾਸ਼ੀ ਸੀ।

**ਦਿਲਜੀਤ ਸਿੰਘ ਬੇਦੀ (1960)**

ਦਿਲਜੀਤ ਸਿੰਘ ਬੇਦੀ ਪੰਜਾਬੀ ਸਾਹਿਤ, ਸਿੱਖ ਇਤਿਹਾਸ ਅਤੇ ਧਰਮ ਪ੍ਰਚਾਰ ਦੇ ਪ੍ਰਮੁੱਖ ਲੇਖਕ ਤੇ ਸੰਪਾਦਕ ਹਨ। ਉਨ੍ਹਾਂ ਦਾ ਜਨਮ ਪ੍ਰਸਿੱਧ ਲੇਖਕ ਬੇਦੀ ਲਾਲ ਸਿੰਘ ਸਾਹਿਤਕਾਰ ਦੇ ਘਰ ਨਰੈਣਗੜ੍ਹ, ਛਿਹਾਰਟ ਅੰਮ੍ਰਿਤਸਰ ਵਿੱਚ 31 ਦਸੰਬਰ 1960 ਨੂੰ ਹੋਇਆ। ਉਨ੍ਹਾਂ ਦੀਆਂ ਮੁੱਖ ਲਿਖਤਾਂ ਵਿੱਚ ਬਾਬਾ ਸ਼ਾਮ ਸਿੰਘ (2010), ਸਿੱਖੀ ਦੀ ਟਕਸਾਲ (2011), ਗੁਰਦੁਆਰਾ ਕੋਸ਼ (ਸਹਿ ਸੰਪਾਦਕ 2013), ਜਥੇਦਾਰ ਤੇਜਾ ਸਿੰਘ ਅਕਰਪੁਰੀ (2013), ਅਦਬੀ ਮੁਲਾਕਾਤਾਂ, ਸੋਚ ਦਾ ਵਾਰਿਸ (1999), ਵਿਰਾਸਤ ਖ਼ਾਲਸਾ ਪੰਥ (2019) , ਸਰਦਾਰ ਹਰੀ ਸਿੰਘ ਨਲਵਾ: ਵਾਰਾਂ ਤੇ ਜੰਗਨਾਮੇ (ਸਹਿ ਸੰਪਾਦਕ) ਸ਼ਾਮਲ ਹਨ। ਸੰਪਾਦਨਾ ਵਿੱਚ ਉਨ੍ਹਾਂ ਨੇ ਵਿਸ਼ਵ ਧਰਮ ਗ੍ਰੰਥ ਅਧਿਐਨ (2010), ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਵਿਚਾਰਧਾਰਾ (2010), ਭਾਈ ਘਣਈਆ ਜੀ, ਭਟ ਬਾਣੀ, ਭਗਤ ਬਾਣੀ, ਗੁਰਮਤਿ ਸੰਗੀਤ ਅਤੇ ਭਗਤੀ ਕੀਰਤਨ ਪਰੰਪਰਾ, ਨਮਸਕਾਰ ਗੁਰਦੇਵ ਕੋ, ਬਾਬਾ ਬੰਦਾ ਸਿੰਘ ਬਹਾਦਰ: ਸਿੱਖ ਪ੍ਰਸੰਗ, ਨਵਾਬ ਕਪੂਰ ਸਿੰਘ (2021), ਬਾਬਾ ਬਿਨੋਦ ਸਿੰਘ (2022) ਆਦਿ ਉੱਲੇਖਣੀ ਕੰਮ ਕੀਤੇ ਹਨ। ਉਨ੍ਹਾਂ ਨੇ ਗੁਰਦੁਆਰਾ ਗਜ਼ਟ, ਸ਼੍ਰੋਮਣੀ ਬੁਲੇਟਿਨ, ਨਿਹੰਗ ਸਿੰਘ ਸੰਦੇਸ਼ ਆਦਿ ਪੱਤਰਿਕਾਵਾਂ ਦੇ ਸੰਪਾਦਕ ਵਜੋਂ ਲੰਬੀ ਸੇਵਾ ਕੀਤੀ। ਉਨ੍ਹਾਂ ਕਈ ਸੋਵਿਨੀਅਰ ਵੀ ਛਾਪੇ ਹਨ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ (2000), ਗੁਰੂ ਅੰਗਦ ਦੇਵ ਜੀ (2004), ਜਥੇਦਾਰ ਟੋਹੜਾ (2004), ਜਥੇਦਾਰ ਜੱਸਾ ਸਿੰਘ ਆਹਲੂਵਾਲੀਆ (2018) ਵਿਸ਼ੇਸ਼ ਜ਼ਿਕਰਯੋਗ ਹਨ। ਸ਼ਸਤਰ ਵਿਦਿਆ, ਸ਼੍ਰੀ ਦਰਬਾਰ ਸਾਹਿਬ ਸੰਖੇਪ ਇਤਿਹਾਸ, ਗੁਰੂ ਮੱਲ ਅਖਾੜਾ, ਬਾਬਾ ਬਿਨੋਦ ਸਿੰਘ ਜੀ ਆਦਿ ਟਰੈਕਟ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਅਜਕਲ ਉਹ ਸਕੱਤਰ ਬਾਬਾ ਬੁੱਢਾ ਦਲ ਅੰਮ੍ਰਿਤਸਰ ਵਿੱਚ ਬਾ ਖ਼ੂਬੀ ਸੇਵਾਵਾਂ ਨਿਭਾ ਰਹੇ ਹਨ।

**ਡਾ ਇੰਦਰਜੀਤ ਸਿੰਘ ਗੋਗੋਆਣੀ ( 1961)**

ਜਨਮ: 12 ਸਤੰਬਰ 1961, ਪਿੰਡ ਗੋਗੋਆਣੀ, ਤਹਿਸੀਲ ਜ਼ੀਰਾ (ਫਿਰੋਜ਼ਪੁਰ),ਰਿਹਾਇਸ਼: 160, ਪ੍ਰਤਾਪ ਐਵੇਨਿਊ, ਅੰਮ੍ਰਿਤਸਰ ਪਿਤਾ: ਸ. ਗੁਰਮੇਜ ਸਿੰਘ, ਮਾਤਾ: ਸ੍ਰੀਮਤੀ ਬਲਬੀਰ ਕੌਰ। ਡਾ. ਇੰਦਰਜੀਤ ਸਿੰਘ ਗੋਗੋਆਣੀ ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ ਦੇ ਮੁਖੀ ਰਹੇ ਸਨ ਅਤੇ ਬਾਅਦ ਵਿੱਚ ਖਾਲਸਾ ਕਾਲਜ ਸਕੂਲ ਦੇ ਪ੍ਰਿੰਸੀਪਲ ਹਨ। ਉਨ੍ਹਾਂ ਨੇ ਧਰਮ ਅਧਿਐਨ, ਪੰਜਾਬੀ, ਸੰਗੀਤ ਵਿਚ ਐਮ.ਏ. ਅਤੇ ਸੰਗੀਤ ਵਿਚ ਪ੍ਰਭਾਕਰ, ਵਿਸ਼ਾਰਦ, ਬੀ.ਐੱਡ. ਦੀ ਡਿਗਰੀ ਪ੍ਰਾਪਤ ਕੀਤੀ। ਉਹ ਸਿੱਖ ਧਰਮ, ਇਤਿਹਾਸ ਅਤੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਵਿਦਵਾਨ ਹਨ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਦਲ ਭੰਜਣ ਗੁਰ ਸੂਰਮਾਂ, ਸਿੱਖਮਤ ਦਰਸ਼ਨ, ਸੱਚ ਆਖਾਂ ਤਾਂ ਭਾਂਬੜ ਮੱਚਦਾ, ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ ਆਦਿ ਸ਼ਾਮਲ ਹਨ। ਉਨ੍ਹਾਂ ਦੀ ਲਿਖਤ ਸਿੱਖੀ ਦੇ ਸਿਧਾਂਤਾਂ ਅਤੇ ਮੂਲ ਮਰਿਆਦਾ ਦੀ ਪ੍ਰਚਾਰਕ ਹੈ ਅਤੇ ਸਿੱਖ ਜੀਵਨ-ਮੂਲਿਆਂ ਦੀ ਰੂਹ ਨੂੰ ਉਜਾਗਰ ਕਰਦੀ ਹੈ।

**ਡਾ. ਸਰਬਜੀਤ ਸਿੰਘ ਸਫ਼ਰੀ (1962)**

ਜਨਮ: 4 ਜਨਵਰੀ 1962, ਪੁਤਲੀਘਰ, ਅੰਮ੍ਰਿਤਸਰ) ਇੱਕ ਪ੍ਰਤਿਭਾਸ਼ਾਲੀ ਸਾਹਿਤਕਾਰ, ਕਲਾਕਾਰ ਅਤੇ ਡਾਕਟਰ ਹਨ, ਜਿਨ੍ਹਾਂ ਨੇ ਡੀ.ਏ.ਐਮ.ਐਸ. ਦੀ ਉਚੀ ਯੋਗਤਾ ਪ੍ਰਾਪਤ ਕੀਤੀ। ਉਹ ਪੰਜਾਬੀ ਸਾਹਿਤ, ਸੰਗੀਤ, ਨਾਟਕ, ਰੇਡੀਓ, ਟੀਵੀ ਅਤੇ ਫ਼ਿਲਮੀ ਜਗਤ ਵਿਚ ਸਰਗਰਮ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ 'ਜਨਮ ਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ', 'ਦਸ ਗੁਰ ਦਰਸ਼ਨ', 'ਗਿੱਧਾ ਕੁੜੀਆਂ ਦਾ', 'ਪੰਜਾਬੀ ਬੋਲੀਆਂ, ਗੀਤ ਭੰਗੜੇ ਅਤੇ ਟੱਪੇ', 'ਮਾਤਾ ਦੀਆਂ ਭੇਟਾਂ', 'ਤਲੀ ਤੇ ਸੀਸ ਰੱਖ ਕੇ' ਆਦਿ ਮਹੱਤਵਪੂਰਨ ਹਨ। ਉਹਨਾਂ ਨੇ ਅੱਸੀ ਤੋਂ ਵੱਧ ਕਿੱਸੇ ਅਤੇ ਅਨੇਕ ਹਾਸ-ਮਜ਼ਾਹੀਆ, ਧਾਰਮਿਕ ਤੇ ਲੋਕਧਾਰਾ ਗੀਤ ਲਿਖੇ ਹਨ। ਡਾ. ਸਫ਼ਰੀ ਦੀ ਲਿਖਤ ਵਿਚ ਲੋਕਧਰਮਿਕਤਾ, ਰਚਨਾਤਮਕਤਾ ਅਤੇ ਜੀਵਨ ਦੀ ਰਸ ਭਰੀ ਸਜੀਵਤਾ ਮਿਲਦੀ ਹੈ। ਉਹ ਸਿੱਖੀ, ਲੋਕ-ਸਭਿਆਚਾਰ ਅਤੇ ਮਨੁੱਖਤਾ ਦੇ ਉੱਚ ਆਦਰਸ਼ਾਂ ਦੇ ਨਿਭਾਅ ਵਿਚ ਪ੍ਰਤੀਬੱਧ ਹਨ। ਉਨ੍ਹਾਂ ਦੀ ਕਲਮ ਲੋਕ-ਹਾਸੇ ਅਤੇ ਧਾਰਮਿਕ ਭਾਵਨਾਵਾਂ ਦੀ ਅਨੁਕੂਲ ਪ੍ਰਤੀਬਿੰਬਕ ਹੈ, ਜਦਕਿ ਉਨ੍ਹਾਂ ਦੀ ਪ੍ਰੇਰਨਾ ਸਵਰਗਵਾਸੀ ਚਮਨ ਲਾਲ ਬੁਗਲ ਹਨ।

**ਡਾ. ਮਨਮੋਹਨ ਸਿੰਘ (1963)**

ਡਾ. ਮਨਮੋਹਨ ਸਿੰਘ (ਜਨਮ: 14 ਜੁਲਾਈ 1963, ਅੰਮ੍ਰਿਤਸਰ) ਮਾਤਾ ਦਰਸ਼ਨ ਕੌਰ ਅਤੇ ਪਿਤਾ ਸ੍ਰ. ਗੁਰਮੁੱਖ ਸਿੰਘ ਦੇ ਘਰ ਜਨਮੇ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਵਿਦਿਆਰਥੀ ਜੀਵਨ ਦੌਰਾਨ ਹੀ ਉਹ ਸਿਰਜਣਸ਼ੀਲਤਾ ਵੱਲ ਆਕਰਸ਼ਿਤ ਹੋਏ। ਉਹ ਆਈ ਪੀ ਐਸ ਦੀ ਸਨਮਾਨ ਯੋਗ ਪੋਸਟ ਤੇ ਸੇਵਾਵਾਂ ਨਿਭਾਉਂਦੇ ਰਹੇ ਹਨ। ਉਨ੍ਹਾਂ ਨੇ "ਦਸਮ ਗ੍ਰੰਥ ਵਿੱਚ ਮਿਥ ਰੂਪਾਂਤਰਣ" ਵਿਸ਼ੇ 'ਤੇ ਪੀ.ਐਚ.ਡੀ. ਕੀਤੀ। ਉਨ੍ਹਾਂ ਦੀ ਕਾਵਿ-ਚਿੰਤਨ ਅਤੇ ਲੇਖਨ-ਸਮਿੱਧੀ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ ਵਿੱਚ ਪ੍ਰਗਟ ਹੋਈ। ਪ੍ਰਮੁੱਖ ਰਚਨਾਵਾਂ ਵਿੱਚ ਅਗਲੇ ਚੌਰਾਹੇ ਉੱਤੇ (1982), ਭੱਠ ਭੀਭਲ (1989), ਮ੍ਰਿਗ ਨੇਤਰ (1998), ਤਬੀਅਤ (2001), ਭਾਸ਼ (2004), ਨੀਲਕੰਠ (2008), ਗੁਰਮੁਖੀ ਦੀ ਜੁਗਤ (2009), ਵਿਚਾਰ-ਚਿੰਤਨ ਤੇ ਵਿਵਹਾਰ (2003), ਪ੍ਰਤੱਖਣ ਤੇ ਪਰਿਪੇਖ (2005), ਦੈਰਿਦੀਅਨ ਵਿਖੰਡਨ ਤੇ ਭਾਰਤੀ ਗਿਆਨ ਸ਼ਾਸਤਰ (2006), ਮਿਸ਼ਲੈ ਫੂਕੋ (2009) ਆਦਿ ਹਨ। ਹਿੰਦੀ ਵਿਚ ਮੇਰੇ ਮੇਂ ਚਾਂਦਨੀ (1993) ਦੀ ਉਸਾਰੀ ਕੀਤੀ। ਡਾ. ਮਨਮੋਹਨ ਸਿੰਘ ਨੂੰ ਸਾਹਿਤ ਅਕਾਦਮੀ ਨਵੀਂ ਦਿੱਲੀ ਅਤੇ ਹੋਰ ਮੰਨਣਯੋਗ ਸੰਸਥਾਵਾਂ ਵੱਲੋਂ ਕਈ ਇਨਾਮ ਤੇ ਸਨਮਾਨ ਪ੍ਰਾਪਤ ਹੋਏ ਹਨ। **(ਚਲਦਾ)**

# ਤੰਦਰੁਸਤ ਜੀਵਨ ਲਈ ਸੰਤੁਲਿਤ ਆਹਾਰ ਤੇ ਸਰੀਰਕ ਕਸਰਤ ਜ਼ਰੂਰੀ



**ਡਾ. ਨਵਜੋਤ ਕੌਰ**

ਸਾਡਾ ਸਰੀਰ ਤਾਂ ਹੀ ਸਿਹਤਮੰਦ ਰਹੇਗਾ, ਜੇਕਰ ਉਸ ਨੂੰ ਲੋੜੀਂਦਾ ਅਤੇ ਸੰਤੁਲਿਤ ਆਹਾਰ ਮਿਲੇਗਾ। ਆਧੁਨਿਕ ਯੁੱਗ ਵਿਚ ਅਨੇਕਾਂ ਤਕਨੀਕਾਂ ਵਿਕਸਿਤ ਹੋ ਗਈਆਂ ਹਨ, ਪਰ ਇਸ ਦੇ ਨਾਲ ਹੀ ਮਨੁੱਖ ਦੇ ਖਾਣ-ਪੀਣ ਵਿਚ ਅਨੇਕਾਂ ਬਦਲਾਅ ਆਉਣ ਕਰਕੇ ਲੋਕ ਗੰਭੀਰ ਬਿਮਾਰੀਆਂ- ਮੋਟਾਪਾ, ਬੀ.ਪੀ. ਸ਼ੂਗਰ ਰੋਗ, ਥਾਈਰਾਈਡ, ਔਰਤਾਂ ਵਿਚ ਮਾਹਵਾਰੀ ਅਨਿਯਮਿਤ ਹੋਣਾ, ਬੱਚੇਦਾਨੀ ਵਿਚ ਗੰਡ ਆਦਿ ਦੇ ਸ਼ਿਕਾਰ ਹੋ ਰਹੇ ਹਨ। ਪਰ ਘਬਰਾਉਣ ਦੀ ਲੋੜ ਨਹੀਂ, ਅਸੀਂ ਇਨ੍ਹਾਂ ਰੋਗਾਂ ਦੇ ਹੱਲ ਦਾ ਪ੍ਰਬੰਧ ਵੀ ਕਰ ਸਕਦੇ ਹਾਂ। ਆਓ ਕੌਮੀ ਪੋਸ਼ਣ ਹਫ਼ਤੇ 'ਚ ਖਾਣ-ਪੀਣ ਅਤੇ ਜੀਵਨ ਸ਼ੈਲੀ ਨੂੰ ਨਵਾਂ ਰੂਪ ਦੇਈਏ। ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਵਲੋਂ ਹਰ ਸਾਲ ਰਾਸ਼ਟਰੀ ਪੋਸ਼ਣ ਹਫ਼ਤਾ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਲੋਕਾਂ ਨੂੰ ਸਰੀਰ ਪ੍ਰਤੀ ਪੌਸ਼ਟਿਕ ਆਹਾਰ ਬਾਰੇ ਜਾਗਰੂਕ ਕਰਨਾ ਹੈ। ਸਾਲ 2025 ਦੇ ਕੌਮੀ ਪੋਸ਼ਣ ਹਫ਼ਤੇ ਦਾ ਥੀਮ 'ਈਟ ਰਾਈਟ ਫਾਰ ਬੈਟਰ ਲਾਈਫ' ਹੈ। ਇਸ ਥੀਮ ਨੂੰ ਲਾਗੂ ਕਰਕੇ ਅਸੀਂ ਆਪਣੇ ਜੀਵਨ ਵਿਚ ਸੁਧਾਰ ਲਿਆ ਕੇ ਬਿਹਤਰ ਜੀਵਨ ਸ਼ੈਲੀ ਬਤੀਤ ਕਰ ਸਕਦੇ ਹਾਂ। ਸੋ 'ਈਟ ਰਾਈਟ ਫਾਰ ਬੈਟਰ ਲਾਈਫ' ਤੋਂ ਭਾਵ ਅਜਿਹਾ ਆਹਾਰ ਜਿਸ ਵਿਚ ਸਾਰੇ ਪੌਸ਼ਟਿਕ ਤੱਤ ਹੋਣ, ਜਿਵੇਂ ਮੋਟੇ ਪੌਸ਼ਟਿਕ ਤੱਤ ਅਤੇ ਛੋਟੇ ਪੌਸ਼ਟਿਕ ਤੱਤ, ਜੋ ਸਾਨੂੰ ਸਾਡੇ ਸਰੀਰ ਦੀ ਰੋਜ਼ਾਨਾ ਦੀ ਲੋੜ ਅਨੁਸਾਰ ਮਿਲਦੇ ਹੋਣ, ਅਜਿਹੀ ਖ਼ੁਰਾਕ ਨੂੰ ਈਟ ਰਾਈਟ ਜਾਂ ਸੰਤੁਲਿਤ ਪੌਸ਼ਟਿਕ ਆਹਾਰ ਵੀ ਕਿਹਾ ਜਾਂਦਾ ਹੈ। ਜਿਵੇਂ- ਪ੍ਰੋਟੀਨ, ਵਿਟਾਮਿਨ, ਖਣਿਜ, ਜ਼ਰੂਰੀ ਅਮੀਨੋ ਐਸਿਡ, ਜ਼ਰੂਰੀ ਫੈਟੀ ਐਸਿਡ, ਖ਼ੁਰਾਕ ਫਾਈਬਰ, ਚਰਬੀ, ਕਾਰਬੋਹਾਈਡਰੇਟ ਆਦਿ ਭਾਰਤ ਦੀ ਰਾਸ਼ਟਰੀ ਖ਼ੁਰਾਕ ਸੰਸਥਾ (ਐਸ.ਆਈ.ਐਨ. ਐਚ. ਹੈਦਰਾਬਾਦ) ਵਲੋਂ ਜਾਰੀ ਕੀਤੇ ਗਏ ਦਸਤਾਵੇਜ਼ ਅਨੁਸਾਰ ਸਾਨੂੰ ਆਪਣੀ ਸਰੀਰਕ ਮਸ਼ੀਨਰੀ ਨੂੰ ਤੇਜ਼ ਰੱਖਣ ਲਈ ਪ੍ਰੋਟੀਨ ਦੀ ਲੋੜ 1 ਗ੍ਰਾਮ ਪ੍ਰਤੀ ਕਿੱਲੋ ਵਜ਼ਨ ਹੈ। ਚਰਬੀ ਰਹਿਤ ਪਨੀਰ, ਦੁੱਧ, ਦਹੀ, ਦਾਲਾਂ, ਅਨਾਜ, ਅੰਡੇ ਦਾ ਚਿੱਟਾ ਹਿੱਸਾ, ਮੁਰਗੇ ਦੀ ਛਾਤੀ, ਟੰਗ, ਮੱਛੀ, ਬੱਕਰੇ ਦਾ ਮੀਟ, ਆਦਿ ਇਸਦੇ ਸਰੋਤ ਹਨ। ਸਰ੍ਹੋਂ ਦਾ ਤੇਲ,



ਮੂੰਗਫਲੀ ਦਾ ਤੇਲ, ਅਲਸੀ ਦਾ ਤੇਲ, ਸੂਰਜਮੁਖੀ ਦਾ ਤੇਲ, ਮੂੰਗਫਲੀ, ਅਖਰੋਟ, ਬਦਾਮ, ਕਾਜੂ, ਸਮੁੰਦਰੀ ਭੋਜਨ, ਤਿਲ ਦਾ ਤੇਲ, ਸੁੱਕੇ ਮੇਵੇ, ਜੈਤੂਨ ਦਾ ਤੇਲ ਆਦਿ ਚੰਗੀ ਚਰਬੀ ਦੇ ਵਧੀਆ ਸਰੋਤ ਹਨ। ਜੇ ਫਾਈਬਰ ਦੀ ਗੱਲ ਕਰੀਏ ਤਾਂ ਪੱਤੇ ਵਾਲੀਆਂ ਸਬਜ਼ੀਆਂ, ਸਲਾਦ (ਖੀਰਾ, ਟਮਾਟਰ, ਚੁਕੰਦਰ, ਪਿਆਜ਼, ਮੂਲੀ, ਤਰਾਂ) ਆਦਿ ਅਤੇ ਸਬਜ਼ੀਆਂ ਜਿਵੇਂ ਕੱਦੂ, ਬੈਂਗਣ, ਪਾਲਕ, ਭਿੰਡੀ ਆਦਿ ਇਹ ਸਾਰੇ ਹੀ ਰੇਸ਼ੇਦਾਰ ਕਾਰਬ (ਕਾਰਬੋਹਾਈਡਰੇਟ) ਹਨ ਅਤੇ ਇਨ੍ਹਾਂ ਵਿਚ ਭਰਪੂਰ ਮਾਤਰਾ ਵਿਚ ਖੁਰਾਕੀ ਫਾਈਬਰ ਹੁੰਦਾ ਹੈ ਜੋ ਅੰਤੜੀਆਂ ਲਈ ਲਾਹੇਵੰਦ ਹੁੰਦਾ ਹੈ ਜੋ ਕਬਜ਼ ਤੋਂ ਬਚਾਅ ਕਰਦਾ ਹੈ। ਜੇ ਕਾਰਬ ਦੀ ਗੱਲ ਕਰੀਏ ਤਾਂ ਦਰਮਿਆਨੇ ਮਿੱਠੇ ਕਾਰਬ ਹੀ ਚੁਣੋ। ਇਹ ਕਾਰਬ ਸਿਰਫ਼ ਗੁਲੂਗੋਜ਼ ਦੇ ਨਹੀਂ ਬਣੇ ਹੁੰਦੇ, ਇਨ੍ਹਾਂ 'ਚ ਸਟਾਰਚ ਤੋਂ ਇਲਾਵਾ ਕੁੱਝ ਛੋਟੇ ਪੌਸ਼ਟਿਕ ਤੱਤ ਅਤੇ ਰੇਸ਼ੇ ਵੀ ਹੁੰਦੇ ਹਨ। ਜਿਸ ਕਰਕੇ ਇਹ ਸੰਘਣੇ ਮਿੱਠੇ ਕਾਰਬ ਦੇ ਮੁਕਾਬਲੇ ਹੌਲੀ ਹਜ਼ਮ ਹੁੰਦੇ ਹਨ, ਸਪਸ਼ੱਟ ਤੌਰ 'ਤੇ ਗੱਲ ਸਿੱਧੀ ਹੈ ਕਿ ਸੰਘਣੇ ਮਿੱਠੇ ਕਾਰਬ ਘੱਟ ਤੋਂ ਘੱਟ ਜਿਵੇਂ ਖੰਡ, ਗੁੜ, ਲੱਡੂ, ਮਠਿਆਈਆਂ, ਕੋਲਡ ਡਰਿੰਕ, ਡੱਬਾ ਬੰਦ ਜੂਸ ਅਤੇ ਦਰਮਿਆਨੇ ਮਿੱਠੇ ਕਾਰਬ ਲੋੜ ਅਨੁਸਾਰ ਜਿਵੇਂ ਦੁੱਧ, ਦਹੀਂ, ਮਲਾਈ, ਘਿਓ, ਮੀਟ, ਨਾਰੀਅਲ ਦਾ ਤੇਲ ਅਤੇ ਰੇਸ਼ੇਦਾਰ ਕਾਰਬ ਵੱਧ ਤੋਂ ਵੱਧ ਖਾਓ। ਇਸੇ ਤਰ੍ਹਾਂ ਹੀ ਵਿਟਾਮਿਨ ਅਤੇ ਮਿਨਰਲਜ਼ ਨੂੰ ਵੀ ਅਣਗੌਲਿਆ ਨਹੀਂ ਜਾ ਸਕਦਾ। ਇਸਦੇ ਖਣਿਜ ਪਦਾਰਥ ਦੀ ਮਾਤਰਾ ਭਾਵੇਂ ਥੋੜ੍ਹੀ ਹੀ ਹੁੰਦੀ ਹੈ ਪਰ ਸਰੀਰ ਵਾਸਤੇ ਇਹ ਲੋੜੀਂਦੀ ਹੈ। ਜਿਵੇਂ ਕਿ ਵਿਟਾਮਿਨ 'ਏ' ਅੱਖਾਂ ਵਾਸਤੇ ਬਹੁਤ ਲਾਭਦਾਇਕ ਹੁੰਦਾ ਹੈ। ਮੱਛੀ ਦਾ ਤੇਲ, ਅੰਡੇ, ਤਾਜ਼ੀਆਂ ਪੱਤੇਦਾਰ ਸਬਜ਼ੀਆਂ ਇਸਦੇ ਅਮੀਰ ਸਰੋਤ ਹਨ। ਵਿਟਾਮਿਨ 'ਬੀ' ਸਰੀਰ ਦੇ ਵਿਕਾਸ, ਸਿਹਤਮੰਦ ਚਮੜੀ, ਦਿਲ ਦੀਆਂ ਨਸਾਂ, ਦਿਮਾਗ ਅਤੇ ਗੈਸਟਰੋਇੰਟੇਸਟਾਈਨਲ ਟਰੇਕਟ ਦੇ ਕੰਮਕਾਜ ਵਿਚ ਸਹਾਇਕ ਹੈ। ਹਰੀਆਂ ਸਬਜ਼ੀਆਂ ਇਸ ਦੇ ਪ੍ਰਮੁੱਖ ਸਰੋਤ ਹਨ। ਵਿਟਾਮਿਨ 'ਸੀ' ਸਿਹਤਮੰਦ ਮਸੂੜ੍ਹੇ ਤੇ ਦੰਦ, ਚਮੜੀ ਵਾਸਤੇ ਅਤਿ ਉੱਤਮ ਹੈ। ਇਹ ਲਾਗ ਤੋਂ ਬਚਾਅ ਕਰਦਾ ਹੈ। ਖੱਟੇ ਫ਼ਲ, ਹਰੀ ਮਿਰਚ, ਬੰਦ ਗੋਭੀ, ਪਾਲਕ, ਮੇਥੀ, ਚਿਲਾਈ, ਆਂਵਲਾ, ਅਮਰੂਦ ਇਨ੍ਹਾਂ ਵਿਚ ਭਰਪੂਰ ਮਾਤਰਾ ਵਿਚ ਵਿਟਾਮਿਨ 'ਸੀ' ਪਾਇਆ ਜਾਂਦਾ ਹੈ। ਮਜ਼ਬੂਤ ਹੱਡੀਆਂ ਤੇ ਸਿਹਤਮੰਦ ਦੰਦਾਂ ਦੇ ਨਿਰਮਾਣ ਲਈ ਵਿਟਾਮਿਨ 'ਡੀ' ਸਹਾਇਕ ਹੈ ਅਤੇ ਇਹ ਕੈਲਸ਼ੀਅਮ ਦੀ ਸਹੀ ਸਪਲਾਈ ਲਈ ਮਹੱਤਵਪੂਰਨ ਹੈ। ਜਿਵੇਂ ਸਾਗ, ਅਨਾਜ, ਸੋਇਆਬੀਨ, ਮੂੰਗਫਲੀ, ਨਾਰੀਅਲ ਇਸਦੇ ਸਰੋਤ ਹਨ। ਪ੍ਰਜਨਲ ਪ੍ਰਣਾਲੀ ਦੇ ਸਿਹਤਮੰਦ ਕੰਮਕਾਜ ਵਾਸਤੇ ਵਿਟਾਮਿਨ 'ਈ' ਸਹਾਇਕ ਹੈ। ਜਿਵੇਂ ਮੱਛੀ, ਅੰਡੇ ਦਾ ਪੀਲਾ ਹਿੱਸਾ, ਦੁੱਧ, ਘਿਓ, ਮੱਖਣ ਆਦਿ। ਇਸੇ ਤਰ੍ਹਾਂ ਵਿਟਾਮਿਨ 'ਕੇ' ਸਾਡੇ ਸਰੀਰ ਦੇ ਖ਼ੂਨ ਨੂੰ ਜੰਮਣ ਤੇ ਸੱਟ ਅਤੇ ਜ਼ਖਮ ਹੋਣ 'ਤੇ ਸਰੀਰ ਚੋਂ ਖ਼ੂਨ ਦੀ ਕਮੀ ਤੋਂ ਬਚਾਉਂਦਾ ਹੈ। ਹਰੀਆਂ ਸਬਜ਼ੀਆਂ ਇਸ ਦੇ ਪ੍ਰਮੁੱਖ ਸਰੋਤ ਹਨ। ਆਇਰਨ ਅਤੇ ਆਇਓਡੀਨ ਵੀ ਸਾਡੇ ਸਰੀਰ ਵਿਚ ਬਹੁਤ ਲੋੜੀਂਦੇ ਤੱਤ ਹਨ। ਦੰਦਾਂ ਨੂੰ ਬਚਾਉਣ ਅਤੇ ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਦੀ ਵੀ ਅਹਿਮ ਭੂਮਿਕਾ ਹੈ। ਜਿਵੇਂ ਟੋਫੋ, ਪਾਲਕ, ਬਰੋਕਲੀ, ਤਿਲ, ਬਦਾਮ, ਚਿਲਾਈ, ਰਾਗੀ ਇਸ ਦੇ ਸਰੋਤ ਹਨ। ਇਸ ਲਈ ਸਾਨੂੰ ਸੰਤੁਲਿਤ ਖ਼ੁਰਾਕ ਦੇ ਨਾਲ-ਨਾਲ ਕਸਰਤ ਨੂੰ ਵੀ ਰੋਜ਼ਾਨਾ ਤਰਜੀਹ ਦੇਣੀ ਹੋਵੇਗੀ, ਤਾਂ ਜੋ ਸਰੀਰ ਨੂੰ ਤਰੋਤਾਜ਼ਾ ਅਤੇ ਪਾਚਣ ਕਿਰਿਆ ਨੂੰ ਸਿਹਤਮੰਦ ਰੱਖਿਆ ਜਾ ਸਕੇ।

# ਜਿਆਣ ਤੋਂ ਭੁੱਲੇਵਾਲ ਗੁੱਜਰਾਂ ਹੜ੍ਹਾਂ ਨਾਲ ਤਬਾਹ ਹੋਈ ਮੇਨ ਸੜਕ ਨੂੰ ਹਾਕਮਾਂ ਤੇ ਅਧਿਕਾਰੀਆਂ ਦੀ ਉਡੀਕ

## ਆਵਾਜਾਈ ਕਾਰਨ ਜਾਨਲੇਵਾ ਹਾਦਸੇ ਦਾ ਖਦਸ਼ਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਬੀਤੇ ਕਈ ਦਿਨਾਂ ਤੋਂ ਜਿਆਣ ਤੋਂ ਬਰਾਸਤਾ ਭੁੱਲੇਵਾਲ ਗੁੱਜਰਾਂ ਜੇਜੋਂ ਹਿਮਾਚਲ ਪ੍ਰਦੇਸ਼ ਨਾਲ ਜੋੜਨ ਵਾਲੀ ਸੜਕ ਸਰਕਾਰੀ ਅਣਗਹਿਲੀ ਕਾਰਨ ਥਾਂ ਥਾਂ ਤੋਂ ਬਹੁਤ ਬੁਰੀ ਤਰਾਂ ਟੁੱਟ ਚੁੱਕੀ ਹੈ ਤੇ ਆਪਣੀ ਮੁਰੰਮਤ ਲਈ ਹਾਕਮਾਂ ਤੇ ਸਰਕਾਰੀ ਅਧਿਕਾਰੀਆਂ ਦੀ ਉਡੀਕ ਕਰ ਰਹੀ ਹੈ। ਪਿੰਡ ਨੰਗਲ ਖਿਲਾੜੀਆਂ ਕੋਲ ਹੜ੍ਹਾਂ ਦਾ ਬੇਥਾਹ ਪਾਣੀ ਖੇਤਾਂ ਰਾਹੀਂ ਸੜਕ ਤੋਂ ਟੱਪਣ ਕਾਰਨ ਸੜਕ ਦਾ ਨਾਮੋ ਨਿਸ਼ਾਨ ਨਹੀਂ ਰਿਹਾ ਤੇ ਡੂੰਘੇ ਟੋਇਆਂ ਵਿੱਚ ਤਬਦੀਲ ਹੋ ਗਈ। ਜਿੱਥੋਂ ਪੈਦਲ ਲੰਘਣਾਂ ਵੀ ਮੁਸ਼ਕਿਲ ਹੈ। ਗੋਹਗੜੋਂ ਤੇ ਨੰਗਲ ਖਿਲਾੜੀਆਂ ਦੇ ਲੋਕਾਂ ਨੂੰ ਆਪਣੇ ਖੇਤਾਂ ਚੋਂ ਚਾਰਾ ਵੱਢਣ ਜਾਣ ਲਈ ਕਈ ਕਿਲੋਮੀਟਰ ਘੁੰਮ ਕੇ ਆਉਣਾਂ ਪੈਂਦਾ ਹੈ। ਸੋਸ਼ਲ ਮੀਡੀਆ ਤੇ ਪ੍ਰਿੰਟ ਮੀਡੀਆ ਰਾਹੀਂ ਵਾਰ ਵਾਰ ਲੋਕਾਂ ਨੂੰ ਇਸ ਸੜਕ ਤੇ ਬਿਲਕੁਲ ਨਾ ਆਉਣ ਲਈ ਬੇਨਤੀਆਂ ਕਰਨ ਦੇ ਬਾਵਜੂਦ ਬਹੁਤ ਅਣਜਾਣੇ ਲੋਕ ਇਸ ਰਸਤੇ ਲੰਘ ਰਹੇ ਹਨ ਜਿਸ ਕਾਰਨ ਕਿਸੇ ਵੇਲੇ ਵੀ ਭਿਆਨਕ ਜਾਨਲੇਵਾ ਹਾਦਸਾ ਵਾਪਰ ਸਕਦੇ। ਇਲਾਕਾ ਨਿਵਾਸੀਆਂ ਦੀ ਸਰਕਾਰ ਤੇ ਵਿਭਾਗ ਨੂੰ ਪੁਰਜ਼ੋਰ ਮੰਗ ਹੈ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਰਿਪੇਅਰ ਕਰਵਾਇਆ ਜਾਵੇ ਜਦੋਂ ਤੱਕ ਸਰਕਾਰ ਹੋਰ ਕੁੱਝ ਕਰਨ ਚ ਅਸਮਰੱਥ ਹੈ ਉਨਾਂ ਚਿਰ ਮਿੱਟੀ ਪਵਾ ਕੇ ਟੋਇਆਂ ਨੂੰ ਜ਼ਰੂਰ ਪੂਰਿਆ ਜਾਵੇ। ਤਾਂ ਜੋ ਲੋਕਾਂ ਨੂੰ ਪੈਦਲ ਅਤੇ ਦੋ ਪਹੀਆ ਵਹੀਕਲਾਂ ਨਾਲ ਲੰਘਣ ਦੀ ਸੌਖ ਹੋ ਜਾਵੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ਼ੁੱਭਮ ਕੁਮਾਰ ਵਾਸੀ ਡੰਡੋਹ ਹਿਮਾਚਲ ਪ੍ਰਦੇਸ਼ ਇਸ ਰਸਤੇ ਲੰਘਦਾ ਹੜ੍ਹ ਦੇ ਪਾਣੀ ਵਿੱਚ ਵਹਿ ਗਿਆ ਸੀ ਜਿਸ ਦੀ ਜਾਨ ਨੂੰ ਸਥਾਨਕ ਨੌਜਵਾਨਾਂ ਨੇ ਬੜੀ ਮੁਸ਼ਕਿਲ ਨਾਲ ਬਚਾਇਆ ਪਰ ਉਸ ਦਾ ਮੋਟਰਸਾਈਕਲ ਹੜ੍ਹ ਗਿਆ ਸੀ ਜੋ ਤਿੰਨ ਦਿਨਾਂ ਬਾਅਦ ਲੱਭ ਕੇ ਉਸ ਨੂੰ ਸੌਂਪਿਆ ਗਿਆ। ਸਥਾਨਕ ਲੋਕਾਂ ਨੇ ਇੱਕ ਵਾਰ ਆਪਣੇ ਖਰਚੇ ਤੇ ਇਸ ਸੜਕ ਦੀ ਰਿਪੇਅਰ ਕਰਵਾ ਕੇ ਆਵਾਜਾਈ ਚਾਲੂ ਕਰਵਾ ਦਿੱਤੀ ਸੀ ਪਰ ਦੁਬਾਰਾ ਤੇਜ਼ ਪਾਣੀ ਨੇ ਸੜਕ ਦਾ ਬਿਲਕੁਲ ਸਤਿਆਨਾਸ ਕਰ ਦਿੱਤਾ। ਅੱਜ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਸਰਪੰਚ ਕੁਲਦੀਪ ਸਿੰਘ ਸ਼ੇਰਪੁਰ, ਸਮਾਜ ਸੇਵਕ ਜਸਵਿੰਦਰ ਸਿੰਘ ਬੰਗਾ, ਗਾਇਕ ਗੁਰਪ੍ਰੀਤ ਮਾਹਿਲਪੁਰੀ, ਵਿੱਕੀ ਕਹਾਰਪੁਰ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਸਰਕਾਰ ਨੂੰ ਜਲਦ ਤੋਂ ਜਲਦ ਇਸ ਸੜਕ ਦੀ ਸਾਰ ਲੈਣ ਲਈ ਕਿਹਾ ਤੇ ਨਾਲ ਹੀ ਲੋਕਾਂ ਨੂੰ ਵੀ ਬੇਨਤੀ ਕੀਤੀ ਕਿ ਜਿੰਨਾ ਚਿਰ ਸਰਕਾਰ ਇਸ ਸੜਕ ਵਿੱਚ ਪਏ ਡੂੰਘੇ ਟੋਇਆਂ ਨੂੰ ਪੂਰ ਨਹੀਂ ਦਿੰਦੀ ਉੰਨੀ ਦੇਰ ਇਸ ਅਸੁਰੱਖਿਅਤ ਸੜਕ ਤੋਂ ਲੰਘਣ ਦੀ ਕੋਸ਼ਿਸ਼ ਨਾ ਕਰਨ।

## ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਵੱਲੋਂ ਸਵਾਮੀ ਅਰੁਣ ਸ਼ਰਮਾ ਜੀ ਨਾਲ ਖ਼ਾਸ ਮੁਲਾਕਾਤ

# ਗ੍ਰਹਿਸਥ ਜੀਵਨ ਵਿੱਚ ਰਹਿੰਦਿਆਂ ਤੇ ਪਰਿਵਾਰਕ ਪਾਲਣ ਪੋਸ਼ਣ ਕਰਦਿਆਂ ਸਿਮਰਨ ਕਰਨਾ ਅਤਿ ਉੱਤਮ : ਅਚਾਰੀਆ ਅਰੁਣ ਸ਼ਰਮਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਧਾਰਮਿਕ ਤੇ ਆਧਿਆਤਮਿਕ ਆਯੋਜਨਾਂ ਪ੍ਰਤੀ ਵੱਧ ਰਹੀ ਆਸਥਾ ਦੇ ਮੱਦੇਨਜ਼ਰ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਪ੍ਰਸਿੱਧ ਸੰਤ ਸਵਾਮੀ ਅਰੁਣ ਸ਼ਰਮਾ ਜੀ ਨਾਲ ਖ਼ਾਸ ਗੱਲਬਾਤ ਕੀਤੀ। ਇਸ ਦੌਰਾਨ ਸਮਾਜ ਵਿੱਚ ਧਰਮ ਅਤੇ ਆਧਿਆਤਮਿਕਤਾ ਦੀ ਮਹੱਤਾ, ਧਾਰਮਿਕ ਪ੍ਰੰਪਰਾਵਾਂ ਅਤੇ ਉਨ੍ਹਾਂ ਦੇ ਸਮਾਜਕ ਪ੍ਰਭਾਵਾਂ 'ਤੇ ਵਿਸਥਾਰ ਨਾਲ ਚਰਚਾ ਹੋਈ। ਸਵਾਮੀ ਅਰੁਣ ਸ਼ਰਮਾ ਜੀ ਨੇ ਦੱਸਿਆ ਕਿ ਇਹ ਪ੍ਰਾਚੀਨ ਮੰਦਰ ਭਗਤਾਂ ਦੀਆਂ ਆਸਥਾਵਾਂ ਦਾ ਕੇਂਦਰ ਹੈ, ਜਿੱਥੇ ਹਰ ਸਾਲ ਨਵਚੰਡੀ ਯਜਨ ਹੁੰਦਾ ਹੈ। ਇਸ ਵਾਰ ਮਹੰਤ ਗੁਰੂ ਚਰਨ ਦਾਸ ਜੀ ਦੀ ਆਗਿਆ ਨਾਲ ਦੇਵੀ ਭਾਗਵਤ ਕਥਾ ਦਾ ਆਰੰਭ ਕੀਤਾ ਗਿਆ ਹੈ, ਜੋ ਰਾਧਾ ਅਸ਼ਟਮੀ ਤੱਕ ਜਾਰੀ ਰਹੇਗੀ। ਉਹਨਾਂ ਕਿਹਾ ਕਿ ਕਥਾ ਸਿਰਫ਼ ਧਾਰਮਿਕ ਰਸਮ ਨਹੀਂ, ਬਲਕਿ ਲੋਕਾਂ ਨੂੰ ਇਕੱਠਾ ਕਰਨ ਤੇ ਜੀਵਨ ਵਿੱਚ ਨੈਤਿਕ ਮੁੱਲਾਂ ਨੂੰ ਅਪਣਾਉਣ ਦਾ ਸਾਧਨ ਵੀ ਹੈ। ਕਥਾ ਸਮਾਗਮ ਵਿੱਚ ਭਗਵਾਨ ਦੇ ਸ਼ਰਵਣ, ਭਜਨ-ਕੀਰਤਨ, ਪ੍ਰਵਚਨ ਅਤੇ ਜਾਗਰਨ ਹੋ ਰਹੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਭਗਤ ਸ਼ਿਰਕਤ ਕਰ ਰਹੇ ਹਨ। ਦਲਜੀਤ ਅਜਨੋਹਾ ਨਾਲ ਗੱਲਬਾਤ ਕਰਦਿਆਂ ਸਵਾਮੀ ਜੀ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਅਜਿਹੇ ਆਯੋਜਨਾਂ ਦੀ ਲੋੜ ਹੋਰ ਵੀ ਵਧ ਗਈ ਹੈ, ਕਿਉਂਕਿ ਇਹ ਸਿਰਫ਼ ਲੋਕਾਂ ਨੂੰ ਧਰਮ ਨਾਲ ਜੋੜਦੇ ਨਹੀਂ, ਸਗੋਂ ਸਮਾਜ ਵਿੱਚ ਭਰਾਵਾਂ-ਭਾਈਚਾਰੇ, ਪਿਆਰ ਅਤੇ ਸ਼ਾਂਤੀ ਦਾ ਸੰਦੇਸ਼ ਵੀ ਦੇਂਦੇ ਹਨ। ਸਵਾਮੀ ਜੀ ਨੇ ਇਹ ਵੀ ਰੇਖਾਂਕਿਤ ਕੀਤਾ ਕਿ ਧਾਰਮਿਕ ਸਮਾਗਮਾਂ ਦੇ ਪ੍ਰਚਾਰ-ਪ੍ਰਸਾਰ ਨਾਲ ਲੋਕ ਵਧੇਰੇ ਜਾਗਰੂਕ ਹੋ ਰਹੇ ਹਨ



ਅਤੇ ਵੱਖ-ਵੱਖ ਥਾਵਾਂ 'ਤੇ ਜਾ ਕੇ ਲੋਕਾਂ ਨਾਲ ਮਿਲਣ ਨਾਲ ਭਗਤੀ-ਭਾਵ ਤੇ ਧਾਰਮਿਕ ਚੇਤਨਾ ਹੋਰ ਵੀ ਮਜ਼ਬੂਤ ਹੋ ਰਹੀ ਹੈ।

# ਦ੍ਰਿਸ਼ਟੀਹੀਣ ਵਿਅਕਤੀਆਂ ਲਈ ਵਰਦਾਨ ਹੈ ਨੇਤਰਦਾਨ : ਹਰਦੇਵ ਸਿੰਘ ਆਸੀ

## -40ਵੇਂ ਕੌਮੀ ਨੇਤਰਦਾਨ ਪੰਦਰਵਾੜੇ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਨੇਤਰਦਾਨ ਮਹਾਂਦਾਨ ਹੈ ਅਤੇ ਇਹ ਦਾਨ ਦ੍ਰਿਸ਼ਟੀਹੀਣ ਵਿਅਕਤੀਆਂ ਲਈ ਵਰਦਾਨ ਹੈ। ਇਹ ਮਹਾਂਦਾਨ ਜਿਥੇ ਦ੍ਰਿਸ਼ਟੀਹੀਣਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕਰਦਾ ਹੈ ਉਥੇ ਦਾਨੀ ਨੂੰ ਵੀ ਆਤਮ ਸੰਤੁਸ਼ਟੀ ਮਿਲਦੀ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹੁਸ਼ਿਆਰਪੁਰ ਹਰਦੇਵ ਸਿੰਘ ਆਸੀ ਅਤੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਟਾਂਡਾ ਇੰਚਾਰਜ ਸਟੇਟ ਐਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਨੇ 40ਵੇਂ ਕੌਮੀ ਨੇਤਰਦਾਨ ਪੰਦਰਵਾੜੇ ਦੇ ਪ੍ਰਚਾਰ ਦੌਰਾਨ ਸਾਂਝੇ ਰੂਪ ਵਿਚ ਕੀਤਾ। ਇਸ ਮੌਕੇ ਹਰਦੇਵ ਸਿੰਘ ਆਸੀ ਨੇ ਆਖਿਆ ਕਿ ਪੰਜਾਬ ਸਰਕਾਰ ਨੇਤਰਹੀਣਤਾ ਨੂੰ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਮਿਤੀ 25 ਅਗਸਤ ਤੋਂ 8 ਸਤੰਬਰ ਤੱਕ ਨੇਤਰਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਦੇ ਨਾਲ-ਨਾਲ ਲੋਕਾਂ ਨੂੰ ਨੇਤਰਦਾਨ ਪ੍ਰਤੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਨੇਤਰਹੀਣਤਾ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕੇ। ਇਸ ਮੌਕੇ ਭਾਈ ਮਸੀਤੀ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀਆਂ ਅੱਖਾਂ ਦਾਨ' ਮੌਤ ਹੋਣ ਦੇ ਪੰਜ ਤੋਂ ਛੇ ਘੰਟਿਆਂ ਅੰਦਰ ਹੀ ਲਈਆਂ ਜਾ ਸਕਦੀਆਂ ਹਨ ਤੇ ਹਰ ਉਮਰ ਦਾ ਵਿਅਕਤੀ ਅੱਖਾਂ ਦਾਨ ਕਰ ਸਕਦਾ ਹੈ ਚਾਹੇ ਉਸਦੇ ਲੈਂਜ਼ ਪਿਆ ਹੋਵੇ ਚਾਹੇ ਅੱਖਾਂ ਦਾ ਕੋਈ ਵੀ ਆਪਰੇਸ਼ਨ ਹੋਇਆ ਹੋਵੇ। ਸਿਰਫ ਏਡਜ਼ ਪੀੜਤ, ਪੀਲੀਆ, ਬਲੱਡ ਕੈਂਸਰ ਅਤੇ ਦਿਮਾਗੀ ਬੁਖ਼ਾਰ ਤੋਂ ਗ੍ਰਸਤ ਵਿਅਕਤੀ ਦੀਆਂ ਅੱਖਾਂ ਦਾਨ ਨਹੀਂ ਹੋ ਸਕਦੀਆਂ। ਇਸ




ਮੌਕੇ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਅਤੇ ਰਜਨੀਸ਼ ਕੁਮਾਰ ਗੁਲਿਆਨੀ ਵੀ ਹਾਜ਼ਰ ਸਨ।

# ਸੰਘਰਸ਼ ਤੋਂ ਸਫਲਤਾ ਤੱਕ ਆਈ ਏ ਐਸ ਓਇਸ਼ੀ ਮੰਡਲ ਦੀ ਕਹਾਣੀ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : UPSC 2024 ਵਿੱਚ ਆਲ ਇੰਡੀਆ ਰੈਂਕ 399 ਪ੍ਰਾਪਤ ਕਰਕੇ IAS ਓਇਸ਼ੀ ਮੰਡਲ ਨੇ ਹੌਸਲੇ ਅਤੇ ਦ੍ਰਿੜਤਾ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ ਹੈ। ਇਕ ਖ਼ਾਸ ਮੁਲਾਕਾਤ ਦੌਰਾਨ, ਓਇਸ਼ੀ ਮੰਡਲ ਨੇ ਆਪਣੇ ਸੰਘਰਸ਼, ਅਸਫਲਤਾਵਾਂ ਅਤੇ ਆਖ਼ਰੀ ਜਿੱਤ ਦੀ ਪ੍ਰੇਰਣਾਦਾਇਕ ਯਾਤਰਾ ਸਾਂਝੀ ਕੀਤੀ। ਅੱਜ ਉਹ ਆਪਣੇ ਜ਼ਿਲ੍ਹੇ ਬੀਰਭੂਮ, ਪੱਛਮੀ ਬੰਗਾਲ ਦੀ ਪਹਿਲੀ IAS ਅਧਿਕਾਰੀ ਹੋਣ ਦੇ ਨਾਲ ਨਾਲ ਹੁਸ਼ਿਆਰਪੁਰ ਵਿੱਚ ਅਸਿਸਟੈਂਟ ਕਮਿਸ਼ਨਰ ਵਜੋਂ ਡਿਊਟੀ ਨਿਭਾ ਰਹੀ ਹੈ।

ਸ਼ਾਂਤਿਨਿਕੇਤਨ ਦੀ ਰਹਿਣ ਵਾਲੀ ਓਇਸ਼ੀ ਮੰਡਲ ਨੇ ਇਲੈਕਟ੍ਰਾਨਿਕਸ ਅਤੇ ਕਮਿਊਨਿਕੇਸ਼ਨ ਇੰਜੀਨੀਅਰਿੰਗ ਵਿੱਚ ਬੀ.ਟੈਕ. ਕਰਨ ਤੋਂ ਬਾਅਦ ਕੋਵਿਡ ਸਮੇਂ (2021) ਆਪਣੇ ਸਟਾਰਟਅਪ ਵਿੱਚ ਨੁਕਸਾਨ ਹੋਣ ਉਪਰੰਤ UPSC ਦੀ ਤਿਆਰੀ ਸ਼ੁਰੂ ਕੀਤੀ। ਪਹਿਲੀਆਂ ਤਿੰਨ ਕੋਸ਼ਿਸ਼ਾਂ ਵਿੱਚ ਉਹ ਪ੍ਰੀਲਿਮਸ ਵੀ ਪਾਸ ਨਾ ਕਰ ਸਕੀ, ਪਰ ਚੌਥੀ ਕੋਸ਼ਿਸ਼ ਵਿੱਚ ਉਸਨੇ ਸਾਰੇ ਪੜਾਅ ਪਾਰ ਕਰਕੇ ਕਾਮਯਾਬੀ ਹਾਸਲ ਕੀਤੀ।

ਉਸਨੇ ਦੱਸਿਆ ਕਿ ਪਹਿਲੀ ਪੀੜ੍ਹੀ ਦੀ ਅਫਸਰ ਹੋਣ ਕਾਰਨ ਉਸਨੂੰ ਕਿਸੇ ਤਰ੍ਹਾਂ ਦੀ ਮਦਦ ਜਾਂ ਗਾਈਡੈਂਸ ਨਹੀਂ ਮਿਲੀ। "ਸਭ ਕੁਝ ਬਿਲਕੁਲ ਨਵੇਂ ਸਿਰੇ ਤੋਂ ਕਰਨਾ ਪਿਆ। ਦੋ ਅਸਫਲ ਕੋਸ਼ਿਸ਼ਾਂ ਤੋਂ ਬਾਅਦ ਮੈਂ ਆਪਣਾ ਵਿਕਲਪੀ ਵਿਸ਼ਾ ਬਦਲਿਆ, ਜੋ ਵੱਡਾ ਜੋਖ਼ਮ ਸੀ, ਪਰ ਇਹੀ ਮੇਰੀ ਸਫਲਤਾ ਦੀ ਵਜ੍ਹਾ ਬਣਿਆ।

ਸਮਾਜਿਕ ਦਬਾਅ ਬਾਰੇ ਗੱਲ ਕਰਦਿਆਂ ਓਇਸ਼ੀ ਨੇ ਕਿਹਾ ਕਿ ਇੱਕ ਕੁੜੀ ਲਈ ਨੌਕਰੀ ਅਤੇ ਵਿਆਹ ਨਾਲ ਜੁੜੀਆਂ ਉਮੀਦਾਂ ਵੱਡੀ ਚੁਣੌਤੀ ਹੁੰਦੀਆਂ ਹਨ। "ਮੇਰੇ ਮਾਪਿਆਂ ਨੇ ਮੈਨੂੰ ਇਨ੍ਹਾਂ ਗੱਲਾਂ ਤੋਂ ਬਚਾ ਕੇ ਹਮੇਸ਼ਾ ਹੌਸਲਾ ਦਿੱਤਾ। ਇੱਕ ਸਮਾਂ ਐਸਾ ਵੀ ਸੀ ਜਦੋਂ ਮੇਰੇ ਕਿਸੇ ਵੀ ਰਿਸ਼ਤੇਦਾਰ ਨੂੰ ਇਹ ਨਹੀਂ ਪਤਾ ਸੀ ਕਿ ਮੈਂ ਕੀ ਕਰ ਰਹੀ ਹਾਂ। ਮੇਰੀ ਚੋਣ ਹੋਣ ਤੋਂ ਬਾਅਦ ਹੀ ਉਹ ਮੇਰੇ ਨਾਲ ਜੁੜੇ" ਉਸਨੇ ਮੁਸਕਰਾਹਟ ਨਾਲ ਦੱਸਿਆ।

ਪੱਤਰਕਾਰ ਵਲੋਂ ਉਸਦੀ ਕਹਾਣੀ ਨੂੰ ਸਿਰਫ਼ ਇਕ ਪ੍ਰੀਖਿਆ ਵਿੱਚ ਸਫਲਤਾ ਹੀ ਨਹੀਂ, ਸਗੋਂ ਸਮਾਜਿਕ ਰੁੜ੍ਹੀਆਂ ਨੂੰ ਤੋੜਣ ਵਾਲੀ ਪ੍ਰੇਰਕ ਯਾਤਰਾ ਵਜੋਂ ਵੀ ਦਰਸਾਇਆ।

ਅੱਜ ਅਸਿਸਟੈਂਟ ਕਮਿਸ਼ਨਰ ਹੁਸ਼ਿਆਰਪੁਰ ਵਜੋਂ ਸੇਵਾ ਨਿਭਾ ਰਹੀ ਓਇਸ਼ੀ ਮੰਡਲ ਦੀ ਸਫਲਤਾ ਦੇਸ਼ ਭਰ ਦੇ ਨੌਜਵਾਨਾਂ ਲਈ, ਖ਼ਾਸ ਕਰਕੇ ਛੋਟੇ ਕਸਬਿਆਂ ਅਤੇ ਸੀਮਿਤ ਸਾਧਨਾਂ ਨਾਲ UPSC ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ, ਇਕ ਰੌਸ਼ਨੀ ਦਾ ਚਿਰਾਗ ਬਣੀ ਹੋਈ ਹੈ।

# ਡੀ.ਐਸ.ਪੀ. ਸ. ਗੁਰਮੁੱਖ ਸਿੰਘ ਵੱਲੋਂ ਜ਼ਿਲ੍ਹਾ ਚੋਕਬਾਲ ਐਸੋਸੀਏਸ਼ਨ ਕਪੂਰਥਲਾ 'ਚ ਮੈਂਬਰਾਂ ਦੀ ਨਿਯੁਕਤੀ

ਕਪੂਰਥਲਾ, (ਦਲਜੀਤ ਅਜਨੋਹਾ) : ਜ਼ਿਲ੍ਹਾ ਚੋਕਬਾਲ ਐਸੋਸੀਏਸ਼ਨ ਕਪੂਰਥਲਾ ਵੱਲੋਂ ਫਾਈਟਰ ਸਪੋਰਟਸ ਜ਼ੋਨ ਕਰਤਾਰਪੁਰ ਰੋਡ, ਕਪੂਰਥਲਾ 'ਚ ਇਕ ਵਿਸ਼ੇਸ਼ ਮੀਟਿੰਗ ਕਰਵਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਡੀ.ਐਸ.ਪੀ. ਸ. ਗੁਰਮੁੱਖ ਸਿੰਘ ਪਹੁੰਚੇ। ਮੀਟਿੰਗ ਦੌਰਾਨ ਜ਼ਿਲ੍ਹਾ ਚੋਕਬਾਲ ਐਸੋਸੀਏਸ਼ਨ ਵਿੱਚ ਨਵੇਂ ਮੈਂਬਰਾਂ ਦੀ ਨਿਯੁਕਤੀ ਕੀਤੀ ਗਈ। ਸ. ਗੁਰਮੁੱਖ ਸਿੰਘ ਨੇ ਰਾਜੀਵ ਵਾਲੀਆ ਨੂੰ ਸੀਨੀਅਰ ਉਪ ਪ੍ਰਧਾਨ, ਜਦਕਿ ਤੰਜੀਦਰ ਸਿੰਘ ਭੰਡਾਰੀ, ਬਲਵਿੰਦਰ ਸਿੰਘ ਅਤੇ ਬੀ.ਐਸ.ਐਫ. ਦੇ ਇੰਸਪੈਕਟਰ ਸਤੀਸ਼ ਕੁਮਾਰ ਨੂੰ ਉਪ ਪ੍ਰਧਾਨ ਦੇ ਸਬ ਇੰਸਪੈਕਟਰ ਜਗਤਾਰ ਸਿੰਘ ਨੂੰ ਸੰਯੁਕਤ ਸਕੱਤਰ, ਨੀਤਿਨ ਸ਼ਰਮਾ ਨੂੰ ਕਾਨੂੰਨੀ ਸਲਾਹਕਾਰ, ਮਨਿਸ਼ ਚੋਪੜਾ ਨੂੰ ਪ੍ਰੈਸ ਸਕੱਤਰ, ਕਰਣ ਕੁਮਾਰ ਨੂੰ ਤਕਨੀਕੀ ਡਾਇਰੈਕਟਰ ਅਤੇ ਨਿਯੁਕਤ ਕੀਤਾ। ਇਸ ਤੋਂ ਇਲਾਵਾ ਮਮਤਾ ਨੂੰ ਮਹਾ ਸਕੱਤਰ, ਗਗਨਦੀਪ ਕੌਰ ਨੂੰ ਖਜਾਂਚੀ, ਪਰਮਜੀਤ ਸਿੰਘ ਅਤੇ ਪੰਜਾਬ ਪੁਲਿਸ ਪ੍ਰਦੀਪ ਕੁਮਾਰ ਨੂੰ ਕੋਚ ਨਿਯੁਕਤ ਕੀਤਾ ਗਿਆ। ਇਸ ਮੌਕੇ 'ਤੇ ਸ. ਗੁਰਮੁੱਖ ਸਿੰਘ ਅਤੇ ਯੂਵਾ ਖੇਡ ਭਲਾਈ ਬੋਰਡ ਦੇ ਪ੍ਰਧਾਨ ਰਾਜੀਵ ਵਾਲੀਆ ਨੇ ਨਿਯੁਕਤ ਮੈਂਬਰਾਂ ਨੂੰ ਫੁੱਲ-ਮਾਲਾਵਾਂ ਪਵਾ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਨਵੇਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਨਿਭਰਤਾ ਅਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਚੋਕਬਾਲ ਖੇਡ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਪਾਉਣ। ਇਸ ਮੌਕੇ ਨਿਯੁਕਤ ਮੈਂਬਰਾਂ ਨੇ ਪ੍ਰਧਾਨ ਸ. ਗੁਰਮੁੱਖ ਸਿੰਘ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।




# ਹਰਿਆਣਾ ਭਾਜਪਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਿਭਾਇਆ ਗੁਆਂਢੀ ਧਰਮ : ਖੰਨਾ


## ਕਿਹਾ, ਪੰਜਾਬ ਨੂੰ ਬਾੜ੍ਹ ਤ੍ਰਾਸਦੀ ਵਿੱਚ ਦਿੱਤੀ 5 ਕਰੋੜ ਦੀ ਸਹਾਇਤਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸਾਬਕਾ ਸਾਂਸਦ ਅਵਿਨਾਸ਼ ਰਾਇ ਖੰਨਾ ਨੇ ਕਿਹਾ ਕਿ ਹਰਿਆਣਾ ਭਾਜਪਾ ਮੁੱਖ ਮੰਤਰੀ ਨਾਯਬ ਸਿੰਘ ਸੈਣੀ ਵੱਲੋਂ ਪੰਜਾਬ ਬਾੜ੍ਹ ਤ੍ਰਾਸਦੀ ਵਿੱਚ ਪੰਜਾਬ ਸਰਕਾਰ ਨੂੰ ਦਿੱਤੀ ਗਈ 5 ਕਰੋੜ ਰੁਪਏ ਦੀ ਸਹਾਇਤਾ ਮੁਸੀਬਤ ਦੇ ਸਮੇਂ ਮਨੁੱਖਤਾਵਾਦੀ ਪੜੋਸੀ ਧਰਮ ਨਿਭਾਉਣ ਦੀ ਇੱਕ ਮਿਸਾਲ ਹੈ। ਖੰਨਾ ਨੇ ਕਿਹਾ ਕਿ ਭਾਜਪਾ ਦਾ ਸਿਖਰਲਾ ਨੇਤ੍ਰਿਤਵ ਹਮੇਸ਼ਾ ਕਾਰਕੁੰਨਾਂ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਲੋਕਸੇਵਾ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਹਰ ਨੇਤਾ ਜਨਸੇਵਾ ਨੂੰ ਸਮਰਪਿਤ ਹੈ।

ਅਵਿਨਾਸ਼ ਰਾਏ ਖੰਨਾ ਨੇ ਇਸ ਮੌਕੇ 'ਤੇ ਮੁਸੀਬਤ ਦੇ ਸਮੇਂ ਪੰਜਾਬ ਦੀ ਸਹਾਇਤਾ ਕਰਨ ਲਈ ਹਰਿਆਣਾ ਭਾਜਪਾ ਮੁੱਖ ਮੰਤਰੀ ਨਾਯਬ ਸਿੰਘ ਸੈਣੀ ਦਾ ਧੰਨਵਾਦ ਵੀ ਕੀਤਾ।



# ਰਾਜਾ, ਔਰਤ ਅਤੇ ਰਾਜ ਭਾਗ



ਉੱਤਰ ਭਾਰਤ ਦੇ ਇਕ ਖ਼ੁਸ਼ਹਾਲ ਸੂਬੇ ਵਿਚ ਇਕ ਰਾਜਾ ਹੁੰਦਾ ਸੀ। ਉਹ ਆਪਣੀ ਰਾਣੀ ਅਤੇ ਆਪਣੀ ਰਾਜਕੁਮਾਰੀ ਧੀ ਨਾਲ ਹਸੀ-ਖ਼ੁਸ਼ੀ ਆਪਣੇ ਰਾਜ ਵਿਚ ਜੀਵਨ ਬਤੀਤ ਕਰ ਰਿਹਾ ਸੀ। ਇਕ ਵਾਰ ਉਸ ਦਾ ਦਰਬਾਰ ਲੱਗਿਆ ਹੋਇਆ ਸੀ ਅਤੇ ਉਸ ਨੇ ਆਪਣੇ ਵਜ਼ੀਰਾਂ ਨੂੰ ਕਿਹਾ ਕਿ ਮੈਂ ਕਿੰਨਾ ਭਾਗਾਂ ਵਾਲਾ ਹਾਂ ਮੇਰੀ ਰਾਣੀ ਅਤੇ ਰਾਜਕੁਮਾਰੀ ਧੀ ਦੀ ਬਦੌਲਤ ਅੱਜ ਮੈਂ ਕਈ ਰਾਜਾਂ ਉੱਤੇ ਫ਼ਤਹਿ ਹਾਸਿਲ ਕਰਕੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਮਿਲਾ ਲਿਆ, ਪਰ ਉਸ ਦੇ ਕੁਝ ਵਜ਼ੀਰਾਂ ਨੇ ਉਸ ਦੀ ਚਾਪਲੂਸੀ ਕਰਦਿਆਂ ਕਿਹਾ ਕਿ ਗੁਸਤਾਖੀ ਮਾਫ ਮਹਾਰਾਜ ਪਰ ਇਹ ਤੁਹਾਡੀ ਬਹਾਦਰੀ, ਅਕਲਮੰਦੀ ਅਤੇ ਸੂਝ ਬੂਝ ਦਾ ਹੀ ਨਤੀਜਾ ਹੈ ਨਾ ਕਿ ਕਿਸੇ ਦੇ ਵੀ ਭਾਗਾਂ ਦਾ। ਉਸ ਵੇਲੇ ਰਾਜਾ ਚੁੱਪ ਕਰ ਗਿਆ, ਪਰ ਵਜ਼ੀਰਾਂ ਵਲੋਂ ਕਹੀ ਗੱਲ ਉਸ ਦੇ ਜ਼ਿਹਨ ਵਿਚ ਘੁੰਮਦੀ ਰਹੀ। ਹੌਲੀ ਹੌਲੀ ਉਸ ਦੇ ਸੁਭਾਅ ਵਿਚ ਤਬਦੀਲੀ ਆਉਣ ਲੱਗੀ। ਉਹ ਆਪਣੀ ਰਾਜਕੁਮਾਰੀ ਧੀ ਅਤੇ ਰਾਣੀ ਨਾਲ ਮਾੜਾ ਵਤੀਰਾ ਕਰਨ ਲੱਗਿਆ ਅਤੇ ਸੋਚਣ ਲੱਗਿਆ ਕਿ ਜੋ ਵੀ ਰਾਜਭਾਗ ਉਹ ਭੋਗ ਰਿਹਾ ਹੈ ਉਹ ਸਿਰਫ ਉਸ ਦੀ ਬਹਾਦਰੀ ਅਤੇ ਅਕਲਮੰਦੀ ਕਰਕੇ ਹੀ ਹੈ। ਇਕ ਵਾਰ ਉਹ ਆਪਣੀ ਰਾਣੀ ਅਤੇ ਰਾਜਕੁਮਾਰੀ ਧੀ ਨਾਲ ਕਿਸੇ ਹੋਰ ਸੂਬੇ ਦੇ ਸਮਾਗਮ ਵਿਚੋਂ ਸ਼ਿਰਕਤ ਕਰਕੇ ਆਪਣੇ ਰਾਜ ਵੱਲ ਵਾਪਸ ਜਾ ਰਿਹਾ ਸੀ ਤਾਂ ਰਸਤੇ ਵਿਚ ਉਨ੍ਹਾਂ ਨੂੰ ਇਕ ਬੇਹਦ ਗ਼ਰੀਬ ਬਜ਼ੁਰਗ ਮਿਲਿਆ ਅਤੇ ਰਾਣੀ ਨੇ ਕਾਫਲਾ ਰੁਕਵਾ ਕੇ ਉਸ ਨੂੰ ਸੋਨੇ ਦੀਆਂ ਕੁਝ ਮੋਹਰਾਂ ਦੇਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ ਕਿ ਸ਼ਾਇਦ ਇਸ ਦੇ ਘਰ ਕੋਈ ਚੰਗੇ ਭਾਗਾਂ ਵਾਲੀ ਔਰਤ ਜਾਂ ਧੀ ਨਹੀਂ ਹੋਵੇਗੀ ਜਿਸ ਕਰਕੇ ਇਸ ਦੇ ਅਜਿਹੇ ਹਾਲ ਹੋ ਗਏ, ਇਹ ਗੱਲ ਸੁਣਦਿਆਂ ਹੀ ਰਾਜਾ ਭੜਕ ਗਿਆ ਅਤੇ ਕਹਿਣ ਲੱਗਿਆ ਕਿ ਤੈਨੂੰ ਕੀ ਲੱਗਦਾ ਹੈ ਕਿ ਅੱਜ ਜੋ ਮੈਂ ਰਾਜਭਾਗ ਭੋਗ ਰਿਹਾ ਹਾਂ ਉਹ ਸਭ ਤੇਰੀ ਅਤੇ ਤੇਰੀ ਰਾਜਕਮਾਰੀ ਧੀ ਕਰਕੇ ਹੈ। ਰਾਣੀ ਨੇ ਕਿਹਾ ਕਿ ਅਜਿਹਾ ਹੋ ਵੀ ਸਕਦਾ ਹੈ ਇਸ ਵਿਚ ਕੋਈ ਵੱਡੀ ਗੱਲ ਨਹੀਂ ਤਾਂ ਰਾਜਾ ਹੋਰ ਭੜਕ ਗਿਆ ਤੇ ਉਸ ਨੇ ਕਿਹਾ ਕਿ ਜੇਕਰ ਤੁਹਾਨੂੰ ਦੋਵਾਂ ਨੂੰ ਇੱਥੇ ਜੰਗਲ ਵਿਚ ਹੀ ਛੱਡ ਦਵਾਂ ਤਾਂ ਫਿਰ ਤੁਹਾਡੇ ਭਾਗ ਕੀ ਹੋਣਗੇ ਅਤੇ ਮੇਰੇ ਕੀ, ਇਹ ਤੈਨੂੰ ਪਤਾ ਲੱਗ ਜਾਵੇਗਾ। ਗੁੱਸੇ ਤੇ ਹੰਕਾਰ ਨਾਲ ਭਰਿਆ ਰਾਜਾ ਆਪਣੀ ਰਾਣੀ ਅਤੇ ਰਾਜਕੁਮਾਰੀ ਧੀ ਨੂੰ ਜੰਗਲ ਵਿਚ ਹੀ ਛੱਡ ਕੇ ਚਲਾ ਗਿਆ।

ਉੱਥੇ ਖਲੋਤਾ ਗ਼ਰੀਬ ਬਜ਼ੁਰਗ ਇਹ ਸਾਰਾ ਕਾਰਾ ਦੇਖ ਰਿਹਾ ਸੀ ਅਤੇ ਉਸ ਨੇ ਭਰੀਆਂ ਅੱਖਾਂ ਨਾਲ ਰਾਣੀ ਅਤੇ ਰਾਜਕੁਮਾਰੀ ਵੱਲ ਦੇਖਿਆ ਤੇ ਪੁੱਛਣ ਲੱਗਿਆ ਕਿ ਹੁਣ ਤੁਸੀਂ ਕੀ ਕਰੋਗੇ ਬੇਟਾ। ਉਸ ਬਜ਼ੁਰਗ ਦੇ ਸ਼ਬਦ ਸੁਣਦੇ ਹੀ ਰਾਣੀ ਨੇ ਕਿਹਾ ਕਿ ਤੁਸੀਂ ਮੇਰੇ ਪਿਤਾ ਵਾਂਗ ਹੋ ਮੈਨੂੰ ਤੁਸੀਂ ਇਨੇ ਸਤਿਕਾਰ ਤੇ ਫਿਕਰ ਨਾਲ ਪੁੱਛਿਆ ਹੈ ਤਾਂ ਕੀ ਅਸੀਂ ਤੁਹਾਡੇ ਨਾਲ ਰਹਿ ਸਕਦੇ ਹਾਂ। ਉਸ ਗ਼ਰੀਬ ਬਜ਼ੁਰਗ ਨੇ ਕਿਹਾ ਕਿ ਮੇਰੇ ਕੋਲ ਤਾਂ ਇਕ ਟੁੱਟੀ ਝੌਂਪੜੀ ਹੈ ਤੇ ਖਾਣ ਲਈ ਦਾਣੇ ਨਹੀਂ ਤੁਸੀਂ ਮੇਰੇ ਨਾਲ ਜਾ ਕੇ ਕੀ ਕਰੋਗੇ ਤਾਂ ਰਾਣੀ ਨੇ ਜਵਾਬ ਦਿੱਤਾ ਕਿ ਕੋਈ ਗੱਲ ਨਹੀਂ ਜੋ ਰੁੱਖੀ ਸੁੱਖੀ ਤੁਸੀਂ ਖਾਂਦੇ ਹੋ ਅਸੀਂ ਵੀ ਖਾ ਲਵਾਂਗੇ ਪਰ ਘੱਟੋ-ਘੱਟ ਮੇਰੀ ਧੀ ਦੇ ਸਿਰ ਤੇ ਛੱਤ ਤਾਂ ਹੋਵੇਗੀ। ਬਜ਼ੁਰਗ ਨੇ ਕਿਹਾ ਕਿ ਠੀਕ ਹੈ ਤੁਸੀਂ ਮੇਰੇ ਘਰ ਚਲੋ ਅਤੇ ਉਨ੍ਹਾਂ ਨੂੰ ਆਪਣੀ ਝੋਂਪੜੀ ਵੱਲ ਲੈ ਤੁਰਿਆ। ਉੱਥੇ ਪਹੁੰਚ ਕੇ ਰਾਣੀ ਤੇ ਉਸ ਦੀ ਰਾਜਕੁਮਾਰੀ ਧੀ ਨੇ ਦੇਖਿਆ ਕਿ ਗ਼ਰੀਬ ਬਜ਼ੁਰਗ ਦੀ ਝੋਂਪੜੀ ਵੀ ਖਸਤਾ ਹਾਲਤ ਸੀ ਪਰ ਉਨ੍ਹਾਂ ਹਿੰਮਤ ਨਹੀਂ ਹਾਰੀ ਅਤੇ ਉਸ ਨੂੰ ਹੀ ਸਵਾਰਨ ਵਿਚ ਲੱਗ ਗਈਆਂ। ਉਨ੍ਹਾਂ ਉਸ ਝੋਂਪੜੀ ਨੂੰ ਵੀ ਸਾਫ ਸੁਥਰਾ ਕਰਕੇ ਰਹਿਣ ਯੋਗ ਬਣਾਇਆ ਅਤੇ ਉਸ ਬਜ਼ੁਰਗ ਤੋਂ ਸੂਈ ਧਾਗਾ ਮੰਗ ਕੇ ਉਸ ਦੇ ਕੱਪੜੇ ਵੀ ਸਿਉਂ ਦਿੱਤੇ। ਦੋਵੇਂ ਮਾਵਾਂ ਧੀਆਂ ਘਰ ਨੂੰ ਸਵਾਰਨ ਤੇ ਕੰਮ ਕਾਜ ਵਿਚ ਹੱਥ ਵਟਾਉਣ ਲੱਗੀਆਂ ਅਤੇ ਬਜ਼ੁਰਗ ਹੁਣ ਘਰੋਂ ਬਾਹਰ ਜਾ ਕੇ ਪਹਿਲਾਂ ਨਾਲੋਂ ਜਿਆਦਾ ਮਿਹਨਤ ਕਰਨ ਯੋਗ ਬਣ ਗਿਆ ਕਿਉਂਕਿ ਉਸ ਨੂੰ ਬਣਿਆ ਬਣਾਇਆ ਭੋਜਨ ਅਤੇ ਸਾਫ ਸੁਥਰੇ ਕੱਪੜੇ ਪਾਉਣ ਨੂੰ ਮਿਲਣ ਲੱਗੇ। ਰਾਣੀ ਅਤੇ ਉਸ ਦੀ ਧੀ ਦੇ ਪੈਰ ਝੌਂਪੜੀ ’ਚ ਪੈਣ ਦੇ ਕੁਝ ਸਮੇਂ ਬਾਅਦ ਹੀ ਜਿਵੇਂ ਉਸ ਬਜ਼ੁਰਗ ਦੇ ਵੀ ਦਿਨ ਫਿਰਨ ਲੱਗੇ। ਇਕ ਦਿਨ ਰਾਣੀ ਨੇ ਕਿਹਾ ਕਿ ਪਿਤਾ ਜੀ ਮੈਨੂੰ ਇਕ ਕੱਪੜੇ ਦਾ ਟੁਕੜਾ ਲਿਆ ਦਿਓ ਮੈਂ ਉਸ ਤੇ ਕੁਝ ਕੰਮ ਕਰਨਾ ਹੈ ਤੇ ਬਜ਼ੁਰਗ ਨੇ ਰਾਣੀ ਨੂੰ ਕੱਪੜਾ ਲਿਆ ਦਿੱਤਾ। ਰਾਣੀ ਅਤੇ ਉਸ ਦੀ ਧੀ ਨੇ ਉਸ ਦੇ ਕੁਝ ਰੁਮਾਲ ਬਣਾ ਕੇ ਉਸ ਤੇ ਅਜਿਹੀ ਕਢਾਈ ਕੀਤੀ ਕਿ ਬਜ਼ੁਰਗ ਦੇਖ ਕੇ ਹੈਰਾਨ ਰਹਿ ਗਿਆ। ਰਾਣੀ ਨੇ ਕਿਹਾ ਕਿ ਪਿਤਾ ਜੀ ਇਨ੍ਹਾਂ ਰੁਮਾਲਾਂ ਨੂੰ ਤੁਸੀਂ ਬਾਜ਼ਾਰ ਵਿਚ ਵੇਚ ਦਿਓ ਅਤੇ ਬਜ਼ੁਰਗ ਰਮਾਲ ਵੇਚਣ ਤੁਰ ਪਿਆ। ਸ਼ਹਿਰ ’ਚ ਉਸ ਨੂੰ ਇਕ ਵਪਾਰੀ ਮਿਲਿਆ ਜਿਸ ਨੇ ਦੇਖਿਆ ਕਿ ਬਜ਼ੁਰਗ ਕੋਲ ਬੜੇ ਸੁੰਦਰ ਕਢਾਈ ਵਾਲੀਆਂ ਰੁਮਾਲਾਂ ਹਨ ਅਤੇ ਉਸ ਨੇ ਚੰਗੇ ਭਾਅ ਤੇ ਉਸ ਦੇ ਰੁਮਾਲਾਂ ਖਰੀਦ ਲਈਆਂ ਅਤੇ ਬਜ਼ੁਰਗ ਖ਼ੁਸ਼ੀ-ਖ਼ੁਸ਼ੀ ਪੈਸੇ ਲੈ ਕੇ ਘਰ ਪਰਤ ਆਇਆ। ਰਾਣੀ ਨੇ ਕਿਹਾ ਕਿ ਪਿਤਾ ਜੀ ਜੋ ਪੈਸੇ ਹੁਣ ਤੁਹਾਨੂੰ ਮਿਲੇ ਹਨ ਉਨ੍ਹਾਂ ਸਾਰੇ ਪੈਸਿਆਂ ਦਾ ਇਕ ਵੱਡਾ ਕੱਪੜਾ ਸਾਨੂੰ ਲਿਆ ਕੇ ਦੇ ਦਿਓ। ਬਜ਼ੁਰਗ ਨੇ ਅਜਿਹਾ ਹੀ ਕੀਤਾ ਅਤੇ ਰਾਣੀ ਅਤੇ ਉਸ ਦੀ ਧੀ ਨੇ ਦਰਜਨਾਂ ਰੁਮਾਲ ਸ਼ਾਨਦਾਰ ਕਢਾਈ ਕੱਢ ਕੇ ਤਿਆਰ ਕਰ ਦਿੱਤੇ ਜਿਨ੍ਹਾਂ ਨੂੰ ਵੇਚ ਕੇ ਬਜ਼ੁਰਗ ਨੂੰ ਚੰਗੇ ਪੈਸੇ ਮਿਲ ਗਏ। ਹੁਣ ਉਸ ਵਪਾਰੀ ਨੇ ਬਜ਼ੁਰਗ ਨਾਲ ਹੱਥ ਮਿਲਾ ਲਿਆ ਤੇ ਕਿਹਾ ਕਿ ਉਹ ਉਸ ਨੂੰ ਹੀ ਰੁਮਾਲ ਲਿਆ ਕੇ ਦਵੇ, ਬਦਲੇ ਵਿਚ ਉਸ ਨੂੰ ਉਹ ਚੰਗਾ ਮਿਹਨਤਾਨਾ ਦਿੰਦਾ ਰਹੇਗਾ। ਰਾਣੀ ਅਤੇ ਉਸ ਦੀ ਧੀ ਦੇ ਤਿਆਰ ਕੀਤੇ ਰੁਮਾਲ ਬੜੇ ਚੰਗੇ ਭਾਅ ਵਿਕਣ ਲੱਗੇ ਤੇ ਰੁਮਾਲਾਂ ਦੀ ਦੂਰ ਦੂਰ ਤੱਕ ਚਰਚਾ ਹੋਣ ਲੱਗੀ। ਪੈਸੇ ਇਕੱਠੇ ਕਰਕੇ ਉਨ੍ਹਾਂ ਖੁਦ ਦਾ ਛੋਟਾ ਜਿਹਾ ਕਾਰੋਬਾਰ ਸ਼ੁਰੂ ਕੀਤਾ ਜੋ ਥੋੜ੍ਹੇ ਸਮੇਂ ਵਿਚ ਹੀ ਕਾਫੀ ਪ੍ਰਫੁੱਲਿਤ ਹੋ ਗਿਆ ਅਤੇ ਬਜ਼ੁਰਗ ਹੁਣ ਰਾਣੀ ਅਤੇ ਉਸ ਦੀ ਰਾਜਕੁਮਾਰੀ ਧੀ ਨੂੰ ਆਪਣੇ ਬੱਚਿਆਂ ਵਾਂਗ ਇੱਜ਼ਤ ਮਾਣ ਨਾਲ ਰੱਖਣ ਲੱਗਿਆ। ਉਹ ਇਕ ਚੰਗਾ ਅਮੀਰ ਪਰਿਵਾਰ ਬਣ ਚੁੱਕਿਆ ਸੀ। ਉਨ੍ਹਾਂ ਰੁਮਾਲਾਂ ਦੇ ਨਾਲ ਨਾਲ ਕੱਪੜੇ ਦਾ ਹੋਰ ਵਪਾਰ ਵੀ ਸ਼ੁਰੂ ਕਰ ਦਿੱਤਾ ਜਿਸ

**ਡਾ. ਵਿਕਰਮਜੀਤ ਸਿੰਘ ਮਾਨ**

ਨਾਲ ਉਹ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਲੱਗੇ। ਇਕ ਦਿਨ ਉਨ੍ਹਾਂ ਸੋਚਿਆ ਕਿ ਹੁਣ ਮਾਤਾ ਰਾਣੀ ਦੀ ਉਨ੍ਹਾਂ ਉੱਤੇ ਪੂਰੀ ਕਿਰਪਾ ਹੈ ਇਸ ਲਈ ਕਿਉਂ ਨਾ ਮੰਦਰ ਵਿਚ ਲੰਗਰ ਲਾ ਦਿੱਤਾ ਜਾਵੇ। ਬਜ਼ੁਰਗ, ਰਾਣੀ ਅਤੇ ਉਸ ਦੀ ਧੀ ਧੂਮ ਧਾਮ ਨਾਲ ਜਸ਼ਨ ਮਨਾਉਂਦੇ ਹੋਏ ਮੰਦਰ ’ਚ ਲੰਗਰ ਲਾ ਰਹੇ ਸੀ ਅਤੇ ਜਦੋਂ ਗ਼ਰੀਬਾਂ ਨੂੰ ਲੰਗਰ ਵੰਡ ਰਹੇ ਸੀ ਤਾਂ ਰਾਣੀ ਨੇ ਦੇਖਿਆ ਕਿ ਗ਼ਰੀਬਾਂ ਦੀ ਲਾਈਨ ਵਿਚ ਲੰਗਰ ਲੈਣ ਲਈ ਉਸ ਦਾ ਰਾਜਾ ਪਤੀ ਵੀ ਬੈਠਾ ਹੈ, ਜਿਸ ਨੂੰ ਕੋਹੜ ਹੋ ਚੁੱਕਿਆ ਸੀ। ਰਾਣੀ ਨੂੰ ਪਛਾਣਦੇ ਹੀ ਉਹ ਭੁੱਬਾਂ ਮਾਰ ਕੇ ਰੋਣ ਲੱਗਿਆ। ਉਸ ਨੇ ਰਾਣੀ ਦੇ ਅਤੇ ਆਪਣੀ ਧੀ ਦੇ ਪੈਰ ਫੜ ਲਏ ਤੇ ਕਹਿਣ ਲੱਗਿਆ ਕਿ ਮੇਰੇ ਤੋਂ ਬੱਜਰ ਗੁਨਾਹ ਹੋ ਗਿਆ, ਜੋ ਇਨ੍ਹਾਂ ਭਾਗਾਂ ਵਾਲੇ ਪੈਰਾਂ ਨੂੰ ਆਪਣੇ ਮਹਿਲਾਂ ਵਿਚੋਂ ਬਾਹਰ ਤੋਰ ਦਿੱਤਾ। ਉਸ ਨੇ ਰਾਣੀ ਨੂੰ ਸਾਰੀ ਕਹਾਣੀ ਦੱਸੀ ਕਿ ਉਨ੍ਹਾਂ ਨੂੰ ਜੰਗਲ ’ਚ ਛੱਡਣ ਮਗਰੋਂ ਉਸ ਨੇ ਇਕ ਨ੍ਰਿਤਕੀ ਨਾਲ ਵਿਆਹ ਕਰ ਲਿਆ ਅਤੇ ਉਸ ਨੂੰ ਆਪਣੇ ਰਾਜਭਾਗ ਦੀ ਕੁੰਜੀ ਸਾਂਭ ਦਿੱਤੀ, ਪਰ ਉਸ ਨੇ ਆਪਣੀਆਂ ਐਸ਼ਪ੍ਰਸਤੀ ਵਿਚ ਉਸ ਦੇ ਰਾਜ ਭਾਗ ਨੂੰ ਦਿਨਾਂ ਵਿਚ ਹੀ ਬਰਬਾਦੀ ਵੱਲ ਤੋਰ ਦਿੱਤਾ ਅਤੇ ਉਸ ਨੂੰ ਹੀ ਧੱਕੇ ਮਾਰ ਕੇ ਰਾਜ ਮਹਿਲ ਵਿਚੋਂ ਬਾਹਰ ਕੱਢ ਦਿੱਤਾ ਅਤੇ ਅੱਜ ਉਹ ਇਸ ਹਾਲਾਤ ਵਿਚ ਆ ਗਿਆ ਹੈ। ਰਾਣੀ ਅਤੇ ਉਸ ਦੀ ਧੀ ਨਾਲ ਮੌਜੂਦ ਬਜ਼ੁਰਗ ਨੇ ਰਾਜੇ ਨੂੰ ਕਿਹਾ ਕਿ ਰਾਜਨ ਦੇਖ ਹੁਣ ਤੈਨੂੰ ਅਹਿਸਾਸ ਹੋ ਗਿਆ ਕਿ ਤੇਰੀ ਰਾਣੀ ਅਤੇ ਤੇਰੀ ਰਾਜਕੁਮਾਰੀ ਧੀ ਦੇ ਭਾਗਾਂ ਕਰਕੇ ਹੀ ਤੇਰਾ ਰਾਜਭਾਗ ਸੀ ਤੂੰ ਇਨ੍ਹਾਂ ਨੂੰ ਠੋਕਰ ਮਾਰੀ ਅਤੇ ਰਾਜ ਭਾਗ ਨੇ ਤੈਨੂੰ ਠੋਕਰ ਮਾਰ ਦਿੱਤੀ। ਰਾਣੀ ਅਤੇ ਉਸ ਦੀ ਧੀ ਨੇ ਵੱਡਾ ਦਿਲ ਦਿਖਾਉਂਦੇ ਹੋਏ ਰਾਜੇ ਨੂੰ ਫਿਰ ਅਪਣਾ ਲਿਆ ਅਤੇ ਆਪਣੇ ਆਲੀਸ਼ਾਨ ਘਰ ਵਿਚ ਉਸ ਨੂੰ ਲੈ ਗਏ। ਉਸ ਦਾ ਇਲਾਜ ਕਰਵਾਇਆ ਅਤੇ ਉਸ ਨੂੰ ਫਿਰ ਰਾਜਿਆਂ ਵਰਗੀ ਜ਼ਿੰਦਗੀ ਦਿੱਤੀ। ਹੁਣ ਰਾਜੇ ਨੂੰ ਅਹਿਸਾਸ ਹੋ ਚੁੱਕਿਆ ਸੀ ਕਿ ਉਸ ਦਾ ਰਾਜ ਭਾਗ ਵੀ ਉਸ ਦੀ ਰਾਣੀ ਅਤੇ ਉਸ ਦੀ ਰਾਜਕੁਮਾਰੀ ਧੀ ਕਰਕੇ ਹੀ ਸੀ ਅਤੇ ਉਨ੍ਹਾਂ ਦੁਬਾਰਾ ਆ ਕੇ ਵੀ ਉਸ ਨੂੰ ਫਿਰ ਤੋਂ ਰਾਜਾ ਬਣਾ ਦਿੱਤਾ। ਇਹ ਕਹਾਣੀ ਸਮਾਜ ਵਿਚ ਬੈਠੇ ਉਨ੍ਹਾਂ ਹੰਕਾਰੀ ਰਾਜਿਆਂ ਲਈ ਇਕ ਵੱਡੀ ਨਸੀਹਤ ਵੀ ਹੈ ਜੋ ਹੰਕਾਰ ਵਿਚ ਆ ਕੇ ਆਪਣੇ ਘਰ ਦੀ ਰਾਣੀ ਔਰਤ ਅਤੇ ਰਾਜਕੁਮਾਰੀ ਧੀ ਨੂੰ ਠੋਕਰ ਮਾਰ ਦਿੰਦੇ ਹਨ ਅਤੇ ਸਮਝ ਲੈਂਦੇ ਹਨ ਕਿ ਉਸ ਦਾ ਰਾਜ ਭਾਗ ਸਿਰਫ ਉਸ ਦੀ ਅਕਲਮੰਦੀ ਦਾ ਫਲ ਹੈ।


CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000



Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਮਹਿਲਾ ਸਾਖ਼ਰਤਾ : ਰਾਸ਼ਟਰ ਦੀ ਪ੍ਰਗਤੀ ਦੀ ਮੁੱਖ ਕੁੰਜੀ

ਕਿਸੇ ਵੀ ਦੇਸ਼ ਦੇ ਵਿਕਾਸ ਲਈ ਮਹਿਲਾਵਾਂ ਦਾ ਸਾਖ਼ਰ ਹੋਣਾ ਬਹੁਤ ਮਹੱਤਵਪੂਰਨ ਹੈ। ਮਹਿਲਾਵਾਂ ਦੀ ਸਾਖ਼ਰਤਾ ਪੜ੍ਹੇ-ਲਿਖਿਆਂ ਦੀ ਦਰ ਦੱਸਣ ਦੇ ਨਾਲ-ਨਾਲ ਸਮਾਜ ਵਿਚ ਮਹਿਲਾਵਾਂ ਦੀ ਇੱਜ਼ਤ, ਉਨ੍ਹਾਂ ਦੀ ਆਰਥਿਕ ਸਥਿਤੀ ਤੇ ਸਮਾਜਿਕ ਦਰਜੇ ਨੂੰ ਵੀ ਦਰਸਾਉਂਦੀ ਹੈ। ਵਿਸ਼ਵ ਪੱਧਰ ’ਤੇ ਮਹਿਲਾਵਾਂ ਦੀ ਔਸਤ ਸਾਖ਼ਰਤਾ ਦਰ 82.7 ਫ਼ੀਸਦੀ ਹੈ। ਵਿਕਸਿਤ ਦੇਸ਼ਾਂ ਜਿਵੇਂ-ਇੰਗਲੈਂਡ, ਜਰਮਨੀ ਤੇ ਆਸਟ੍ਰੇਲੀਆ ਵਿਚ ਇਹ ਦਰ 99 ਫ਼ੀਸਦੀ ਤੋਂ ਵੱਧ ਹੈ। ਪਰ ਦੱਖਣੀ ਏਸ਼ੀਆ ਅਤੇ ਅਫ਼ਰੀਕਾ ਦੇ ਕਈ ਦੇਸ਼ਾਂ ਵਿਚ ਮਹਿਲਾਵਾਂ ਦੀ ਪੜ੍ਹਾਈ-ਲਿਖਾਈ ਅਜੇ ਵੀ ਬਹੁਤ ਘੱਟ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਅਨੁਸਾਰ ਭਾਰਤ ਦੀ ਆਰਥਿਕ ਵਿਕਾਸ ਦਰ ਵਿੱਤੀ ਸਾਲ 2025-2026 ਅਤੇ 2026-2027 ਦੋਹਾਂ ਲਈ 6.4 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਇਸ ਸੰਸਥਾ ਦੀ ਨਵੀਨਤਮ ਵਿਸ਼ਵ ਆਰਥਿਕ ਦ੍ਰਿਸ਼ਟੀਕੋਣ ਰਿਪੋਰਟ ਅਨੁਸਾਰ ਭਾਰਤ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ, ਪਰ ਇੱਥੇ ਮਹਿਲਾ ਸਾਖ਼ਰਤਾ ਦਰ ਅਜੇ ਵੀ ਚਿੰਤਾਜਨਕ ਤੌਰ ’ਤੇ ਘੱਟ ਹੈ।

ਯੂਨੈਸਕੋ ਇੰਸਟੀਚਿਊਟ ਫਾਰ ਸਟੈਟਿਸਟਿਕਸ (2022) ਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਮਹਿਲਾਵਾਂ ਦੀ ਸਾਖ਼ਰਤਾ ਦਰ 70.30 ਫ਼ੀਸਦੀ ਸੀ, ਜੋ ਪੁਰਸ਼ਾਂ ਦੀ 84.70 ਫ਼ੀਸਦੀ ਸਾਖ਼ਰਤਾ ਨਾਲੋਂ ਕਾਫ਼ੀ ਘੱਟ ਸੀ। ਵਿਸ਼ਵ ਪੱਧਰ ’ਤੇ ਮਹਿਲਾ ਸਾਖ਼ਰਤਾ ਦਰ 79 ਫ਼ੀਸਦੀ ਸੀ, ਜਿਸ ਨਾਲੋਂ ਭਾਰਤ (70.30 ਫ਼ੀਸਦੀ) 8.7 ਫ਼ੀਸਦੀ ਪਿੱਛੇ ਹੈ। ਸਾਲ 2011 ਦੀ ਜਨਗਣਨਾ ਮੌਕੇ ਭਾਰਤ ਦੀ ਕੁੱਲ ਸਾਖ਼ਰਤਾ ਦਰ 74.04 ਫ਼ੀਸਦੀ ਸੀ, ਜਿਸ ਵਿਚ ਪੁਰਸ਼ਾਂ ਦੀ ਇਹ ਦਰ 82.14 ਫ਼ੀਸਦੀ ਅਤੇ ਮਹਿਲਾਵਾਂ ਦੀ 65.46 ਫ਼ੀਸਦੀ ਸੀ। ਜੇਕਰ ਇਨ੍ਹਾਂ ਦੀ ਰਾਜ ਪੱਧਰ ’ਤੇ ਸਮੀਖਿਆ ਕੀਤੀ ਜਾਵੇ, ਤਾਂ ਸਭ ਤੋਂ ਵੱਧ ਮਹਿਲਾ ਸਾਖ਼ਰਤਾ ਦਰ ਵਾਲੇ ਰਾਜ ਕੇਰਲ (92 ਫ਼ੀਸਦੀ), ਮਿਜ਼ੋਰਮ (89.27 ਫ਼ੀਸਦੀ) ਤੇ ਲਕਸ਼ਦੀਪ (88.25 ਫ਼ੀਸਦੀ) ਹਨ ਅਤੇ ਸਭ ਤੋਂ ਘੱਟ ਮਹਿਲਾ ਸਾਖ਼ਰਤਾ ਵਾਲੇ ਰਾਜ ਬਿਹਾਰ (51.5 ਫ਼ੀਸਦੀ ), ਰਾਜਸਥਾਨ (52.1 ਫ਼ੀਸਦੀ) ਅਤੇ ਝਾਰਖੰਡ (56.2 ਫ਼ੀਸਦੀ) ਹਨ। ਸਾਲ 2011 ਦੀ ਜਨਗਣਨਾ ਦੇ ਇਨ੍ਹਾਂ ਅੰਕੜਿਆਂ ਦੀ ਸੂਚਨਾ ਤੋਂ ਬਾਅਦ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਸਾਲ 2019-21) ਅਤੇ ਰਾਸ਼ਟਰੀ ਅੰਕੜਾ ਦਫ਼ਤਰ (2021-22) ਮੁਤਾਬਿਕ ਭਾਰਤ ਦੀ ਕੁੱਲ ਸਾਖ਼ਰਤਾ ਦਰ 77.7 ਫ਼ੀਸਦੀ ਤੱਕ ਪਹੁੰਚ ਗਈ ਹੈ, ਜਿਸ ਵਿਚ ਪੁਰਸ਼ 84.7 ਫ਼ੀਸਦੀ ਅਤੇ ਮਹਿਲਾਵਾਂ 70.3 ਫ਼ੀਸਦੀ ਹਨ ਭਾਵ ਮਹਿਲਾਵਾਂ ਅਤੇ ਪੁਰਸ਼ਾਂ ਵਿਚਕਾਰ ਸਾਖ਼ਰਤਾ ਦਰ ਦੀ ਅਸਮਾਨਤਾ ਅਜੇ ਵੀ ਕਾਇਮ ਹੈ, ਸੰਤੁਲਿਤ ਵਿਕਾਸ ਹਿਤ ਜਿਸ ਨੂੰ ਪੂਰਿਆ ਜਾਣਾ ਜ਼ਰੂਰੀ ਹੈ। ਜਿੱਥੇ ਮਹਿਲਾਵਾਂ ਪੜ੍ਹੀਆਂ-ਲਿਖੀਆਂ ਨਹੀਂ ਹੁੰਦੀਆਂ, ਉੱਥੇ ਗਰੀਬੀ, ਬੇਰੁਜ਼ਗਾਰੀ ਤੇ ਸਮਾਜਿਕ ਸਮੱਸਿਆਵਾਂ ਵਧਦੀਆਂ ਹਨ। ਮਹਿਲਾਵਾਂ ਦੇ ਸਾਖ਼ਰ ਨਾ ਹੋਣ ਵਾਲੇ ਖੇਤਰਾਂ ਵਿਚ ਆਬਾਦੀ ਤੇਜ਼ੀ ਨਾਲ ਵਧਦੀ ਹੈ, ਮਹਿਲਾਵਾਂ ’ਤੇ ਅਤਿਆਚਾਰ ਵਧਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਵੀ ਕਮਜ਼ੋਰ ਰਹਿੰਦੀ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (2019-21) ਦਰਸਾਉਂਦੇ ਹਨ ਕਿ ਜਿਨ੍ਹਾਂ ਮਹਿਲਾਵਾਂ ਨੇ ਦਸਵੀਂ ਤੋਂ ਉੱਪਰ ਦੀ ਸਿੱਖਿਆ ਪ੍ਰਾਪਤ ਨਹੀਂ ਕੀਤੀ, ਉਨ੍ਹਾਂ ਦਾ ਵਿਆਹ ਛੋਟੀ ਉਮਰ ਵਿਚ ਹੋ ਜਾਂਦਾ ਹੈ ਤੇ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਵੀ ਕਮਜ਼ੋਰ ਰਹਿੰਦੀ ਹੈ। ਮਹਿਲਾ ਸਿੱਖਿਆ ਵਧਾਉਣ ਲਈ ਭਾਰਤ ਸਰਕਾਰ ਵਲੋਂ ਕਈ ਯੋਜਨਾਵਾਂ ਚਲਾਈਆਂ ਗਈਆਂ ਹਨ, ਜਿਵੇਂ ਬੇਟੀ ਬਚਾਓ ਬੇਟੀ ਪੜ੍ਹਾਓ, ਸਮੱਗਰਾ ਸਿੱਖਿਆ ਅਭਿਆਨ ਅਤੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਆਦਿ। ਇਨ੍ਹਾਂ ਦਾ ਉਦੇਸ਼ ਲੜਕੀਆਂ ਨੂੰ ਸਕੂਲਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਕੇ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨਾ ਹੈ। ਮਹਿਲਾ ਸਾਖ਼ਰਤਾ ਦੇ ਉਥਾਨ ਲਈ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾ ਜਿਵੇਂ ਵਜ਼ੀਫ਼ੇ, ਮੁਫ਼ਤ ਕਿਤਾਬਾਂ, ਵਰਦੀ ਅਤੇ ਖ਼ਾਸ ਤੌਰ ’ਤੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿਚ ਸਕੂਲਾਂ ਦੀ ਉਪਲਬਧਤਾ ਕਰਵਾਉਣੀ ਬਹੁਤ ਜ਼ਰੂਰੀ ਹੈ।

**ਡਾ. ਰਣਜੋਧ ਸਿੰਘ**

ਹਾਲ ਹੀ ਵਿਚ ਪੇਂਡੂ ਅਤੇ ਸਿੱਖਿਆ ਪੱਖੋਂ ਪਛੜੇ ਖੇਤਰਾਂ ਵਿਚ ਲੜਕੀਆਂ ਦੀ ਸਿੱਖਿਆ ਲਈ ਕੰਮ ਕਰ ਰਹੀ ਗ਼ੈਰ-ਸਰਕਾਰੀ ਸੰਸਥਾ (ਐਨ.ਜੀ.ਓ.) ’ਫਾਊਂਡੇਸ਼ਨ ਟੂ ਐਜੂਕੇਟ ਗਰਲਜ਼ ਗਲੋਬਲੀ’ ਨੂੰ 2025 ਦਾ ਰਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ ਹੈ। ਇਹ ਭਾਰਤ ਲਈ ਮਾਣ ਵਾਲੀ ਗੱਲ ਹੈ ਅਤੇ ਇਹ ਤੱਥ ਧਿਆਨ ਖਿੱਚਦਾ ਹੈ ਕਿ ਅਜਿਹੀਆਂ ਕੋਸ਼ਿਸ਼ਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਸ਼ਲਾਘਾ ਹੋਣੀ ਚਾਹੀਦੀ ਹੈ, ਤਾਂ ਕਿ ਘੱਟ ਵਿਕਸਿਤ ਖੇਤਰਾਂ ਵਿਚ ਵੀ ਮਹਿਲਾਵਾਂ ਲਈ ਸਾਖ਼ਰ ਹੋਣ ਦੇ ਰਸਤੇ ਆਸਾਨੀ ਨਾਲ ਉਪਲਬਧ ਹੁੰਦੇ ਰਹਿਣ ਤੇ ਉਨ੍ਹਾਂ ਦੀ ਪੜ੍ਹਾਈ ਲਈ ਸਾਕਾਰਾਤਮਕ ਮਾਹੌਲ ਬਣਿਆ ਰਹੇ। ਇਹ ਗੱਲ ਸਪੱਸ਼ਟ ਹੈ ਕਿ ਜਿੱਥੇ ਮਹਿਲਾਵਾਂ ਦੀ ਸਾਖ਼ਰਤਾ ਦਰ ਉੱਚੀ ਹੁੰਦੀ ਹੈ, ਉੱਥੇ ਸਿਹਤ ਸੇਵਾਵਾਂ, ਰੁਜ਼ਗਾਰ ਦੇ ਮੌਕੇ ’ਤੇ ਸਮਾਜਿਕ ਵਿਕਾਸ ਹੋਰ ਮਜ਼ਬੂਤ ਬਣਦੇ ਹਨ। ਕੇਰਲ ਅਤੇ ਹਿਮਾਚਲ ਪ੍ਰਦੇਸ਼ ਇਸ ਦੀਆਂ ਉਦਾਹਰਨਾਂ ਹਨ। ਪੜ੍ਹੀ-ਲਿਖੀ ਮਹਿਲਾ ਪਰਿਵਾਰ ਤੋਂ ਲੈ ਕੇ ਸਮਾਜ ਅਤੇ ਸਮੁੱਚੀ ਅਰਥਵਿਵਸਥਾ ਦੇ ਪੱਧਰ ਤੱਕ ਆਪਣਾ ਪ੍ਰਭਾਵਸ਼ਾਲੀ ਯੋਗਦਾਨ ਪਾਉਂਦੀ ਹੋਈ ਹਰ ਖੇਤਰ ਵਿਚ ਪ੍ਰਗਤੀ ਦਾ ਰਾਹ ਖੋਲ੍ਹਦੀ ਹੈ। ਮਹਿਲਾਵਾਂ ਦੀ ਸਿੱਖਿਆ ਵਿਚ ਨਿਵੇਸ਼ ਕਰਨ ਨਾਲ ਦੇਸ਼ ਦਾ ਸੰਤੁਲਿਤ ਵਿਕਾਸ ਹੋਣ ਦੇ ਨਾਲ-ਨਾਲ ਇਹ ਵਧੇਰੇ ਆਤਮ-ਨਿਰਭਰ ਵੀ ਬਣਦਾ ਹੈ। ਇਸ ਲਈ ਮਹਿਲਾਵਾਂ ਦੀ ਸਿੱਖਿਆ ਸਿਰਫ਼ ਇਨ੍ਹਾਂ ਦਾ ਇਕ ਵਿਅਕਤੀਗਤ ਉਥਾਨ ਨਹੀਂ, ਸਗੋਂ ਇਹ ਪੂਰੇ ਸਮਾਜ ਅਤੇ ਰਾਸ਼ਟਰ ਦੀ ਪ੍ਰਗਤੀ ਦੀ ਇਕ ਪ੍ਰਮੁੱਖ ਕੁੰਜੀ ਹੈ।





*ਵਿਕਸਿਤ ਦੇਸ਼ਾਂ ਜਿਵੇਂ-ਇੰਗਲੈਂਡ, ਜਰਮਨੀ ਤੇ ਆਸਟ੍ਰੇਲੀਆ ਵਿਚ ਇਹ ਦਰ 99 ਫ਼ੀਸਦੀ ਤੋਂ ਵੱਧ ਹੈ। ਪਰ ਦੱਖਣੀ ਏਸ਼ੀਆ ਅਤੇ ਅਫ਼ਰੀਕਾ ਦੇ ਕਈ ਦੇਸ਼ਾਂ ਵਿਚ ਮਹਿਲਾਵਾਂ ਦੀ ਪੜ੍ਹਾਈ-ਲਿਖਾਈ ਅਜੇ ਵੀ ਬਹੁਤ ਘੱਟ ਹੈ।*







## ਗ਼ਜ਼ਲ

ਸਭ ਨੂੰ ਗਲ ਨਾਲ ਲਾ ਕੇ ਮਿਲੀਏ, ਕੀ ਭਰੋਸਾ ਸਾਹਾਂ ਦਾ।
ਸਭਨਾਂ ਦੇ ਹੀ ਗਲ ਵਿਚ ਪਾਈਏ, ਹਾਰ ਬਣਾ ਕੇ ਬਾਹਾਂ ਦਾ।

ਇਹ ਜੀਵਨ ਹੈ ਬੜਾ ਅਮੋਲਕ, ਚੰਗਾ ਇਸ ਨੂੰ ਜਿਊਂ ਲਈਏ।
ਸ਼ਾਇਦ ਮੁੜ ਕੇ ਆਏ ਨਾ ਆਏ, ਅਨੰਦ ਲੈ ਲਈਏ ਚਾਹਾਂ ਦਾ।

ਫੇਰ ਕੇ ਅੱਖੀਆਂ ਚਲਾ ਗਿਆ ਸੀ, ਲਾ ਕੇ ਝੂਠੇ ਲਾਰੇ ਉਹ।
ਜੋ ਕਹਿਦਾ ਸੀ ਸਾਥ ਨਿਭੌਣਾ, ਕੀਤੀਆਂ ਹੋਈਆਂ ਸਲਾਹਾਂ ਦਾ।

ਦੇਸ਼ ਮੇਰੇ ਦੇ ਅੰਨਦਾਤੇ ਅੱਜ, ਤਰਸਣ ਦਾਣੇ ਦਾਣੇ ਨੂੰ।
ਆਏ ਹੜ੍ਹਾਂ ਪਨੀਰ ਸੁੱਟਿਆ ਤੇ ਮਰ ਗਿਆ ਜ਼ਮੀਰ ਮਲਾਹਾਂ ਦਾ।

ਕਿਸੀ ਦੀ ਮਾਂ ਨੂੰ ਮਾਸੀ ਆਖਾਂ, ਅੱਜ ਸਾਰਾ ਆਬੂ ਉਤ ਗਿਆ।
ਫੜਨੇ ਵਾਲਾ ਬਾਂਹ ਨ ਕੋਈ, ਕੀ ਇਤਬਾਰ ਹੈ ਗਵਾਹਾਂ ਦਾ।

ਬੰਦਗੀ ਉਸੇ ਦੀ ਹੀ ਹੈ ਕਬੂਲ, ਓਸ ਪਰਵਦਗਾਰ ਤਾਈਂ।
ਜਿਹੜਾ ਦਿਲ ਤੋਂ ਕਰ ਲੈਂਦਾ ਪਛਤਾਵਾ ਕੀਤੇ ਗੁਨਾਹਾਂ ਦਾ।

ਦੇਸ਼ ਲਈ ਮਰਨੇ ਵਾਲਿਆਂ ਉਤੇ, ਬੱਦਲ ਦੁੱਖਾਂ ਦੇ ਛਾਏ ਨੇ।
ਆਖਰ ਉਹ ਹੀ ਕੰਮ ਆਇਆ ਹੈ, ਦਿਲ ਜੋ ਬੇਪ੍ਰਵਾਹਾਂ ਦਾ।

ਪੰਜਾਬ ਦੇਸ ਦੀ ਖੜਗ ਭੁਜਾ ਹੈ, ਇਸ ਦੀ ਰਾਖੀ ਕਰਨੀ ਹੈ।
ਨਿਰਬਲ ਇਸ ਨੂੰ ਹੋਣ ਨਹੀਂ ਦੇਣਾ, ਦਿਲ ਜਿਸਦਾ ਬਾਦਸ਼ਾਹਾਂ ਦਾ।

'ਹਜ਼ੂਰ' ਕਹੇ ਨਿਰਾਸ਼ ਨਹੀਂ ਹੋਣਾ ਐਸੇ ਨਾਜ਼ੁਕ ਮੌਕੇ ਉਤੇ।
ਇਹ ਵੀ ਸਮਾਂ ਲੰਘ ਜਾਣਾ ਹੈ, ਗਲ 'ਚ ਪਈਆਂ ਬਲਾਵਾਂ ਦਾ।



ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)
ਕੋਠੀ ਨੰ. 2426, ਸਾਊਥ ਵਾਸਕੋ ਰੋਡ
ਕੰਵਨ ਵੇ ਲਿਵਰਮੋਰ
925-660-5977

## ਮਾਏ ....

ਸਾਨੂੰ ਕਰਨੇ ਵਣਜ ਨਾ ਆਏ,
ਪੱਥਰਾ ਦੇ ਸ਼ਹਿਰ ਦੇ ਵਿੱਚ,
ਅਸੀ ਕੱਚ ਦਾ ਸਮਾਨ ਲੈ ਆਏ।

ਦੇਖਣ ਨੂੰ ਏ ਜਾਪ ਦੇ ਮਨੁਖ,
ਅਸੀ ਪੱਥਰਾ ਸੰਗ ਟਕਰਾਏ।
ਜ਼ਿਸਮ ਤਾ ਸਾਡੇ ਹੋਗੇ ਜ਼ਖਮੀ,
ਅਸੀ ਰੂਹ ਦੇ ਵੀ ਛਿੱਲ ਲਹਾਏ।

ਮਾਂਏ ......
ਸਾਨੂੰ ਕਰਨੇ ਵਣਜ ਨਾ ਆਏ।
ਪੱਥਰਾ ਦੇ ਸ਼ਹਿਰ ਦੇ ਵਿੱਚ ,
ਅਸੀ ਕੱਚ ਦਾ ਸਮਾਨ ਲੈ ਆਏ।

ਪੱਥਰਾ ਵਰਗੇ ਦਿਲ ਨੇ ਇੰਨਾ ਦੇ,
ਇਹ ਪੱਥਰਾ ਦੇ ਜਾਏ।
ਲੰਬਾ ਪੈਂਡਾ ਅਸੀ ਹੋਗੇ ਜ਼ਖਮੀ,
ਅਸੀ ਰੂਹਾਂ ਤੱਕ ਤਿਰਹਾਏ।

ਮਾਂਏ ....
ਸਾਨੂੰ ਕਰਨੇ ਵਣਜ ਨਾ ਆਏ।
ਪੱਥਰਾ ਦੇ ਸ਼ਹਿਰ ਦੇ ਵਿੱਚ ,
ਅਸੀ ਕੱਚ ਦਾ ਸਮਾਨ ਲੈ ਆਏ।

ਸੰਗਮਰਮਰ ਦਾ ਵਤਨ ਏ ਸਾਰਾ,
ਕੌਣ ਇੰਨਾ ਨੂੰ ਸਮਝਾਏ।
ਮੋਤੀਆ ਵਾਂਗੂੰ ਚਮਕਣ ਅੱਖਾ,
"ਪ੍ਰੀਤ" ਕੋਈ ਨਾ ਨੀਰ ਵਹਾਏ ।

ਮਾਂਏ....
ਸਾਨੂੰ ਕਰਨੇ ਵਣਜ ਨਾ ਆਏ।
ਪੱਥਰਾ ਦੇ ਸ਼ਹਿਰ ਦੇ ਵਿੱਚ ,
ਅਸੀ ਕੱਚ ਦਾ ਸਮਾਨ ਲੈ ਆਏ।



ਡਾ.ਲਵਪ੍ਰੀਤ ਕੌਰ ਜਵੰਦਾ
9814203357

## ਯਾਦ

ਕੱਤਦੀ ਚਰਖਾ ਵੇ ਮੈਂ
ਲੰਮੀਆਂ ਤੰਦਾਂ ਪਾਵਾਂ
ਅੱਖ ਝਰੋਖੇ ਚੋਂ ਵੇ
ਤੱਕਦੀ ਤੇਰੀਆਂ ਰਾਹਵਾਂ
ਕਦੇ ਸੁਪਨੇ ਦੇ ਵਿੱਚ
ਆ ਜਾ ਮਿਲ ਦਿਲ ਜਾਨੀ
ਵੇ ਮੈਂ ਸਾਂਭ ਕੇ ਰੱਖੀ
ਦਿਲ ਵਿੱਚ ਯਾਦ ਨਿਸਾਨੀ

ਹੁੰਦੀ ਐ ਮਜਬੂਰੀ
ਵਿੱਚ ਪ੍ਰਦੇਸਾਂ ਅੜੀਏ ਨੀ
ਚੱਲੀਏ ਸੜਕਾਂ ਉੱਤੇ
ਰਾਤਾਂ ਨੂੰ ਨਾ ਖੜ੍ਹੀਏ ਨੀ
ਆਉਂਦਾ ਵੀਕ ਐਂਡ ਜਦ
ਯਾਦ ਬੜੀ ਸਤਾਉਂਦੀ
ਕੱਟ ਲੈ ਥੋੜ੍ਹੇ ਦਿਨ ਬੱਸ
ਕਾਹਤੋਂ ਚਿੱਤ ਰਵਾਉਂਦੀ

ਦਿਸਦਾ ਤਾਰਿਆਂ ਵਿੱਚੋਂ
ਮੁੱਖ ਤੇਰਾ ਜਦ ਚੰਨਾ ਵੇ
ਰਾਤਾਂ ਮਾਘ ਦੀਆਂ
ਮੈਂ ਦਿਲ ਦੀ ਗੱਲ ਕੀ ਮੰਨਾ ਵੇ
ਤੇਰੀ ਫੁੱਲਾਂ ਵਰਗੀ
ਯਾਦ ਮਹਿਕ ਜਿਹੀ ਆਵੇ
ਤੇਰੀ ਹੂਰ ਹੀਰ ਜਿਹੀ
ਰੋਜ ਔਸੀਆਂ ਪਾਵੇ

ਚਾਂਦੀ ਰੰਗੀ ਸੜਕ ਤੇ
ਜਦ ਟਰਾਲਾ ਚੱਲੇ ਨੀ
ਤੇਰੀ ਯਾਦ ਬਿਨਾਂ ਨਾ
ਹੁੰਦਾ ਕੁਝ ਵੀ ਪੱਲੇ ਨੀ
ਤੇਰੇ ਗੋਰੇ ਮੁੱਖ ਦਾ ਹਾਸਾ
ਨੀਂਦ ਆਉਣ ਨਾ ਦੇਵੇ
ਮੰਨ ਲੈ ਗੱਲ ਢੋਲ ਦੀ
ਕਾਹਤੋਂ ਕਰਦੀ ਹੇਵੇ

ਲੈ ਜਾ ਨਾਲ ਜੀਤ ਤੂੰ
ਕਾਹਤੋਂ ਅੜੀਆਂ ਕਰਦਾ ਵੇ
ਕੱਲੀ ਜਿੰਦ ਨਿਮਾਣੀ
ਤੇਰੇ ਤੋਂ ਕੀ ਪਰਦਾ ਵੇ
ਉੱਡ ਜਾਊ ਰੰਗ ਰੂਪ ਸਭ
ਵਿੱਚ ਵਿਛੋੜੇ ਚੰਨਾ
ਮੇਰੀ ਇੱਕ ਮੰਨ ਲੈ ਵੇ
ਲੱਖ ਤੇਰੀਆਂ ਮੰਨਾ



ਸਰਬਜੀਤ ਸਿੰਘ ਨਮੋਲ
9877358044

## ਰੱਬ ਦੀ ਪਰਿਭਾਸ਼ਾ

ਮੈਨੂੰ ਰੱਬ ਬਾਰੇ
ਬਹੁਤ ਪੜ੍ਹਾਇਆ ਗਿਆ
ਬਹੁਤ ਦੱਸਿਆ ਗਿਆ
ਇਸ ਸਿਲਸਿਲਾ ਵਿੱਚ
ਕਿਤਾਬਾਂ ਦੀਆ ਪਰਛੱਤੀਆਂ
ਭਰ ਲਈਆਂ

ਰੱਬ ਅਦਿੱਖ ਹੈ
ਨਿਰੰਕਾਰ ਹੈ
ਅਮੂਰਤ ਹੈ
ਹੋਰ ਪਤਾ ਨਹੀ -ਕੀ ਕੀ

ਅਚਾਨਕ ਇੱਕ ਦਿਨ
ਕੁਦਰਤ ਕੋਲ ਜਾਂਦੀ ਹਾਂ
ਪੁੱਛ ਬੈਠੀ ਹਾਂ
ਕਿ ਮੇਰੇ ਛੋਟਿਆਂ ਛੋਟਿਆਂ ਲਾਲਾਂ ਬਾਰੇ
ਜੀਤ ਸਿੰਘ, ਜੋਰਵਾਰ ਸਿੰਘ,
ਫਤਿਹ ਸਿੰਘ ਜੁਝਾਰ ਸਿੰਘ
ਦੇਖਦੀ ਹਾਂ

ਇਸ ਤੋਂ ਵੱਡਾ ਰੱਬ ਕਿਤਾਬ
ਇਸ ਤੋਂ ਵੱਡਾ ਰੱਬ
ਜੇ ਕਿਧਰੇ ਹੋਏ ਤਾਂ
ਜਰੂਰ ਪਤਾ ਦੇਣਾ
ਉਸ ਨੂੰ ਮਿਲਣਾ ਚਾਹਾਂਗੀ



ਗੁਰਬਿੰਦਰ ਕੌਰ ਠੱਟਾ ਟਿੱਬਾ

## ਰੁੱਤ ਫਿਰੀ ਨੀਂ ! ਜਿੰਦੇ ਮੇਰੀਏ

ਠੰਢੀ ਠੰਢੀ ਹਵਾ ਤੱਕ ਆਇਆ ਖਿਆਲ ਨੀਂ,
ਮੁੱਕ ਜਾਣੇ ਹੁੰਮ ਨੇੜੇ ਆ ਗਿਆ ਸਿਆਲ਼ ਨੀਂ।
ਲੰਘ ਗਏ ਸੀ ਜੇਠ, ਹਾੜ੍ਹ, ਸਾਉਣ ਤੇ ਭਾਦੋਂ ਨੀਂ,
ਅੱਸੂ, ਕੱਤਕ ਨਿੱਘਾ ਮੱਘਰ, ਪੋਹ ਠੰਢੇ ਵਾਦੋਂ ਨੀਂ।

ਬੀਤ ਚੌਮਾਸਾ ਰੁੱਤ ਆਈ ਜਰਾ ਪਹਿਚਾਣ ਨੀਂ ,
ਲੈ ਕੇ ਮੱਕੀ, ਝੋਨਾ, ਤਿਲ ਜੱਟ ਮੰਡੀਏ ਜਾਣ ਨੀਂ।
ਵੱਢ ਵਾਹਕੇ ਝੱਟ ਆਲੂ,ਸਬਜ਼ੀ ਲਗਾਉਣ ਨੀਂ,
ਚੌਵੀ ਘੰਟੇ ਧੁਕ ਧੁਕ ਹੈ ਇੰਜਣ ਚਲਾਉਣ ਨੀਂ ।

ਕੀੜੇਮਾਰ ਦਵਾਈਆਂ ਤੇ ਖਾਦਾਂ ਲਹੂ ਚੂਸੇ ਨੀਂ,
ਝੂਠੇ ਵਾਅਦਿਆਂ ਨੇ ਪਾ ਦਿੱਤੇ ਭੰਬਲ ਭੂਸੇ ਨੀਂ।
ਇੱਕ ਪੈਰ ਖੇਤ ਵਿੱਚ ਦੂਜਾ ਹੈ ਜਾਣੋ ਸ਼ੰਭੂ ਨੀਂ,
ਢੀਠ ਹੈ ਸਰਕਾਰ ਫੜਕੇ ਡੰਡਾ ਫਿਰ ਝੰਬੂ ਨੀਂ।

ਕਿਰਤੀ ਕਿਸਾਨ ਸਾਰੇ ਹੋਏ ਡਾਢਾ ਆਰੀ ਨੀਂ,
ਨੇਤਾਵਾਂ ਨੇ ਪਾਈ ਸ਼ਾਹੂਕਾਰਾਂ ਸੰਗ ਯਾਰੀ ਨੀਂ।
ਫ਼ਸਲਾਂ ਅਤੇ ਜ਼ਮੀਨਾਂ ਰਲ ਫਿਰਦੇ ਖੋਹਣ ਨੀਂ,
ਰਲ਼ ਕੇ ਸਰਕਾਰਾਂ ਨਾਲ਼ ਜਾਪਦੈ ਕੋਹਣ ਨੀਂ।

ਸੇਵਾ ਸਿੰਘ 'ਨੂਰਪੁਰੀ'

## ਪਠਾਨ-ਮਾਜਰਾ

ਜਦੋਂ ਹੜ੍ਹਾਂ ਬਾਰੇ ਬੋਲਿਆ ਤਾਂ ਕੰਨ ਖੁੱਲ੍ਹ ਗਏ
ਕਈ ਜ਼ਿਲ੍ਹਿਆਂ ਦੇ ਜ਼ਿਲ੍ਹੇ ਮਿੱਟੀ ਵਿਚ ਰੁਲ ਗਏ
ਕਤੇ ਝਾੜੂ ਨੇ ਸੀ ਵਾਅਦੇ ਉਹ ਤਾਂ ਸਾਰੇ ਭੁੱਲ ਗਏ
ਵੈਸੇ ਲਗਦਾ ਫੁੱਫੜ ਜੀਹਨੇ ਪਾਇਆ ਤਾਂ ਰੱਫੜ
ਤਾਂ ਹੀ ਚੰਡੀਗੜ੍ਹ ਸਾਰਾ ਧੂੰਆਂ ਯਾਰ ਹੋ ਗਿਆ
ਉਹਨੇ ਦੂਜੀ ਸੀ ਵਿਆਹੀ ਉਹ ਵੀ ਛੱਡ ਤੀ
ਫਿਰ ਜਿਉਣਾ ਮੌੜ 'ਆਪ' ਦਾ ਫਰਾਰ ਹੋ ਗਿਆ।

ਇਥੇ ਕਾਹਦੀ ਹੈ ਪੁਲਿਸ ਕੀਹਨੇ ਮਸਤੀ ਮਨਾਈ
ਪੀਤੀ ਰੱਜ ਕੇ ਸ਼ਰਾਬ ਬਾਕੀ ਰੋਟੀ ਵੀ ਖਵਾਈ
ਦਿੱਲੀ ਵਾਲਿਆਂ ਦੀ 'ਨੀਲੀ' ਜਾਣੀ ਫਿਲਮ ਵਿਖਾਈ
ਫਿਰ ਵੱਜ ਜਾਣੇ ਢੋਲ ਸਾਰੀ ਖੁੱਲ੍ਹ ਜਾਣੀ ਪੋਲ
ਏਸੇ ਗਲ ਦਾ ਤਾਂ ਸਭ ਨੂੰ ਬੁਖਾਰ ਹੋ ਗਿਆ
ਉਹਦੇ ਲੱਗੀਆਂ ਦੇ ਭੇਤ ਸਾਰੇ ਖੁੱਲ੍ਹ ਗਏ
ਫਿਰ ਜਿਉਣਾ ਮੌੜ 'ਝਾੜੂ' ਦਾ ਫਰਾਰ ਹੋ ਗਿਆ।

ਪਹਿਲਾਂ ਸੋਚਦੇ ਨੀ ਪੁੱਠੇ ਕਿਵੇਂ ਕੰਮ ਕਰਦੇ
ਸਾਰੇ ਪੈਸੇ ਤੇ ਜਨਾਨੀ ਉਤੇ ਰਹਿਣ ਮਰਦੇ
ਮਾੜੇ ਵਜਦੇ ਲਿਖਾਰੀ ਸੱਚ ਲਿਖ ਧਰਦੇ
ਗਲ ਝੂਠ ਨਾ ਤੂੰ ਜਾਣੀ ਸਾਰੀ ਲਿਖੂਗਾ ਕਹਾਣੀ
'ਦੇਵ ਘੋਲੀਏ' ਦਾ ਤਾਂ ਹੀ ਕਿਸਾਕਾਰ ਹੋ ਗਿਆ
ਜਿਹੜੀ ਗੱਲ ਤੋਂ ਤਾਂ ਸਾਰੇ ਹੁਣ ਡਰਦੇ
ਕਹਿੰਦੇ ਜਿਉਣਾ ਮੌੜ 'ਕਾਰ' ਤੇ ਫਰਾਰ ਹੋ ਗਿਆ।



ਗੀਤਕਾਰ : ਦੇਵ ਘੋਲੀਆ ਖੁਰਦ
559-232-7764

## ਦਰਿਆਵਾਂ ਦੇ ਵਹਿਣ

ਜਾ ਕੇ ਪੁੱਛੋ ਉਨ੍ਹਾਂ ਦੁਖਿਆਰਿਆਂ ਨੂੰ,
ਜਿੱਥੇ ਪਈ ਪਾਣੀ ਦੀ ਮਾਰ ਭਾਈ।

ਫਸਲ ਹੜ੍ਹੀ, ਹੜ੍ਹੇ ਘਰ ਬਾਰ ਸਾਰੇ,
ਗਏ ਕਰਮ ਜਿਨ੍ਹਾਂ ਦੇ ਹਾਰ ਭਾਈ।

ਸੈਂਕੜੇ ਸਾਲ ਨਾ ਘਾਟੇ ਹੋਣ ਪੂਰੇ,
ਉੱਜੜ ਗਏ ਨੇ ਲੱਖਾਂ ਪ੍ਰੀਵਾਰ ਭਾਈ।

ਹਾਕਾਂ ਮਾਰ ਦੇ ਖੜ੍ਹ ਬਨੇਰਿਆਂ 'ਤੇ,
ਆ ਕੇ ਲਵੇ ਕੋਈ ਸਾਡੀ ਸਾਰ ਭਾਈ।

ਪਾਣੀ ਕੰਢੇ ਖੋਰੇ, ਮਾਵਾਂ ਪੁੱਤ ਤੋਰੇ,
ਭਰ ਟਰਾਲੀਆਂ ਹੋ ਤਿਆਰ ਭਾਈ।

ਚਾਰਾ, ਤੂੜੀ, ਖਲ, ਫੀਡ ਲੱਦ ਲੈ ਗਏ,
ਕਣਕ, ਆਟਾ, ਚੋਲ, ਜਵਾਰ ਭਾਈ।

ਮਾਰ ਬੰਨ੍ਹ ਦਰਿਆਵਾਂ ਦੇ ਵਹਿਣ ਮੋੜੇ,
ਨਹੀਂ ਮੰਨਦੇ ਪੰਜਾਬੀ ਹਾਰ ਭਾਈ।

ਪੰਜਾਬ ਵੱਸਦਾ ਗੁਰਾਂ ਦੇ ਨਾਂ 'ਪੱਤੋ',
ਜਿੱਥੇ ਹੋਏ ਅਜੀਤ ਜੁਝਾਰ ਭਾਈ।

ਹਰਪ੍ਰੀਤ ਪੱਤੋ
94658-21417

## 'ਪੰਥ ਰਤਨ' ਭਾਈ ਦਿੱਤ ਸਿੰਘ ਗਿਆਨੀ

"ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
ਸਿੰਘ ਸਭਾ ਬਣਾਉਣ ਦਾ, ਫੁਰਮਾਨ ਅਲਾਇਆ।

ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।

ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।

'ਮਹਾਂ-ਗਿਆਨੀ' ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।

'ਸਾਧੂ' ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।

ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
'ਵਿਪਰ ਨਹੀਂ', ਅਸੀਂ ਸਿੱਖ ਹਾਂ', ਇਹ ਸੱਚ ਸੁਣਾਇਆ।

'ਸਾਧੂ' ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।

"ਨਿੰਦਿਆ ਕਰੇਂ ਤੂੰ ਗੁਰੂ ਦੀ, ਉਂ ਰਿਸ਼ੀ ਕਹਾਵੇਂ।
ਘੜ ਸ਼ੁੱਧੀ ਦੀਆਂ ਸਾਜਿਸ਼ਾਂ, ਜਨਤਾ ਭਰਮਾਵੇਂ।

ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ 'ਤੇ ਕਾਬੂ।"

ਰੀਸ ਗਿਆਨੀ 'ਹੰਸ' ਦੀ, ਕੀ ਕਰੂ 'ਟਟੀਹਰੀ'।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।

ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।

ਦਿੱਤ ਸਿੰਘ ਜੀ ਤਿੰਨ ਦਫਾ, ਕਰ ਗੋਸ਼ਟਿ ਜਿੱਤੇ।
'ਸਤਿਆਰਥ' ਦੇ ਕੁਫ਼ਰ ਸਭ, ਪਾ ਦਿੱਤੇ ਛਿੱਥੇ।

ਸਿੰਘ ਸਭੀਆਂ' ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਹਨਾਂ ਗਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।

ਭਾਈ ਹਰਪਾਲ ਸਿੰਘ ਲੱਖਾ

## ਜ਼ੁਲਮ-ਏ-ਸਰਹੰਦ

ਕੰਧੇ ਸਰਹੰਦ ਦੀਏ ਤੂੰ ਏ ਕਿ
ਕਹਿਰ ਕਮਾਇਆ ਏ
ਨਿੱਕੇ ਨਿੱਕੇ ਬਾਲਾ ਨੂੰ ਤੂੰ
ਆਪਣੇ ਵਿੱਚ ਸਮਾਇਆ ਏ ।

ਤੈਨੂੰ ਭੋਰਾ ਸੰਗ ਨਾ ਲੱਗੀ ਤੂੰ ਬਾਲਾ
ਨੂੰ ਅਪਨਾਇਆ ਏ
ਕਰਕੇ ਕਹਿਰ ਏ ਤੂੰ ਸਰਹੰਦੇ
ਆਪਣਾ ਰੰਗ ਵਿਖਾਇਆ ਏ।

ਵਜ਼ੀਰ ਖਾਂ ਦੇ ਪਿੱਛੇ ਲੱਗ ਤੂੰ
ਆਪਣਾ ਭੇਸ ਵਟਾਇਆ ਏ
ਐਵੇਂ ਕਿਵੇਂ ਤੂੰ ਬਾਲਾ ਨੂੰ ਆਪਣੀ
ਬੁੱਕਲ ਵਿੱਚ ਲੁਕਾਇਆ ਏ ।

ਨਿੱਕੇ ਨਿੱਕੇ ਬਾਲਾ ਦੀ ਤੂੰ ਦਸ
ਜਿੰਦ ਨੂੰ ਕਿੰਝ ਚਿਣਵਾਇਆ ਏ
ਤੈਨੂੰ ਭੋਰਾ ਤਰਸ ਨਾ ਆਇਆ
ਤੂੰ ਬਾਲਾ ਨੂੰ ਹਿੱਕ ਨਾਲ ਲਾਇਆ ਏ

ਨਿੱਕੀ ਉਮਰੇ ਖੇਡਣ ਦੀ ਥਾਂ
ਤੂੰ ਨਾਲ ਆਪਣੇ ਖਿਡਾਇਆ ਏ
ਸੱਤ-ਨੌ ਵਰ੍ਹਿਆਂ ਦੇ ਲਾਲਾ ਨੂੰ
ਤੂੰ ਜਹਾਨੋਂ ਮਾਰ ਮੁਕਾਇਆ ਏ ।

ਕੰਧੇ ਸਰਹੰਦ ਦੀਏ ਤੂੰ ਏ ਕਿ
ਕਹਿਰ ਕਮਾਇਆ ਏ
ਕਰਕੇ ਕਹਿਰ ਏ ਤੂੰ ਸਰਹੰਦੇ
ਆਪਣਾ ਰੰਗ ਵਿਖਾਇਆ ਏ।



ਜਸਕੀਰਤ ਸਿੰਘ
98889-49201

# ਭਾਰਤੀ ਕੁੜੀਆਂ ਖੇਡਣ ਲਈ ਕਿੰਨੀਆਂ ਆਜ਼ਾਦ ਹਨ ?




ਜਦੋਂ ਭਾਰਤ ਨੇ 1948 ਦੇ ਲੰਡਨ ਓਲੰਪਿਕ ਵਿੱਚ ਹਿੱਸਾ ਲਿਆ ਸੀ, ਤਾਂ ਪੂਰੀ ਟੀਮ ਵਿੱਚ ਇੱਕ ਵੀ ਮਹਿਲਾ ਖਿਡਾਰੀ ਨਹੀਂ ਸੀ। 78 ਸਾਲਾਂ ਬਾਅਦ ਵੀ ਇਸ ਸਥਿਤੀ ਵਿੱਚ ਬਹੁਤਾ ਬਦਲਾਅ ਨਹੀਂ ਆਇਆ ਹੈ। ਭਾਰਤੀ ਕੁੜੀਆਂ ਅਜੇ ਵੀ ਖੇਡਾਂ ਦੇ ਖੇਤਰ ਵਿੱਚ ਸੰਘਰਸ਼ ਕਰ ਰਹੀਆਂ ਹਨ।

ਪੈਰਾ ਐਥਲੀਟ ਅਮੀਸ਼ਾ ਰਾਵਤ ਨੇ ਇੱਕ ਖੇਡ ਮੁਕਾਬਲੇ ਵਿੱਚ ਤਗਮਾ ਜਿੱਤਿਆ ਅਮੀਸ਼ਾ ਰਾਵਤ ਨੇ ਕਦੇ ਵੀ ਆਪਣੀ ਸਰੀਰਕ ਅਪੰਗਤਾ ਨੂੰ ਆਪਣੇ ਲਈ ਰੁਕਾਵਟ ਨਹੀਂ ਬਣਨ ਦਿੱਤਾ।

ਉਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਦੀ ਰਹਿਣ ਵਾਲੀ ਅਮੀਸ਼ਾ ਰਾਵਤ ਲਈ, ਪਹਾੜਾਂ ਦੀਆਂ ਪੱਥਰੀਲੀਆਂ ਸੜਕਾਂ ਓਨੀਆਂ ਵੱਡੀਆਂ ਰੁਕਾਵਟਾਂ ਨਹੀਂ ਸਨ ਜਿੰਨੀਆਂ ਉਸਦੇ ਆਲੇ ਦੁਆਲੇ ਦੇ ਲੋਕ ਸਨ। ਸਰੀਰਕ ਅਪੰਗਤਾ ਦੇ ਕਾਰਨ, ਉਸਦੇ ਸਹਿਪਾਠੀਆਂ ਨਾ ਸਿਰਫ਼ ਉਸਨੂੰ ਬੇਵੱਸੀ ਨਾਲ ਵੇਖਦੀਆਂ ਸਨ ਬਲਕਿ ਉਸਦਾ ਮਜ਼ਾਕ ਵੀ ਉਡਾਉਂਦੀਆਂ ਸਨ।

ਅਜਿਹੇ ਲੋਕਾਂ ਨੂੰ ਜਵਾਬ ਦੇਣ ਲਈ, ਅਮੀਸ਼ਾ ਨੇ ਆਪਣੇ ਕੰਮ ਅਤੇ ਸਫਲਤਾ ਨੂੰ ਇੱਕ ਮਾਧਿਅਮ ਵਜੋਂ ਵਰਤਿਆ। ਅਮੀਸ਼ਾ ਨੇ ਬਾਅਦ ਵਿੱਚ ਨਾ ਸਿਰਫ਼ ਆਪਣੀ ਖੇਡ (ਸ਼ਾਟ ਪੁਟ) ਨਾਲ ਦੇਸ਼ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਬਲਕਿ ਪੈਰਿਸ ਪੈਰਾਲੰਪਿਕ ਲਈ ਵੀ ਕੁਆਲੀਫਾਈ ਕੀਤਾ।

ਅੱਜ ਵੀ ਭਾਰਤ ਵਿੱਚ ਅਮੀਸ਼ਾ ਵਰਗੀਆਂ ਬਹੁਤ ਸਾਰੀਆਂ ਕੁੜੀਆਂ ਹਨ ਜੋ ਨਾ ਸਿਰਫ਼ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੀਆਂ ਹਨ ਬਲਕਿ ਦੇਸ਼ ਲਈ ਸੋਨਾ, ਚਾਂਦੀ ਅਤੇ ਕਾਂਸੀ ਦੇ ਤਗਮੇ ਵੀ ਲਿਆ ਸਕਦੀਆਂ ਹਨ। ਪਰ ਸਮਾਜਿਕ ਰੂੜੀਵਾਦ, ਲਿੰਗ ਅਸਮਾਨਤਾ ਵਰਗੀਆਂ ਕਈ ਰੁਕਾਵਟਾਂ ਉਨ੍ਹਾਂ ਦੇ ਰਾਹ ਵਿੱਚ ਰੁਕਾਵਟ ਬਣ ਜਾਂਦੀਆਂ ਹਨ।

ਪੈਰਿਸ ਓਲੰਪਿਕ ਵਿੱਚ ਤਗਮਾ ਜਿੱਤਣ ਤੋਂ ਬਾਅਦ ਮਨੂ ਭਾਕਰ। ਆਜ਼ਾਦੀ ਤੋਂ ਬਾਅਦ, 1948 ਦੇ ਲੰਡਨ ਓਲੰਪਿਕ ਵਿੱਚ ਭਾਰਤੀ ਟੀਮ ਵਿੱਚ ਇੱਕ ਵੀ ਮਹਿਲਾ ਖਿਡਾਰੀ ਨਹੀਂ ਸੀ। ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਮਹਿਲਾ ਸਸ਼ਕਤੀਕਰਨ ਅਤੇ ਲਿੰਗ ਸਮਾਨਤਾ ਇੱਕ ਮਹੱਤਵਪੂਰਨ ਰਾਸ਼ਟਰੀ ਟੀਚਾ ਰਿਹਾ ਹੈ। ਖੇਡਾਂ ਦਾ ਖੇਤਰ ਵੀ ਇਸ ਤੋਂ ਅਛੂਤਾ ਨਹੀਂ ਹੈ, ਜਿੱਥੇ ਔਰਤਾਂ ਦੀ ਭਾਗੀਦਾਰੀ ਨਾ ਸਿਰਫ਼ ਸਰੀਰਕ ਸਿਹਤ ਅਤੇ ਨਿੱਜੀ ਵਿਕਾਸ ਲਈ ਮਹੱਤਵਪੂਰਨ ਹੈ, ਸਗੋਂ ਇਹ ਸਮਾਜਿਕ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਇਸ ਵਿੱਚ ਇੱਕ ਸਫਲ ਕਰੀਅਰ ਬਣਾਉਣ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਵੀ ਹੈ।

ਇਸ ਦੇ ਬਾਵਜੂਦ, ਖੇਡਾਂ ਦਾ ਮਹਾਨ ਕੁੰਭ ਮੰਨੇ ਜਾਣ ਵਾਲੇ ਓਲੰਪਿਕ ਵਿੱਚ ਔਰਤਾਂ ਦੀ ਭਾਗੀਦਾਰੀ ਮਰਦਾਂ ਦੇ ਪੱਧਰ ਤੱਕ ਮੁਸ਼ਕਿਲ ਨਾਲ ਪਹੁੰਚੀ ਹੈ। 2024 ਵਿੱਚ ਹੋਏ ਪੈਰਿਸ ਓਲੰਪਿਕ ਵਿੱਚ ਭਾਰਤ ਤੋਂ ਕੁੱਲ 117 ਖਿਡਾਰੀਆਂ ਨੇ ਹਿੱਸਾ ਲਿਆ ਸੀ, ਜਿਨ੍ਹਾਂ ਵਿੱਚੋਂ 70 ਪੁਰਸ਼ ਅਤੇ ਸਿਰਫ਼ 47 ਔਰਤਾਂ ਸਨ।

ਓਲੰਪਿਕ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਦੇ ਅਨੁਸਾਰ, ਭਾਰਤ ਤੋਂ ਓਲੰਪਿਕ ਵਿੱਚ ਹਿੱਸਾ ਲੈਣ ਵਾਲੀ ਪਹਿਲੀ ਔਰਤ ਨੋਰਾ ਪੌਲੀ ਹੈ, ਜਿਸਨੇ 1924 ਵਿੱਚ ਪੈਰਿਸ ਓਲੰਪਿਕ ਵਿੱਚ ਟੈਨਿਸ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ।

ਆਜ਼ਾਦੀ ਤੋਂ ਬਾਅਦ, 1948 ਦੇ ਲੰਡਨ ਓਲੰਪਿਕ ਵਿੱਚ ਭਾਰਤੀ ਟੀਮ ਵਿੱਚ ਇੱਕ ਵੀ ਮਹਿਲਾ ਖਿਡਾਰੀ ਨਹੀਂ ਸੀ, ਪਰ 1952 ਦੇ ਹੇਲਸਿੰਕੀ ਓਲੰਪਿਕ ਵਿੱਚ, ਨੀਲਿਮਾ ਘੋਸ਼, ਮੈਰੀ ਡਿਸੂਜ਼ਾ, ਡੌਲੀ ਨਜ਼ੀਰ ਅਤੇ ਆਰਤੀ ਸਾਹਾ ਨੇ ਦੇਸ਼ ਦਾ ਝੰਡਾ ਚੁੱਕਿਆ ਸੀ।

ਭਾਰਤ ਵਿੱਚ ਖੇਡਾਂ ਅਤੇ ਸਰੀਰਕ ਗਤੀਵਿਧੀਆਂ (SAPA) ਵਿੱਚ ਭਾਗੀਦਾਰੀ ਦੇ ਪੱਧਰਾਂ ਵਿੱਚ ਲਿੰਗ ਅਸਮਾਨਤਾਵਾਂ ਵਧ ਰਹੀਆਂ ਹਨ। ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, ਵਰਤਮਾਨ ਵਿੱਚ ਸਿਰਫ 43% ਭਾਰਤੀ ਔਰਤਾਂ ਸਿਫ਼ਾਰਸ਼ ਕੀਤੀਆਂ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੀਆਂ ਹਨ। ਹਾਲਾਂਕਿ, ਜੇਕਰ ਮੌਜੂਦਾ ਰੁਝਾਨ ਜਾਰੀ ਰਿਹਾ, ਤਾਂ ਇਹ ਸੰਖਿਆ 2030 ਤੱਕ ਘਟ ਕੇ 32% ਹੋ ਜਾਣ ਦੀ ਸੰਭਾਵਨਾ ਹੈ।

ਇੱਕ ਨਹੀਂ, ਦੋ ਨਹੀਂ, ਸਗੋਂ ਹਜ਼ਾਰਾਂ ਸਮੱਸਿਆਵਾਂ ਔਰਤਾਂ ਲਈ, ਖੇਡਾਂ ਤੋਂ ਦੂਰੀ ਘਰ ਤੋਂ ਸ਼ੁਰੂ ਹੁੰਦੀ ਹੈ। ਇਹ ਗੱਲ ਡਾ. ਦਿਲਪ੍ਰੀਤ ਕੌਰ ਕਹਿੰਦੀ ਹੈ, ਜੋ ਖੁਦ ਲੰਬੇ ਸਮੇਂ ਤੋਂ ਟਰੈਕ ਐਂਡ ਫੀਲਡ ਐਥਲੀਟ ਰਹੀ ਹੈ ਅਤੇ ਪੁਣੇ ਦੀ ਸ਼੍ਰੀ ਬਾਲਾਜੀ ਯੂਨੀਵਰਸਿਟੀ ਵਿੱਚ ਖੇਡ ਵਿਗਿਆਨ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਹੈ।

ਡੀਡਬਲਯੂ ਹਿੰਦੀ ਨਾਲ ਗੱਲ ਕਰਦੇ ਹੋਏ, ਉਸਨੇ ਕਿਹਾ, ਹਰ ਖੇਡ ਦੀਆਂ ਆਪਣੀਆਂ ਮੰਗਾਂ ਹੁੰਦੀਆਂ ਹਨ ਅਤੇ ਸਾਨੂੰ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਉਨ੍ਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਪਰ ਕਈ ਵਾਰ ਕੁੜੀਆਂ ਨੂੰ ਸਿਰਫ਼ ਇਸ ਲਈ ਰੋਕਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਛੋਟੇ ਕੱਪੜੇ ਪਾਉਣੇ ਪੈਂਦੇ ਹਨ।

ਅਲਮੋੜਾ ਦੀ ਰਹਿਣ ਵਾਲੀ ਜੋਤੀ ਤਲਵਾੜ ਕਹਿੰਦੀ ਹੈ ਕਿ ਉਸਨੂੰ ਖੇਡਾਂ ਖੇਡਣ ਲਈ ਹਮੇਸ਼ਾ ਉਸਦੇ ਪਰਿਵਾਰ ਤੋਂ ਸਮਰਥਨ ਮਿਲਦਾ ਰਿਹਾ ਪਰ ਸਕੂਲ ਵਿੱਚ ਉਸਨੂੰ ਉਸਦੇ ਅਧਿਆਪਕਾਂ ਤੋਂ ਸਮਰਥਨ ਨਹੀਂ ਮਿਲਿਆ। ਉਸਦੀ ਅਧਿਆਪਕਾ ਅਕਸਰ ਕਹਿੰਦੀ ਹੁੰਦੀ ਸੀ ਕਿ ਜੇ ਤੁਸੀਂ ਦੋ ਕਿਸ਼ਤੀਆਂ ਦੀ ਸਵਾਰੀ ਕਰਦੇ ਹੋ, ਤਾਂ ਤੁਹਾਡਾ ਡੁੱਬਣਾ ਯਕੀਨੀ ਹੈ।

ਜੋਤੀ, ਜਿਸ ਕੋਲ ਟਰੈਕ ਐਂਡ ਫੀਲਡ ਵਿੱਚ ਮਾਸਟਰ ਡਿਗਰੀ ਹੈ, ਨੇ ਨਾ ਸਿਰਫ਼ ਦੋ ਕਿਸ਼ਤੀਆਂ ਚਲਾਈਆਂ ਸਗੋਂ ਉਨ੍ਹਾਂ ਨੂੰ ਪਾਰ ਕਰਨ ਵਿੱਚ ਵੀ ਮਦਦ ਕੀਤੀ। ਜੋਤੀ ਕਹਿੰਦੀ ਹੈ ਕਿ ਜੇਕਰ ਸਕੂਲਾਂ ਵਿੱਚ ਸਹੀ ਸਮੇਂ 'ਤੇ ਪ੍ਰਤਿਭਾ ਦੀ ਪਛਾਣ ਕੀਤੀ ਜਾਵੇ, ਤਾਂ ਭਾਰਤ ਨੂੰ ਵੱਡੇ ਪੱਧਰ 'ਤੇ ਚੰਗੇ ਖਿਡਾਰੀ ਮਿਲ ਸਕਦੇ ਹਨ।

ਡਾ. ਦਿਲਪ੍ਰੀਤ ਕੌਰ ਖੇਡਾਂ ਦੌਰਾਨ ਸੱਟਾਂ, ਕੋਚਿੰਗ ਅਤੇ ਸਪਾਂਸਰਾਂ ਦੀ ਘਾਟ, ਫੰਡਿੰਗ ਦੀ ਘਾਟ, ਮੀਡੀਆ ਕਵਰੇਜ ਅਤੇ ਮਨੁੱਖੀ ਪ੍ਰਦਰਸ਼ਨ ਪ੍ਰਯੋਗਸ਼ਾਲਾਵਾਂ, ਲਿੰਗ ਪਾੜਾ ਅਤੇ ਅਸੁਰੱਖਿਅਤ ਵਾਤਾਵਰਣ ਨੂੰ ਵੀ ਮੁੱਖ ਕਾਰਨ ਮੰਨਦੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਇਸ ਸਮੇਂ ਖੇਡ ਕੇਂਦਰਾਂ ਦੀ ਗਿਣਤੀ ਕਾਫ਼ੀ ਨਹੀਂ ਹੈ। ਮੌਜੂਦਾ ਕੇਂਦਰਾਂ ਵਿੱਚ ਇੰਨੀ ਘੱਟ ਜਗ੍ਹਾ ਹੈ ਕਿ ਜ਼ਿਆਦਾਤਰ ਕੁੜੀਆਂ ਨੂੰ ਖੇਡਾਂ ਦੇ ਖਰਚੇ ਨੂੰ ਸਹਿਣ ਲਈ ਆਪਣੇ ਪਰਿਵਾਰਾਂ ਤੋਂ ਮਦਦ ਲੈਣੀ ਪੈਂਦੀ ਹੈ। ਉਹ ਕਹਿੰਦੀ ਹੈ, 'ਅਸੀਂ ਸਿਰਫ਼ ਤਗਮਾ ਪ੍ਰਾਪਤ ਕਰਨ 'ਤੇ ਹੀ ਖਰਚ ਕਰਦੇ ਹਾਂ। ਜਦੋਂ ਕਿ ਖਰਚਾ ਤਗਮਾ ਜਿੱਤਣ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ।'

ਸਪੋਰਟਸ ਅਥਾਰਟੀ ਆਫ਼ ਇੰਡੀਆ (SAI) ਦੀ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਦੇ ਅਨੁਸਾਰ, 24 ਰਾਸ਼ਟਰੀ ਉੱਤਮਤਾ ਕੇਂਦਰਾਂ ਵਿੱਚ ਸਿਰਫ਼ 1,514 ਕੁੜੀਆਂ ਹਨ ਅਤੇ SAI ਸਿਖਲਾਈ ਕੇਂਦਰਾਂ ਵਿੱਚ ਸਿਰਫ਼ 1,383 ਕੁੜੀਆਂ ਹਨ।




ਵਿਜੈ ਗਰਗ
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


ਮਾਹਵਾਰੀ ਵੀ ਇੱਕ ਵੱਡਾ ਕਾਰਨ ਹੈ ਭਾਰਤ ਵਿੱਚ, ਮਾਹਵਾਰੀ ਬਾਰੇ ਜਾਗਰੂਕਤਾ ਦੀ ਘਾਟ ਹੈ ਅਤੇ ਜਦੋਂ ਖੇਡਾਂ ਦੀ ਗੱਲ ਆਉਂਦੀ ਹੈ, ਤਾਂ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ। ਪੈਰਾ ਐਥਲੈਟਿਕਸ ਕੋਚ ਅਭਿਸ਼ੇਕ ਚੌਧਰੀ ਵੀ ਇਹੀ ਮੰਨਦੇ ਹਨ। ਡੀਡਬਲਯੂ ਹਿੰਦੀ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, ਕਈ ਵਾਰ ਸਿਖਲਾਈ ਦੌਰਾਨ, ਸਾਨੂੰ ਸਰੀਰਕ ਸਮਰੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸ਼ਡਿਊਲ ਬਣਾਉਣਾ ਪੈਂਦਾ ਹੈ, ਪਰ ਕਈ ਵਾਰ ਕੁੜੀਆਂ ਕੋਚ ਨੂੰ ਖੁੱਲ੍ਹ ਕੇ ਨਹੀਂ ਦੱਸ ਸਕਦੀਆਂ।

ਉਹ ਇਹ ਵੀ ਕਹਿੰਦੇ ਹਨ ਕਿ ਭਾਰਤ ਵਿੱਚ ਡਾਕਟਰਾਂ ਦੀ ਘਾਟ ਹੈ ਜਿਨ੍ਹਾਂ ਨੂੰ ਖੇਡਾਂ ਨਾਲ ਸਬੰਧਤ ਸੱਟਾਂ ਅਤੇ ਹੋਰ ਮਾਮਲਿਆਂ ਦਾ ਗਿਆਨ ਹੋਵੇ। ਉਨ੍ਹਾਂ ਕਿਹਾ, ਜੇਕਰ ਸਾਡੇ ਐਥਲੀਟਾਂ ਨੂੰ ਯੂਰਪੀਅਨ ਦੇਸ਼ਾਂ ਵਾਂਗ ਅੱਧੀਆਂ ਵੀ ਸਹੂਲਤਾਂ ਮਿਲ ਜਾਣ ਤਾਂ ਸਾਡੀਆਂ ਕੁੜੀਆਂ ਨਾ ਸਿਰਫ਼ ਮੁੰਡਿਆਂ ਨਾਲੋਂ ਵੱਧ ਤਗਮੇ ਜਿੱਤਣਗੀਆਂ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਬਿਹਤਰ ਸਥਾਨ ਪ੍ਰਾਪਤ ਕਰਨਗੀਆਂ।

ਭਾਰਤ ਦੇ ਪੈਰਾ ਕੋਚ ਅਭਿਸ਼ੇਕ ਚੌਧਰੀ ਪੈਰਿਸ ਗੇਮਜ਼ ਵਿਲੇਜ ਵਿੱਚ ਮੌਜੂਦ ਪੈਰਾ ਕੋਚ ਅਭਿਸ਼ੇਕ ਚੌਧਰੀ ਖੇਡਾਂ ਵਿੱਚ ਕੁੜੀਆਂ ਦੀ ਸਰਗਰਮ ਭਾਗੀਦਾਰੀ ਲਈ ਲਗਾਤਾਰ ਯਤਨਸ਼ੀਲ ਹਨ ਔਰਤ ਕੋਚ ਬਿਹਤਰ ਹੈ ਜਾਂ ਮਰਦ ਕੋਚ? ਇਸ ਸਵਾਲ ਦੇ ਜਵਾਬ ਵਿੱਚ, ਅਮੀਸ਼ਾ ਰਾਵਤ ਨੇ ਸਾਨੂੰ ਦੱਸਿਆ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਚਿੰਗ ਇੱਕ ਔਰਤ ਦੁਆਰਾ ਦਿੱਤੀ ਜਾ ਰਹੀ ਹੈ ਜਾਂ ਇੱਕ ਮਰਦ ਦੁਆਰਾ। ਉਹ ਕਹਿੰਦੀ ਹੈ, ਸਾਡੇ ਦੇਸ਼ ਵਿੱਚ ਪਹਿਲਾਂ ਹੀ ਕੋਚਾਂ ਦੀ ਘਾਟ ਹੈ, ਇਸ ਲਈ ਕੋਚ ਪ੍ਰਾਪਤ ਕਰਨਾ ਇੱਕ ਵੱਡੀ ਗੱਲ ਹੈ।

ਅਭਿਸ਼ੇਕ ਵੀ ਇਸ ਨਾਲ ਸਹਿਮਤ ਹਨ। ਉਹ ਕਹਿੰਦੇ ਹਨ, 'ਮੈਂ ਬਹੁਤ ਸਾਰੀਆਂ ਮਹਿਲਾ ਖਿਡਾਰੀਆਂ ਨੂੰ ਸਿਖਲਾਈ ਦਿੰਦਾ ਹਾਂ। ਫਰਕ ਸਿਰਫ਼ ਇਹ ਹੈ ਕਿ ਤੁਸੀਂ ਆਪਣੀ ਖੇਡ ਪ੍ਰਤੀ ਕਿੰਨੇ ਗੰਭੀਰ ਹੋ ਅਤੇ ਤੁਸੀਂ ਕੀ ਪ੍ਰਾਪਤ ਕਰਨਾ ਚਾਹੁੰਦੇ ਹੋ।'

ਸਟੇਟ ਆਫ਼ ਸਪੋਰਟਸ ਐਂਡ ਫਿਜ਼ੀਕਲ ਐਕਟੀਵਿਟੀ ਰਿਪੋਰਟ (2024) ਦੇ ਅਨੁਸਾਰ, ਸਰੀਰਕ ਗਤੀਵਿਧੀਆਂ ਵਿੱਚ ਔਰਤਾਂ ਦੀ ਭਾਗੀਦਾਰੀ ਘੱਟ ਹੈ। 40 ਪ੍ਰਤੀਸ਼ਤ ਔਰਤਾਂ ਘਰੇਲੂ ਕੰਮਾਂ ਨੂੰ ਇੱਕ ਸਰੀਰਕ ਗਤੀਵਿਧੀ ਮੰਨਦੀਆਂ ਹਨ ਅਤੇ 12 ਪ੍ਰਤੀਸ਼ਤ ਤੋਂ ਘੱਟ ਔਰਤਾਂ ਅਜਿਹੀਆਂ ਕਸਰਤਾਂ ਕਰਦੀਆਂ ਹਨ ਜੋ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੀਆਂ ਹਨ।

ਸਰੀਰਕ ਸ਼ੋਸ਼ਣ ਇੱਕ ਵੱਡਾ ਕਾਰਨ ਹੈ ਆਰਟੀਆਈ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਦਸ ਸਾਲਾਂ (2010-2020) ਦੌਰਾਨ, ਸਪੋਰਟਸ ਅਥਾਰਟੀ ਆਫ਼ ਇੰਡੀਆ (SAI) ਵਿੱਚ ਜਿਨਸੀ ਸ਼ੋਸ਼ਣ ਦੀਆਂ 45 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 29 ਕੋਚਾਂ ਵਿਰੁੱਧ ਸਨ। ਇਹ ਅਸੁਰੱਖਿਆ ਦੀ ਭਾਵਨਾ ਔਰਤਾਂ ਨੂੰ ਖੇਡਾਂ ਤੋਂ ਦੂਰ ਰੱਖਣ ਦਾ ਕਾਰਨ ਬਣ ਜਾਂਦੀ ਹੈ।

ਦੇਸ਼ ਦੇ ਪਹਿਲਵਾਨਾਂ ਵੱਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਜਿਨਸੀ ਸ਼ੋਸ਼ਣ ਨੂੰ ਲੈ ਕੇ ਕੀਤਾ ਗਿਆ ਵਿਰੋਧ ਖ਼ਬਰਾਂ ਵਿੱਚ ਸੀ। ਸਾਈ ਦੀ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਦੇ ਅਨੁਸਾਰ, ਸੰਸਦੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਸੰਸਦ ਮੈਂਬਰਾਂ ਵਿੱਚੋਂ ਇੱਕ ਬ੍ਰਿਜ ਭੂਸ਼ਣ ਸ਼ਰਨ ਸਿੰਘ ਹੈ।

ਹਾਲਾਤ ਕਿਵੇਂ ਸੁਧਰਨਗੇ? 'ਖੇਲੋ ਇੰਡੀਆ' ਵਰਗੀਆਂ ਸਰਕਾਰੀ ਪਹਿਲਕਦਮੀਆਂ ਅਤੇ ਵੱਖ-ਵੱਖ ਰਾਜਾਂ ਵਿੱਚ ਮਹਿਲਾ ਖੇਡ ਅਕੈਡਮੀਆਂ ਦੇ ਵਿਕਾਸ ਨਾਲ ਮਹਿਲਾ ਖਿਡਾਰੀਆਂ ਨੂੰ ਮੌਕੇ ਮਿਲ ਰਹੇ ਹਨ। ਪੈਰਿਸ ਓਲੰਪਿਕ ਵਿੱਚ ਮਹਿਲਾ ਖਿਡਾਰੀਆਂ ਦੀ ਭਾਗੀਦਾਰੀ ਵੀ ਲਗਭਗ 40 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ ਅਤੇ ਔਰਤਾਂ ਵੱਖ-ਵੱਖ ਮਹਿਲਾ ਲੀਗਾਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ ਪਰ ਅਜੇ ਵੀ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਬਹੁਤ ਲੰਮਾ ਸਫ਼ਰ ਤੈਅ ਕਰ ਚੁੱਕੀ ਹੈ। ਪੀਟੀ ਊਸ਼ਾ, ਕਰਨਮ ਮੱਲੇਸ਼ਵਰੀ, ਸਾਇਨਾ ਨੇਹਵਾਲ, ਐਮਸੀ ਮੈਰੀਕਾਮ, ਪੀਵੀ ਸਿੰਧੂ, ਮੀਰਾਬਾਈ ਚਾਨੂ, ਮਨੂ ਭਾਕਰ ਵਰਗੀਆਂ ਬਹੁਤ ਸਾਰੀਆਂ ਕੁੜੀਆਂ ਨੇ ਦੇਸ਼ ਨੂੰ ਮਾਣ ਦਿਵਾਇਆ ਹੈ ਅਤੇ ਲੱਖਾਂ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀਆਂ ਹਨ।

ਅਭਿਸ਼ੇਕ ਚੌਧਰੀ ਦਾ ਕਹਿਣਾ ਹੈ ਕਿ ਖੇਡਾਂ ਵਿੱਚ ਮੌਜੂਦ ਭ੍ਰਿਸ਼ਟਾਚਾਰ, ਬੁਨਿਆਦੀ ਸਹੂਲਤਾਂ ਦੀ ਘਾਟ, ਸਿਖਲਾਈ ਅਤੇ ਉਪਕਰਣਾਂ ਦੀ ਘਾਟ, ਬਿਹਤਰ ਡਾਕਟਰੀ ਸਹੂਲਤਾਂ ਅਤੇ ਚੰਗੇ ਇਰਾਦਿਆਂ ਤੋਂ ਬਿਨਾਂ ਕੁੜੀਆਂ ਨੂੰ ਅੱਗੇ ਲਿਜਾਣ ਦਾ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ।



Dosanjh Family
AUTO GROUP

Cadillac CHEVROLET INFINITI KIA NISSAN BUICK
GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI